# ਅਜੋਕੀ ਸਿੱਖਿਆ ਪ੍ਰਣਾਲੀ
# ਦਸ਼ਾ ਤੇ ਦਿਸ਼ਾ

(ਲੇਖ ਸੰਗ੍ਰਹਿ)

ਡਾ. ਅਜੀਤਪਾਲ ਸਿੰਘ ਐਮ. ਡੀ.

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

# ਅਜੋਕੀ ਸਿੱਖਿਆ ਪ੍ਰਣਾਲੀ ਦਸ਼ਾ ਤੇ ਦਿਸ਼ਾ

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**
ਬੀਬੀ ਵਾਲਾ ਰੋਡ, ਗਲੀ ਨੰਬਰ 6, ਬਠਿੰਡਾ।
ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2013

© ਲੇਖਕ

**ਪ੍ਰਕਾਸ਼ਕ :**
***ਤਰਕਭਾਰਤੀ ਪ੍ਰਕਾਸ਼ਨ,***
ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲੇਜ ਰੋਡ, ਬਰਨਾਲਾ-148101
ਫ਼ੋਨ : 01679-241744, 233244 ਫ਼ੈਕਸ : 241744
Email : tarksheel@gmail.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** **100/-**

*© 2013 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
    ਭਾਗ-1 ਭਾਗ-2
    ਭਾਗ-3 ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੂਰਪ੍ਰਭਾਵ
14. ਤੰਦਰੁਸਤੀ ਇੱਕ ਨਿਆਮਤ ਹੈ
15. ਮੌਜੂਦਾ ਵਿਕਾਸ ਬਨਾਮ ਮੇਹਨਤਕਸ਼
16. ਪੂੰਜੀਵਾਦ ਦਾ ਵਿਨਾਸ਼ ਜਰੂਰੀ
17. ਕਟਹਿਰੇ 'ਚ ਰਾਜਨੀਤੀ
18. ਦਾਗੀ ਰਾਜਨੀਤੀ ਦੇ ਨਾਇਕ
19. ਆਲਮੀ ਤਪਸ਼ ਤੇ ਮਹਿੰਗਾਈ
20. ਸ਼ੀਸ਼ਾ ਬੋਲਦਾ ਹੈ
21. ਸ਼ਬਦ ਬੂੰਦ
22. ਨੰਗੇ ਹਰਫ਼
23. ਭ੍ਰਿਸ਼ਟਾਚਾਰ ਦਾ ਖਾਤਮਾ ਕਿਵੇਂ?
24. ਪਛੜੇ ਵਰਗ ਦੀ ਮੁਕਤੀ ਕਿਵੇਂ?
25. ਕੌਮਾਂਤਰੀ ਸਮੱਸਿਆਵਾਂ
26. ਔਰਤਾਂ ਦੀ ਦਸ਼ਾ ਤੇ ਦਿਸ਼ਾ
27. ਮਾਓਵਾਦੀ ਵਿਚਾਰਧਾਰਾ ਤੇ ਆਦਿਵਾਸੀ
28. ਭ੍ਰਿਸ਼ਟਾਚਾਰ ਤੇ ਹੋਰ ਭਖਦੇ ਮਸਲੇ
29. ਫਾਂਸੀ, ਦੰਗੇ ਤੇ ਹੋਰ ਕੌਮੀ ਮਸਲੇ
30. ਬਿਮਾਰੀਆਂ ਤੋਂ ਬਚਾਅ ਕਿਵੇਂ?
31. ਗਰੀਬ ਬਨਾਮ ਭਾਰਤੀ ਅਰਥਚਾਰਾ
32. ਓਸਾਮਾ ਜਾਂ ਓਬਾਮਾ ਅੱਤਵਾਦੀ ਕੌਣ?
33. ਜਲ, ਜੰਗਲ ਅਤੇ ਜ਼ਮੀਨ ਦਾ ਸੰਕਟ
34. ਅਜੋਕੀ ਸਿੱਖਿਆ ਪ੍ਰਣਾਲੀ ਦਸ਼ਾ ਤੇ ਦਿਸ਼ਾ
35. ਅਜੋਕਾ ਜਲਵਾਯੂ ਸੰਕਟ ਅਤੇ ਸਿਹਤ ਸਮੱਸਿਆਵਾਂ

# ਤਤਕਰਾ


| | |
|---|---|
| ਮੱਧ ਪ੍ਰਦੇਸ਼ ਦੇ ਸਕੂਲਾਂ ਦਾ ਕੇਸਰੀਕਰਨ ਕਿਵੇਂ? | 5 |
| ਉੱਚ ਸਿੱਖਿਆ 'ਚ ਵਿਦੇਸ਼ੀ ਘੁਸਪੈਂਠ ਕਿਵੇਂ? | 8 |
| ਸਿਖਿਆ ਦਾ ਬਾਜ਼ਾਰੀਕਰਨ ਕਿਵੇਂ? | 13 |
| ਲੋਕਾਂ ਦਾ ਸਾਹਿਤ ਕਿਸ ਨੂੰ ਕਹਿੰਦੇ ਹਨ? | 16 |
| ਭਾਰਤ ਮੈਡੀਕਲ ਸਿਖਿਆ ਦਾ ਪਤਨ ਕਿਵੇਂ? | 21 |
| ਰਿਟਾਇਰਮੈਂਟ ਅਤੇ ਸਿਖਿਆ ਦੀ ਦਸ਼ਾ ਤੇ ਦਿਸ਼ਾ ਕੀ ਹੈ? | 26 |
| ਕੀ ਹੈ ਉਚ ਸਿਖਿਆ ਤੇ ਕਸਦਾ ਮੁਨਾਫਾਖੋਰੀ ਦਾ ਸ਼ਿਕੰਜਾ? | 30 |
| ਡੀਮਡ ਯੂਨੀਵਰਸਿਟੀਆਂ ਦਾ ਕਹਿਰ ਕਿਵੇਂ ਰੁਕੇ? | 36 |
| ਵਿਦੇਸ਼ੀ ਯੂਨੀਵਰਸਿਟੀਆਂ ਦਾ ਫੈਲਦਾ ਧੰਦਾ ਕੀ ਹੈ? | 40 |
| ਕੀ ਹੈ ਸਿੱਖਿਆ ਦੇ ਵਪਾਰੀਕਰਣ ਲਈ ਢਾਂਚਾ ਢਲਾਈ? | 42 |
| ਨਵੀ ਸਿੱਖਿਆ ਨੀਤੀ–1986 ਬਨਾਮ ਸਿੱਖਿਆ ਤੇ ਵੱਡਾ ਹਮਲਾ | 46 |
| ਉੱਚ ਸਿੱਖਿਆ ਦੀ ਮੌਜੂਦਾ ਦਸ਼ਾ ਤੇ ਦਿਸ਼ਾ ਕੀ ਹੈ? | 54 |
| ਹੌਲੀ ਹੌਲੀ ਮਰਦੀਆਂ ਕਿਵੇਂ ਹਨ ਭਾਸ਼ਾਵਾਂ? | 61 |
| ਸਿੱਖਿਆ ਦਾ ਸੰਕਟ ਕੀ ਹੱਲ ਹੋ ਸਕੇਗਾ? | 64 |
| ਕੀ ਸਨ 'ਅਜਾਦੀ' ਤੋਂ ਬਾਅਦ ਦੀਆਂ ਸਿੱਖਿਆ ਨੀਤੀਆਂ? | 67 |
| ਸਿੱਖਿਆ ਤੇ ਸਮਾਜਕ ਪ੍ਰਨਾਲੀ–ਇਕ ਪ੍ਰੀ ਪੇਖ | 71 |
| ਕੀ ਸੀ ਅੰਗ੍ਰੇਜੀ ਰਾਜ 'ਚ ਸਿੱਖਿਆ ਤੇ ਸਿੱਖਿਆ ਨੀਤੀ? | 75 |
| ਕੀ ਹੈ ਘਰੇਲੂ ਹਿੰਸਾ ਦਾ ਵਧਦਾ ਆਕਾਰ? | 79 |
| ਵਿਸ਼ਵੀ ਅਰਥਚਾਰੇ 'ਤੇ ਮੁੜ–ਮੰਦੀ ਦੇ ਬੱਦਲ ਕਿਉਂ ਛਾਏ | 81 |
| ਕਿਵੇਂ ਪੇਡ ਨਿਊਜ਼ ਦੇ ਜਰੀਏ ਵਧਦੀ ਧਾਰਮਕ ਪੂੰਜੀ? | 84 |
| ਪਾਕਿਸਤਾਨ 'ਚ ਨਿਆਂ ਦੇ ਪੜਦੇ ਹੇਠ ਅਨਿਆਂ ਕਿਵੇ? | 93 |
| ਕੀ ਹਨ ਪ੍ਰਨਾਬ ਮੁਕਰਜੀ ਨਾਲ ਜੁੜੇ ਰਾਜਸੀ ਤੇ ਪ੍ਰਬੰਧਕੀ ਝਮੇਲੇ | 97 |
| ਲੀਕ ਤੋਂ ਹਟ ਕੇ ਹੋਣੀ ਬਦਲਣ ਦੀ ਕੋਸ਼ਿਸ਼ | 100 |
| ਜੀ–20 ਸੰਮੇਲਨ–ਯੂਰੋਜੋਨ ਦਾ ਸੰਕਟ ਤੇ ਭਾਰਤੀ ਆਰਥਕ ਮੰਦੀ | 103 |
| ਰਾਸ਼ਟਪਤੀ ਚੋਣਾਂ 'ਚ ਰੌਲਾ ਕਾਹਦਾ? | 106 |
| ਆਈ–ਪੀ–ਐਲ 'ਚ ਪਾਪ ਦਾ ਇਜ਼ਹਾਰ ਕਿਵੇਂ? | 109 |
| ਇਸ਼ਤਿਹਾਰਬਾਜ਼ੀ 'ਚ ਵਧਦਾ ਨਿਗੇਜ਼ ਕਿਉਂ? | 112 |
| ਕਟਿਹਰੇ 'ਚ ਭਾਰਤੀ ਨਿਆਂ ਪ੍ਰਨਾਲੀ ਕਿਵੇਂ? | 115 |
| ਕੀ ਹੈ ਸਮਾਜਕ ਡਾਰਵਿਨਵਾਦ ਤੇ ਨਵ–ਉਦਾਰਵਾਦ ਦਾ ਰਿਸ਼ਤਾ? | 120 |
| ਜਿਸ ਦਾ ਮੀਡੀਆ, ਉਸ ਦੀ ਆਰਥਕ ਪ੍ਰਨਾਲੀ | 124 |
| ਹਾਕਮ ਜਮਾਤਾਂ ਦੇ ਨਾਪਾਕ ਇਰਾਦੇ ਬਨਾਮ ਬਿਰਲਾ–ਅੰਬਾਨੀ ਰੀਪੋਟ | 129 |
| ਮਛੇਰਿਆਂ 'ਤੇ ਪੁਲਸ ਗੋਲਾਬਾਰੀ ਕਿਉ? | 132 |
| ਕੀ ਫੌਜ 'ਚ ਭ੍ਰਿਸ਼ਟਾਚਾਰ ਨਾਲ ਦੇਸ਼ ਸ਼ਰਮਸਾਰ ਹੋਇਐ? | 137 |
| ਸੁਪਰੀਮ ਕੋਰਟ ਨੇ ਓ. ਬੀ. ਸੀ. ਦੇ ਅਧਿਕਾਰ ਕਿਉਂ ਖੋਹੇ? | 141 |
| ਕਿੰਨੀ ਕੁ ਹੈ ਫਿਰਕਾਪ੍ਰਸਤੀ ਦੀ ਚੁਣੌਤੀ? | 144 |
| ਵਿਗੜ ਦਾ ਹਿਸਾਬ ਕਿਤਾਬ ਅਰਥਚਾਰੇ ਦਾ | 147 |
| ਭ੍ਰਿਸ਼ਟ ਨੇਤਾ, ਅਫਸਰਸ਼ਾਹੀ ਤੇ ਮਾਫਿਆ ਦੀ ਮਿਲੀ ਭੁਗਤ ਟੁੱਟਦੀ ਕਿਉਂ ਨਹੀਂ? | 149 |
| ਕੀ ਹੈ ਸਦਭਾਵਨਾ ਮਿਸ਼ਨ, ਭ੍ਰਿਸ਼ਟਾਚਾਰ ਵਿਰੋਧੀ ਯਾਤਰਾ ਤੇ ਹੋਰ? | 153 |
| ਕੀ ਹਨ ਗੋਆ ਦੀ ਬੁਰਜੂਆ ਮੁਕਤੀ ਦੇ 50 ਸਾਲ? | 157 |

# ਮੱਧ ਪ੍ਰਦੇਸ਼ ਦੇ ਸਕੂਲਾਂ ਦਾ ਕੇਸਰੀਕਰਨ ਕਿਵੇਂ?

ਪਿਛਲੇ ਦਰਵਾਜੇ ਤੋਂ ਮੱਧ ਪ੍ਰਦੇਸ਼ ਦੇ ਸਰਕਾਰੀ ਸਕੂਲਾਂ ਨੂੰ ਸਰਸਵਤੀ ਮੰਦਰ ਬਣਾਉਣ ਦਾ ਅਮਲ ਸ਼ੁਰੂ ਹੋ ਗਿਆ ਹੈ। ਪਿਛਲੇ ਦਿਨੀਂ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਇਹ ਐਲਾਨ ਕੀਤਾ ਸੀ ਕਿ ਹਿੰਦੂਆਂ ਦਾ ਪਵਿੱਤਰ ਗ੍ਰੰਥ ਗੀਤਾ ਸਕੂਲ 'ਚ ਪੜ੍ਹਾਇਆ ਜਾਵੇ। ਮੁੱਖ ਮੰਤਰੀ ਚੌਹਾਨ ਦੇ ਐਲਾਨ ਪਿੱਛੋਂ ਸੂਬੇ ਦੇ ਸਰਕਾਰੀ ਅਮਲੇ ਨੇ ਗੀਤਾ ਪੜ੍ਹਾਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਮੱਧ ਪ੍ਰਦੇਸ਼ ਦੇ ਮਿਡਲ ਸਿੱਖਿਆ ਮੰਡਲ ਨੇ ਰਵਾਇਤੀ ਤੌਰ 'ਤੇ ਗੀਤਾ ਦੀ ਪੜ੍ਹਾਈ ਨੂੰ ਸਕੂਲੀ ਸਿੱਖਿਆ 'ਚ ਸ਼ਾਮਲ ਕਰਨ ਦਾ ਫੈਸਲਾ ਲੈ ਲਿਆ ਹੈ। ਰੂਸ 'ਚ ਗੀਤਾ ਸਬੰਧੀ ਪੈਦਾ ਝਮੇਲੇ ਨੇ ਮੱਧ ਪ੍ਰਦੇਸ਼ ਸਰਕਾਰ ਦੇ ਹੌਂਸਲੇ ਬੁਲੰਦ ਕਰ ਦਿੱਤੇ ਹਨ। ਰੂਸ 'ਚ ਅਜੇ ਉਥੋਂ ਦੀ ਸਰਕਾਰ ਵੱਲੋਂ ਗੀਤਾ ਸਬੰਧੀ ਕੋਈ ਵੀ ਰਵਾਇਤੀ ਕਦਮ ਨਹੀਂ ਉਠਾਇਆ ਗਿਆ ਹੈ। ਅਜੇ ਉਥੇ ਜੋ ਕੁਝ ਵੀ ਹੋਇਆ ਹੈ ਸਾਡੇ ਦੇਸ਼ 'ਚ ਉਸ ਦੀ ਪ੍ਰਤੀਕ੍ਰਿਆ ਨਾਮਾਤਰ ਹੋਈ ਹੈ। ਭਾਜਪਾ ਤੋਂ ਇਲਾਵਾ ਭਾਰਤ ਸਰਕਾਰ ਨੂੰ ਵੀ ਰੂਸ ਵਿੱਚ ਗੀਤਾ ਬਾਰੇ ਜੋ ਕੁਝ ਹੋਇਆ ਹੈ ਉਸ 'ਤੇ ਚਿੰਤਾ ਜ਼ਾਹਿਰ ਕਰਨੀ ਪਈ ਹੈ। ਜੇ ਰੂਸ 'ਚ ਜੋ ਕੁਝ ਹੋਇਆ ਹੈ ਉਸ ਨਾਲ ਮੱਧ ਪ੍ਰਦੇਸ਼ ਸਰਕਾਰ ਦੇ ਹੌਂਸਲੇ ਭਾਵੇਂ ਹੀ ਬੁਲੰਦੀ 'ਤੇ ਆ ਗਏ ਹੋਣ। ਪਰ ਇਸ ਨਾਲ ਸਕੂਲਾਂ 'ਚ ਗੀਤਾ ਪੜ੍ਹਾਉਣ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

ਗੀਤਾ ਦੇ ਸੰਦੇਸ਼ਾਂ ਦਾ ਵਿਵੇਚਨ ਵੱਖ-ਵੱਖ ਤਰ੍ਹਾਂ ਨਾਲ ਕੀਤਾ ਜਾ ਸਕਦਾ ਹੈ। ਲੋਕ ਮਾਨਿਆ ਤਿਲਕ, ਮਹਾਤਮਾ ਗਾਂਧੀ, ਅਚਾਰੀਆ ਵਿਨੋਬਾ ਭਾਵੇ ਨੇ ਗੀਤਾ ਦੀ ਵੱਖ-ਵੱਖ ਤਰ੍ਹਾਂ ਨਾਲ ਵਿਆਖਿਆ ਕੀਤੀ ਹੈ। ਗੀਤਾ ਦੀ ਵਿਵੇਚਨਾ ਇਕ ਹੀ ਨਜ਼ਰੀਏ ਤੋਂ ਨਹੀਂ ਕੀਤੀ ਜਾ ਸਕਦੀ ਕਿਉਂਕਿ ਹਾਲਤ ਐਸੀ ਹੈ ਇਸ ਲਈ ਏਨੇ ਦੁਰੂਹ ਗ੍ਰੰਥਾਂ ਦੀ ਗੱਲਾਂ ਬੱਚਿਆਂ ਦੇ ਕੋਮਲ ਮਨ 'ਤੇ ਲੱਦਣਾ ਕਿਥੋਂ ਤੱਕ ਸਹੀ ਹੈ?

**ਹੋਰ ਧਰਮਾਂ ਨੂੰ ਤੁੱਛ ਮੰਨਣਾ ਠੀਕ ਹੈ?**- ਜਿਥੋਂ ਤੱਕ ਮੱਧ ਪ੍ਰਦੇਸ਼ ਦੀ ਸਰਕਾਰ ਦਾ ਸੁਆਲ ਹੈ ਉਹਨਾਂ ਨੂੰ ਨਾ ਤਾਂ ਗੀਤਾ ਅਤੇ ਨਾ ਹੀ ਉਸ ਦੇ ਸੰਦੇਸ਼ ਨਾਲ ਕੋਈ ਮਤਲਬ ਹੈ। ਗੀਤਾ ਦੇ ਸਹਾਰੇ ਸਿੱਖਿਆ ਦਾ ਹਿੰਦੂ ਕਰਨ ਕਰਨਾ ਉਸ ਦਾ ਉਦੇਸ਼ ਹੈ। ਜਿਸ ਤਰ੍ਹਾਂ ਦੀਆਂ ਤੰਗ ਨਜ਼ਰੀ ਗੱਲਾਂ ਸਰਸਵਤੀ ਸਿਸ਼ੂ ਮੰਦਰ 'ਚ ਹੁੰਦੀਆਂ ਹਨ ਵੈਸੀ ਪੜ੍ਹਾਈ ਸਰਕਾਰੀ ਸਕੂਲਾਂ 'ਤੇ ਲੱਦਣਾ ਉਸ ਦਾ ਮਕਸਦ ਹੈ। ਸਰਸਵਤੀ ਮੰਦਰ ਇੱਕ ਕੱਟੜਪੰਥੀ ਦੀ ਉਸਾਰੀ ਕਰਦਾ ਹੈ। ਇਕ ਅਜਿਹਾ ਕੱਟੜ ਪੰਥੀ ਜੋ ਇਕ ਪਾਸੇ ਆਪਣੇ ਧਰਮ ਦੀ ਉਚਤਾ 'ਚ ਵਿਸਵਾਸ਼ ਰੱਖਦਾ ਹੈ। ਉਹੀ ਇਹ ਉਹਨਾਂ ਧਰਮਾਂ ਨੂੰ ਹੇਠਲੇ ਦਰਜੇ ਦਾ ਧਰਮ ਮੰਨਦਾ ਹੈ।

ਸਰਸਵਤੀ ਮੰਦਰ ਦੇ ਵਿਦਿਆਰਥੀਆਂ ਦੇ ਮਨ ਵਿੱਚ ਦੂਜੇ ਧਰਮਾਂ ਪ੍ਰਤੀ ਘ੍ਰਿਣਾ ਦੀ ਭਾਵਨਾ ਪੈਦਾ ਹੋ ਜਾਵੇਗੀ ਅਤੇ ਉਹਨਾਂ ਨੂੰ ਤੁੱਛ ਜਿਉਂ ਦੱਸਿਆ ਜਾਂਦਾ ਹੈ। ਸਕੂਲਾਂ 'ਚ ਸਭ ਧਰਮਾਂ ਨੂੰ ਮੰਨਣ ਵਾਲੇ ਬੱਚਿਆਂ ਦੀ ਪੜ੍ਹਾਈ ਹੁੰਦੀ ਹੈ। ਜਦ ਮੁੱਖ ਮੰਤਰੀ ਚੋਹਾਨ ਨੇ ਇਹ ਮੰਨ ਲਿਆ ਹੈ ਕਿ ਗੀਤਾ ਹਿੰਦੂਆਂ ਦਾ ਪਵਿੱਤਰ ਗ੍ਰੰਥ ਹੈ ਤਾਂ ਦੂਜੇ ਧਰਮਾਂ ਨੂੰ ਮੰਨਣ ਵਾਲੇ ਪਰਿਵਾਰਾਂ ਦੇ ਬੱਚੇ ਕਿਹੋ ਜਿਹੀ ਗੀਤਾ ਦੀ

ਪੜ੍ਹਾਈ ਨੂੰ ਮੰਜੂਰ ਕਰਨਗੇ? ਗੀਤਾ ਪੜ੍ਹਨ ਦੀ ਜ਼ਿੱਦ ਨਾਲ ਸਕੂਲ ਦੇ ਬੱਚੇ ਧਰਮ ਦੇ ਨਾਮ 'ਤੇ ਵੰਡੇ ਜਾਣਗੇ ਜਿਸ ਦਾ ਅਸਰ ਸਾਰੀ ਜ਼ਿੰਦਗੀ ਰਹੇਗਾ। ਇਸ ਤਰ੍ਹਾਂ ਗੀਤਾ ਪੜ੍ਹਾਕੇ ਸਮਾਜ 'ਚ ਧਾਰਮਿਕ ਧਰੁਵੀਕਰਣ ਆਰ. ਐਸ. ਐਸ. ਦਾ ਮਕਸਦ ਹੈ। ਗੀਤਾ ਰਾਹੀਂ ਮੱਧ ਪ੍ਰਦੇਸ਼ ਵਿੱਚ ਇਸ ਨੂੰ ਹੀ ਹਾਸਲ ਕਰਨ ਦੀ ਕੋਸ਼ਿਸ਼ ਸ਼ੁਰੂ ਹੋ ਗਈ ਹੈ। ਕਿਉਂਕਿ ਸੰਵਿਧਾਨ ਵਿੱਚ ਧਾਰਮਿਕ ਸਿੱਖਿਆ ਤੇ ਪਾਬੰਦੀ ਹੈ ਇਸ ਲਈ ਕਿਸੇ ਵੀ ਸੰਭਾਵਿਤ ਕਾਰਵਾਈ ਤੋਂ ਬਚਣ ਲਈ ਮੱਧ ਪ੍ਰਦੇਸ਼ ਦੀ ਸਰਕਾਰ ਨੇ ਚਲਾਕੀ ਨਾਲ ਪ੍ਰੀਪੂਰਣਤਾ ਰਾਹ ਕੱਢਿਆ ਹੈ। ਇਸ ਅਨੁਸਾਰ ਸਕੂਲਾਂ ਵਿੱਚ ਗੀਤਾ ਸਿੱਧੀ ਨਹੀਂ ਪੜ੍ਹਾਈ ਜਾਵੇਗੀ। ਉਸ ਦੀ ਥਾਂ 'ਤੇ ਗੀਤਾ ਦੇ ਉਪਦੇਸ਼ ਨੂੰ ਨੈਤਿਕ ਸਿੱਖਿਆ ਵਜੋਂ ਪੜ੍ਹਾਇਆ ਜਾਵੇਗਾ।

ਇੱਕ ਹਕੂਮਤੀ ਬੁਲਾਰੇ ਅਨੁਸਾਰ ਸਰਕਾਰੀ ਸਕੂਲਾਂ ਦੀ ਹਰੇਕ ਸਿੱਖਿਆ ਦੀਆਂ ਕਿਤਾਬਾਂ 'ਚ ਗੀਤਾ ਦੇ ਸੰਦੇਸ਼ ਦੇ ਅਧਾਰ 'ਤੇ ਇੱਕ ਪਾਠ ਜੋੜਿਆ ਜਾਵੇਗਾ। ਇਸ ਪਾਠ 'ਚ ਗੀਤਾ ਦੀ ਫਿਲਸਾਫੀ ਦੀ ਸਿੱਖਿਆ ਦਿੱਤੀ ਜਾਵੇਗੀ। ਇਸ ਫਿਲਾਸਫੀ ਦੇ ਉਚਤਮ ਪ੍ਰਸੰਗਿਕ ਉਦਾਹਰਣ ਦੇ ਕੇ ਦੱਸੀ ਜਾਵੇਗੀ। ਗੀਤਾ ਦੇ ਸੰਦੇਸ਼ ਦੀ ਪੜ੍ਹਾਈ ਪਹਿਲੀ ਜਮਾਤ ਤੋਂ ਸ਼ੁਰੂ ਹੋ ਜਾਵੇਗੀ। ਸਕੂਲਾਂ ਲਈ ਸਲੇਬਸ ਤਿਆਰ ਕਰਨ ਵਾਲੀ ਸੰਮਤੀ ਦੇ ਮੈਂਬਰ ਭਾਗੀਰਥ ਕੁਮਰਾਵਤ ਅਨੁਸਾਰ ਗੀਤਾ ਦਾ ਸੰਦੇਸ਼ ਕਹਾਣੀਆਂ, ਚਿੱਤਰ, ਲਘੂ ਨਾਟਕਾਂ ਤੇ ਲੇਖਾਂ ਰਾਹੀਂ ਬੱਚਿਆਂ ਤਕ ਪਹੁੰਚਾਏ ਜਾਣਗੇ। ਪਹਿਲੀ ਤੋਂ ਤੀਜੀ ਜਮਾਤ ਤਕ ਚਿੱਤਰਾਂ ਰਾਹੀਂ ਗੀਤਾ ਪੜ੍ਹਾਈ ਜਾਵੇਗੀ। ਜਮਾਤ ਨੌਵੀ ਤੋਂ ਬਾਹਰਵੀਂ ਤਕ ਗਾਂਧੀ ਤੇ ਅਚਾਰੀਆ ਵਿਨੋਬਾ ਭਾਵੇ ਰਾਹੀਂ ਗੀਤਾ 'ਤੇ ਲਿਖੇ ਲੇਖਾਂ ਨੂੰ ਸਲੇਬਸ 'ਚ ਸ਼ਾਮਲ ਕੀਤਾ ਜਾਵੇਗਾ। ਚੌਥੀ ਤੋਂ ਅੱਠਵੀਂ ਤੱਕ ਪਰ ਜਮਾਤ ਸਤਵੀਂ ਨੂੰ ਛੱਡ ਕੇ ਗੀਤਾ ਦਾ ਸਾਰ ਬੱਚਿਆਂ ਨੂੰ ਪੜ੍ਹਾਇਆ ਜਾਵੇਗਾ। ਹਕੂਮਤੀ ਸੂਤਰਾਂ ਅਨੁਸਾਰ ਗੀਤਾ ਪੜ੍ਹਾਉਣ ਦੀ ਪੂਰੀ ਤਿਆਰੀ ਹੋ ਚੁੱਕੀ ਹੈ। ਉਹਨਾਂ ਦਾ ਦਾਅਵਾ ਹੈ ਕਿ ਵਿਸਥਾਰਿਤ ਖੋਜ ਪਿੱਛੋਂ ਇਸ ਤਰ੍ਹਾਂ ਦਾ ਸਲੇਬਸ ਤਿਆਰ ਕੀਤਾ ਗਿਆ ਹੈ। ਜਿਸ ਨਾਲ ਗੀਤਾ ਦੇ ਸਮਾਨ ਦੁਰੂਹ ਗ੍ਰੰਥ ਦਾ ਸੰਦੇਸ਼ ਸਰਲ ਭਾਸ਼ਾ ਵਿੱਚ ਬੱਚਿਆਂ ਤੱਕ ਪਹੁੰਚਾਇਆ ਜਾ ਸਕੇ।

ਵੈਸੇ ਕੁਝ ਸਿੱਖਿਆ ਸਾਸ਼ਤਰੀਆਂ ਦੀ ਰਾਇ ਹੈ ਕਿ ਗੀਤਾ ਦਾ ਸੰਦੇਸ਼ ਫਿਲਾਸਫਿਕ ਵਿਚਾਰਾਂ ਨਾਲ ਭਰਪੂਰ ਹੈ। ਉਸ ਦੇ ਅਸਲੀ ਅਰਥਾਂ ਨੂੰ ਸਮਝਣਾ ਬਾਲਗਾਂ ਤਕ ਨੂੰ ਮੁਸ਼ਕਿਲ ਹੋਵੇਗਾ। ਜੇ ਉਪਰੀ ਨਜ਼ਰ ਨਾਲ ਵੇਖਿਆ ਜਾਵੇ ਤਾਂ ਲੱਗੇਗਾ ਕਿ ਗੀਤਾ ਗੱਲਬਾਤ ਦੀ ਥਾਂ 'ਤੇ ਯੁੱਧ ਨਾਲ ਸਮੱਸਿਆਵਾਂ ਦਾ ਹੱਲ ਕਰਨ ਨੂੰ ਸਹੀ ਸਮਝਦੀ ਹੈ। ਆਖਰ ਸ੍ਰੀ ਕ੍ਰਿਸ਼ਨ ਨੇ ਅਰਜਨ ਨੂੰ ਆਪਣੇ ਹੀ ਸਕਿਆਂ ਉਪਰ ਹੁਥਿਆਰ ਚੁਕਣ ਲਈ ਸਹੀ ਮੰਨਦਿਆਂ ਤਿਆਰ ਕਰ ਲਿਆ ਸੀ। ਗੀਤਾ ਦਾ ਇਕ ਹੋਰ ਸੰਦੇਸ਼ ਹੈ। ਫਲ ਦੀ ਆਸ ਕੀਤੇ ਬਿਨਾਂ ਕੰਮ ਕਰਦੇ ਜਾਉ। ਅੱਜ ਦੇ ਮੁਕਾਬਲੇ ਦੇ ਸਮਾਜ 'ਚ ਹਰੇਕ ਬੰਦਾ ਫਲ ਦੀ ਕਾਮਨਾ ਕਰਦਿਆਂ ਹੀ ਕਰਮ ਕਰਦਾ ਹੈ। ਜੇ ਕਰਮ ਦਾ ਫਲ ਨਹੀਂ ਮਿਲਦਾ ਹੈ ਤਾਂ ਇਨਸਾਨ ਅਕਸਰ ਨਿਰਾਸ਼ ਹੋ ਜਾਂਦਾ ਹੈ ਅਤੇ ਅਨੇਕ ਆਪਣੇ ਜੀਵਨ ਦਾ ਅੰਤ ਕਰਨ ਦੀ ਸੋਚਣ ਲੱਗਦਾ ਹੈ। ਵੈਸੇ ਵੀ ਧਰਮ ਇੱਕ ਨਿਜੀ ਆਸਥਾ ਦਾ ਵਿਸ਼ਾ ਹੈ। ਧਰਮ ਦੀ ਸਿੱਖਿਆ ਪ੍ਰੀਵਾਰ 'ਚ ਹੀ ਮਿਲਦੀ ਹੈ। ਉਸ ਨੂੰ ਸਿੱਖਿਆ ਅਦਾਰਿਆਂ 'ਤੇ ਨਹੀਂ ਲੱਦਣਾ ਚਾਹੀਦਾ। ਵੈਸੇ ਆਮ ਲੋਕਾਂ

ਦਾ ਡਰ ਹੈ ਕਿ ਗੀਤਾ ਰਾਹੀਂ ਹਿੰਦੂ ਧਰਮ ਨੂੰ ਸਭ ਤੇ ਠੋਸਣ ਦੀ ਤਿਆਰੀ ਹੈ। ਵੈਸੇ ਵੀ ਆਰ. ਐਸ. ਐਸ. ਦਾ ਮੰਨਣਾ ਹੈ ਕਿ ਸਭ ਭਾਰਤਵਾਸੀ ਹਿੰਦੂ ਹਨ। ਸੰਘ ਦੇ ਮੌਜੂਦਾ ਸਰਸੰਘ ਚਾਲਕ ਆਪਣੇ ਪ੍ਰਵਚਨਾ 'ਚ ਇਹ ਗੱਲ ਕਰਦੇ ਹਨ ਕਿ ਸਭ ਭਾਰਤਵਾਸੀ ਹਿੰਦੂ ਹਨ। ਆਪਣੇ ਇਸ ਨਜ਼ਰੀਏ ਨੂੰ ਅਮਲੀ ਜਾਮਾ ਪਹਿਚਾਉਣ ਲਈ ਗੀਤਾ ਦੀ ਪੜ੍ਹਾਈ ਦਾ ਬਹਾਨਾ ਬਣਾਇਆ ਜਾ ਰਿਹਾ ਹੈ।

# ਮੱਧ ਪ੍ਰਦੇਸ਼ ਦੇ ਸਕੂਲਾਂ ਦਾ ਕੇਸਰੀਕਰਨ ਕਿਵੇਂ?

ਵਿਦੇਸ਼ੀ ਯੂਨੀਵਰਸਿਟੀ ਕਾਨੂੰਨ ਕਈ ਸਾਲਾਂ ਤੋਂ ਸੱਤਾ ਪੱਖ ਦੇ ਅੰਦਰ ਮੱਤਭੇਦਾਂ ਕਾਰਨ ਲਟਕਿਆ ਹੋਇਆ ਹੈ ਜਦਕਿ ਵਿਦੇਸ਼ੀ ਯੂਨੀਵਰਸਿਟੀਆਂ ਆਪਣੀਆਂ ਦੁਕਾਨਾਂ ਖੋਲ੍ਹਣ ਲਈ ਸਰਗਰਮ ਹਨ। ਖਬਰ ਹੈ ਕਿ 40 ਯੂਨੀਵਰਸਿਟੀਆਂ ਨੇ ਮਹਾਂਰਾਸ਼ਟਰ ਸਰਕਾਰ ਤੋਂ ਮੁੰਬਈ-ਪੁਣੇ-ਨਾਸ਼ਕ ਮਾਰਗ 'ਤੇ ਆਪਣੇ-ਆਪਣੇ ਕੈਂਪਸ ਖੋਹਲਣ ਲਈ ਜ਼ਮੀਨਾਂ ਮੰਗੀਆਂ ਹਨ। ਮਹਾਂਰਾਸ਼ਟਰ ਹੀ ਇਸ ਦੀ ਇਕੋ-ਇਕ ਮਿਸਾਲ ਨਹੀਂ ਹੈ। ਇਹ ਯੂਨੀਵਰਸਿਟੀਆਂ ਦੇਸ਼ ਦੇ ਬਾਕੀ ਹਿਸਿਆਂ ਵਿਚ ਇਸ ਤਰ੍ਹਾਂ ਜ਼ਮੀਨ ਦੀ ਭਾਲ 'ਚ ਲੱਗੀਆਂ ਹੋਈਆਂ ਹਨ ਕਿਉਂਕਿ ਉਹ ਜਾਣਦੀਆਂ ਹਨ ਕਿ ਦੇਰ ਸਵੇਰ ਇਹ ਕਾਨੂੰਨ ਪਾਸ ਹੋਣਾ ਹੀ ਹੈ। ਇਹਨਾਂ ਯੂਨੀਵਰਸਿਟੀਆਂ ਦਾ ਭਾਰਤ ਪ੍ਰਤੀ ਮੋਹ ਇਸ ਲਈ ਪੈਦਾ ਹੋਇਆ ਹੈ ਕਿ ਭਾਰਤ ਸਿਖਿਆ ਲਈ ਦੁਨੀਆਂ ਦਾ ਸਭ ਤੋਂ ਵੱਡਾ ਬਾਜ਼ਾਰ ਹੈ। ਉਚ ਸਿੱਖਿਆ ਦੀ ਇਥੇ ਭਾਰੀ ਮੰਗ ਹੈ ਜਿਸ ਨੂੰ ਅੱਜ ਤਕ ਪੂਰਾ ਨਹੀਂ ਕੀਤਾ ਜਾ ਸਕਿਆ ਹੈ। ਸਾਡੇ ਦੇਸ਼ ਦੇ 12ਵੀਂ ਪਾਸ ਕਰਨ ਵਾਲੇ 11 ਕਰੋੜ ਵਿਦਿਆਰਥੀਆਂ 'ਚੋਂ ਸਿਰਫ 10 ਫੀ ਸਦੀ ਹੀ ਉਚ ਸਿਖਿਆ 'ਚ ਦਾਖਲਾ ਲੈ ਸਕਦੇ ਹਨ। ਕਈ ਹੋਰ ਵਿਕਾਸਸ਼ੀਲ ਦੇਸ਼ਾਂ ਦੀ ਸਥਿਤੀ ਵੀ ਇਸ ਮਾਮਲੇ 'ਚ ਭਾਰਤ ਨਾਲੋਂ ਕਾਫੀ ਅੱਛੀ ਹੈ। ਭਾਰਤ 'ਚ ਉਚ ਸਿਖਿਆ 'ਤੇ ਕੁਲ ਘਰੇਲੂ ਪੈਦਾਵਾਰ ਦਾ ਸਿਰਫ 0.37 ਫੀ ਸਦੀ ਹਿਸਾ ਖਰਚ ਕੀਤਾ ਜਾਂਦਾ ਹੈ ਤੇ ਬ੍ਰਿਟੇਨ 'ਚ 1.47 ਫੀ ਸਦੀ ਖਰਚ ਕੀਤਾ ਜਾਂਦਾ ਹੈ ਕਿਉਂਕਿ ਇਹਨਾਂ ਦੇਸ਼ਾਂ ਦੀ ਕੁਲ ਘਰੇਲੂ ਪੈਦਾਵਾਰ ਭਾਰਤ ਨਾਲੋਂ ਕਈ ਗੁਣਾ ਵੱਧ ਹੈ। ਇਸ ਲਈ ਉਚ ਸਿਖਿਆ 'ਤੇ ਖਰਚ ਹੋਣ ਵਾਲੀ ਉਹਨਾਂ ਦੀ ਕੁਲ ਰਕਮ ਅੱਗੇ ਭਾਰਤ ਦਾ ਬਜ਼ਟ ਕੁਝ ਵੀ ਨਹੀਂ ਬੈਠਦਾ। ਭਾਰਤ ਦੇ ਪ੍ਰਸੰਗ 'ਚ ਮਹੱਤਵਪੂਰਨ ਗੱਲ ਇਹ ਵੀ ਹੈ ਕਿ ਸਾਡੇ ਇਥੇ ਕੁਲ 18000 ਉਚ ਸਿਖਿਆ ਸੰਸਥਾਵਾਂ ਹਨ ਜਿਹਨਾਂ 'ਚ 370 ਯੂਨੀਵਰਸਿਟੀਆਂ ਹਨ। ਇਸ ਲਈ ਪ੍ਰਤੀ ਸੰਸਥਾ ਖਰਚ ਹੋਰ ਵੀ ਘੱਟ ਬੈਠਦਾ ਹੈ ਕਿ ਇਸ ਨਾਲ ਉਚ ਸਿਖਿਆ ਦੀ ਅਸਲੀ ਲੋੜ ਦੇ ਇਕ ਅੰਸ ਮਾਤਰ ਦੀ ਹੀ ਪੂਰਤੀ ਸੰਭਵ ਹੈ। ਸਾਡੇ ਦੇਸ਼ 'ਚ ਹਰ ਸਾਲ 10 ਕਰੋੜ ਵਿਦਿਆਰਥੀਆਂ ਨੂੰ ਉਚ ਸਿਖਿਆ 'ਚ ਦਾਖਲਾ ਤੋਂ ਵਾਂਝੇ ਰਹਿਣਾ ਪੈਂਦਾ ਹੈ। ਜੋ ਦੁਨੀਆਂ ਦੇ ਕਈ ਦੇਸ਼ਾਂ ਦੀ ਕੁਲ ਅਬਾਦੀ ਤੋਂ ਕਈ ਗੁਣਾ ਵੱਧ ਹੈ। ਇਹ 10 ਕਰੋੜ ਵਿਦਿਆਰਥੀਆਂ ਹੀ ਉਚ ਸਿਖਿਆ ਦੇ ਉਸ ਬਾਜ਼ਾਰ ਦੇ ਗਾਹਕ ਹਨ ਜਿਸ ਲਈ ਉਹ ਵਿਦੇਸ਼ੀ ਸੰਸਥਾਵਾਂ ਆਪਣੇ ਕੈਂਪਸ ਸਥਾਪਤ ਕਰਨ ਲਈ ਲਾਲਚੀ ਨਜ਼ਰਾਂ ਨਾਲ ਵੇਖ ਰਹੀਆਂ ਹਨ।

ਯੋਜਨਾ ਕਮਿਸ਼ਨ ਅਨੁਸਾਰ ਦੇਸ਼ 'ਚ 200 ਵਾਧੂ ਯੂਨੀਵਰਸਿਟੀਆਂ ਖੋਹਲਣ ਦੀ ਲੋੜ ਹੈ ਜਿਸ ਲਈ 30682 ਕਰੋੜ ਰੁਪਏ ਸਰਕਾਰੀ ਖਰਚ ਤੋਂ ਇਲਾਵਾ 191,318 ਕਰੋੜ ਰੁਪਏ ਦੇ ਨਿਜੀ ਨਿਵੇਸ਼ ਦੀ ਲੋੜ ਹੈ। ਗਿਆਨ ਆਯੋਗ ਅਨੁਸਾਰ 1500 ਨਵੀਆਂ ਯੂਨੀਵਰਸਿਟੀਆਂ ਦੀ ਲੋੜ ਦਰਸਾਈ ਗਈ ਹੈ। ਸਪਸ਼ਟ ਹੈ ਕਿ ਭਾਰਤ 'ਚ ਉਚ ਸਿਖਿਆ ਇਕ ਅਜਿਹਾ ਖੇਤਰ ਹੈ ਜਿਥੇ ਅਰਬਾਂ ਰੁਪਏ ਦੇ ਨਿਵੇਸ਼ ਦੀ ਸੰਭਾਵਨਾ ਹੈ ਕਿਉਂਕਿ ਦੁਨੀਆਂ ਦੇ ਬਹੁਤੇ ਵਿਕਸਤ ਦੇਸ਼ਾਂ 'ਚ ਨਵੀਆਂ

ਸੰਸਥਾਵਾਂ ਖੋਹਲਣ 'ਚ ਨਿਵੇਸ਼ ਦੀਆਂ ਸੰਸਥਾਵਾਂ ਬਹੁਤ ਘੱਟ ਬਚੀਆਂ ਹਨ। ਇਸ ਲਈ ਇਹ ਸੰਸਥਾਵਾਂ ਆਪਣੇ ਦੇਸ਼ 'ਚ ਸੰਤੁਸ਼ਟੀ ਦੇ ਪੱਧਰ ਤਕ ਪਹੁੰਚ ਚੁਕੀਆਂ ਹਨ ਅਤੇ ਆਪਣੀ ਪੂੰਜੀ ਦਾ ਵਿਸ਼ਾਲ ਬਾਜ਼ਾਰ ਨੂੰ ਵੇਖਦੇ ਹੋਏ ਅੱਜ ਉਚ ਸਿਖਿਆ ਲਈ ਗਠਿਤ ਸਰਕਾਰੀ ਕਮਿਸ਼ਨ ਦੇ ਮੈਂਬਰਾਂ, ਵਿਦੇਸ਼ੀ ਪੂੰਜੀ ਨਿਵੇਸ਼ਕਾਂ ਨਾਲ ਗੰਢ-ਤੁਪ ਕਰਕੇ ਆਪਣੀ ਹਿੱਤ ਪੂਰਤੀ ਕਰਨ ਵਾਲੇ ਸ਼ਰਮਾਏਦਾਰਾਂ ਤੇ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਹੀ ਦੇਸ਼ ਦੀਆਂ ਸਮਸਿਆਵਾਂ ਦਾ ਇਕੋ ਇਕ ਹੱਲ ਮੰਨਣ ਵਾਲੇ ਪ੍ਰਜੀਵੀ ਅਰਥ ਸਾਸ਼ਤਰੀਆਂ, ਸਭ ਨੂੰ ਭਾਰਤ ਦੀ ਉਚ ਸਿਖਿਆ ਦੀ ਚਿੰਤਾ ਸਤਾਉਣ ਲੱਗੀ ਹੈ। ਪਰ ਉਚ ਸਿਖਿਆ 'ਚ ਸੁਧਾਰ ਨਾਲ ਇਹਨਾਂ ਦਾ ਮਕਸਦ ਮੌਜੂਦਾ ਕਮੀਆਂ ਨੂੰ ਦੂਰ ਕਰਨ ਕਰਕੇ ਇਸ ਨੂੰ ਵੱਧ ਮਜ਼ਬੂਤ ਤੇ ਵਿਆਪਕ ਬਣਾਉਣ ਤੋਂ ਬਿਲਕੁਲ ਨਹੀਂ ਹੈ। ਬਲਕਿ ਦੇਸ਼ ਦੇ ਠੀਕ ਉਲਟ ਇਹਨਾਂ ਦੀ ਮੰਸ਼ਾ ਇਸ ਢਾਂਚੇ ਨੂੰ ਪੂਰੀ ਤਰ੍ਹਾਂ ਖਤਮ ਕਰਕੇ ਇਕ ਅਜੇਹੀ ਸਿਖਿਆ ਪ੍ਰਣਾਲੀ ਕਾਇਮ ਕਰਨਾ ਹੈ ਜੋ ਇਸ ਨਵੀਂ ਸਾਮਰਾਜੀ ਆਰਥਕ ਪ੍ਰਣਾਲੀ ਦੇ ਅਨੁਕੂਲ ਹੋਵੇ। ਭਾਰਤੀ ਉਚ ਸਿਖਿਆ ਦਾ ਮੌਜੂਦਾ ਢਾਂਚਾ ਅਪੂਰਨ ਤੇ ਅਪ੍ਰਾਪਤ ਭਾਵੇਂ ਹੀ ਸੀ ਪਰ ਇਸ ਦਾ ਮਕਸਦ ਸਲੇਬਸ ਤੇ ਵੈਚਾਰਿਕ ਅਧਾਰ ਇਥੋਂ ਦੇ ਹਾਕਮ ਨੇ ਆਪਣੀਆਂ ਲੋੜਾਂ ਤੇ ਤਰਜੀਹਾਂ ਅਨੁਸਾਰ ਤਿਆਰ ਕੀਤਾ ਸੀ। ਅਰਥ ਸਾਸ਼ਤਰ ਤੇ ਰਾਜਨੀਤੀ ਵਿਗਿਆਨ ਤੋਂ ਲੈ ਕੇ ਖੇਤੀ ਵਿਗਿਆਨ ਤੇ ਤਕਨੀਕੀ ਵਿਸ਼ਿਆਂ ਤਕ ਦੇ ਸਲੇਬਸਾਂ ਦਾ ਨਿਰਧਾਰਣ ਦੇਸ਼ ਦੀਆਂ ਲੋੜਾਂ ਨੂੰ ਧਿਆਨ 'ਚ ਰਖ ਕੇ ਤਿਆਰ ਕੀਤਾ ਗਿਆ ਸੀ। ਹੁਣ ਜਦਕਿ ਆਤਮ ਨਿਰਭਰ ਵਿਕਾਸ ਨੂੰ ਹਾਕਮਾਂ ਨੇ ਤਿਲਾਂਜਲੀ ਦੇ ਦਿੱਤੀ ਹੈ ਅਤੇ ਸਾਮਰਾਜੀ ਦਾਬੇ ਵਾਲੇ ਨਵੇਂ ਅਰਥਚਾਰੇ ਨੂੰ ਅਪਣਾ ਲਿਆ ਹੈ। ਤਦ ਉਚ ਸਿਖਿਆ ਦਾ ਪੁਰਾਣਾ ਢੰਗ ਤਰੀਕਾ ਵੀ ਨਵੀਂ ਆਰਥਕ ਪ੍ਰਣਾਲੀ ਲਈ ਬੇਕਾਰ ਹੋ ਚੁੱਕਿਆ ਹੈ। ਪੁਰਾਣੀ ਸਿਖਿਆ ਦੀ ਥਾਂ 'ਤੇ ਹੁਣ ਬਹੁਕੌਮੀ ਕੰਪਨੀਆਂ ਦੇ ਮੁਨਾਫੇ 'ਚ ਵੱਧ ਤੋਂ ਵੱਧ ਇਜਾਫਾ ਕਰਨ ਦੇ ਗੁਰ ਸਿਖਾਉਣ ਵਾਲੀ ਸਿਖਿਆ ਪ੍ਰਣਾਲੀ ਖੜ੍ਹੀ ਕੀਤੀ ਜਾ ਰਹੀ ਹੈ। ਇਸ ਦਾ ਮਕਸਦ ਆਪਣੇ ਦੇਸ਼ ਤੇ ਲੋਕਾਂ ਦੇ ਕਟੇ ਹੋਏ, ਸਮਾਜ ਦੀਆਂ ਚਿੰਤਾਵਾਂ ਤੋਂ ਦੂਰ ਦੇਸ਼ੀ-ਵਿਦੇਸ਼ੀ ਕੰਪਨੀਆਂ ਲਈ ਵਫ਼ਾਦਾਰ ਮੁਲਾਜ਼ਮ ਤਿਆਰ ਕਰਨਾ ਹੈ ਜਿੰਨ੍ਹਾਂ ਦੇ ਨਾਂ ਤਾਂ ਆਪਣੇ ਆਜ਼ਾਦ ਵਿਚਾਰ ਹੋਣ ਤੇ ਉਹਨਾਂ ਦਾ ਨਾਂ ਹੀ ਕੋਈ ਸਮਾਜਕ ਸਰੋਕਾਰ ਹੋਵੇ।

ਸਿੱਖਿਆ ਦੇ ਕੌਮਾਂਤਰੀ ਵਪਾਰੀ ਜੋ ਉਚ ਸਿੱਖਿਆ ਨੂੰ ਖਰੀਦੋ-ਫਰੋਖਤ ਦੀ ਵਸਤੂ ਤੇ ਮੁਨਾਫੇ ਦਾ ਜ਼ਰੀਆ ਸਮਝਦੇ ਹਨ, ਉਹ ਇਸ ਕੋਸ਼ਿਸ਼ ਵਿਚ ਹਨ ਕਿ ਸਿਖਿਆ ਨੂੰ ਇਕ ਮਾਲ ਬਣਾ ਦਿੱਤਾ ਜਾਵੇ ਤੇ ਇਸ ਤਰ੍ਹਾਂ ਦੀ ਸਿਖਿਆ ਵਸਤੂ ਲਈ ਦੇਸ਼ ਦੀ ਸਰਹੱਦ ਪੂਰੀ ਤਰ੍ਹਾਂ ਖੋਹਲ ਦਿਤੀ ਜਾਵੇ। ਉਚ ਸਿਖਿਆ ਦੀਆਂ ਮੁਨਾਫਾ ਖੋਰ ਕੰਪਨੀਆਂ, ਨਿਜੀ ਯੂਨੀਵਰਸਿਟੀਆਂ, ਪ੍ਰੀਖਿਆ ਲੈਣ ਵਾਲੀਆਂ ਨਿਜੀ ਏਜੰਸੀਆਂ ਤੇ ਸਿਖਿਆ ਦੀ ਬਰਾਮਦ ਕਰਨ ਵਾਲੀਆਂ ਬ੍ਰਿਟੇਨ ਤੇ ਅਮਰੀਕਾ ਦੀਆਂ ਸੰਸਥਾਵਾਂ ਹੀ ਨਹੀਂ ਬਲਕਿ ਭਾਰਤ ਦੇ ਅੰਗਰੇਜਨੁਮਾ ਲੋਕ ਅਤੇ ਅਮਰੀਕਾ ਪ੍ਰਸਤ ਬੁੱਧੀਜੀਵੀ ਸਭ ਇਹੀ ਚਾਹੁੰਦੇ ਹਨ। ਪਰ ਜੋ ਲੋਕ ਇਹ ਮੰਨਦੇ ਹਨ ਕਿ ਉਚ ਸਿਖਿਆ ਦੇ ਵਿਕਾਊ ਮਾਲ ਤੋਂ ਵੱਧ ਕੁਝ ਵੀ ਮਾਅਨੇ ਨਹੀਂ ਉਹਨਾਂ ਲਈ ਯੂਨੀਵਰਸਿਟੀਆਂ ਤੇ ਅਕਾਦਮਿਕ ਪ੍ਰੋਗਰਾਮਾਂ ਦੀ ਧੜੱਲੇ ਨਾਲ ਦਰਾਮਦ-ਬਰਾਮਦ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਵਪਾਰੀ ਹਰ ਚੀਜ਼ ਨੂੰ ਸਿਰਫ ਬਾਜ਼ਾਰ ਦੇ ਤਰਕ ਨਾਲ ਚਲਾਉਂਦਾ

ਹੈ ਅਤੇ ਫੌਰੀ ਮੰਗ ਵਾਲੀਆਂ ਵਸਤਾਂ ਵੇਚ ਕੇ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਵਿਚ ਹੀ ਰੁਚੀ ਰਖਦਾ ਹੈ ਚਾਹੇ ਉਹ ਸਿਖਿਆ ਦਾ ਸਲੇਬਸ ਹੋਵੇ ਜਾਂ ਜੁੱਤੇ ਚੱਪਲਾਂ ਦਾ। ਸਿਖਿਆ ਦਾ ਵਪਾਰ ਕਰਨ ਵਾਲੀਆਂ ਇਹਨਾਂ ਸੰਸਥਾਵਾਂ ਦੀ ਰੁਚੀ ਖੋਜ ਕੇਂਦਰ ਸਥਾਪਤ ਕਰਕੇ ਵਿਦਿਆਰਥੀਆਂ ਦੀ ਯੂਨੀਵਰਸਿਟੀ ਤਕ ਪਹੁੰਚ ਵਧਾਉਣ ਤੇ ਵਾਂਝੇ ਤਬਕਿਆਂ ਲਈ ਸਮਤਾ ਮੂਲਕ ਸਿਖਿਆ ਪ੍ਰਣਾਲੀ ਦੇਣ ਦੀ ਕਦੇ ਵੀ ਨਹੀਂ ਹੁੰਦੀ। ਇਹ ਇਸ ਦੇ ਉਲਟ ਦਿਸ਼ਾ 'ਚ ਕੰਮ ਕਰਦੀ ਹੈ। ਭਾਰਤ ਨਿਜੀ ਸਿਖਿਆ ਦੇ ਖੇਤਰ ਵਿਚ ਅਜੇ ਵੀ ਜੋ ਸੰਸਥਾਵਾਂ ਬੀ.ਐਡ, ਪੈਰਾ ਮੈਡੀਕਲ, ਕੰਪਿਊਟਰ ਇੰਜੀਨੀਰਿੰਗ ਤੇ ਫੈਸ਼ਨ ਡਿਜ਼ਾਇਨਿੰਗ ਆਦਿ ਦੀ ਸਿਖਿਆ ਦਾ ਪ੍ਰਚਾਰ ਕਰ ਰਹੀਆਂ ਹਨ, ਇਹਨਾਂ 'ਚ ਇਕ ਵੀ ਖੋਜ਼ ਕੇਂਦਰ ਨਹੀਂ ਹੈ ਅਤੇ ਨਾ ਹੀ ਕੋਈ ਸਮਾਜ ਉਪਯੋਗੀ ਖੋਜ਼ ਪ੍ਰੋਗਰਾਮ ਚਲਾਉਂਦੀਆਂ ਹਨ। ਮਾਨਵਿਕੀ, ਵਿਗਿਆਨ ਤੇ ਭਾਸ਼ਾ ਵਰਗੇ ਗੈਰ ਮੁਨਾਫੇ ਵਾਲੇ ਮਾਨਵ ਸਮਾਜ ਦੇ ਵਿਕਾਸ ਲਈ ਜ਼ਰੂਰੀ ਖੇਤਰ ਵਿਚ ਇਕ ਵੀ ਨਿਜੀ ਯੂਨੀਵਰਸਿਟੀ ਨਹੀਂ ਹੈ। ਇਸ ਦੇ ਉਲਟ ਸੈਂਕੜੇ ਯੂਨੀਵਰਸਿਟੀਆਂ ਵਿਚ ਇਤਿਹਾਸ ਤੇ ਦਰਸ਼ਨ ਸਾਸ਼ਤਰ ਵਰਗੇ ਮਾਨਵਿਕੀ ਵਿਸ਼ਿਆਂ ਨੂੰ ਹਟਾ ਕੇ ਉਹਨਾਂ ਦੀ ਥਾਂ 'ਤੇ ਮੈਨੇਜਮੈਂਟ ਤੇ ਫੈਸ਼ਨ ਡਿਜ਼ਾਇਨਿੰਗ ਵਰਗੇ ਵਿਸ਼ੇ ਸ਼ੁਰੂ ਕੀਤੇ ਗਏ ਹਨ। ਪਰ ਇਹ ਛੋਟੇ-ਛੋਟੇ ਉਦਾਹਰਣ ਤਾਂ ਕੁਝ ਵੀ ਨਹੀਂ ਹਨ ਕਿਉਂਕਿ ਅਜੇ ਤਕ ਇਹ ਨਿਜੀ ਸੰਸਥਾਵਾਂ ਜਾਂ ਤਾਂ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੀ ਨਿਯਮਾਂਵਾਲੀ ਦੇ ਅਧੀਨ ਕੰਮ ਕਰ ਰਹੀਆਂ ਹਨ ਜਾਂ ਕਿਸੇ ਭਾਰਤੀ ਯੂਨੀਵਰਸਿਟੀ ਦੇ ਨਾਲ ਗੰਢ-ਤੁਪ ਕਰਕੇ ਆਪਣਾ ਕਾਰੋਬਾਰ ਚਲਾ ਰਹੀਆਂ ਹਨ। ਸਿਖਿਆ ਵਪਾਰ ਦੇ ਵੱਡੇ ਖਿਡਾਰੀ ਅਜੇ ਬਾਜ਼ਾਰ ਦੇ ਦਰਵਾਜੇ ਤੇ ਦਸਤਕ ਦੇ ਰਹੇ ਹਨ। ਲੋਰਿਅਟ ਐਜੂਕੇਸ਼ਨ ਕੰਪਨੀ ਵਰਗੀਆਂ ਵਿਦੇਸ਼ੀ ਸੰਸਥਾਵਾਂ ਵੀ ਭਾਰਤੀ ਬਾਜ਼ਾਰ 'ਚ ਘੁਸਣ ਲਈ ਲਾਲਸਾਵਾਂ ਰਖਦੀਆਂ ਹਨ। ਇਹ ਉਹਨਾਂ ਖੇਤਰਾਂ 'ਚ ਅਕਾਦਮਿਕ ਪ੍ਰੋਗਰਾਮ ਮੁਹੱਈਆ ਕਰਵਾਉਂਦੇ ਹਨ ਜਿਹਨਾਂ ਦੀ ਭਾਰੀ ਮੰਗ ਹੋਵੇ। ਕੋਈ ਵੀ ਕੰਪਨੀ ਭਾਰਤ 'ਚ ਭਾਰੀ ਲਾਗਤ ਵਾਲੇ ਵਿਦਿਅਕ ਢਾਂਚੇ ਜਿਵੇਂ ਵਿਗਿਆਨ ਲਬਾਰਟਰੀ ਤੇ ਖੋਜ਼ ਦੀ ਸਹੂਲਤ 'ਤੇ ਖਰਚ ਨਹੀਂ ਕਰਨਾ ਚਾਹੁੰਦੀ। ਇਹ ਦੂਸਰੀਆਂ ਕਿਸੇ ਵੀ ਵਪਾਰਕ ਕੰਪਨੀਆਂ ਵਾਂਗੂੰ ਲਾਗਤ ਨੂੰ ਘਟਾਉਣ ਤੇ ਮੁਨਾਫੇ ਨੂੰ ਵੱਧ ਤੋਂ ਵੱਧ ਕਰਨ 'ਤੇ ਜ਼ੋਰ ਦਿੰਦੀਆਂ ਹਨ।

ਬ੍ਰਿਟੇਨ ਤੇ ਆਸਟਰੇਲੀਆ ਸਮੇਤ ਕਈ ਦੇਸ਼ਾਂ ਦੀ ਤਾਂ ਕੌਮੀ ਨੀਤੀ ਹੀ ਹੈ ਉਚ-ਸਿਖਿਆ ਦੀ ਬਰਾਮਦ ਕਰਕੇ ਮੁਨਾਫ਼ਾ ਕਮਾਉਣਾ। ਬ੍ਰਿਟਿਸ਼ ਕਾਊਂਸਿਲ ਤੇ ਅਜੇਹੀਆਂ ਹੀ ਕਈ ਹੋਰ ਸੰਸਥਾਵਾਂ ਵੈਸੇ ਤਾਂ ਸੂਚਨਾ ਦੇ ਵਪਾਰ 'ਚ ਲਗੀਆਂ ਹਨ। ਪਰ ਉਹਨਾਂ ਦਾ ਅਸਲੀ ਮਕਸਦ ਬ੍ਰਿਟਿਸ਼ ਸੰਸਥਾਵਾਂ ਦੀ ਬਰਾਮਦ ਸਮਰਥਾ ਵਧਾਉਣ 'ਚ ਸਹਾਇਤਾ ਦੇਣਾ ਹੈ। ਅਮਰੀਕਾ 'ਚ ਸਿਖਿਆ ਦੀ ਜਿੰਮੇਵਾਰੀ ਉਸ ਦੇ 50 ਰਾਜਾਂ ਦੀ ਹੈ ਅਤੇ ਉਥੇ ਕੋਈ ਕੌਮੀ ਸਿਖਿਆ ਨੀਤੀ ਨਹੀਂ ਹੈ। ਪਰ ਉਥੇ ਵੱਡੀ ਗਿਣਤੀ 'ਚ ਨਿਜੀ ਉਚ ਸਿਖਿਆ ਸੰਸਥਾਵਾਂ ਹਨ ਜੋ ਸਿਖਿਆ ਬਰਾਮਦ ਕਰਨ ਦੇ ਮਾਮਲਿਆਂ 'ਚ ਕਾਫੀ ਖਿੱਚ ਪਾਊ ਹਨ। ਉਥੋਂ ਦੀਆਂ ਘਟੀਆ ਦਰਜੇ ਦੀਆਂ ਸਿਖਿਆ ਸੰਸਥਾਵਾਂ ਵੱਡੀ ਗਿਣਤੀ 'ਚ ਭਾਰਤੀ ਬਾਜ਼ਾਰ 'ਚ ਪੈਰ ਜਮਾਉਣ ਦੀ ਤਿਆਰੀ ਕਰ ਰਹੀਆਂ ਹਨ। ਸਿਖਿਆ ਬਾਜ਼ਾਰ ਦੇ ਸਭ ਤੋਂ ਵੱਡੇ ਖਿਡਾਰੀ ਲਾਰੀਅਟ ਐਜੂਕੇਸ਼ਨ ਕੰਪਨੀ ਦੀ ਰਣਨੀਤੀ ਆਪਣੇ ਸਕੂਲ ਖੋਹਲਣ ਤੋਂ ਇਲਾਵਾ ਵਿਦੇਸ਼ੀ

ਯੂਨੀਵਰਸਿਟੀਆਂ ਨੂੰ ਖਰੀਦਣ ਦੀ ਵੀ ਹੈ। ਉਸ ਨੇ ਤਿੰਨ ਮਹਾਂ ਦੇਸ਼ਾਂ ਦੀਆਂ 29 ਯੂਨੀਵਰਸਿਟੀਆਂ ਨੂੰ ਖਰੀਦ ਲਿਆ ਹੈ। ਲਾਰਿਏਟ ਨੇ ਆਂਧਰਾ ਪ੍ਰਦੇਸ਼ 'ਚ ਵੀ ਇਕ ਯੂਨੀਵਰਸਿਟੀ ਸ਼ੁਰੂ ਕੀਤੀ ਸੀ ਪਰ ਸਰਕਾਰੀ ਕੰਟਰੋਲ ਨੂੰ ਜਟਿਲ ਮੰਨਦਿਆਂ ਹੋਇਆਂ ਆਪਣਾ ਕਾਰੋਬਾਰ ਬੰਦ ਕਰ ਦਿੱਤਾ ਹੈ। ਜਾਹਿਰ ਹੈ ਕਿ ਇਹ ਵਿਦੇਸ਼ੀ ਸੰਸਥਾਵਾਂ ਕਿਸੇ ਵੀ ਤਰ੍ਹਾਂ ਦੇ ਸਰਕਾਰੀ ਕੰਟਰੋਲ ਨੂੰ ਨਹੀਂ ਮੰਨਣਾ ਚਾਹੁੰਦੀਆਂ ਸਿਖਿਆ ਨੂੰ ਜਿਣਸ ਬਣਾ ਕੇ ਵੇਚਣ ਲਈ ਖੂੰਖਾਰ ਕੰਪਨੀਆਂ ਦਾ ਕਿਰਦਾਰ ਤੇ ਇਨਾਂ ਦਾ ਮਕਸਦ ਕਿਸੇ ਤੋਂ ਛੁਪਿਆ ਨਹੀਂ ਹੈ। ਬਲਕਿ ਡੰਕੇ ਦੀ ਚੋਟ 'ਤੇ ਇਹ ਵਪਾਰ 'ਚ ਲੱਗੀ ਹੈ। ਸੁਆਲ ਇਹ ਹੈ ਕਿ ਪੂਰੀ ਤਰ੍ਹਾਂ ਰਾਜ ਦੇ ਕੰਟਰੋਲ ਵਿਚ ਚਲਣ ਵਾਲੀ ਸਸਤੀ ਤੇ ਸੌਖੀ ਸਿਖਿਆ ਨੂੰ ਜਿਸ ਨੂੰ ਸਟੇਟ ਦੀ ਜਿੰਮੇਵਾਰੀ ਮੰਨਿਆ ਜਾਂਦਾ ਸੀ ਕਿਉਂਕਿ ਇਹਨਾਂ ਨੂੰ ਲੁਟੇਰੀਆਂ ਕੰਪਨੀਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ? ਉਚ ਸਿਖਿਆ ਨਾਲ ਦੇਸ਼ ਦੀ ਮੌਜੂਦਾ ਤੇ ਭਾਵੀ ਪੀੜ੍ਹੀਆਂ ਦੇ ਨਾਲ-ਨਾਲ ਪੂਰਾ ਇਤਿਹਾਸ ਪ੍ਰਭਾਵਿਤ ਹੁੰਦਾ ਹੈ। ਉਸ ਨੂੰ ਵਿਦੇਸ਼ੀ ਕੰਪਨੀਆਂ ਦੇ ਮੁਨਾਫੇ ਦਾ ਸਾਧਨ ਕਿਉਂ ਬਣਾਇਆ ਜਾ ਰਿਹੈ? ਉਚ ਸਿਖਿਆ ਨੂੰ ਵਿਦੇਸ਼ੀ ਪੂੰਜੀ ਦੇ ਹਵਾਲੇ ਕਰਨ ਦੇ ਪੱਖ 'ਚ ਤਰਕ ਘੜਣ ਵਾਲੇ ਕੰਪਨੀਆਂ ਦੇ ਇਹ ਪੈਰੋਕਾਰ ਅਸਲ 'ਚ ਕੋਈ ਪਾਏਦਾਰ ਗੱਲ ਨਹੀਂ ਕਰ ਰਹੇ ਹਨ। ਦੇਸ਼ ਦੀ ਹਾਕਮ ਜਮਾਤ ਵਪਾਰ ਤੋਂ ਲੈ ਕੇ ਵਿਦੇਸ਼ ਨੀਤੀ ਤੇ ਰਖਿਆ ਵਰਗੇ ਮਹੱਤਵਪੂਰਨ ਮਾਮਲਿਆਂ 'ਚ ਅਮਰੀਕੀ ਅਗਵਾਈ ਦੀਆਂ ਸਾਮਰਾਜੀ ਨੀਤੀਆਂ ਨੂੰ ਮੰਨ ਕੇ ਦਲਾਲ ਦੀ ਭੂਮਿਕਾ ਅਪਣਾ ਚੁੱਕੀ ਹੈ। ਉਚ ਸਿਖਿਆ ਦੇ ਖੇਤਰ ਵਿਚ ਵਿਦੇਸ਼ੀ ਕੰਪਨੀਆਂ ਨੂੰ ਖੁਲ੍ਹੀ ਛੋਟ ਤੇ ਨਿਜੀਕਰਣ ਦੀ ਤਿਆਰੀ ਵੀ ਇਸ ਦਾ ਅਟੁੱਟ ਹਿੱਸਾ ਹੈ।

ਭਾਰਤੀ ਉਚ ਸਿਖਿਆ ਦਾ ਮੌਜੂਦਾ ਢਾਂਚਾ ਜੋ ਪਹਿਲਾਂ ਤੋਂ ਹੀ ਕੰਮਜੋਰ ਸੀ ਸਰਕਾਰ ਦੀ ਨੀਅਤ ਬਦਲਣ ਪਿਛੋਂ ਪੂਰੀ ਤਰ੍ਹਾਂ ਉਹਨਾਂ ਦੀ ਲੋੜ ਨਾਲ ਬੇਮੇਲ ਹੋ ਚੁੱਕਿਆ ਹੈ। ਉਚ ਸਿਖਿਆ ਦੇ ਖੇਤਰ 'ਚ ਵਿਦੇਸ਼ੀ ਕੰਪਨੀਆਂ ਨੂੰ ਖੁੱਲ੍ਹੀ ਛੋਟ ਤੇ ਨਿਜੀਕਰਣ ਦੀ ਤਿਆਰੀ ਵੀ ਉਸ ਦਾ ਲਾਜ਼ਮੀ ਹਿੱਸਾ ਹੈ। ਭਾਰਤ ਸਿਖਿਆ ਦਾ ਮੌਜੂਦਾ ਢਾਂਚਾ ਜੋ ਕਿਉਂਕਿ ਇਸ ਤੇਜੀ ਦੇ ਨਾਲ 90 ਤੋਂ ਪਿਛੋਂ ਦੇਸ਼ 'ਚ ਬਹੁਕੌਮੀ ਕੰਪਨੀਆਂ ਦਾ ਜਾਲ ਵਿਛਾਇਆ ਗਿਆ ਹੈ, ਉਸ ਦੇ ਅਨੁਕੂਲ ਸਲੇਬਸ, ਸਿਖਲਾਈ, ਤਕਨੀਕ ਤੇ ਸਿਖਿਆ ਸੰਸਥਾਵਾਂ ਦੀ ਦਰਾਮਦ ਲਾਜ਼ਮੀ ਹੈ। ਨਵੇਂ ਅਰਥਚਾਰੇ 'ਚ ਰੁਜ਼ਗਾਰ ਹਾਸਲ ਕਰਨ ਲਈ ਇਸ ਤਰ੍ਹਾਂ ਦੀ ਸਿਖਿਆ ਤੇ ਸਿਖਲਾਈ ਦੀ ਲੋੜ ਹੈ। ਉਸ ਦੀਆਂ ਇਕੋ-ਇਕ ਵਿਕ੍ਰੇਤਾ ਇਹ ਕੰਪਨੀਆਂ ਹੋਣਗੀਆਂ।

ਮੱਧ ਵਰਗ ਦਾ ਵੱਡਾ ਹਿੱਸਾ ਜੋ ਅਜੇ ਤਕ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ 'ਚ ਸਸਤੀ ਵਿਦਿਆ ਹਾਸਲ ਕਰਦਾ ਸੀ, ਹੁਣ ਜਾਂ ਤਾਂ ਕਰਜਾ ਲੈ ਕੇ, ਜਾਇਦਾਦ ਵੇਚ ਕੇ ਸਿਖਿਆ ਹਾਸਲ ਕਰਨ ਲਈ ਮਜ਼ਬੂਰ ਹੋਵੇਗਾ ਜਾਂ ਫਿਰ ਉਚ ਸਿਖਿਆ ਸਬੰਧੀ ਪਹਿਲਾਂ ਤੋਂ ਹੀ ਹਾਸ਼ੀਆ ਤੇ ਧੱਕ ਦਿੱਤੇ ਗਏ ਗਰੀਬ ਲੋਕਾਂ ਦੀ ਜਮਾਤ 'ਚ ਸ਼ਾਮਲ ਹੋ ਜਾਵੇਗਾ। ਇਸ ਦੀ ਸ਼ੁਰੂਆਤ ਹੋ ਚੁੱਕੀ ਹੈ। ਉਚ ਸਿਖਿਆ ਦਾ ਖਪਤਕਾਰ ਮੱਧ ਵਰਗ ਹੀ ਹੈ ਜੋ ਪੜ੍ਹਨ ਦੀ ਬਜਾਏ ਆਪਣਾ ਜੁਗਾੜ ਫਿਟ ਕਰਨ 'ਚ ਹੀ ਯਕੀਨ ਕਰਦਾ ਹੈ। ਸ਼ਾਇਦ ਇਸ ਲਈ ਉਚ ਸਿਖਿਆ ਦੇ ਨਿਵੇਸ਼ੀ ਕਰਨ ਦੇ ਖਿਲਾਫ ਕੋਈ ਵਿਰੋਧ ਦੀ ਅਵਾਜ਼ ਨਹੀਂ ਉਠ ਰਹੀ ਹੈ। ਪਰ ਇਹ ਕੰਪਨੀਆਂ

ਸਿਖਿਆ ਦਾ ਪ੍ਰਸ਼ਾਦ ਵੰਡਣ ਨਹੀਂ ਆ ਰਹੀਆਂ ਹਨ। 'ਆਪਣਾ ਕਲਿਆਣ ਹੀ ਦੁਨੀਆਂ ਦਾ ਕਲਿਆਣ ਹੈ।' ਅਤੇ 'ਗਿਆਨ ਨੂੰ ਨਿਜੀ ਸੰਮਤੀ ਮੰਨ ਕੇ ਜਿਵੇਂ-ਜਿਵੇਂ ਉਸ ਨੂੰ ਹਾਸਲ ਕਰ ਲੈਣ' ਦੀ ਤੰਗ ਨਜ਼ਰੀ ਛੱਡ ਕੇ ਪੂਰੇ ਦੇਸ਼ ਤੇ ਸਮਾਜ ਦੇ ਭਵਿੱਖ ਦੀ ਚਿੰਤਾ ਕਰਨ ਵਾਲੇ ਹੀ ਇਸ ਹਾਲਤ ਨੂੰ ਬਦਲਣ ਦੀ ਦਿਸ਼ਾ ਵਿਚ ਕੋਈ ਪਹਿਲ ਕਰ ਸਕਦੇ ਹਨ।

# ਸਿਖਿਆ ਦਾ ਬਾਜ਼ਾਰੀਕਰਨ ਕਿਵੇਂ?

ਬਾਜ਼ਾਰੀ ਦੀ ਆਰਥਕ ਨੀਤੀ ਨੂੰ ਅਪਣਾਉਣ ਪਿਛੋਂ ਨਿਜੀ ਸਿਖਿਆ ਸੰਸਥਾਵਾਂ ਜਾਂ ਕਹੋ ਕਿ ਸਿਖਿਆ ਦੀਆਂ ਦੁਕਾਨਾਂ ਦਾ ਤੇਜ਼ੀ ਨਾਲ ਪਸਾਰਾ ਹੋਇਆ ਹੈ। ਸਕੂਲ ਪੱਧਰ 'ਤੇ ਵਧਦਾ-ਫੁਲਦਾ ਸਿਖਿਆ ਦਾ ਕਾਰੋਬਾਰ ਹੁਣ ਨਿਜੀ ਯੂਨੀਵਰਸਿਟੀਆਂ ਤਕ ਫੈਲ ਚੁੱਕਿਆ ਹੈ। ਸਿਖਿਆ ਜੋ ਸੰਪੂਰਨ ਸਮਾਜ ਦੇ ਵਿਕਾਸ ਤੇ ਤਬਦੀਲੀ ਦਾ ਮਾਧਿਅਮ ਹੈ। ਹੁਣ ਸ਼ੁੱਧ ਤੌਰ 'ਤੇ ਇਕ ਵਿਕਾਊ ਮਾਲ ਬਣ ਕੇ ਰਹਿ ਗਈ ਹੈ। ਸੰਵਿਧਾਨ ਰਾਹੀਂ 14 ਸਾਲਾਂ ਤਕ ਦੇ ਬੱਚਿਆਂ ਨੂੰ ਸਿਖਿਆ ਦੇਣ ਦਾ ਫ਼ਰਜ਼ ਰਾਜ ਸਰਕਾਰ ਨੂੰ ਦਿਤਾ ਗਿਆ ਹੈ। ਸੁਪਰੀਮ ਕੋਰਟ ਨੇ ਆਪਣੇ ਇਕ ਫੈਸਲੇ 'ਚ ਮੰਨਿਆ ਕਿ ਸਿਖਿਆ ਜੀਵਨ ਦੇ ਅਧਿਕਾਰ ਦਾ ਹੀ ਇਕ ਹਿਸਾ ਹੈ। ਸਰਕਾਰ ਨੇ ਜੀਵਨ ਦੇ ਅਧਿਕਾਰ ਦੀ ਇਸ ਵਿਸਥਾਰਿਤ ਵਿਆਖਿਆ ਨੂੰ ਸੀਮਤ ਕਰਨ ਲਈ 83ਵੀਂ ਸੰਵਿਧਾਨਕ ਸੋਧ ਕੀਤੀ ਤੇ ਸਿਖਿਆ ਨੂੰ ਸਿਰਫ 6 ਤੋਂ 14 ਸਾਲਾਂ ਤਕ ਦੇ ਬੱਚਿਆਂ ਦਾ ਹੀ ਮੌਲਿਕ ਅਧਿਕਾਰ ਮੰਨਿਆਂ। ਯਾਨੀ 6 ਸਾਲ ਤਕ ਦੇ ਬੱਚਿਆਂ ਦੀ ਸਿਖਿਆ ਦੀ ਜੁੰਮੇਵਾਰੀ ਪ੍ਰੀਵਾਰ ਤੇ ਸਮਾਜ ਉਪਰ ਠੋਸ ਦਿਤੀ ਗਈ। ਸਿਖਿਆ ਪ੍ਰਣਾਲੀ 'ਚ ਬਦਲਾਅ ਲਿਆ ਕੇ ਸਰਕਾਰ ਨੇ ਸਿਖਿਆ ਨੂੰ ਆਮ ਆਦਮੀ ਦੀ ਪਹੁੰਚ ਤੋਂ ਦੂਰ ਕਰ ਦਿੱਤਾ ਹੈ। ਅੱਜ ਸਿਖਿਆ ਇਕ ਖਰੀਦਣ ਯੋਗ ਜਿਣਸ ਤੇ ਸ਼ਰਮਾਏਦਾਰਾਂ ਦੀ ਜਾਇਦਾਦ ਨੂੰ ਵਧਾਉਣ ਦਾ ਇਕ ਸਾਧਨ ਬਣ ਚੁੱਕੀ ਹੈ। ਜਿਸ ਦੀ ਜੇਬ 'ਚ ਪੈਸਾ ਹੋਵੇਗਾ ਉਸ ਪੱਧਰ ਦੀ ਸਿਖਿਆ ਨੂੰ ਉਸ ਕੋਲ ਵੇਚਿਆ ਜਾਵੇਗਾ। ਲੁੱਟ-ਘਸੁੱਟ ਅਧਾਰਤ ਮੌਜੂਦਾ ਸਿਖਿਆ ਪ੍ਰਣਾਲੀ ਤਿੰਨ ਤਰ੍ਹਾਂ ਨਾਲ ਸਮਾਜ ਦੀ ਲੁਟ ਕਰਦੀ ਹੈ। ਪਹਿਲਾਂ ਮਾਪਿਆਂ ਤੇ ਵਿਦਿਆਰਥੀਆਂ ਦੀ, ਦੂਜਾ ਅਧਿਆਪਕਾਂ ਤੇ ਕਰਮਚਾਰੀਆਂ ਦੀ, ਤੀਜਾ ਸਮੁੱਚੇ ਸਮਾਜ ਦੀ। ਨਿਜੀ ਸਕੂਲ ਕਾਲਜ ਆਪਣੀ ਚਮਕ-ਦਮਕ ਦੇ ਮਾਧਿਅਮ ਰਾਹੀਂ ਇਕ ਅਜੇਹਾ ਮਾਹੌਲ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਜਿਵੇਂ ਉਹ ਹੀ ਬੇਹਤਰ ਸਿਖਿਆ ਦੇ ਸਕਦੇ ਹਨ। ਅੰਗਰੇਜੀ ਹੀ ਸਿਖਿਆ ਦਾ ਇਕੋ-ਇਕ ਮਾਧਿਅਮ ਹੋ ਸਕਦੀ ਹੈ। ਪ੍ਰੋਫੈਸ਼ਨਲ ਸਿਖਿਆ ਦੇ ਜ਼ਰੀਏ ਉਹ ਹੀ ਵਿਦਿਆਰਥੀ ਨੂੰ ਹੁਸ਼ਿਆਰ ਬਣਾ ਸਕਦੇ ਹਨ। ਮਾਪਿਆਂ ਨੂੰ ਆਪਣੇ ਚੁੰਗਲ 'ਚ ਫਸਾਉਣ ਲਈ ਉਹ ਪ੍ਰਚਾਰ-ਪਸਾਰ ਦੇ ਸਭ ਤਰੀਕੇ ਅਪਣਾਉਂਦੇ ਹਨ। ਮਾਪਿਆਂ ਦੀ ਮਾਲੀ ਹਾਲਤ ਦੇ ਹਿਸਾਬ ਨਾਲ ਵੱਖ-ਵੱਖ ਪੱਧਰ ਦੇ ਸਕੂਲਾਂ-ਕਾਲਜਾਂ ਵਿਚ ਹਰ ਤਰ੍ਹਾਂ ਦੇ ਮਾਲ ਵਿਕ ਰਹੇ ਹਨ। ਗਲ਼ੀਆਂ-ਨੁੱਕੜਾਂ 'ਚ ਖੁਲ੍ਹੇ ਗੈਰ ਮਾਨਤਾ ਪ੍ਰਾਪਤ ਸਕੂਲਾਂ ਤੋਂ ਲੈ ਕੇ ਪੰਜ ਸਿਤਾਰਾ ਵਾਤਾਨੁਕੂਲਿਤ ਸਕੂਲ ਤਕ ਸਭ ਦਾ ਆਪਣਾ-ਆਪਣਾ ਬਾਜ਼ਾਰ ਹੈ।

ਅੱਜ ਮਾਪੇ ਚਾਹੇ ਉਹ ਸਰਕਾਰੀ ਸਕੂਲਾਂ 'ਚ ਆਪਣੇ ਬੱਚੇ ਭੇਜਦੇ ਹੋਣੇ ਜਾਂ ਪਬਲਿਕ ਸਕੂਲਾਂ ਵਿਚ। ਹਰ ਮਾਂ-ਬਾਪ ਆਪਣੀ ਔਕਾਤ ਅਨੁਸਾਰ ਆਪਣੇ ਬੱਚਿਆਂ ਦੀ ਪੜ੍ਹਾਈ 'ਤੇ ਖਰਚ ਕਰਦਾ ਹੈ। ਸੁਆਲ ਇਹ ਉਠਦਾ ਹੈ ਕਿ ਏਨਾ ਖਰਚ ਕਰਨ 'ਤੇ ਵੀ ਕੀ ਉਸ ਨੂੰ ਬੇਹਤਰ ਸਿਖਿਆ ਮਿਲ ਜਾਂਦੀ ਹੈ? ਜੇ ਅਮੀਰ ਵਰਗ ਦੇ ਬੱਚਿਆਂ ਨੂੰ ਉਚ ਕੋਟੀ ਦੀ ਸਿਖਿਆ ਦੇਣ ਲਈ ਖੋਲ੍ਹੇ ਪੰਜ ਸਿਤਾਰਾ ਸਕੂਲਾਂ ਨੂੰ ਛੱਡ ਦੇਈਏ

ਤਾਂ ਮੱਧ-ਵਰਗ ਤੇ ਨਿਮਨ-ਮੱਧਵਰਗ ਦੇ ਵਿਦਿਆਰਥੀਆਂ ਨੂੰ ਸਿਖਿਆ ਦੇ ਨਾਂ ’ਤੇ ਸਿਰਫ ਸੋਸ਼ੇਬਾਜ਼ੀ ਹੀ ਮਿਲਦੀ ਹੈ ਕਿਉਂਕਿ ਇਹਨਾਂ ਸਕੂਲਾਂ ’ਚ ਸਿਖਿਆ ਦਾ ਮਾਧਿਅਮ ਉਹਨਾਂ ’ਤੇ ਠੋਸੀ ਗਈ ਭਾਸ਼ਾ ਅੰਗਰੇਜੀ ਹੁੰਦਾ ਹੈ। ਇਸ ਲਈ ਵਿਦਿਆਰਥੀਆਂ ’ਤੇ ਰੱਟਾ ਲਾਉਣ ਦਾ ਬੇਲੋੜਾ ਦਬਾਅ ਬਣਿਆਂ ਰਹਿੰਦਾ ਹੈ। ਸਿਖਿਆ ਰਾਹੀਂ ਵਿਦਿਆਰਥੀਆਂ ਦੀ ਸੋਚਣ-ਸਮਝਣ ਦੀ ਸਮਰਥਾ ਵਧਾਉਣ ਦੀ ਬਜਾਏ ਇਹਨਾਂ ਸਕੂਲਾਂ ’ਚ ਸਿਰਫ ਉਹਨਾਂ ਦੀ ਰੱਟਾ ਮਾਰਨ ਦੀ ਸਮਰਥਾ ਹੀ ਵਧਾਈ ਜਾਂਦੀ ਹੈ। ਭਾਵ ਬਿਨ੍ਹਾਂ ਸਮਝੇ ਉਹਨਾਂ ਗੱਲਾਂ ਨੂੰ ਰਟਣਾ ਜਿਹਨਾਂ ਦੀ ਜ਼ਿੰਦਗੀ ’ਚ ਕੋਈ ਅਸਲੀਅਤ ਨਾਲ ਲੈਣਾ-ਦੇਣਾ ਨਹੀਂ ਹੁੰਦਾ। ਇਹ ਸਕੂਲ ਸੀ.ਬੀ.ਐਸ.ਈ, ਐਨ.ਸੀ.ਆਰ.ਟੀ ਦੇ ਸਲੇਬਸ ਪੜ੍ਹਾਉਣ ਦਾ ਵਧਾ ਚੜ੍ਹਾ ਕੇ ਦਾਅਵਾ ਕਰਦੇ ਹਨ ਪਰ ਸਲੇਬਸ ਇਕੋ ਜਿਹਾ ਹੁੰਦੇ ਹੋਏ ਵੀ ਵੱਖ-ਵੱਖ ਵਰਗ ਦੇ ਵਿਦਿਆਰਥੀਆਂ ਨੂੰ ਅਲੱਗ-ਅਲੱਗ ਮਾਲ ਵਿਕਦਾ ਹੈ। ਜੋ ਵਿਦਿਆਰਥੀ ਸਿਖਿਆ ਦੀਆਂ ਇਹਨਾਂ ਨਿਜੀ ਦੁਕਾਨਾਂ ’ਤੇ ਨਹੀਂ ਪਹੁੰਚ ਸਕਦੇ ਉਹਨਾਂ ਲਈ ਵੀ ਇਸ ਵਿਵਸਥਾ ’ਚ ਥਾਂ ਦਿਤੀ ਗਈ ਹੈ। ਸਰਕਾਰ ਨੇ ਉਹਨਾਂ ਲਈ ਜੋ ਸਕੂਲ ਖੋਹਲੇ ਹਨ, ਉਹਨਾਂ ’ਚ ਖਿਚੜੀ ਚੌਲ ਦੇ ਨਾਲ ਵਿਦਿਆਰਥੀਆਂ ਨੂੰ ਸਿਰਫ ਘਟੀਆ ਦਰਜੇ ਦੀ ਸਾਖ਼ਰਤਾ ਨਹੀਂ ਮਿਲਦੀ ਹੈ। ਯਾਨੀ ਉਚ ਵਰਗ ਲਈ ਖੋਹਲੇ ਗਏ ਵਿਸ਼ਵ ਪੱਧਰੀ ਸਕੂਲਾਂ ਨੂੰ ਛੱਡ ਦੇਈਏ ਤਾਂ ਮੌਜੂਦਾ ਸਿਖਿਆ ਪ੍ਰਣਾਲੀ ’ਚ ਜ਼ਿਆਦਾਤਰ ਆਮ ਘਰਾਂ ਦੀਆਂ ਔਲਾਦਾਂ ਨੂੰ ਸਿਖਿਆ ਦਾ ਘਟੀਆ ਮਾਲ ਹੀ ਵਿਕ ਰਿਹਾ ਹੈ। ਚਕਾਚੌਂਧ ਤੇ ਭੜਕੀਲੇ ਪ੍ਰਚਾਰ ਪਸਾਰ ਕਰਕੇ ਸਕੂਲਾਂ ਦੇ ਮਾਲਕ ਮਾਪਿਆਂ ਨੂੰ ਸਿਰਫ ਝੂਠ ਫਰੇਬ ਹੀ ਵਿਖਾਉਂਦੇ ਹਨ। ਸਿਖਿਆ ਦੇ ਵਿਆਪਕ ਉਦੇਸ਼ਾਂ ਨੂੰ ਹਾਸ਼ਲ ਕਰਨ ਦੀ ਥਾਂ ’ਤੇ ਵਿਦਿਆਰਥੀਆਂ ਨੂੰ ਰਟਨ ਵਿਦਿਆ ਪ੍ਰਦਾਨ ਕਰਕੇ ਇਹ ਸੰਸਥਾਵਾਂ ਉਹਨਾਂ ਦੀ ਮਾਨਸਕ ਲੁੱਟ ਤੇ ਉਹਨਾਂ ਦੇ ਮਾਪਿਆਂ ਦਾ ਆਰਥਕ ਸੋਸ਼ਣ ਕਰਦੀਆਂ ਹਨ।

ਨਿਜੀ ਸਿਖਿਆ ਸੰਸਥਾਵਾਂ ਵਿਚ ਸਿਖਿਆ ਦੇ ਸੋਸ਼ਣ ਦੀ ਕੋਈ ਸੀਮਾ ਨਹੀਂ। ਅਧਿਆਪਕ ਨੂੰ ਕੌਡੀਆਂ ਦੇ ਭਾਅ ਨਿਯੁਕਤ ਕੀਤਾ ਜਾਂਦਾ ਹੈ। ਸੋਚੋ ਜੋ ਅਧਿਆਪਕਾਂ ਆਪਣੀ ਤਨਖਾਹ ’ਚੋਂ ਆਪਣੀਆਂ ਲੋੜੀਂਦੀਆਂ ਲੋੜਾਂ ਪੂਰੀ ਨਹੀਂ ਕਰ ਸਕਦਾ ਉਹ ਭਲਾ ਦੂਜੇ ਨੂੰ ਕਿਸ ਪ੍ਰਕਾਰ ਦੀ ਸਿਖਿਆ ਦੇਵੇਗਾ। ਮਾਨਸਕ ਤਣਾਅ ਨਾਲ ਗ੍ਰਸਿਤ ਅਧਿਆਪਕ ਮਾਨਸਕ ਤੌਰ ’ਤੇ ਬੀਮਾਰ ਵਿਦਿਆਰਥੀ ਹੀ ਤਿਆਰ ਕਰ ਸਕਦਾ ਹੈ। ਸਿਖਿਆ ਦੀ ਲੁੱਟ-ਘਸੁੱਟ ਕਰਨ ’ਚ ਸਰਕਾਰੀ ਖੇਤਰ ਵੀ ਨਿਜੀ ਖੇਤਰ ਤੋਂ ਪਿਛੇ ਨਹੀਂ ਹਨ। ਹਰ ਰਾਜ ’ਚ ਸਿਖਿਅਕਾਂ ਦੇ ਹਜ਼ਾਰਾਂ ਅਹੁਦੇ ਖਾਲੀ ਪਏ ਹਨ। ਉਹਨਾਂ ਉਪਰ ਸਥਾਈ ਨਿਯੁਕਤੀ ਕਰਨ ਦੀ ਬਜਾਏ ਅਸਥਾਈ ਅਧਿਆਪਕਾਂ, ਠੇਕਾ ਅਧਿਆਪਕਾਂ ਤੇ ਟਿਊਟਰਾਂ ਦੀ ਨਿਯੁਕਤੀ ਕੀਤੀ ਜਾਂਦੀ ਹੈ। ਇਹਨਾਂ ਅਧਿਆਪਕਾਂ ਨੂੰ ਪੱਕੇ ਅਧਿਆਪਕਾਂ ਦੀ ਤਨਖਾਹ ਦੇ ਚੌਥੇ ਹਿਸੇ ਦੇ ਬਰਾਬਰ ਵੀ ਤਨਖਾਹ ਨਹੀਂ ਮਿਲਦੀ ਜਦਕਿ ਰੈਗੂਲਰ ਤੇ ਸਥਾਈ ਅਧਿਆਪਕਾਂ ਦੇ ਪੂਰੇ ਕੰਮ ਦੀ ਜਿੰਮੇਵਾਰੀ ਠੇਕਾ ਅਧਿਆਪਕਾਂ ਤੇ ਅਸਥਾਈ ਅਧਿਆਪਕਾਂ ਉਪਰ ਲੱਦ ਦਿਤੀ ਜਾਂਦੀ ਹੈ। ਇਹ ਵਿਵਸਥਾ ਸਿਰਫ ਅਸਥਾਈ ਅਧਿਆਪਕਾਂ ਦੀ ਲੁੱਟ ਨਹੀਂ ਕਰਦੀ ਬਲਕਿ ਨਿਜੀ ਸਿਖਿਆ ਸੰਸਥਾਵਾਂ ਦੇ ਅਧਿਆਪਕ ਵਰਗ ਦੀ ਲੁੱਟ ਕਰਨ ਲਈ ਸਰਕਾਰੀ ਹੱਲਾਸ਼ੇਰੀ ਵੀ ਹੈ। ਪਬਲਿਕ ਸਕੂਲ ਜਾਂ ਨਿਜੀ ਸਕੂਲ ਦੇ ਅਧਿਆਪਕਾਂ ਦੀਆਂ ਨਿਗਾਹਾਂ ਹਮੇਸ਼ਾ

ਇਸ ਗੱਲ 'ਤੇ ਟਿਕੀਆਂ ਰਹਿੰਦੀਆਂ ਹਨ ਕਿ ਉਹ ਕਿਸ ਤਰ੍ਹਾਂ ਦੇ ਵਿਦਿਆਰਥੀਆਂ ਨੂੰ ਆਪਣੇ ਕੋਚਿੰਗ ਸੈਂਟਰਾਂ ਤਕ ਖਿਚ ਲਿਆਉਣ ਕਿਉਂਕਿ ਉਹਨਾਂ ਦੀ ਰੋਟੀ ਰੋਜ਼ੀ ਟਿਊਸ਼ਨਾਂ ਨਾਲ ਹੋਣ ਵਾਲੀ ਆਮਦਨ 'ਤੇ ਨਿਰਭਰ ਕਰਦੀ ਹੈ। ਅੱਜ ਬਹੁਤ ਸਾਰੇ ਸਕੂਲ ਮਾਲਕ ਅਧਿਆਪਕਾਂ ਨੂੰ ਇਸ ਕੰਮ ਲਈ ਹੱਲਾਸ਼ੇਰੀ ਦਿੰਦੇ ਹਨ ਅਤੇ ਉਹਨਾਂ 'ਚੋਂ ਕੁਝ ਤੋਂ ਕਮਿਸ਼ਨ ਵੀ ਲੈਂਦੇ ਹਨ। ਜ਼ਾਹਿਰ ਹੈ ਕਿ ਅਧਿਆਪਕ ਚਾਹੇ ਨਿਜੀ ਸਿਖਿਆ ਸੰਸਥਾਵਾਂ 'ਚ ਕੰਮ ਕਰਦਾ ਹੋਵੇ ਜਾਂ ਸਰਕਾਰੀ ਸਕੂਲਾਂ 'ਚ ਅਸਥਾਈ ਤੌਰ 'ਤੇ ਨਿਯੁਕਤ ਹੋਵੇ। ਅੱਜ ਬਹੁਤੇ ਅਧਿਆਪਕਾਂ ਦੀ ਘੱਟ ਤਨਖਾਹ, ਨੌਕਰੀ ਤੋਂ ਕੱਢਣ ਦਾ ਡਰ ਸਮਾਜਕ ਅਸੁਰਖਿਆ ਤੇ ਸਮਾਜ 'ਚ ਤਰਸਯੋਗ ਤੇ ਅਪਮਾਨਜਨਕ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁੱਠੀ ਭਰ ਸਥਾਈ ਸਰਕਾਰੀ ਅਧਿਆਪਕਾਂ ਤੇ ਖੁਸ਼ਹਾਲ ਵਰਗ ਦੇ ਪਬਲਿਕ ਸਕੂਲਾਂ ਨੂੰ ਛੱਡ ਦੇਈਏ ਤਾਂ ਹਰ ਥਾਂ ਅਧਿਆਪਕਾਂ 'ਚ ਬੇਚੈਨੀ ਤੇ ਰੋਹ ਹੈ। ਮੌਜੂਦਾ ਸਿਖਿਆ ਪ੍ਰਣਾਲੀ ਸਮਾਜ ਨੂੰ ਰਸਾਤਲ ਵੱਲ ਲੈ ਜਾ ਰਹੀ ਹੈ। ਮਾਨਸਿਕ ਤਣਾਅ ਗ੍ਰਸਤ ਤੇ ਅਸੰਤੁਸ਼ਟ ਅਧਿਆਪਕ ਤੇ ਅਰਧ ਸਿਖਿਅਕ, ਸਿਖਿਆਰਥੀ ਭਲਾ ਕਿਵੇਂ ਸਮਾਜ ਦਾ ਨਿਰਮਾਣ ਕਰ ਸਕਦੇ ਹਨ? ਨਿਜੀ ਸਕੂਲ ਸਰਕਾਰ ਤੋਂ ਸਸਤੇ ਭਾਅ ਜ਼ਮੀਨ ਲੈ ਲੈਂਦੇ ਹਨ, ਪਰ ਕਰਦੇ ਮੁਨਾਫ਼ਾਖੋਰੀ ਹਨ ਅਤੇ ਆਪਣੀ ਦੌਲਤ ਦੁੱਗਣੀ-ਚੌਗਣੀ ਕਰਦੇ ਹਨ। ਦਿਖਾਵੇ ਲਈ ਸਾਡੀ ਸਰਕਾਰ ਸਰਵ ਸਿਖਿਆ ਅਭਿਆਨ ਦਾ ਢੋਲ ਵਜਾਉਂਦੀ ਹੈ ਪਰ ਨੌਕਰਸ਼ਾਹਾਂ ਤੇ ਨੇਤਾਵਾਂ ਦਾ ਭਲਾ ਨਿਜੀ ਸਕੂਲਾਂ ਦੇ ਪ੍ਰਸਾਰ 'ਚ ਹੀ ਹੈ। ਅੱਜ ਪੂਰੇ ਸਮਾਜ ਨੂੰ ਇਹਨਾਂ ਸਿਖਿਆ ਦੁਕਾਨਾਂ ਦੀ ਮਨਮਾਨੀ ਤੇ ਦੁਰਦਸ਼ਾ ਵਿਰੁੱਧ ਸੰਘਰਸ਼ ਕਰਨਾ ਪੈਣਾ ਹੈ। ਲੁੱਟ ਅਧਾਰਿਤ ਇਸ ਸਿਖਿਆ ਦੀ ਥਾਂ ਬਰਾਬਰ ਦੀ ਸਿਖਿਆ (ਜਿਥੇ ਵਿਦਿਆਰਥੀ ਦਾ ਵਿਕਾਸ ਹੀ ਮਕਸਦ ਹੋਵੇ) ਸਥਾਪਤ ਕਰਨੀ ਜ਼ਰੂਰੀ ਹੈ। ਸਮਾਜ ਦਾ ਵਿਕਾਸ ਨਾ ਕਿ ਮੁੱਠੀ ਭਰ ਮੁਨਾਫ਼ਾ ਖੋਰਾਂ ਦਾ ਫਾਇਦਾ।

# ਲੋਕਾਂ ਦਾ ਸਾਹਿਤ ਕਿਸ ਨੂੰ ਕਹਿੰਦੇ ਹਨ?

ਜ਼ਿੰਦਗੀ ਦੌਰਾਨ ਜੋ ਤਜ਼ਰਬੇ ਹਾਸਲ ਹੁੰਦੇ ਹਨ, ਉਹਨਾਂ ਤੋਂ ਸ਼ਬਕ ਸਿੱਖਣ ਨੂੰ ਸਾਡੇ ਇੱਥੇ ਸੈਂਕੜੇ ਵਾਰੀ ਪੜ੍ਹਾਇਆ ਜਾਂਦਾ ਹੈ। ਹੁਸ਼ਿਆਰ ਤੇ ਬੇਵਕੂਫ 'ਚ ਫਰਕ ਦਸਦਿਆਂ ਇਕ ਬਹੁਤ ਵੱਡੇ ਵਿਚਾਰਕ ਨੇ ਇਹ ਕਿਹਾ, "ਗਲਤੀਆਂ ਸਾਰੇ ਕਰਦੇ ਹਨ, ਪਰ ਹੁਸ਼ਿਆਰ ਉਹ ਹੈ ਜੋ ਘਟੋ ਤੋਂ ਘੱਟ ਗਲਤੀਆਂ ਕਰੇ ਅਤੇ ਗਲਤੀ ਕਿਥੇ ਹੋਈ ਇਹ ਜਾਣ ਲਵੇ ਅਤੇ ਇਹ ਸਾਵਧਾਨੀ ਵਰਤੇ ਕਿ ਕਿਤੇ ਅਜਿਹੀ ਗਲਤੀ ਦੁਬਾਰਾ ਤਾਂ ਨਹੀਂ ਹੋ ਰਹੀ"। ਜੋ ਆਪਣੀਆਂ ਗਲਤੀਆਂ ਨਾਲ ਪੱਖਪਾਤ ਕਰਦਾ ਹੈ ਉਸ ਦਾ ਦਿਮਾਗ ਸਾਫ ਨਹੀਂ ਰਹਿ ਸਕਦਾ।

ਗਲਤੀਆਂ ਪਿਛੇ ਇਕ ਮਨੋਵਿਗਿਆਨ ਹੁੰਦਾ ਹੈ ਜਾਂ ਇਉਂ ਕਹੋ ਕਿ ਗਲਤੀਆਂ ਦਾ ਖੁਦ ਇਕ ਮਨੋਵਿਗਿਆਨ ਹੈ। ਤਜ਼ਰਬੇ ਤੋਂ ਨਸੀਹਤਾਂ ਲੈਂਦਿਆਂ, ਆਪਣੀਆਂ ਗਲਤੀਆਂ ਵਲੋਂ ਮਨੋਵਿਗਿਆਨ ਨੂੰ ਖੁਰਚਨਾ ਪੈਂਦਾ ਹੈ। ਜੋ ਜਿੰਨਾ ਖੁਰਚੇਗਾ ਉਨ੍ਹਾਂ ਹੀ ਹਾਸਲ ਕਰੇਗਾ। ਪਰ ਹਾਸਲ ਕਰਨ ਦੀ ਇਹ ਜੋ ਪ੍ਰੀਕ੍ਰਿਆ ਹੈ ਉਹ ਸਾਨੂੰ ਕੁਝ ਸਿਧਾਂਤਾਂ ਦੇ ਕਿਨਾਰੇ ਤਕ ਲੈ ਜਾਂਦੀ ਹੈ, ਕੁਝ ਸਮੀਕਰਣਾਂ ਨੂੰ ਜਨਮ ਦਿੰਦੀ ਹੈ। ਯਾਨੀ ਤਜ਼ਰਬਿਆਂ ਦੀ ਕੁੱਖ 'ਚੋਂ ਸਿਧਾਂਤਾਂ ਦਾ ਜਨਮ ਹੁੰਦਾ ਹੈ। ਮੈਂ ਆਪਣੇ ਤਜ਼ਰਬੇ 'ਚੋਂ ਕਿਹੜਾ ਸਿੱਟਾ ਕੱਢਾਂ, ਇਹ ਇਕ ਸੁਆਲ ਹੈ ਅਤੇ ਤਜ਼ਰਬਾ ਇਹ ਹੈ। ਇਕ ਉਤਸ਼ਾਹੀ ਸੱਜਣ ਨੂੰ ਜਦ ਕਿਹਾ ਗਿਆ ਕਿ ਫਲਾਂ ਪਾਰਟੀ ਛੁਈਦਾਨ ਗੋਲੀਕਾਂਡ 'ਤੇ ਏਨੀ ਦੇਰ ਨਾਲ ਕਿਉਂ ਬਿਆਨ ਜਾਰੀ ਕਰ ਰਹੀ ਹੈ, ਤਾਂ ਉਸ ਦਾ ਜੁਆਬ ਦਿੰਦਿਆ ਉਹਨਾਂ ਕਿਹਾ ਕਿ ਬਿਆਨ ਮੈਂ ਲਿਖਿਆ ਹੈ (ਉਹ ਉਸ ਪਾਰਟੀ ਦੇ ਹਨ) ਤੇ ਪਾਰਟੀ ਉਸ ਨੂੰ ਪਾਸ ਕਰੇਗੀ। ਤੁਹਾਡਾ ਵੀ ਇਹੀ ਕੰਮ ਸੀ ਕਿ ਤੁਸੀਂ ਉਸ ਬਿਆਨ ਨੂੰ ਜਲਦੀ-ਜਲਦੀ ਲਿਖਦੇ ਤੇ ਪਾਸ ਕਰਵਾ ਲੈਂਦੇ। ਉਸ ਦਾ ਜੁਆਬ ਇਹ ਦਿਤਾ ਗਿਆ ਕਿ ਇਹ ਮੇਰਾ ਕੰਮ ਨਹੀਂ ਹੈ। ਮੇਰੇ ਕੰਮ 'ਚ ਹਿੱਸਾ ਵੰਡਾਉਣ ਲਈ ਕੀ ਉਹ ਲੋਕ ਆਉਂਦੇ ਹਨ? (ਮੇਰੇ ਕੰਮ ਤੋਂ ਭਾਵ 'ਸਾਹਿਤਕ ਕੰਮ' ਤੋਂ ਸੀ)। ਉਹਨਾਂ ਇਸ ਦਾ ਜੁਆਬ ਇਹ ਕਹਿ ਕੇ ਦਿੱਤਾ ਕਿ ਤੁਹਾਡਾ ਨਿਜੀ ਕੰਮ ਹੈ ਤੇ ਉਹ ਸਮੂਹਕ।

ਇਸ ਦਾ ਮਤਲਬ ਇਹ ਹੋਇਆ ਕਿ ਸਾਹਿਤ ਇਕ ਨਿਜੀ ਕੰਮ ਹੈ ਤੇ ਰਾਜਨੀਤੀ ਸਮੂਹਕ ਕੰਮ ਤੇ ਸਮੂਹਕ ਕੰਮ 'ਚ ਨਿਜੀ ਕੰਮ ਦੀ ਕੋਈ ਮਹੱਤਤਾ ਨਹੀਂ। ਪਰ ਕੀ ਇਹ ਸੱਚ ਹੈ? ਕੀ ਕਾਵਿ ਕਰਮ ਸਿਰਫ ਵਿਅਕਤੀਗਤ ਹੈ? ਕੀ ਸਾਹਿਤਕ ਕੰਮ ਦੀ ਮੂਲ ਪ੍ਰੇਰਣਾ ਤੇ ਖੇਤ ਸ਼ੁੱਧ ਨਿਜੀ ਹੈ? ਮਜ਼ੇਦਾਰ ਗੱਲ ਇਹ ਹੈ ਕਿ ਸਾਹਿਤ ਨੂੰ ਸਿਰਫ ਨਿਜੀ ਕੰਮ ਕਹਿ ਕੇ ਨਿਜੀ ਫ਼ਰਜ਼ ਕਹਿ ਕੇ, ਆਪਣੇ ਹੱਥ ਝਾੜ ਕੇ ਸਾਫ ਕਰਨ ਵਾਲੇ ਉਹੀ ਲੋਕ ਹਨ, ਜੋ ਜਨਤਾ ਲਈ ਸਾਹਿਤ ਦਾ ਨਾਹਰਾ ਬੁਲੰਦ ਕਰਦੇ ਹਨ। ਗੋਆ ਉਹਨਾਂ ਨੂੰ ਇਹ ਪਤਾ ਨਹੀਂ ਕਿ ਜਿਹੜੇ ਸ਼ਬਦਾਂ ਨੂੰ ਉਹ ਵਾਰ-ਵਾਰ ਦੁਹਰਾ ਰਹੇ ਹਨ, ਉਹਨਾਂ ਦਾ ਮਤਲਬ ਕੀ ਹੈ। ਇਹ ਛੋਟੀ ਜਿਹੀ ਗੱਲ ਸਾਡੇ ਦੇਸ਼ ਦੇ ਪਿਛੜੇ ਪਣ ਨੂੰ ਹੀ ਸੂਚਿਤ ਕਰਦੀ ਹੈ। 1947 ਪਿਛੋਂ ਵੀ ਸਾਡਾ ਦੇਸ਼ ਆਰਥਕ ਸਿਆਸੀ ਪੱਖੋਂ ਅਰਧ ਬਸਤੀ ਗੁਲਾਮ ਹੈ। ਬਸਤੀਵਾਦੀ ਦੇ ਸਾਡੇ ਬੁੱਧੀਜੀਵੀ ਨਿਸਚੈ

ਹੀ ਉਨ੍ਹਾਂ ਹੀ ਪਿਛੇ ਹੋਏ ਹਨ ਜਿਨਾਂ ਕਿ ਉਹਨਾਂ ਦਾ ਅਰਥਚਾਰਾ। ਯੂਰਪ 'ਚ ਇਕ-ਇਕ ਵਿਚਾਰ ਦੀ ਪ੍ਰਸਥਾਪਨਾ ਲਈ ਵੱਡੀਆਂ-ਵੱਡੀਆਂ ਕੁਰਬਾਨੀਆਂ ਦੇਣੀਆਂ ਪੈਂਦੀਆਂ ਹਨ ਪਰ ਭਾਰਤ ਨੂੰ ਪਕਿਆ-ਪਕਾਇਆ ਮਿਲ ਰਿਹਾ ਹੈ। ਪਰ ਕਿਉਂਕਿ ਉਹਨਾਂ ਪਿਛੇ ਸ਼ਨਅਤ ਨਹੀਂ ਹੈ। ਇਸ ਲਈ ਬਹੁਤ ਸਾਰੇ ਵਿਚਾਰ ਹਜ਼ਮ ਨਹੀਂ ਹੁੰਦੇ। ਅੱਖਾਂ 'ਚ ਉਹਨਾਂ ਦੀ ਲੋਅ ਨਹੀਂ ਜਲ ਸਕਦੀ। ਦਿਮਾਗ 'ਚ ਉਹਨਾਂ ਦਾ ਚਾਨਣ ਨਹੀਂ ਫੈਲ ਜਾਂਦਾ। ਇਸ ਲਈ ਵਿਚਾਰਾਂ 'ਚ ਚਕਨਾਪਨ ਰਹਿੰਦਾ ਹੈ ਅਤੇ ਕੰਮ ਵਿਚਾਰਾਂ ਦਾ ਅਨੁਸਰਣ ਨਹੀਂ ਕਰ ਸਕਦੇ। ਇਹ ਗੱਲ ਹਿੰਦੁਸਤਾਨ ਦੇ ਕਾਰਜ ਵਿਚਾਰਾਂ ਦੇ ਬਸਤੀਵਾਦੀ ਰੂਪ 'ਤੇ ਹੀ ਸਾਡੀ ਨਜ਼ਰ ਲੈ ਜਾਂਦੀ ਹੈ। ਇਸ ਲਈ ਵਿਚਾਰਾਂ ਵਿਚ ਬਚਕਾਨਾਪਣ ਰਹਿੰਦਾ ਹੈ। ਹੁਣ ਆਪਾਂ ਮੂਲ ਪ੍ਰਸ਼ਨ 'ਤੇ ਆਈਏ। ਕੀ ਸਾਹਿਤ ਦਾ ਕੰਮ ਸਿਰਫ ਵਿਅਕਤੀਗਤ ਕੰਮ ਹੈ। ਸਿਰਫ ਨਿਜੀ ਜੁਆਬਦੇਹੀ ਹੈ?

**ਇਸ ਦਾ ਜੁਆਬ ਹੇਠ ਲਿਖੇ ਅਨੁਸਾਰ:-**

1) ਸਾਹਿਤ ਦਾ ਸਬੰਧ ਤੁਹਾਡੀ ਸਥਿਤੀ ਨਾਲ ਹੈ, ਆਪ ਦੀ ਭੁੱਖ-ਪਿਆਸ ਨਾਲ ਹੈ। ਮਾਨਸਿਕ ਤੇ ਸਮਾਜਕ। ਕਿਸੇ ਵੀ ਪ੍ਰਕਾਰ ਦਾ ਵੀ ਆਦਰਸ਼ਾਤਮਕ ਲੋਕਾਂ ਨਾਲ ਸਰੋਕਾਰ ਰਖਦਾ ਹੈ।

2) 'ਜਨਤਾ ਦਾ ਸਾਹਿਤ' ਦਾ ਅਰਥ ਲੋਕਾਂ ਨੂੰ ਤੁਰੰਤ ਹੀ ਸਮਝ 'ਚ ਆਉਣ ਵਾਲੇ ਸਾਹਿਤ ਨਾਲ ਹਰਗਿਜ਼ ਨਹੀਂ ਹੈ। ਜੇ ਅਜਿਹਾ ਹੁੰਦਾ ਤਾਂ ਕਿੱਸਾ ਤੋਤਾ-ਮੈਨਾ ਤੇ ਨੌਟੰਕੀ ਹੀ ਸਾਹਿਤ ਦੇ ਪ੍ਰਧਾਨ ਰੂਪ ਹੁੰਦੇ। ਸਾਹਿਤ ਅੰਦਰ ਸਭਿਆਚਾਰਕ ਭਾਵ ਹੁੰਦੇ ਹਨ। ਸਭਿਆਚਾਰਕ ਭਾਵਾਂ ਨੂੰ ਗ੍ਰਹਿਣ ਕਰਨ ਲਈ ਬੁਲੰਦੀ, ਬਾਰੀਕੀ ਤੇ ਖ਼ੂਬਸੂਰਤੀ ਨੂੰ ਪਹਿਚਾਨ ਲਈ, ਉਸ ਅਸਲੀਅਤ ਨੂੰ ਹਾਸਲ ਕਰਨ ਲਈ ਜਿਸ ਦਾ ਨਕਸ਼ਾ ਸਾਹਿਤ ਵਿਚ ਰਹਿਣਾ ਹੈ, ਸੁਨਣ ਜਾਂ ਪੜ੍ਹਨ ਵਾਲੇ ਦੀ ਕੁਝ ਹਾਲਤ ਮੁਕਾਬਲਤਨ ਹੁੰਦੀ ਹੈ। ਇਹ ਸਥਿਤੀ ਹੈ, ਉਸ ਦੀ ਸਿਖਿਆ ਅਤੇ ਉਸ ਦੇ ਮਨ ਦੀ ਸਭਿਆਚਾਰਕ ਚੇਤਨਾ। ਸਾਹਿਤ ਦਾ ਉਦੇਸ਼ ਸਭਿਆਚਾਰਕ ਉਦੇਸ਼ ਹੈ, ਮਾਨਸਕ ਵਿਕਾਸ ਹੈ। ਪ੍ਰੰਤੂ ਇਹ ਵਿਕਾਸ ਸਾਹਿਤ ਦੇ ਰਾਹੀਂ ਤਾਂ ਹੀ ਸੰਭਵ ਹੈ ਜਦ ਖ਼ੁਦ ਸੁਨਣ ਵਾਲੇ ਜਾਂ ਪੜ੍ਹਨ ਵਾਲੇ ਦੀ ਅਵਸਥਾ ਸਿਖਿਅਤ (ਕੀਤੀ) ਹੋਵੇ।

ਇਹੀ ਕਾਰਨ ਹੈ ਕਿ ਮਾਰਕਸ ਦੀ ਦਾਸ ਕੈਪੀਟਲ, ਲੈਨਿਨ ਦੇ ਗ੍ਰੰਥ, ਰੋਮਸਿਆ ਰੌਲਾਂ, ਤਾਲ ਸਤਾਏ ਤੇ ਗੌਰਕੀ ਦੇ ਨਾਵਲ ਇਕ ਦਮ ਅਨਪੜ੍ਹ ਤੇ ਅਸਭਿਅਕ ਦੇ ਨਾ ਸਮਝ 'ਚ ਆ ਸਕਦੇ ਹਨ, ਨਾ ਉਹ ਉਹਨਾਂ ਦੇ ਪੜ੍ਹਨ ਲਈ ਹੁੰਦੇ ਹੀ ਹਨ। 'ਲੋਕਾਂ ਦਾ ਸਾਹਿਤ' ਦਾ ਅਰਥ 'ਜਨਤਾ ਲਈ ਸਾਹਿਤ' ਤੋਂ ਹੈ ਅਤੇ ਜਨਤਾ ਐਸੀ ਹੋਵੇ ਜੋ ਸਿਖਿਆ ਤੇ ਸਭਿਆਚਾਰ ਰਾਹੀਂ ਕੁਝ ਪੈਮਾਨੇ ਹਾਸਲ ਕਰ ਚੁੱਕੀ ਹੋਵੇ। ਧਿਆਨ ਰਹੇ ਕਿ ਰਾਜਨੀਤੀ ਦੇ ਮੂਲ ਗ੍ਰੰਥ ਬਹੁਤੀ ਵਾਰੀ ਬੁਧੀਜੀਵੀਆਂ ਦੇ ਸਮਝ 'ਚ ਨਹੀਂ ਆਉਂਦੇ, ਲੋਕਾਂ ਦਾ ਤਾਂ ਕਹਿਣਾ ਹੀ ਕੀ। ਪਰ ਇਹ ਸਾਡੀ ਸਭਿਆਚਾਰਕ ਵਿਰਾਸਤ ਹੈ। ਅਜੇਹੇ ਰਾਜਨੀਤੀ ਗ੍ਰੰਥਾਂ ਦੇ ਮੂਲ ਭਾਵ ਸਾਡੀਆਂ ਰਾਜਸੀ ਪਾਰਟੀਆਂ ਤੇ ਸਮਾਜਕ ਕਾਮੇ ਆਪਣੇ ਭਾਸ਼ਣਾਂ ਤੇ ਸੌਖੀ ਜੁਬਾਨ 'ਚ ਲਿਖੀਆਂ ਕਿਤਾਬਾਂ ਰਾਹੀਂ ਪ੍ਰਸਾਰਿਤ ਕਰਦੇ ਰਹਿੰਦੇ ਹਨ। ਕਿਉਂਕਿ ਅਜੇਹੇ ਗ੍ਰੰਥ ਇਕ ਦਮ ਲੋਕਾਂ ਦੀ ਸਮਝ 'ਚ ਨਹੀਂ ਆਉਂਦੇ। (ਬਹੁਤੀ ਵਾਰੀ ਬੁਧੀਜੀਵੀਆਂ ਦੀ ਸਮਝ

’ਚ ਵੀ ਨਹੀਂ ਆਉਂਦੇ) ਇਸ ਲਈ ਉਹ ਗ੍ਰੰਥ ਲੋਕਾਂ ਲਈ ਨਹੀਂ, ਇਹ ਸਮਝਣਾ ਗਲਤ ਹੈ। ਅਗਿਆਨ ਤੇ ਅਨਪੜ੍ਹਤਾ ਤੋਂ ਆਪਣੀ ਨਜ਼ਾਤ ਲਈ ਲੋਕਾਂ ਨੂੰ ਅਜੇਹੇ ਗ੍ਰੰਥਾਂ ਦੀ ਲੋੜ ਹੈ। ਜੋ ਲੋਕ 'ਜਨਤਾ ਦਾ ਸਾਹਿਤ' ਤੋਂ ਇਹ ਮਤਲਬ ਲੈਂਦੇ ਹਨ ਕਿ ਉਹ ਸਾਹਿਤ ਲੋਕਾਂ ਦੇ ਤੁਰੰਤ ਸਮਝ ’ਚ ਆਏ, ਜਨਤਾ ਉਹਨਾਂ ਨੂੰ ਸਮਝ ਸਕੇ, ਇਹੀ ਉਸ ਦੀ ਪਹਿਲੀ ਕਸੌਟੀ ਹੈ। ਉਹ ਲੋਕ ਇਹ ਭੁੱਲ ਜਾਂਦੇ ਹਨ ਕਿ ਲੋਕਾਂ ਨੂੰ ਪਹਿਲਾਂ ਸਿਖਿਅਤ ਤੇ ਸੰਸਕ੍ਰਿਤਿਕ ਕਰਨਾ ਹੈ। ਉਹ ਫਿਲਹਾਲ ਹਨੇਰੇ ਵਿਚ ਹਨ। ਲੋਕਾਂ ਨੂੰ ਅਗਿਆਨ ਤੋਂ ਮੁਕਤ ਕਰਨ ਲਈ ਸਾਨੂੰ ਪਹਿਲਾਂ ਉਹਨਾਂ ਨੂੰ ਸਿਖਿਆ ਦੇਣੀ ਹੋਵੇਗੀ। ਸਿਖਿਅਤ ਕਰਨ ਲਈ ਜਿਹੋ ਜਿਹੇ ਗ੍ਰੰਥਾਂ ਦੀ ਲੋੜ ਹੋਵੇਗੀ। ਉਹੋ ਜਿਹੇ ਗ੍ਰੰਥ ਛਾਪੇ ਜਾਣਗੇ ਅਤੇ ਲਿਖੇ ਜਾਣੇ ਚਾਹੀਦੇ ਹਨ। ਪਰ ਇਸ ਦਾ ਮਤਲਬ ਇਹ ਨਹੀਂ ਕਿ ਉਸ ਨੂੰ ਮੁੱਢਲੀ ਸਿਖਿਆ ਦੇਣ ਵਾਲੇ ਗ੍ਰੰਥ ਤਾਂ ਉਤਮ ਹਨ ਪਰ ਸਰਵਉੱਚ ਸਿਖਿਆ ਦੇਣ ਵਾਲੇ ਗ੍ਰੰਥ ਉਤਮ ਨਹੀਂ ਹਨ। ਠੀਕ ਇਹੀ ਭੇਦ ਸਾਹਿਤ ਵਿਚ ਵੀ ਹੈ।

ਕੁਝ ਸਾਹਿਤ ਤਾਂ ਨਿਸਚੈ ਹੀ ਮੁਢਲੀ ਸਿਖਿਆ ਦੇ ਅਨੁਕੂਲ ਹੋਵੇਗਾ ਤਾਂ ਕੁਝ ਸਰਵਉੱਚ ਸਿਖਿਆ ਲਈ। ਸ਼ੁਰੂਆਤੀ ਸ਼੍ਰੇਣੀ ਲਈ ਉਪਯੁਕਤ ਸਾਹਿਤ ਤਾਂ ਸਾਹਿਤ ਹੈ ਅਤੇ ਸਰਵਉੱਚ ਸ਼੍ਰੇਣੀ ਲਈ ਉਪਯੁਕਤ ਸਾਹਿਤ ਲੋਕਾਂ ਦਾ ਸਾਹਿਤ ਨਹੀਂ ਹੈ। ਇਹ ਕਹਿਣਾ ਲੋਕਾਂ ਨਾਲ ਗ਼ਦਾਰੀ ਕਰਨਾ ਹੈ। ਤਾਂ ਫਿਰ 'ਜਨਤਾ ਦਾ ਸਾਹਿਤ' ਦਾ ਅਰਥ ਹੈ ਕੀ? 'ਜਨਤਾ ਦਾ ਸਾਹਿਤ' ਅਜੇਹਾ ਸਾਹਿਤ ਜੋ ਜਨਤਾ ਦੇ ਜੀਵਨ ਮੁੱਲਾਂ ਨੂੰ, ਜਨਤਾ ਦੇ ਜੀਵਨ ਆਦਰਸ਼ਾਂ ਨੂੰ ਵਿਕਸਤ ਕਰਦਾ ਹੋਵੇ। ਉਸ ਨੂੰ ਆਪਣੀ ਮੁਕਤੀ ਦੇ ਰਾਹ ਦੀ ਰੌਸ਼ਨੀ ਵਿਖਾਉਂਦਾ ਹੋਵੇ। ਇਸ ਮੁਕਤੀ ਦੇ ਰਾਹ ਦਾ ਅਰਥ ਹੈ ਰਾਜਸੀ ਮੁਕਤੀ ਤੋਂ ਲਗਾਤਾਰ, ਅਗਿਆਨਤਾ ਤੋਂ ਮੁਕਤੀ ਤਕ ਹੈ। ਇਸ ’ਚ ਹਰ ਕਿਸਮ ਦਾ ਸਾਹਿਤ ਸ਼ਾਮਲ ਹੈ, ਬਸ਼ਰਤੇ ਕਿ ਇਹ ਸਚਮੁੱਚ ਉਸ ਨੂੰ ਮੁਕਤੀ ਦੇ ਰਾਹ ’ਤੇ ਅੱਗੇ ਵਧਾਵੇ। ਲੋਕਾਂ ਦੇ ਮਾਨਸਕ ਵਿਕਾਸ, ਉਸ ਦੇ ਆਦਰਸ਼ ਮਨੋਰੰਜਨ ਤੋਂ ਲੈ ਕੇ ਇਨਕਲਾਬ ਦੇ ਰਾਹ ’ਤੇ ਮੋੜਨ ਵਾਲਾ ਸਾਹਿਤ, ਮਾਨਵੀ ਭਾਵਨਾਵਾਂ ਦਾ ਵਾਤਾਵਰਣ ਪੇਸ਼ ਕਰਨ ਵਾਲਾ ਸਾਹਿਤ, ਲੋਕਾਂ ਦਾ ਜੀਵਨ ਚਿਤਰਣ ਕਰਨ ਵਾਲਾ ਸਾਹਿਤ, ਲੁੱਟ ਤੇ ਸੱਤਾ ਦੇ ਘੁਮੰਡ ਨੂੰ ਚੂਰ ਕਰਨ ਵਾਲੇ ਆਜ਼ਾਦ ਤੇ ਮੁਕਤੀ ਦੇ ਗੀਤਾਂ ਵਾਲਾ ਸਾਹਿਤ, ਕੁਦਰਤੀ ਸ਼ੋਭਾ ’ਤੇ ਸਨੇਹ ਦੇ ਦ੍ਰਿਸ਼ਾਂ ਵਾਲਾ ਸਾਹਿਤ, ਸਭ ਤਰ੍ਹਾਂ ਦਾ ਸਾਹਿਤ ਸ਼ਾਮਲ ਹੈ। ਬਸ਼ਰਤੇ ਕਿ ਉਹ ਮਨ ਦੀ ਮਾਨਵੀ ਤੇ ਜਨ-ਨੋ-ਜਨ-ਜਨ ਬਣਾ ਸਕੇ।

ਸਾਹਿਤ ਸਬੰਧੀ ਇਹੀ ਨਜ਼ਰੀਆ ਜਨਤਾ ਦਾ ਨਜ਼ਰੀਆ ਹੈ। ਫ੍ਰਾਂਸ ਦੇ ਲਈ ਏਰੱਗਾਂ ਨੇ ਦੂਜੀ ਸੰਸਾਰ ਜੰਗ ’ਚ ਲੋਕਾਂ ’ਚ ਕੰਮ ਕੀਤਾ ਤੇ ਇਸ ਜੰਗ ਦੇ ਖਾਤਮੇ ’ਤੇ ਰੋਮਾਟਿਕ ਨਾਵਲ ਲਿਖਿਆ। ਸ਼ਾਇਦ ਉਹਨਾਂ ਨੂੰ ਲੋਕ ਸੰਘਰਸ਼ ਦੌਰਾਨ ਦੁਸ਼ਮਣ ਨਾਲ ਲੜਦੇ-ਲੜਦੇ ਰੋਮਾਂਟਿਕ ਤਜ਼ਰਬੇ ਵੀ ਹੋਏ ਹੋਣ। ਉਹਨਾਂ ਦੇ ਅਧਾਰ ’ਤੇ ਉਹਨਾਂ ਰੋਮਾਂਟਿਕ ਨਾਵਲ ਵੀ ਲਿਖੇ। ਪਰ ਤੁਰੰਤ ਬਾਅਦ ਹੀ ਉਹ ਅਜਿਹੇ ਨਾਵਲ ਲੈ ਕੇ ਆਏ ਜਿਸ ਵਿਚ ਇਲਾਵਾ ਰੋਮਾਂਟਿਕ ਧਾਰਾ ਦੇ ਜਨਤਾ ਦੇ ਸੰਘਰਸ ਦਾ ਸੁੰਦਰ ਚਿਤਰਣ ਸੀ। ਇਹੀ ਹਾਲ ਇਲਿਆਂ ਇਹਰੇਨਬਰਗ ਆਦਿ ਦਾ ਹੈ। ਉਸ ਦਾ ਨਾਵਲ 'ਸਟਾਰਮ' (ਤੂਫਾਨ-ਹਿੰਦੀ ਅਨੁਵਾਦ) ਵੀ ਲੋਕ ਸੰਘਰਸ਼ ਦੇ ਦੌਰਾਨ ਦਾ ਚਿਤਰਣ

ਕਰਦਾ ਹੈ ਜਿਸ 'ਚ ਕੋਈ ਮਾਨਵੀ ਰੋਮਾਂਟਿਕ ਘਟਨਾਵਾਂ ਤੇ ਉਪਕਥਾਵਾਂ ਦਾ ਸੁਮੇਲ ਹੈ। ਇਸ ਤਰ੍ਹਾਂ ਸੋਵੀਅਤ ਸਾਹਿਤ ਦੇ ਤਹਿਤ ਦੂਜੀ ਸੰਸਾਰ ਜੰਗ ਦੇ ਵਿਸ਼ਾਲ ਸਾਹਿਤ ਚਿਤਰਾਂ ਵਿਚ ਮਾਨਵੀ ਰੋਮਾਂਟਿਕ ਕਥਾਵਾਂ ਤੇ ਕੁਦਰਤੀ ਸੁਹੱਪਣ ਦ੍ਰਿਸ਼ਾਂ ਦਾ ਅੰਕਣ ਕੀਤਾ ਗਿਆ ਹੈ।

ਜੋ ਜਾਤਿ, ਜੋ ਦੇਸ਼ ਜਿਨਾਂ ਆਜ਼ਾਦ ਹੈ, ਯਾਨੀ ਜਿਥੇ ਦੀ ਜਨਤਾ ਲੁੱਟ ਤੇ ਆਗਿਆਨ ਤੋਂ ਜਿੰਨੇ ਅੰਸ਼ਾਂ ਤਕ ਮੁਕਤੀ ਪ੍ਰਾਪਤ ਕਰ ਚੁੱਕੀ ਹੁੰਦੀ ਹੈ, ਉਨੇ ਹੀ ਅੰਸ਼ਾਂ ਤਕ ਉਹ ਸ਼ਕਤੀ ਤੇ ਸੁੰਦਰਤਾ ਤੇ ਮਾਨਵਤਾ ਦੇ ਨੇੜੇ ਪਹੁੰਚ ਚੁੱਕੀ ਹੁੰਦੀ ਹੈ। ਅੱਜ ਦੁਨੀਆਂ 'ਚ ਜਿਥੋਂ ਤਕ ਲੁੱਟ ਵਧੀ ਹੋਈ ਹੈ ਤੇ ਉਸ ਹੱਦ ਤਕ ਭੁਖ ਤੇ ਪਿਆਸ ਵਧੀ ਹੋਈ ਹੈ। ਉਸੇ ਹੱਦ ਤਕ ਮੁਕਤੀ ਸੰਘਰਸ਼ ਵੀ ਵਧਿਆ ਹੋਇਆ ਹੈ ਅਤੇ ਉਸ ਹੱਦ ਤਕ ਬੁੱਧੀ ਤੇ ਦਿਲ ਦੀ ਭੁੱਖ ਪਿਆਸ ਵੀ ਵਧੀ ਹੋਈ ਹੈ। ਅੱਜ ਦੇ ਯੁੱਗ 'ਚ ਸਾਹਿਤ ਦਾ ਇਹ ਕੰਮ ਹੈ ਕਿ ਉਹ ਲੋਕਾਂ ਦੀ ਬੁਧੀ ਤੇ ਦਿਲ ਦੀ ਇਸ ਭੁੱਖ-ਪਿਆਸ ਦਾ ਚਿਤਰਣ ਕਰੇ ਤੇ ਉਸ ਮੁਕਤੀ ਰਾਹ 'ਤੇ ਅੱਗੇ ਤੋਰਨ ਲਈ ਐਸੀ ਕਲਾ ਦਾ ਵਿਕਾਸ ਕਰੇ ਜਿਸ ਤੋਂ ਲੋਕ ਪ੍ਰੇਰਣਾ ਹਾਸਲ ਕਰ ਸਕਣ ਤੇ ਜੋ ਖੁਦ ਲੋਕਾਂ ਤੋਂ ਪ੍ਰੇਰਣਾ ਲੈ ਸਕੇ।

ਸਿੱਟਾ ਇਹ ਕੱਢਿਆ ਹੈ ਕਿ ਲੋਕਾਂ ਦੇ ਸਾਹਿਤ ਦੇ ਤਹਿਤ ਇਕ ਹੀ ਕਿਸਮ ਦਾ ਸਾਹਿਤ ਨਹੀਂ, ਸਭ ਕਿਸਮ ਦਾ ਸਹਿਤ ਹੈ। ਇਹ ਗੱਲ ਵੱਖਰੀ ਹੈ ਕਿ ਸਾਹਿਤ 'ਚ ਕਦੀ-ਕਦੀ ਜਨਤਾ ਦੇ ਅਨੁਕੂਲ ਇਕ ਵਿਸ਼ੇਸ਼ ਧਾਰਾ ਦਾ ਹੀ ਪ੍ਰਭਾਵ ਰਹੇ। ਜਿਵੇਂ ਅਗਾਂਹਵਧੂ ਸਾਹਿਤ ਵਿਚ ਕਿਸਾਨ ਮਜ਼ਦੂਰ ਦੀ ਕਵਿਤਾ ਦਾ। ਇਸ ਵਿਵੇਚਨ ਪਿਛੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਲੋਕਾਂ ਦੇ ਜੀਵਨ ਮੁੱਲਾਂ ਤੇ ਜੀਵਨ ਆਦਰਸ਼ਾਂ ਨੂੰ ਸਾਹਮਣੇ ਰੱਖੇ ਕੇ ਜੋ ਸਾਹਿਤ ਸਿਰਜਿਆ ਜਾਂਦਾ ਹੈ, ਉਹ ਭਾਵੇਂ ਬੰਦੇ-ਬੰਦੇ ਦੀ ਲੇਖਨੀ ਰਾਹੀਂ ਪੈਦਾ ਹੁੰਦਾ ਹੈ। ਪਰ ਉਸ ਦਾ ਫ਼ਰਜ ਸਿਰਫ ਨਿਜੀ ਨਹੀਂ, ਸਮੂਹਕ ਜੁਆਬਦੇਹੀ ਹੈ। ਜਿਵੇਂ ਇਕ ਵਿਗਿਆਨੀ ਆਪਣੀ ਲਬਾਰਟਰੀ 'ਚ ਖੋਜ਼ ਕਰਦਾ ਹੈ ਤੇ ਖ਼ੋਜ ਕਰਨ ਪਿਛੋਂ ਇਕ ਫਾਰਮੂਲਾ ਤਿਆਰ ਕਰਦਾ ਹੈ ਭਾਵੇਂ ਇਹ ਸਾਧਾਰਨ ਲੋਕਾਂ ਦੀ ਸਮਝ 'ਚ ਨਾ ਵੀ ਆਵੇ ਪਰ ਵਿਗਿਆਨੀ ਇਹ ਜਾਣਦਾ ਹੈ ਕਿ ਉਸ ਫਾਰਮੂਲੇ ਨੂੰ ਕੰਮ ਵਿਚ ਅਮਲ 'ਚ ਲਿਆਉਣ ਨਾਲ ਨਵੀਆਂ ਮਸ਼ੀਨਾਂ ਤੇ ਨਵੇਂ ਰਸਾਇਣ ਤਿਆਰ ਹੁੰਦੇ ਹਨ। ਜੋ ਮਨੁੱਖ ਮਾਤਰ ਲਈ ਉਪਯੋਗੀ ਹਨ ਤਾਂ ਲੋਕ ਵੀ ਇਸ ਤਰ੍ਹਾਂ ਇਹ ਜਾਣਦੇ ਹਨ ਕਿ ਉਹ ਵਿਗਿਆਨੀ ਲੋਕਾਂ ਲਈ ਹੀ ਕੰਮ ਕਰ ਰਿਹਾ ਹੈ, ਉਸੇ ਤਰ੍ਹਾਂ ਸਾਹਿਤ ਵੀ।

ਮਿਸਾਲ ਵਜੋਂ ਸਾਹਿਤ ਸਾਸ਼ਤਰ ਦਾ ਗ੍ਰੰਥ ਸਾਧਾਰਨ ਲੋਕਾਂ ਦੀ ਸਮਝ 'ਚ ਬੇਸ਼ਕ ਨਾ ਆਵੇ ਪਰ ਉਹ ਉਹਨਾਂ ਲੇਖਕਾਂ ਤੇ ਅਲੋਚਕਾਂ ਲਈ ਜ਼ਰੂਰੀ ਹੈ ਜੋ ਲੋਕਾਂ ਦੇ ਜੀਵਨ ਆਦਰਸ਼ਾਂ ਤੇ ਜੀਵਨ ਮੁੱਲਾਂ ਨੂੰ ਆਪਣੇ ਸਾਹਮਣੇ ਰਖਦੇ ਹਨ। ਇਹ ਗੱਲ ਅਜੇਹੇ ਸਾਹਿਤ ਦੇ ਲਈ ਵੀ ਸੱਚ ਹੈ ਜਿਨ੍ਹਾਂ 'ਚ ਮਨੋਭਾਵਨਾਵਾਂ ਦੇ ਚਿਤਰਣ 'ਚ ਬਰੀਕੀ ਨਾਲ ਕੰਮ ਲਿਆ ਗਿਆ ਹੈ ਅਤੇ ਅਧੁਨਿਕ ਵਿਚਾਰ ਧਾਰਵਾਂ ਦੇ ਰੂਪ ਦਾ ਅੰਕਣ ਕੀਤਾ ਗਿਆ ਹੈ। ਅਸਲ ਗੱਲ ਇਹ ਹੈ ਕਿ ਲੁੱਟ ਦੇ ਖਿਲਾਫ ਸੰਘਰਸ਼, ਸੋਸ਼ਣ ਤੋਂ ਛੁਟਕਾਰਾ ਤੇ ਫਿਰ ਪਿਛੋਂ ਰੋਜ਼ਾਨਾ ਜ਼ਿੰਦਗੀ ਦੇ ਨਿਰਬਾਹ ਸਬੰਧੀ ਕਾਰੋਬਾਰ 'ਚ ਘਟੋ-ਘੱਟ ਖਰਚ ਹੋਣ ਦੀ ਹਾਲਤ ਅਤੇ ਆਪਣੀ ਮਾਨਸਿਕ ਸਭਿਆਚਾਰਕ ਉਨਤੀ

ਲਈ ਸਮੇਂ ਤੇ ਆਰਾਮ ਦੀ ਸਹੂਲਤ ਵਿਵਸਥਾ ਦੀ ਸਥਾਪਨਾ ਜਦ ਤਕ ਨਹੀਂ ਹੁੰਦੀ ਤਦ ਤਕ ਸਤ ਪ੍ਰਤੀਸ਼ਤ ਜਨਤਾ ਸਾਹਿਤ ਤੇ ਸਭਿਆਚਾਰ ਦੀ ਪੂਰਨ ਵਰਤੋਂ ਨਹੀਂ ਕਰ ਸਕਦੀ, ਨਾ ਉਸ ਨਾਲ ਆਪਣਾ ਪੂਰਨ ਮਨੋਰੰਜ਼ਨ ਹੀ ਕਰ ਸਕਦੀ ਹੈ। ਇਸ ਪੂਰਨ ਮਨੁੱਖ ਸਤਾ ਦੀ ਉਸਾਰੀ ਕਰਨ ਦਾ ਇਕੋ-ਇਕ ਰਾਹ ਰਾਜਨੀਤੀ ਹੈ। ਜਿਸ ਦਾ ਸਹਾਇਕ ਸਾਹਿਤ ਹੈ ਤਾਂ ਉਹ ਰਾਜਸੀ ਪਾਰਟੀ ਜਨਤਾ ਪ੍ਰਤੀ ਆਪਣਾ ਫ਼ਰਜ਼ ਪੂਰਾ ਨਹੀਂ ਕਰ ਸਕਦੀ ਜੋ ਕਿ ਲੇਖਕ ਦੇ ਸਾਹਿਤ ਨਿਰਮਾਣ ਨੂੰ ਨਿਜੀ ਜੁੰਮੇਵਾਰੀ ਕਹਿ ਕੇ ਟਾਲ ਦਿੰਦੀ ਹੈ।

# ਭਾਰਤ ਮੈਡੀਕਲ ਸਿਖਿਆ ਦਾ ਪਤਨ ਕਿਵੇਂ?

ਦੇਸ਼ ਦੀ ਮੈਡੀਕਲ-ਸਿਖਿਆ ਦੀ ਜ਼ੁੰਮੇਵਾਰੀ ਆਪਣੇ ਮੋਢਿਆਂ 'ਤੇ ਚੁੱਕਣ ਵਾਲੀ ਸੰਸਥਾ ਭਾਰਤੀ ਇਲਾਜ ਪ੍ਰੀਸ਼ਦ (MCI) ਇਕ ਗੰਭੀਰ ਬੀਮਾਰੀ ਨਾਲ ਪੀੜਤ ਸੀ। ਉਸ ਦੇ ਅੰਗ ਸੜ ਰਹੇ ਸਨ। ਇਹ ਗਲੇ ਤਕ ਭ੍ਰਿਸ਼ਟਾਚਾਰ 'ਚ ਡੁੱਬੀ ਮਿਲੀ। 20 ਅਪ੍ਰੈਲ 2010 ਨੂੰ ਇਸ ਦੇ ਪ੍ਰਧਾਨ ਕੇਤਨ ਦੇਸਾਈ ਦੀ ਗ੍ਰਿਫ਼ਤਾਰੀ ਹੋਈ। ਛਾਪੇ 'ਚ ਉਹਨਾਂ ਕੋਲ 1.5 ਕਿਲੋ ਸੋਨਾ, 80 ਕਿਲੋ ਚਾਂਦੀ, ਹੋਮ ਫ਼ਾਇਨਾਂਸ ਕੰਪਨੀ 'ਚ 20 ਲੱਖ ਰੁਪਏ, ਰਿਅਲ ਇਸਟੇਟ 'ਚ ਇਕ ਪਲਾਟ ਤੇ ਸ਼ਾਪਿੰਗ ਮਾਲ 'ਚ ਇਕ ਸਥਾਈ ਸੰਪਤੀ ਬਰਾਮਦ ਹੋਈ। ਮੌਕੇ 'ਤੇ ਕੁੱਲ 24 ਕਰੋੜ ਦੀ ਜਾਇਦਾਦ ਮਿਲੀ। ਗੁਪਤ ਜਾਇਦਾਦਾਂ ਦੀ ਕੋਈ ਗਿਣਤੀ ਹੀ ਨਹੀਂ। ਐਮ.ਸੀ.ਆਈ (ਭਾਰਤੀ ਚਕਿਤਸਾ ਪ੍ਰੀਸ਼ਦ) ਦੇ ਪਰਦਾਫਾਸ਼ ਤੇ ਸੀ.ਬੀ.ਆਈ ਵੱਲੋਂ ਉਸ ਦੇ ਮੁਖੀ ਦੀ ਗ੍ਰਿਫ਼ਤਾਰੀ ਪਿਛੋਂ ਇਸ ਸੰਸਥਾ ਨੂੰ ਭੰਗ ਕਰਕੇ ਇਸ ਦੀ ਥਾਂ ਸੱਤ ਮੈਂਬਰੀ ਸੰਚਾਲਕ ਮੰਡਲ ਦਾ ਗਠਨ ਕੀਤਾ। ਹੁਣ 'ਕੌਮੀ ਉਚ ਸਿਖਿਆ ਤੇ ਖੋਜ ਪ੍ਰੀਸ਼ਦ' ਬਿਲ ਲਿਆ ਕੇ ਉਸ ਵਿਚ ਮੈਡੀਕਲ ਸਿਖਿਆ ਨੂੰ ਵੀ ਸ਼ਾਮਲ ਕਰਨ ਅਤੇ ਮੈਡੀਕਲ ਸਿਖਿਆ ਤੇ ਕਾਰੋਬਾਰ ਸਬੰਧੀ ਇਕ ਸਰਵਉੱਚ ਗਠਜੋੜ ਬਣਾਉਣ ਦੀ ਤਿਆਰੀ ਚਲਦੀ ਹੈ। ਇਸ ਦੀ ਅੰਤਰ ਵਸਤੂ ਹੈ ਕੀ? ਭਾਰਤੀ ਮੈਡੀਕਲ ਕੌਂਸਿਲ 'ਚ ਭ੍ਰਿਸ਼ਟਾਚਾਰ ਆਪਣੇ ਆਪ 'ਚ ਕੋਈ ਇੱਕਲੀ ਕਹਿਰੀ ਗੱਲ ਨਹੀਂ ਹੈ। ਇਹ ਇਸ ਵਿਵਸਥਾ ਦੇ ਭ੍ਰਿਸ਼ਟ, ਗੈਰ ਮਨੁੱਖੀ ਤੇ ਮੁਨਾਫ਼ਾਖੋਰ ਕਿਰਦਾਰ ਵੱਲ ਇਸ਼ਾਰਾ ਹੈ। ਮੈਡੀਕਲ ਕੌਂਸਿਲ ਦੇ ਖੁਲਾਸੇ ਨਾਲ ਇਕ ਵਾਰੀ ਫਿਰ ਇਸ ਦਾ ਪੋਲ ਖੁਲ੍ਹ ਗਿਆ ਹੈ ਤੇ ਹੁਣ ਵਿਵਸਥਾ ਦੀ ਪੈਬੰਦ ਸਾਜੀ ਦੇ ਨਵੇਂ-ਨਵੇਂ ਨੁਸਖੇ ਸਾਹਮਣੇ ਆਏ ਹਨ। ਡਾਕਟਰੀ ਪੜ੍ਹਾਈ ਉਪਰ ਦੇਸ਼ ਦੇ ਭਾਵੀ ਬਾਲਰ (ਐਮ.ਬੀ.ਬੀ.ਐਸ) ਤੇ ਪੋਸਟ ਗ੍ਰੈਜੂਏਟ (ਐਮ.ਡੀ/ਐਮ.ਐਸ) ਡਾਕਟਰ ਬਣਾਉਣ ਦੀ ਜ਼ੁੰਮੇਵਾਰੀ (ਫ਼ਰਜ਼) ਹੁੰਦੀ ਹੈ। ਜਿਸ 'ਚ ਇਹ ਦੇਸ਼ ਦੀਆਂ ਲੋੜਾਂ ਮੁਤਾਬਕ ਅਜੇ ਤਕ ਨਾਕਾਮ ਰਹੀ ਹੈ। ਸਿਹਤ ਕਿਵੇਂ ਵੀ ਬੰਦੇ ਦਾ ਬੁਨਿਆਦੀ ਹੱਕ ਹੈ। ਹਰ ਬੰਦਾ ਆਪਣੀ-ਆਪਣੀ ਆਰਥਕ-ਸਮਾਜਕ ਹੈਸ਼ੀਅਤ ਮੁਤਾਬਕ ਆਪਣੀ ਸਿਹਤ ਦੀ ਰਾਖੀ ਲਈ ਕੋਈ ਵੀ ਕੀਮਤ ਚਕਾਉਣ ਲਈ ਤਿਆਰ ਰਹਿੰਦਾ ਹੈ। ਦੇਸ਼ ਦੀ ਵੱਡੀ ਅਬਾਦੀ ਦੀ ਇਸ ਬੁਨਿਆਦੀ ਲੋੜ ਨੇ ਨਿਜੀ ਖੇਤਰ ਵਿਚ ਮੁਨਾਫਾਖੋਰਾਂ ਨੂੰ ਆਪਣਾ ਨੰਗਾ ਨਾਚ ਕਰਨ ਲਈ ਪ੍ਰੇਰਿਤ ਕੀਤਾ ਹੈ। ਸਰਕਾਰ ਨੇ ਵੀ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਕੇ ਉਹਨਾਂ ਨੂੰ ਵਧਣ-ਫੁਲਣ ਦਾ ਭਰਪੂਰ ਮੌਕਾ ਦਿੱਤਾ ਹੈ। ਇਹਨਾਂ ਮੁਨਾਫਾਖੋਰਾਂ ਦਾ ਉਦੇਸ਼ ਸਿਰਫ ਆਪਣੀ ਤਿਜੌਰੀ ਭਰਨਾ ਹੁੰਦਾ ਹੈ, ਲੋਕਾਂ ਦੀ ਸੇਵਾ ਕਰਨਾ ਨਹੀਂ। ਮੁਨਾਫ਼ਾਖੋਰ ਆਪਣੀ ਇਸ ਹਵਸ਼ ਨੂੰ ਪੂਰਾ ਕਰਨ ਲਈ ਮੈਡੀਕਲ ਕਾਊਂਸਿਲ ਵਰਗੀਆਂ ਸਰਵਉੱਚ ਸੰਸਥਾਵਾਂ ਨੂੰ ਭ੍ਰਿਸ਼ਟ ਕਰਕੇ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਇਆਂ ਮੈਡੀਕਲ ਕਾਲਜ ਖੋਹਲਣ ਤੇ ਲੁੱਟ-ਘਸੁੱਟ ਕਰਨ ਦੀ ਇਜਾਜ਼ਤ ਲੈ ਲੈਂਦੇ ਹਨ।

ਭਾਰਤੀ ਮੈਡੀਕਲ ਕਾਊਂਸਿਲ 1956 'ਚ ਸੰਸਦ 'ਚ ਕਨੂੰਨ ਬਣਾ ਕੇ ਬਣਾਈ ਗਈ। ਇਸ ਦਾ ਕਾਰਜ ਮੈਡੀਕਲ ਕਾਲਜ ਖੋਹਲਣ ਦੀ ਸ਼ੁਰੂਆਤੀ ਇਜਾਜ਼ਤ

ਤੇ ਮਾਨਤਾ ਮੁਹਈਆ ਕਰਨਾ ਸੀ, ਨਾਲ ਹੀ ਸਿਖਿਆ ਦੀ ਗੁਣਵੰਣਤਾ 'ਚ ਸੁਧਾਰ ਕਰਨਾ, ਦੇਸ਼ ਦੀਆਂ ਸਿਹਤ ਸਬੰਧੀ ਲੋੜਾਂ ਮੁਤਾਬਕ ਸਲੇਬਸ 'ਚ ਸੁਧਾਰ ਕਰਨਾ, ਪਾਰਦਰਸ਼ੀ ਪ੍ਰੀਖਿਆ ਪ੍ਰਣਾਲੀ ਬਣਾਉਣੀ ਆਦਿ ਵੀ ਇਸ ਦੇ ਜਿੰਮੇ ਹੈ। ਇਸ ਸੰਸਥਾ 'ਚ ਸਭ ਤੋਂ ਵੱਡੀ ਧਾਂਦਲੀ ਮੈਡੀਕਲ ਕਾਲਜ ਖੋਹਲਣ ਦੀ ਇਜਾਜ਼ਤ ਦੇਣ ਤੇ ਉਸ ਨੂੰ ਮਾਨਤਾ ਦੇਣ 'ਚ ਹੁੰਦੀ ਹੈ। ਮੈਡੀਕਲ ਕਾਊਂਸਿਲ ਦੇ ਮਾਪਦੰਡ ਕਾਫੀ ਕਰੜੇ ਹੁੰਦੇ ਹਨ। ਜਿਸ ਅਨੁਸਾਰ ਬੁਨਿਆਦੀ ਢਾਂਚਾ ਖੜ੍ਹਾ ਕਰਨ ਵਿਚ ਮੋਟੀ ਰਕਮ ਖਰਚ ਕਰਨੀ ਪੈਂਦੀ ਹੈ। ਇਹਨਾਂ ਭਾਰੀ ਖਰਚਿਆਂ ਤੋਂ ਬਚਣ ਲਈ ਪ੍ਰਭਾਵਸ਼ਾਲੀ ਲੋਕ, ਰਾਜਸੀ ਸੰਪਰਕਾਤ ਰਿਸ਼ਵਤ ਦੀ ਵਰਤੋਂ ਕਰਕੇ ਇਜਾਜ਼ਤ ਤੇ ਮਾਨਤਾ ਹਾਸਲ ਕਰ ਲੈਂਦੇ ਹਨ। ਸਭ ਤੋਂ ਗੰਦੀ ਖੇਡ ਤਾਂ ਮਾਨਤਾ ਹਾਸਲ ਕਰਨ ਵੇਲੇ ਖੇਡੀ ਜਾਂਦੀ ਹੈ। ਸਰਵੇ ਦੌਰਾਨ ਨਿਜੀ ਮੈਡੀਕਲ ਕਾਲਜ ਮਾਨਤਾ ਹਾਸਲ ਕਰਨ ਲਈ ਕੁਝ ਹਜ਼ਾਰ ਰੁਪਏ ਦੇ ਕੇ ਕਿਰਾਏ ਦੇ ਡਾਕਟਰਾਂ ਤੇ ਅਧਿਆਪਕਾਂ ਦਾ ਬੰਦੋਬਸਤ ਕਰ ਲੈਂਦੇ ਹਨ ਤੇ ਕੁਝ ਲੱਖਾਂ ਰੁਪਏ ਦਾ ਸਲਾਨਾ ਖਰਚ ਬਚਾ ਕੇ ਮਾਨਤਾ ਹਾਸਲ ਕਰ ਲੈਂਦੇ ਹਨ। ਸਰਵੇਂ ਪਿਛੋਂ ਇਹ ਡਾਕਟਰ ਆਪਣੇ-ਆਪਣੇ ਘਰ ਚਲੇ ਜਾਂਦੇ ਹਨ। ਹਸਪਤਾਲ ਦੇ ਮਰੀਜ਼ ਤੇ ਕਾਲਜ 'ਚ ਪੜ੍ਹਨ ਵਾਲੇ ਵਿਦਿਆਰਥੀ ਰੱਬ ਆਸਰੇ ਰਹਿ ਜਾਂਦੇ ਹਨ। ਇਹਨਾਂ ਕਾਲਜਾਂ 'ਚ ਖਾਂਦੇ ਪੀਂਦੇ ਲੋਕਾਂ ਦੇ ਬੱਚੇ ਹੀ ਪੜ੍ਹਨ ਜਾਂਦੇ ਹਨ ਜੋ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਸਭ ਤੋਂ ਹੇਠਲੇ ਪਾਏਦਾਨ 'ਤੇ ਹੁੰਦੇ ਹਨ। ਇਹਨਾਂ ਨੂੰ ਇਮਤਿਹਾਨਾਂ 'ਚੋਂ ਪਾਸ ਕਰਾਉਣ ਦੀ ਸਿਰਦਰਦੀ ਵੀ ਨਿਜੀ ਮੈਡੀਕਲ ਪ੍ਰਸ਼ਾਸਨ ਦੀ ਹੁੰਦੀ ਹੈ ਕਿਉਂਕਿ ਮੈਡੀਕਲ ਕਾਲਜਾਂ ਦੀ ਪ੍ਰੀਖਿਆ ਦੀਆਂ ਕਾਪੀਆਂ ਦੀ ਜਾਂਚ ਵੀ ਮੈਡੀਕਲ ਕਾਲਜਾਂ 'ਚ ਹੀ ਹੁੰਦੀ ਹੈ। ਇਸ ਲਈ ਅਸਾਨੀ ਨਾਲ ਇਹਨਾਂ ਵਿਦਿਆਰਥੀਆਂ ਨੂੰ ਡਿਗਰੀ ਮਿਲ ਜਾਂਦੀ ਹੈ ਅਤੇ ਕਾਲਜ ਦਾ ਰਿਜ਼ਲਟ ਵੀ ਬੇਹਤਰ ਹੋ ਜਾਂਦਾ ਹੈ। ਸਾਡੇ ਦੇਸ਼ 'ਚ ਮੈਡੀਕਲ ਕਾਲਜਾਂ 'ਚੋਂ ਜੋ ਸਲੇਬਸ ਪੜ੍ਹਾਇਆ ਜਾਂਦਾ ਹੈ, ਉਹਨਾਂ 'ਚ ਵਿਦੇਸ਼ੀ ਰੋਗ, ਵਿਦੇਸ਼ੀ ਰੋਗੀਆਂ ਦੇ ਵੇਰਵੇ ਤੇ ਅੰਕੜੇ ਹੁੰਦੇ ਹਨ। ਭਾਰਤੀ ਰੋਗੀਆਂ ਦੀ ਲੋੜ ਅਨੁਸਾਰ ਇਥੇ ਮਿਲਦੀਆਂ ਬੀਮਾਰੀਆਂ ਦੀਆਂ ਮਿਸਾਲਾਂ ਘੱਟ ਹੀ ਹੁੰਦੀਆਂ ਹਨ ਕਿਉਂਕਿ ਸਿਲੇਬਸ ਤੇ ਪੁਸਤਕਾਂ ਵਿਦੇਸ਼ਾਂ ਤੋਂ ਦਰਾਮਦ ਹੁੰਦੀਆਂ ਹਨ। ਜਿਹਨਾਂ ਰੋਗਾਂ ਨਾਲ ਪੀੜਤ ਲੋਕਾਂ ਦੀ ਗਿਣਤੀ ਭਾਰਤ 'ਚ ਬਹੁਤਾਤ ਵਿਚ ਹੁੰਦੀ ਹੈ। ਵਿਦੇਸ਼ਾਂ 'ਚ ਉਹਨਾਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ। ਨਾਲ ਹੀ ਜਨ ਸਿਹਤ ਦੇ ਨਜ਼ਰੀਏ ਤੋਂ ਵੀ ਉਹਨਾਂ ਦਾ ਮਹੱਤਵ ਘੱਟ ਹੁੰਦਾ ਹੈ। ਭਾਰਤ 'ਚ ਬਹੁਤੇ ਨਿਜੀ ਤੇ ਸਰਕਾਰੀ ਮੈਡੀਕਲ ਕਾਲਜਾਂ ਵਿਚ ਅਧਿਆਪਕਾਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ। ਇਕ ਉਪਾਅ ਸੁਝਾਇਆ ਜਾ ਰਿਹਾ ਹੈ ਕਿ ਮੈਡੀਕਲ ਕਾਲਜਾਂ 'ਚ ਭਾਰਤੀ ਮੈਡੀਕਲ ਕਾਊਂਸਿਲ ਜਾਂ ਯੂਨਵਰਸਿਟੀ ਵੱਲੋਂ ਕੁਝ ਅਰਸੇ ਪਿਛੋਂ ਰਵਾਇਤੀ ਸਿਖਲਾਈ ਕਰਕੇ ਇਸ ਕਮੀ ਨੂੰ ਦੂਰ ਕੀਤਾ ਜਾ ਸਕਦਾ ਹੈ। ਪਰ ਸੁਝਾਅ ਦੇਣ ਵਾਲੇ ਸ਼ਾਇਦ ਇਹ ਭੁੱਲ ਜਾਂਦੇ ਹਨ ਕਿ ਇਹ ਨੁਸਖਾ ਪੁਰਾਣਾ ਹੋ ਚੁਕਿਆ ਹੈ। ਨਿਰੀਖਣ ਕਰਨ ਵਾਲੇ ਵੀ ਇਸ ਲਾਲਚੀ ਪ੍ਰਬੰਧ ਦੀ ਪੈਦਾਇਸ਼ ਹਨ। ਕਿਸੇ ਤਰ੍ਹਾਂ ਦੇ ਲਾਲਚ, ਦਬਾਅ ਜਾਂ ਪ੍ਰਭਾਵ ਨਾਲ ਉਹਨਾਂ ਦੀ ਜੁਬਾਨ ਨੂੰ ਤਾਲਾ ਲਾਉਣਾ ਕੋਈ ਮੁਸ਼ਕਲ ਕੰਮ ਨਹੀਂ।

ਬਹੁਪੱਖੀ ਪ੍ਰੀਤਿਭਾ ਵਾਲੇ ਡਾਕਟਰਾਂ ਨੂੰ ਤਿਆਰ ਕਰਨ ਲਈ ਫੈਮਲੀ-ਮੈਡੀਸ਼ਨ ਵਰਗੇ ਵਿਸ਼ਿਆਂ ਦੀ ਪੜ੍ਹਾਈ ਬੇਹੱਦ ਜ਼ਰੂਰੀ ਹੈ ਜੋ ਮੁਢਲੀ ਪੱਧਰ 'ਤੇ ਆਪਣੇ

ਸਮਾਜਕ ਫ਼ਰਜ਼ਾਂ ਦੀ ਅਦਾਇਗੀ ਕਰ ਸਕਣ ਤੇ ਸਵੈ-ਇੱਛਾ ਨਾਲ ਪਿਛੜੇ ਇਲਾਕਿਆਂ 'ਚ ਸੇਵਾ ਕਰ ਸਕਣ। ਪਰ ਅੱਜ ਦੇ ਦੌਰ ਵਿਚ ਜਿਥੇ ਨਿਜੀ ਡਾਕਟਰਾਂ ਤੇ ਮੈਡੀਕਲ ਕਾਲਜ ਦੇ ਪ੍ਰੋਫ਼ੈਸਰਾਂ ਨੂੰ ਲੱਖਾਂ ਰੁਪਏ ਕਮਾਉਣ ਦੀ ਛੋਟ (ਪ੍ਰਾਈਵੇਟ ਪ੍ਰੈਕਟਿਸ ਰਾਹੀਂ) ਮਿਲੀ ਹੋਈ ਹੈ ਤੇ ਜਿਸ ਸਮਾਜ 'ਚ ਦੌਲਤ ਹੀ ਮਾਨ-ਸਨਮਾਨ ਦਾ ਪੈਮਾਨਾ ਹੈ, ਇਮਾਨਦਾਰੀ ਤੇ ਮੇਹਨਤ ਦੀ ਕਮਾਈ 'ਤੇ ਗੁਜਰ-ਬਸਰ ਕਰਨ ਵਾਲਿਆਂ ਨੂੰ ਬੇਵਕੂਫ ਸਮਝਿਆ ਜਾਂਦਾ ਹੈ। ਕੀ ਇਥੇ ਡਾਕਟਰ ਆਦਰਸ਼ ਤੋਂ ਪ੍ਰੇਰਿਤ ਹੋ ਕੇ ਦੂਰ-ਦੁਰਾਡੇ ਇਲਾਕਿਆਂ ਵਿਚ ਸੇਵਾ ਕਰਨ ਜਾਣਗੇ? ਇਹ ਠੀਕ ਹੈ ਕਿ ਪਿਛੜੇ ਇਲਾਕਿਆਂ 'ਚ ਟ੍ਰੇਨਿੰਗ ਲਾਜ਼ਮੀ ਕਰਕੇ ਕੁਝ ਸੁਧਾਰ ਹੋਵੇਗਾ ਪਰ ਦੇਸ਼ ਦੀ ਏਨੀ ਵੱਡੀ ਅਬਾਦੀ ਲਈ ਇਹ ਪੱਕਾ ਹੱਲ ਨਹੀਂ ਹੋਵੇਗਾ। ਦੇਸ਼ ਦੇ ਮਸ਼ਹੂਰ ਅਦਾਰਿਆਂ ਵਿਚੋਂ ਸਨਮਾਨਿਤ ਤੇ ਪ੍ਰਤਿਭਾਸ਼ਾਲੀ ਡਾਕਟਰਾਂ ਤੇ ਪ੍ਰੋਫੈਸ਼ਰਾਂ ਦੀ ਨਿਜੀ ਖੇਤਰਾਂ ਵੱਲ ਹਿਜ਼ਰਤ ਨਿਰੰਤਰ ਜਾਰੀ ਹੈ। ਸਰਕਾਰ ਇਹਨਾਂ ਦੀ ਜਿੰਨੀ ਵੀ ਤਨਖਾਹ ਭੱਤੇ ਵਧਾਉਂਦੀ ਹੈ, ਉਸ ਤੋਂ ਵੱਧ ਸਹੂਲਤਾਂ ਤੇ ਤਨਖਾਹ ਦੇ ਕੇ ਪੂੰਜੀਪਤੀ ਉਹਨਾਂ ਨੂੰ ਖਰੀਦ ਲੈਂਦੇ ਹਨ। ਨਿਜੀ ਹਸਪਤਾਲ ਵੱਧ ਸਹੂਲਤਾਂ ਦੇ ਨਾਂ ਹੇਠ ਮਰੀਜ਼ਾਂ ਤੋਂ ਕਈ ਗੁਣਾ ਵੱਧ ਫੀਸਾਂ ਵਸੂਲਦੇ ਹਨ। ਇਸ ਨਾਲ ਪੈਸੇ ਵਾਲਿਆਂ ਨੂੰ ਤਾਂ ਬੇਹਤਰ ਇਲਾਜ ਮਿਲ ਜਾਂਦਾ ਹੈ ਪਰ ਸਰਕਾਰੀ ਹਸਪਤਾਲਾਂ 'ਚ ਜਾਣ ਵਾਲੀ ਬਹੁਤੀ ਜਨਤਾ ਇਹਨਾਂ ਤਜ਼ਰਬੇਕਾਰ ਡਾਕਟਰਾਂ ਤੋਂ ਸੱਖਣੀ ਰਹਿ ਜਾਂਦੀ ਹੈ। ਜਿਹਨਾਂ ਨੂੰ ਜਨਤਾ ਦੇ ਪੈਸੇ ਤੇ ਸਰਕਾਰ ਦੀ ਮੇਹਰਬਾਨੀ ਕਰਕੇ ਹੀ ਸਿਖਿਆ ਤੇ ਤਜ਼ਰਬਾ ਹਾਸਲ ਹੁੰਦਾ ਹੈ ਪਰ ਸਰਕਾਰ ਚੁੱਪ-ਚਾਪ ਤਮਾਸ਼ਾ ਵੇਖਦੀ ਰਹਿੰਦੀ ਹੈ। ਪ੍ਰਸਤਾਵਿਤ ਡਾਕਟਰੀ ਸਿਖਿਆ ਤੇ ਪ੍ਰੈਕਟਿਸ ਸਬੰਧੀ ਪ੍ਰੀਸ਼ਦ (NCHRM) 'ਚ ਮਰੀਜ਼ਾਂ ਦੇ ਹਮਾਇਤੀ ਸਮੂਹ (ਪੇਸ਼ੈਂਟ ਐਡਵੋਕੇਸੀ ਗਰੁੱਪ) ਸਮਾਜ ਸਾਸ਼ਤਰੀ ਤੇ ਸਿਹਤ ਕਰਮੀਆਂ ਦੀ ਭਾਗੀਦਾਰੀ ਹੋਣਾ, ਇਕ ਬੇਹਤਰ ਕਦਮ ਹੋਵੇਗਾ, ਇਸ 'ਚ ਨਰਸਿੰਗ, ਡੈਂਟਲ, ਫਾਰਮੇਸੀ, ਪੈਰਾ ਮੈਡੀਕਲ, ਜਨ ਸਿਹਤ ਤੇ ਪੁਨਰਵਾਸ ਸੇਵਾਵਾਂ ਨੂੰ ਇੱਕਠੀਆਂ ਕਰਨ ਨਾਲ ਬੇਹਤਰ ਤਾਲਮੇਲ ਦੀ ਹਾਲਤ ਹੋਵੇਗੀ। ਕਿਹਾ ਜਾ ਰਿਹਾ ਹੈ ਕਿ ਸਰਕਾਰ ਦੇ ਨਾਲ ਕਾਊਂਸਿਲ ਦੇ ਸਬੰਧਾਂ ਵਿਚ ਅਜ਼ਾਦੀ ਤੇ ਭਰੋਸਾ ਮਹੱਤਵਪੂਰਨ ਮੁੱਦਾ ਹੈ ਕਿਉਂਕਿ ਕਿਸੇ ਵੀ ਫੈਸਲੇ ਲਈ ਸਰਕਾਰ 'ਤੇ ਇਸ ਦੀ ਨਿਰਭਰਤਾ ਨਾਲ ਇਸ ਦੀ ਭੂਮਿਕਾ ਸੀਮਤ ਹੋਵੇਗੀ ਤੇ ਫੈਸਲਿਆਂ ਨੂੰ ਲਾਗੂ ਕਰਨ ਵਿਚ ਦੇਰੀ ਹੋਵੇਗੀ। ਪਰ ਸਰਕਾਰ ਤੇ ਨੇਤਾਵਾਂ ਦੇ ਦਬਾਅ ਨਾਲ ਇਹ ਕਾਊਂਸਿਲ ਕਿਵੇਂ ਅਜ਼ਾਦ ਰਹਿ ਸਕਦੀ ਹੈ। ਜਦਕਿ ਇਸ ਕਾਊਂਸਿਲ ਦੇ ਇਕ-ਇਕ ਮੈਂਬਰ ਨੂੰ ਸਰਕਾਰ ਹੀ ਨਿਯੁਕਤ ਕਰੇਗੀ। ਪੂਰੇ ਦੇਸ਼ 'ਚ ਇਕੋ ਜਿਹੀ ਬਰਾਬਰ ਦੀ ਸਿਖਿਆ ਤੇ ਗੁਣਵੰਣਤਾ ਲਾਗੂ ਕਰਨਾ ਇਕ ਸਕਾਰਤਮਕ ਕਦਮ ਹੋਵੇਗਾ ਪਰ ਇਹ ਤਾਂ ਹੀ ਸੰਭਵ ਹੈ ਜਦ ਸਭ ਕਾਲਜਾਂ 'ਚ ਇਕੋ ਜਿਹਾ ਨਿਯਮਾਂ ਤਹਿਤ ਚਲਾਇਆ ਜਾਵੇ ਤੇ ਨਿਯਮ ਲਾਗੂ ਨਾ ਕਰਨ ਵਾਲਿਆਂ ਦੀ ਮਾਨਤਾ ਰੱਦ ਕਰ ਦਿਤੀ ਜਾਵੇ। ਇਹ ਅਮਲ 'ਚ ਕਿੰਨਾ ਲਾਗੂ ਹੋਊ ਇਹ ਤਾਂ ਸਮਾਂ ਹੀ ਦੱਸੂ।

ਇਕ ਬਰਾਬਰ ਗੁਣਵੰਣਤਾ ਦੀ ਕਸੌਟੀ ਹੈ, ਸਭ ਕਾਲਜਾਂ 'ਚ ਇਕੋ ਜਿਹਾ ਸਲੇਬਸ, ਇਕੋ ਜਿਹੀ ਪ੍ਰੀਖਿਆ ਪ੍ਰਣਾਲੀ ਅਤੇ ਕਾਲਜਾਂ ਤੋਂ ਬਾਹਰ ਉਤਰ ਕਾਪੀਆਂ ਦੀ ਜਾਂਚ। ਇਹ ਸਭ ਉਪਾਅ ਡਾਕਟਰੀ ਸਿਖਿਆ 'ਚ ਤਾਂ ਕੁਝ ਸੁਧਾਰ ਕਰ ਸਕਦੇ ਹਨ ਪਰ ਸਰਕਾਰੀ ਤੇ ਨਿਜੀ ਮੈਡੀਕਲ ਕਾਲਜਾਂ ਦੀ ਦੋਹਰੀ ਵਿਵਸਥਾ ਕਾਰਨ

ਡਾਕਟਰੀ ਪੇਸ਼ੇ 'ਚੋਂ ਗੜਬੜੀ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਡਾਕਟਰੀ ਦੀ ਸੇਵਾ ਦੀ ਥਾਂ ਕਮਾਈ ਦਾ ਜ਼ਰੀਆ ਬਣਾਈ ਰਖਦਿਆਂ ਕੋਈ ਵੀ ਕਾਨੂੰਨ ਜਾਂ ਨਿਯਮਾਂਵਾਲੀ ਭਾਵੀ ਡਾਕਟਰਾਂ ਅੰਦਰ ਪਾਲਣ ਵਾਲੀ ਲੋਭ-ਲਾਲਚ ਦੀ ਮਾਨਸਿਕਤਾ ਨੂੰ ਬਦਲਣ 'ਚ ਨਾਕਾਮ ਹੀ ਸਾਬਤ ਹੋਵੇਗੀ। ਖਾਸ ਕਰਕੇ ਉਹਨਾਂ ਵਿਦਿਆਰਥੀਆਂ ਦੀ ਜੋ ਮੋਟੀ ਰਕਮ ਖਰਚ ਕਰਕੇ ਡਿਗਰੀ ਲੈਣ ਅਤੇ ਮੋਟੀ ਰਕਮ ਕਮਾਉਣ ਲਈ ਡਾਕਟਰ ਬਣਨਾ ਚਾਹੁੰਦੇ ਹਨ, ਲੋਕਾਂ ਤੇ ਦੇਸ਼ ਦੀ ਸੇਵਾ ਕਰਨ ਦੇ ਮਕਸਦ ਨਾਲ ਨਹੀਂ। ਅੱਜ ਮੈਡੀਕਲ ਕਾਲਜ ਉਹਨਾਂ ਇਲਾਕਿਆਂ 'ਚ ਖੋਹਲੇ ਜਾ ਰਹੇ ਹਨ ਜਿਥੇ ਮੋਟੀ ਫੀਸ ਦੇਣ ਵਾਲਿਆਂ ਦੀ ਗਿਣਤੀ ਵੱਧ ਹੈ। ਸਹੂਲਤਾਂ ਵਾਲੇ ਤੇ ਖੁਸ਼ਹਾਲ ਖੇਤਰਾਂ 'ਚ ਇਕ ਤੋਂ ਵੱਧ ਕਾਲਜ ਹੋਣ ਨਾਲ ਉਥੇ ਪ੍ਰਤੀ ਹਸਪਤਾਲ ਮਰੀਜ਼ਾਂ ਦੀ ਗਿਣਤੀ ਘੱਟ ਜਾਂਦੀ ਹੈ। ਇਸ ਕਾਰਨ ਸਿੱਖਣ ਵਾਲੇ ਵਿਦਿਆਰਥੀ ਨੂੰ ਬਹੁਤ ਘੱਟ ਰੋਗੀ ਦੇਖਣ ਲਈ ਮਿਲਦੇ ਹਨ। ਨਾਲ ਹੀ ਪਿਛੜੇ ਇਲਾਕੇ ਦੇ ਮਰੀਜ਼ ਵੀ ਮੈਡੀਕਲ ਕਾਲਜ ਨਾ ਹੋਣ ਕਰਕੇ ਬੇਹਤਰ ਸਿਹਤ ਸਹੂਲਤਾਂ ਤੋਂ ਵਾਂਝੇ ਰਹਿ ਜਾਂਦੇ ਹਨ। ਮੋਟੀ ਫੀਸ ਕਾਰਨ ਪਿਛੜੇ ਇਲਾਕਿਆਂ ਦੇ ਗਰੀਬ ਵਿਦਿਆਰਥੀ ਇਸ ਸਿਖਿਆ ਤੋਂ ਵਾਂਝੇ ਰਹਿ ਜਾਂਦੇ ਹਨ ਜਦਕਿ ਅਜੇਹੇ ਵਿਦਿਆਰਥੀਆਂ ਵੱਲੋਂ ਪਿਛਲੇ ਇਲਾਕਿਆਂ 'ਚ ਪ੍ਰੈਕਟਿਸ ਕਰਨ ਦੀ ਸੰਭਾਵਨਾ ਵੱਧ ਹੁੰਦੀ ਹੈ। ਬਹੁਤੇ ਡਾਕਟਰਾਂ ਦਾ ਰੁਝਾਣ ਸੇਵਾ ਤੋਂ ਹਟਦਾ ਜਾ ਰਿਹਾ ਹੈ। ਇਸ ਕਾਰਨਾਂ ਭਿੰਨ-ਭਿੰਨ ਸਰਕਾਰੀ ਤੇ ਨਿਜੀ ਖੇਤਰਾਂ ਵਿਚ ਬਰਾਬਰ ਸੇਵਾਵਾਂ ਦੇਣ ਵਾਲੇ ਆਮ ਡਿਗਰੀ ਧਾਰਕਾਂ ਦੇ ਵਿਚ ਦੀ ਤਨਖਾਹ ਤੇ ਉਸ 'ਚ ਭਵਿੱਖ ਦੀ ਅਸੁਰਖਿਆ ਦਾ ਵਧਦਾ ਖਤਰਾ ਮਿਸਾਲ ਵਜੋਂ ਐਮ.ਬੀ.ਬੀ.ਐਸ ਦੀ ਇਕ ਹੀ ਡਿਗਰੀ ਵਾਲੇ ਡਾਕਟਰਾਂ ਨੂੰ ਜੂਨੀਅਰ ਰੈਜੀਂਡੈਂਟ, ਮੈਡੀਕਲ ਅਫਸਰ ਤੇ ਆਰ.ਐਮ.ਓ ਆਦਿ ਵੱਖ-ਵੱਖ ਅਹੁਦੇ ਦੇ ਕੇ ਉਹਨਾਂ ਦੀ ਤਨਖਾਹ 'ਚ ਕਾਫੀ ਫ਼ਰਕ ਰਖਿਆ ਜਾਂਦਾ ਹੈ ਤੇ ਇਸ ਵਿਵਸਥਾ 'ਚ ਉਹਨਾਂ ਦੇ ਭਵਿੱਖ ਦੇ ਰੁਜ਼ਗਾਰ ਦੀ ਕੋਈ ਗਰੰਟੀ ਨਹੀਂ ਹੁੰਦੀ। (BAMS, BUMS, BHMS) ਡਾਕਟਰਾਂ ਨੂੰ ਤਾਂ ਮੁੱਖ ਧਾਰਾ ਦਾ ਡਾਕਟਰ ਸਮਝਿਆ ਹੀ ਨਹੀਂ ਜਾਂਦਾ ਤੇ ਉਹਨਾਂ ਲਈ ਰੁਜ਼ਗਾਰ ਦੇ ਮੌਕੇ ਹੋਰ ਵੀ ਘੱਟ ਹੁੰਦੇ ਹਨ, ਨਾਲ ਇਹਨਾਂ ਵਿਸ਼ਿਆਂ 'ਚ ਰਿਸਰਚ ਦਾ ਬਹੁਤ ਬੁਰਾ ਹਾਲ ਹੈ। ਜਦ ਇਸ ਦੇਸ਼ ਦੀ ਸਰਕਾਰ ਉਹਨਾਂ ਦਾ ਵਿਸਵਾਸ਼ ਹੀ ਨਹੀਂ ਜਿੱਤ ਸਕੀ ਤਾਂ ਉਹ ਦੇਸ਼ ਦੇ ਲੋਕਾਂ ਦੀ ਭਲਾ ਨਿਰਸੁਆਰਥ ਸੇਵਾ ਕਿਵੇਂ ਕਰ ਸਕਦੇ ਹਨ? ਸਭ ਡਿਗਰੀ ਧਾਰਕ ਡਾਕਟਰਾਂ ਦੀਆਂ ਬਰਾਬਰ ਤਨਖਾਹਾਂ ਤੇ ਰੁਜ਼ਗਾਰ ਦੇ ਬਰਾਰਬ ਮੌਕੇ ਦੇਣਾ ਲਾਜ਼ਮੀ ਹੈ। ਬੇਹਤਰ ਡਾਕਟਰੀ ਸਿਖਿਆ ਦਾ ਮਕਸਦ ਬਹੁਗਿਣਤੀ ਅਬਾਦੀ ਲਈ ਉਚ ਪੱਧਰ ਦਾ ਇਲਾਜ ਮੁਹਈਆ ਕਰਾਉਣ ਵਾਲੇ ਡਾਕਟਰ ਤਿਆਰ ਕਰਨਾ ਹੋਵੇਗਾ ਪਰ ਜਿਸ ਸਮਾਜ 'ਚ ਸਭ ਵਸਤਾਂ ਵਾਗੂੰ ਸਿਹਤ ਸੇਵਾ ਵੀ ਖਰੀਦਣ ਤੇ ਵੇਚਣ ਦੀ ਵਸਤੂ ਬਣ ਗਈ ਹੋਵੇ ਅਤੇ ਦੇਸ਼ 'ਚ ਅਮੀਰਾਂ ਦੇ ਮੁਕਾਬਲਤਣ ਗਰੀਬਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੋਵੇ ਤਾਂ ਜਾਹਿਰ ਹੈ ਕਿ ਸਿਹਤ ਸੇਵਾ ਖਰੀਦਣ ਵਾਲਿਆਂ ਦੀ ਦੌੜ ਵਿਚ ਬਹੁਗਿਣਤੀ ਗਰੀਬ ਅਬਾਦੀ ਪਿਛੜ ਜਾਵੇਗੀ।

ਆਮ ਤੌਰ 'ਤੇ ਲੋਕਾਂ 'ਚ ਇਹ ਧਾਰਣਾ ਬੈਠਾ ਦਿਤੀ ਗਈ ਹੈ ਕਿ ਸਭ ਲਈ ਬਰਾਬਰ ਦੀ ਇਲਾਜ ਸੇਵਾ ਮੁਹਈਆ ਕਰ ਸਕਣਾ ਸੰਭਵ ਨਹੀਂ ਹੈ ਕਿ ਡਾਕਟਰਾਂ ਦੀ ਪੈਸਿਆਂ ਦੀ ਲੋਭ ਸੁਭਾਵਿਕ ਹੈ ਕਿ ਬੀਮਾਰ ਤੇ ਮਰਨ ਕੰਢੇ ਲੋਕਾਂ ਦੀ ਮਜ਼ਬੂਰੀ

ਦਾ ਫਾਇਦਾ ਉਠਾ ਕੇ ਮਾਲਾਮਾਲ ਹੋਣਾ ਜਾਇਜ਼ ਹੈ ਅਤੇ ਦੂਸਰੇ ਕਿਸੇ ਵੀ ਧੰਦੇ ਵਾਗੂੰ ਇਥੇ ਵੀ ਮੁਨਾਫਾਖੋਰੀ ਜਾਇਜ਼ ਹੈ ਪਰ ਇਹਨਾਂ ਸਾਰੀਆਂ ਧਾਰਨਾਵਾਂ ਨੂੰ ਝੂਠਾ ਸਾਬਤ ਕਰਦੇ ਹੋਇਆ ਕਿਊਬਾ ਨੇ ਨਾ ਸਿਰਫ ਆਪਣੇ ਦੇਸ਼ ਦੇ ਲੋਕਾਂ ਲਈ ਬਲਕਿ ਆਪਣੇ ਗੁਆਂਢੀ ਮੁਲਕਾਂ ਲਈ ਵੀ ਵਧੀਆ ਤੋਂ ਵਧੀਆ ਤੇ ਮੁਫ਼ਤ ਡਾਕਟਰੀ ਇਲਾਜ ਸੇਵਾ ਮੁਹਈਆ ਕਰਵਾਈ ਹੈ। ਕੀ ਕਿਊਬਾ ਦਾ ਬਹੁਜਨ ਹਿਤਕਾਰੀ ਮਾਡਲ ਪੂਰੀ ਦੁਨੀਆ 'ਚ ਨਹੀਂ ਅਪਣਾਇਆ ਜਾਣਾ ਚਾਹੀਦਾ?

ਅੱਜ ਮੁੱਖ ਸੁਆਲ ਇਹੀ ਹੈ ਕਿ ਸਮਾਜ ਦੇ ਰੋਮ-ਰੋਮ ਵਿਚ ਲੋਭ-ਲਾਲਚ ਤੇ ਉਚ ਸੁਆਰਥ ਦੀ ਮਾਨਸਿਕਤਾ ਦਾ ਅੰਤ ਕਿਵੇਂ ਹੋਵੇ ਤੇ ਦਿਨੋਂ-ਦਿਨ ਵਧਦੀ ਅਮੀਰੀ ਤੇ ਗਰੀਬੀ ਵਿਚਕਾਰ ਦੀ ਖਾਈ ਨੂੰ ਕਿਵੇਂ ਭਰਿਆ ਜਾਵੇ। ਜਦ ਤਕ ਨਾ ਬਰਾਬਰੀ, ਅੈਨਿਤਕਤਾ ਤੇ ਅਨਿਆਂ ਸਾਡੇ ਸਮਾਜ ਦੀ ਚਮਕ ਸ਼ਕਤੀ ਬਣੇ ਰਹਿਣਗੇ ਤਦ ਤਕ ਹਰਸ਼ਿਦ ਮਹਿਤਾ ਦੇ ਨਾਲ-ਨਾਲ ਕੇਤਨ ਦੇਸਾਈ ਵੀ ਪਣਪਦੇ ਰਹਿਣਗੇ ਤੇ ਡਾਕਟਰੀ ਸੇਵਾ 'ਚ ਸੁਧਾਰ ਮਹਿਜ ਕਪੋਲ ਕਲਪਨਾ ਹੀ ਸਾਬਤ ਹੋਵੇਗੀ। ਅੱਜ ਲੋੜ। ਇਸ ਪੂਰੇ ਸਮਾਜਕ-ਆਰਥਕ ਢਾਂਚੇ ਨੂੰ ਬਦਲਣ ਦੀ।

# ਰਿਟਾਇਰਮੈਂਟ ਅਤੇ ਸਿਖਿਆ ਦੀ ਦਸ਼ਾ ਤੇ ਦਿਸ਼ਾ ਕੀ ਹੈ?

ਸਤੀਸ਼ਗੜ੍ਹ ਸਰਕਾਰ ਨੇ ਕਾਲਜ ਅਧਿਆਪਕਾਂ ਦੀ ਸੇਵਾ ਮੁਕਤੀ ਦੀ ਉਮਰ ਤਿੰਨ ਸਾਲ ਵਧਾ ਦਿਤੀ ਹੈ। ਹੁਣ 62 ਤੋਂ 65 ਸਾਲ ਹੋ ਗਈ ਹੈ। ਸਰਕਾਰ ਦੇ ਇਸ ਫੈਸਲੇ ਦਾ ਸੁਆਗਤ ਕੀਤਾ ਜਾ ਰਿਹਾ ਹੈ। ਨਿੰਦਾ ਵੀ ਹੋ ਰਹੀ ਹੈ, ਹੋ ਸਕਦੈ ਨਿੰਦਾ ਸਰਕਾਰ ਤਕ ਨਾ ਪਹੁੰਚ ਰਹੀ ਹੋਵੇ। ਸੁਆਗਤ ਤੇ ਨਿੰਦਾ ਤੋਂ ਪੂਰੇ ਇਸ ਫੈਸਲੇ ਦੀ ਪੂਰੀ ਸਮੀਖਿਆ ਹੋਵੇ। ਇਸ ਨੂੰ ਸਮਾਜ 'ਚ ਆ ਰਹੇ ਬਦਲਾਅ ਦੇ ਪ੍ਰਸੰਗ 'ਚ ਸਮਾਜ ਸਾਸ਼ਤਰੀ ਸਮੀਖਿਆ ਦੇ ਤਹਿਤ ਲਿਆ ਜਾਣਾ ਚਾਹੀਦਾ ਹੈ। ਜਿਸ 'ਚ ਸਿਖਿਆ ਦੀਆਂ ਲੋੜਾਂ, ਸਿਖਿਆ ਦੀ ਗੁਣਵੰਣਤਾ ਦੇ ਨਾਲ ਬਦਲਦੇ ਸਮਾਜ ਦੀਆਂ ਲੋੜਾਂ 'ਚ ਇਸ ਫੈਸਲੇ ਦੀ ਸਾਰਥਕਤਾ 'ਤੇ ਵਿਚਾਰ ਹੋਣਾ ਚਾਹੀਦਾ ਹੈ। ਨਹੀਂ ਤਾਂ ਇਹ ਫੈਸਲਾ ਸਰਕਾਰ ਦੇ ਟ੍ਰੈਫਿਕ ਨਿਯਮ ਸੁਧਾਰਨ ਵਰਗਾ ਹੋ ਕੇ ਰਹਿ ਜਾਵੇਗਾ। ਪਤਾ ਨਹੀਂ ਰਾਜ ਸਰਕਾਰ ਨੇ ਸਮਾਜ ਸਾਸ਼ਤਰੀਆਂ, ਸਿਖਿਆ ਸਾਸ਼ਤਰੀਆਂ, ਨੌਜਵਾਨ ਸੰਗਠਨਾਂ ਨਾਲ ਇਸ ਤੇ ਸਲਾਹ ਮਸ਼ਵਰਾ ਕੀਤਾ ਜਾਂ ਨਹੀਂ। ਦਰਅਸਲ ਇਸ ਫੈਸਲੇ ਦੇ ਕਈ ਪਹਿਲੂ ਹਨ।

ਇਹ ਸਹੀ ਕਿ ਅੱਜ ਸਾਡੇ ਦੇਸ਼ 'ਚ ਲੋਕਾਂ ਦੀ ਔਸਤ ਉਮਰ ਵਧੀ ਹੈ। 1947 ਤੋਂ ਪਹਿਲਾਂ ਸੇਵਾ ਮੁਕਤੀ ਦੀ ਉਮਰ 55 ਸਾਲ ਸੀ ਅਤੇ ਫੇਰ 58 ਕੀਤੀ ਗਈ। ਪਿਛੋਂ 60 ਤੇ ਫੇਰ 62 ਕੀਤੀ ਗਈ ਹੈ। ਅਧਿਆਪਕ ਵਰਗ ਦੀ ਉਮਰ 'ਚ ਵਾਧੇ ਦੇ ਨਾਲ-ਨਾਲ ਖਾਣ ਪੀਣ 'ਚ ਬਦਲਾਅ, ਸਿਹਤ ਪ੍ਰਤੀ ਜਾਗਰੂਕਤਾ, ਬੇਹਤਰ ਸਿਹਤ ਸਹੂਲਤਾਂ ਦੀ ਉਪਲੱਭਧੀ ਆਦਿ ਕਾਰਨ ਔਸਤ ਉਮਰ ਵਧੀ ਅਤੇ ਨਵੀਂ ਤਕਨੀਕ ਦੇ ਆਉਣ ਇਸ ਦੀ ਵਰਤੋਂ ਕਾਰਨ ਕਾਰਜਕੁਸ਼ਲਤਾ ਵੀ ਵਧੀ। ਗਿਆਨ ਤੇ ਜਾਣਕਾਰੀਆਂ ਦੇ ਸਰੋਤ ਵਧਣ ਦੇ ਕਾਰਨ ਕਾਰੋਬਾਰ 'ਚ ਆਊਟਪੁਟ ਵਧੀ ਹੈ। ਅੱਜ ਸਿਖਿਆ ਲਈ ਡਸਟਰ, ਚਾਕ, ਤੇ ਬਲੈਕ ਬੋਰਡ ਜ਼ਰੂਰੀ ਚੀਜ਼ਾਂ ਨਹੀਂ ਰਹਿ ਗਈਆਂ। ਕੰਪਿਊਟਰ ਅਨੇਕਾਂ ਜਾਣਕਾਰੀਆਂ ਪੂਰੀਆਂ ਕਰ ਰਿਹਾ ਹੈ। ਸਲੇਬਸ ਦੀ ਪਾਠ ਪੁਸਤਕਾਂ ਤੋਂ ਇਲਾਵਾ ਵੀ ਜਾਣਕਾਰੀ ਦੇ ਹੋਰ ਵਸੀਲੇ ਮੁਹੱਈਆ ਹੋ ਗਏ ਹਨ। ਅਧਿਆਪਕ ਇਹਨਾਂ ਦੀ ਭਰਪੂਰ ਵਰਤੋਂ ਕਰ ਰਹੇ ਹਨ ਤੇ ਵਿਦਿਆਰਥੀਆਂ ਤਕ ਨੂੰ ਪ੍ਰੇਰਿਤ ਕਰ ਰਹੇ ਹਨ। ਰਹਿਣ-ਸਹਿਣ 'ਚ ਵਿਗਿਆਨਕ ਬਦਲਾਅ ਆਇਆ ਹੈ ਤੇ ਨਵੀਂ ਤਕਨੀਕ ਨੇ ਹਰ ਉਮਰ ਦੇ ਲੋਕਾਂ 'ਚ ਊਰਜਾ ਭਰੀ ਹੈ। ਅਜੇ 65 ਤੋਂ 80 ਸਾਲ ਤਕ ਦੇ ਲੋਕ ਕੰਮ ਕਰਦੇ ਮਿਲ ਜਾਣਗੇ। ਇਸ ਪ੍ਰਸੰਗ 'ਚ ਕਾਲਜ ਅਧਿਆਪਕਾਂ ਦੀ ਸੇਵਾ ਮੁਕਤੀ ਦੀ ਉਮਰ ਨੂੰ ਤਰਕ ਸੰਗਤ ਮੰਨਿਆ ਜਾ ਸਕਦਾ ਹੈ। ਸੂਬੇ 'ਚ ਯੂਨੀਵਰਸਿਟੀਆਂ, ਕਾਲਜਾਂ 'ਚ ਅਧਿਆਪਕਾਂ ਦੇ ਕਿੰਨੇ ਅਹੁਦੇ ਖਾਲੀ ਪਏ ਹਨ, ਉਹਨਾਂ ਉਪਰ ਨਿਯੁਕਤੀ ਨਹੀਂ ਹੋ ਰਹੀ। ਆਰਜੀ ਭਰਤੀ ਨਾਲ ਪੜ੍ਹਾਈ ਦਾ ਕੰਮ ਚਲਾਇਆ ਜਾ ਰਿਹਾ ਹੈ। ਨਿਯਮਤ ਅਧਿਆਪਕਾਂ ਦੀ ਗਿਣਤੀ ਤੋਂ ਵੱਧ ਕੱਚੇ ਅਧਿਆਪਕ ਹੋ ਰਹੇ ਹਨ।

ਹਰ ਸਾਲ ਨੌਜਵਾਨ ਕਾਲਜ ਤੋਂ ਨਿਕਲ ਰਹੇ ਹਨ। ਉਹਨਾਂ ਨੂੰ ਕੰਮ ਨਹੀਂ ਮਿਲ ਰਿਹਾ ਹੈ। ਪਤਾ ਨਹੀਂ ਪੀ.ਏ.ਸੀ ਕਿਹੋ ਜਿਹਾ ਇਸ਼ਤਿਹਾਰ ਜਾਰੀ ਕਰਦਾ ਹੈ, ਕਿਉਂ ਅਜਿਹਾ ਕਰਦਾ ਹੈ, ਹਰ ਵਾਰੀ ਮਾਮਲਾ ਅਦਾਲਤ 'ਚ ਚਲਾ ਜਾਂਦਾ ਹੈ। ਸੇਵਾ ਮੁਕਤੀ ਦੀ ਉਮਰ 65 ਸਾਲ ਕਰ ਦੇਣ 'ਤੇ ਅਗਲੇ ਤਿੰਨ ਸਾਲ ਹੋਰ ਨੌਜਵਾਨ ਰੁਜ਼ਗਾਰ ਤੋਂ ਵਾਂਝੇ ਰਹਿਣਗੇ। ਕੀ 35-40 ਸਾਲ ਦੀ ਉਮਰ ਤਕ ਨੌਕਰੀ ਲਈ ਭਟਕਣਾ ਦੁੱਖ ਨਹੀਂ ਦਿੰਦਾ? 65 ਸਾਲ ਦੀ ਸੇਵਾ ਮੁਕਤੀ ਉਮਰ ਕਰਨਾ ਉਦੋਂ ਹੀ ਸਹੀ ਹੋਵੇਗਾ, ਨੌਜਵਾਨਾਂ ਨਾਲ ਨਿਆਂ ਹੋਵੇਗਾ ਜੇ ਖਾਲੀ ਅਸਾਮੀਆਂ 'ਤੇ ਨਿਰੰਤਰ ਭਰਤੀ ਦਾ ਅਮਲ ਚਲਦਾ ਰਹੇ। ਨਹੀਂ ਤਾਂ ਨੌਜਵਾਨਾਂ 'ਚ ਹੋਰ ਨਿਰਾਸ਼ਾ ਜਨਮ ਲਵੇਗੀ। ਇਹ ਸਹੀ ਹੈ ਕਿ ਨਵੀਂ ਤਕਨੀਕ ਨੇ ਕਾਰਜਕੁਸ਼ਲਤਾ ਵਧਾਈ ਹੈ ਪਰ ਇਹ ਵੀ ਸਹੀ ਹੈ ਕਿ ਇਕ ਉਮਰ ਪਿਛੋਂ ਅਧਿਆਪਕ ਨਵੀਂ ਤਕਨੀਕ ਅਪਣਾਉਣ ਦੀ ਸਮਰਥਾ ਗੁਆ ਬੈਠਦੇ ਹਨ ਅਤੇ ਉਸ ਤੋਂ ਕਤਰਾਉਂਦੇ ਹਨ, ਉਸ ਦੀ ਨਿੰਦਾ ਕਰਦੇ ਹਨ ਤੇ ਪੁਰਾਣੇ ਦਾ ਹੀ ਗੁਣਗਾਣ ਕਰਦੇ ਰਹਿੰਦੇ ਹਨ। ਕੁਝ ਤਾਂ ਜਮਾਤ 'ਚ ਜਾਣਾ ਹੀ ਬੰਦ ਕਰ ਦਿੰਦੇ ਹਨ ਤੇ ਸਾਰਾ ਬੋਝ ਨਵੇਂ ਅਧਿਆਪਕਾਂ ਦੇ ਮੋਢਿਆਂ 'ਤੇ ਪਾ ਦਿੰਦੇ ਹਨ। ਅਸੀਂ ਬਹੁਤ ਕੁਝ ਕਰ ਲਿਆ, ਹੁਣ ਤੁਸੀਂ ਕਰੋ। ਨਵੀਆਂ ਕਿਤਾਬਾਂ ਪੜ੍ਹਨਾ ਬੰਦ ਹੋ ਜਾਂਦਾ ਹੈ। ਨੈਟ ਤੋਂ ਚਿੜਦੇ ਹਨ। ਪੁਰਾਣੇ ਸਮੇਂ ਦੇ ਤਿਆਰ ਨੋਟਸ ਹੀ ਉਹਨਾਂ ਦੇ ਕੰਮ ਆਉਂਦੇ ਹਨ। ਪਰ ਸਾਰੇ ਅਧਿਆਪਕ ਅਜੇਹੇ ਨਹੀਂ ਹੁੰਦੇ। ਕਾਫੀ ਅਧਿਆਪਕ ਸੇਵਾ ਮੁਕਤੀ ਤਕ ਚੁਸਤ-ਫੁਰਤ ਰਹਿੰਦੇ ਹਨ। ਪਰ ਇਹ ਵੀ ਸਹੀ ਹੈ ਕਿ ਹੁਣ ਕੁਝ ਦਾ ਧਿਆਨ ਸਰਕਾਰੀ ਜਾਂ ਵਿਭਾਗੀ ਪ੍ਰੋਜੈਕਟਾਂ 'ਤੇ ਲਗਿਆ ਰਹਿੰਦਾ ਹੈ। ਕੁਝ ਤਾਂ ਸ਼ੇਅਰ ਬਾਜ਼ਾਰ ਵੇਖਦੇ ਰਹਿੰਦੇ ਹਨ। ਨਵੀਂ ਤਕਨੀਕ ਨੇ ਘਰ ਬੈਠੇ ਇਹ ਸਹੂਲਤ ਦੇ ਦਿਤੀ ਹੈ। ਇਸ ਲਈ ਇਕ ਹੀ ਹੁਕਮ ਰਾਹੀਂ ਸੇਵਾ ਮੁਕਤੀ ਦੀ ਉਮਰ 'ਚ ਵਾਧੇ ਤੋਂ ਬੇਹਤਰ ਇਹ ਹੈ ਕਿ ਜੋ ਅਧਿਆਪਕ ਸਮਰਥਾ ਕਾਇਮ ਰੱਖੀ ਜਾ ਰਹੇ ਹਨ। ਉਹਨਾਂ ਨੂੰ ਹੀ ਅੱਗੇ ਤਕ ਕੰਮ ਦਾ ਮੌਕਾ ਦਿੱਤਾ ਜਾਵੇ ਪਰ ਇਹ ਸੌਖਾ ਨਹੀਂ ਹੈ। ਦਰਅਸਲ ਸੇਵਾ ਮੁਕਤੀ ਦੀ ਉਮਰ 'ਚ ਵਾਧੇ ਦਾ ਇਕ ਕਾਰਨ ਸ਼ਾਇਦ ਪ੍ਰਮੁਖ ਕਾਰਨ ਸਰਕਾਰ ਦੀ ਆਰਥਕ ਹਾਲਤ ਹੈ। ਨਵੀਆਂ ਨਿਯੁਕਤੀਆਂ ਕਰ ਨਹੀਂ ਰਹੀ। ਸਰਕਾਰ ਵੱਡੀ ਗਿਣਤੀ 'ਚ ਅਧਿਆਪਕ ਇਕ ਵੇਲੇ ਸੇਵਾ ਮੁਕਤ ਹੁੰਦੇ ਹਨ ਤਾਂ ਉਹਨਾਂ ਦੇ ਵੱਖ-ਵੱਖ ਫੰਡਾਂ ਦੇ ਭੁਗਤਾਨ ਦੀ ਸਮਸਿਆ ਦੇ ਕਾਰਨ ਇਹ ਤਰੀਕਾ ਅਖਤਿਆਰ ਕੀਤਾ ਹੈ। ਪੜ੍ਹਾਈ ਦੀ ਗੁਣਵੰਣਤਾ ਤੋਂ ਸਰਕਾਰ ਬਚਦੀ ਵੀ ਹੈ।

ਸਰਕਾਰ ਨੂੰ ਚਾਹੀਦਾ ਹੈ ਕਿ ਨਵੀਂਆਂ ਨਿਯੁਕਤੀਆਂ ਜਾਰੀ ਰਖੀਆਂ ਜਾਣ ਤੇ ਸੇਵਾ ਮੁਕਤੀ ਦੀ ਉਮਰ ਵਧਾਵੇ। ਨੌਜਵਾਨਾਂ ਨੂੰ ਕਦੋਂ ਤਕ ਮੌਕਿਆਂ ਤੋਂ ਵਾਂਝਿਆ ਰਖਿਆ ਜਾ ਸਕਦੈ। ਇਕ ਹੋਰ ਗੱਲ ਔਸਤ ਉਮਰ ਵਧੀ ਹੈ ਅਤੇ ਕਾਰਜਕੁਸ਼ਲਤਾ 'ਚ ਵਿਕਾਸ ਹੋਇਆ ਹੈ ਤਾਂ ਇਹ ਸਭ ਦਾ ਹੋਇਆ ਹੈ। ਫਿਰ ਪ੍ਰਾਇਮਰੀ ਸਕੂਲਾਂ ਤੋਂ ਲੈ ਕੇ ਹਾਈ ਸਕੂਲ ਹਾਇਰ ਸੈਕੰਡਰੀ ਸਕੂਲ ਦੇ ਅਧਿਆਪਕਾਂ ਦੀ ਸੇਵਾ ਮੁਕਤੀ ਦੀ ਉਮਰ ਵੀ ਵਧਣੀ ਚਾਹੀਦੀ ਹੈ। ਇਹ ਠੀਕ ਹੈ ਕਿ ਅਧਿਆਪਕ, ਜੱਜ, ਵਕੀਲ, ਡਾਕਟਰ ਜਿਵੇਂ-ਜਿਵੇਂ ਉਮਰ 'ਚ ਅੱਗੇ ਵਧਦੇ ਹਨ ਤਿਉਂ-ਤਿਉਂ ਤਜ਼ਰਬੇ 'ਚ ਪੱਕਦੇ ਚਲੇ ਜਾਂਦੇ ਹਨ। ਇਸ ਲਈ ਛੋਟੀਆਂ ਜਮਾਤਾਂ ਦੇ ਅਧਿਆਪਕਾਂ ਨੂੰ ਵੀ ਸੇਵਾ ਮੁਕਤੀ ਦੀ ਉਮਰ 65 ਸਾਲ ਕੀਤੀ ਜਾਣੀ ਚਾਹੀਦੀ ਹੈ। ਨਾਲ ਹੀ ਨਵੀਂ ਤਕਨੀਕ ਨੇ ਕਾਰਜ

ਕੁਸ਼ਲਤਾ ਵਧਾਈ ਹੈ ਤਾਂ ਕਲਰਕ ਤੇ ਹੋਰ ਕਰਮਚਾਰੀਆਂ ਦੀ ਕਾਰਜ ਕੁਸ਼ਲਤਾ ਵੀ ਵਧੀ ਹੈ। ਇਸ ਲਈ ਇਹਨਾਂ ਦੀ ਸੇਵਾ ਮੁਕਤੀ ਦੀ ਉਮਰ ਵੀ ਵਧਣੀ ਚਾਹੀਦੀ ਹੈ। ਪਰ ਜ਼ਰੂਰੀ ਇਹ ਹੈ ਕਿ ਨੌਜਵਾਨ ਬੇਰੁਜ਼ਗਾਰ ਨਾ ਘੁੰਮਣ, ਅਸਾਮੀਆਂ ਖਤਮ ਕਰਨ ਦੀ ਨੀਤੀ ਸਰਕਾਰ ਬੰਦ ਕਰੇ ਤੇ ਨਿਯੁਕਤੀਆਂ ਲਗਾਤਾਰ ਹੁੰਦੀਆਂ ਰਹਿਣ। ਸਮਾਜਕ ਬਦਲਾਅ ਦੇ ਦੌਰ 'ਚ ਪੂਰੀ ਨੀਤੀ ਇਕੋ ਵਾਰ ਬਣਾਈ ਜਾਵੇ। ਟੁਕੜਿਆਂ 'ਚ ਰਾਹਤ ਪੈਕੇਜ ਕਲਿਆਣਕਾਰੀ ਸਰਕਾਰ ਦੀ ਧਾਰਣਾ ਨੂੰ ਝੁਠਲਾਉਂਦੀ ਹੈ। ਇਹਨਾਂ ਵਿਚਾਰਾਂ ਬਾਰੇ ਕੁਝ ਮਿੱਤਰਾਂ ਦੀ ਰਾਇ ਰਹੀ ਕਿ ਕਾਲਜ ਅਧਿਆਪਕਾਂ ਦੀ ਸੇਵਾ ਮੁਕਤੀ ਦੀ ਉਮਰ ਇਸ ਲਈ ਵਧਾਈ ਗਈ ਹੈ ਕਿ ਕਾਲਜਾਂ 'ਚ ਪੜ੍ਹਾਉਣ ਵਾਲੇ ਨੌਜਵਾਨ ਅਧਿਆਪਕਾਂ ਦੀ ਘਾਟ ਪੈਦਾ ਹੋ ਗਈ ਹੈ। ਕੁਝ ਦਾ ਕਹਿਣਾ ਸੀ ਕਿ ਹੁਣ ਨੌਜਵਾਨ ਕਾਲਜ ਲੈਕਚਰਾਰ ਨਹੀਂ ਬਣਨਾ ਚਾਹੁੰਦਾ, ਕਾਲਜ 'ਚ ਅਧਿਆਪਕ ਬਣਨ ਤੋਂ ਕਤਰਾਉਂਦਾ ਹੈ। ਨੌਜਵਾਨਾਂ ਇਸ ਲਈ ਅਕਸਰ ਹਰ ਕਾਲਜ 'ਚ ਅਧਿਆਪਕਾਂ ਦੀ ਘਾਟ ਹੈ। ਹੁਣ ਜੇ ਸੇਵਾ ਮੁਕਤੀ ਦੀ ਉਮਰ ਨਾ ਵਧਾਈ ਤਾਂ ਇਕ ਪਾਸੇ ਕਾਲਜਾਂ 'ਚ ਅਧਿਆਪਕਾਂ ਦੀ ਘਾਟ ਦਾ ਸਾਹਮਣਾ ਕਰਨਾ ਪਵੇਗਾ। ਨਾਲ ਹੀ ਕਾਲਜ ਵਿਦਿਆਰਥੀਆਂ ਦੀ ਪੜ੍ਹਾਈ ਦਾ ਭਾਰੀ ਨੁਕਸਾਨ ਹੋਵੇਗਾ। ਮੌਜੂਦਾ ਅਧਿਆਪਕਾਂ ਨੂੰ ਜੇ ਸੇਵਾ ਮੁਕਤ ਕਰ ਦਿੱਤਾ ਗਿਆ ਤਾਂ ਉਥੇ ਪੜ੍ਹਾਉਣ ਵਾਲੇ ਨਹੀਂ ਰਹਿਣਗੇ। ਮਤਲਬ ਸਰਕਾਰ ਕਾਲਜ ਵਿਦਿਆਰਥੀਆਂ ਦੀ ਫਿਕਰ ਕਰ ਰਹੀ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਕਾਲਜ 'ਚ ਅਧਿਆਪਕਾਂ ਦੀ ਕਮੀ ਇਸ ਲਈ ਹੈ ਕਿ ਅੱਜ ਨੌਜਵਾਨ ਅਧਿਆਪਕ ਬਣਨਾ ਨਹੀਂ ਚਾਹੁੰਦੇ, ਨਾ ਸਿਰਫ ਕਲਾ ਵਿਸ਼ਿਆ 'ਚ ਬਲਕਿ ਵਿਗਿਆਨ, ਗਣਿਤ ਵਿਸ਼ਿਆ 'ਚ ਵੀ। ਇਸੇ ਕਾਰਨ ਅਧਿਆਪਕਾਂ ਦੀ ਘਾਟ ਹੈ। ਅੱਜ ਕਾਲਜ ਅਧਿਆਪਕਾਂ ਦੀ ਤਨਖਾਹ ਅੱਛੀ ਹੋ ਗਈ ਹੈ। ਅਜੇਹੇ ਸਮੇਂ 'ਚ ਕੋਈ ਨੌਜਵਾਨਾਂ ਕਾਲਜ ਅਧਿਆਪਕ ਨਾ ਬਣਨਾ ਚਾਹੇ, ਇਹ ਗੱਲ ਹਜ਼ਮ ਨਹੀਂ ਹੁੰਦੀ।

ਹੁਣ ਦੇਖੀਏ ਉਚ ਸਿਖਿਆ ਦੀ ਹਾਲਤ। ਇਕ ਦੋ ਅਖਬਾਰਾਂ 'ਚ ਪਿਛਲੇ ਹਫਤੇ ਹੀ ਰਾਜ 'ਚ ਉਚ ਸਿਖਿਆ ਬਾਰੇ ਖੋਜ਼ ਭਰਪੂਰ ਰਿਪੋਟ ਛਪੀ ਹੈ। ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਸੂਬੇ ਦੇ ਕਾਲਜਾਂ 'ਚ ਅਧਿਆਪਕਾਂ ਦੀਆਂ ਕਿੰਨੀਆਂ ਅਸਾਮੀਆਂ ਖਾਲੀ ਹਨ ਤੇ ਖਾਲੀ ਹੋਣ ਦਾ ਕਾਰਨ ਕੀ ਹੈ। ਸੂਬੇ 'ਚ 1991 ਪਿਛੋਂ ਕਾਲਜਾਂ 'ਚ ਖਾਲੀ ਅਸਾਮੀਆਂ 'ਤੇ ਭਰਤੀ ਹੀ ਨਹੀਂ ਹੋ ਰਹੀ ਹੈ। ਅਜੇ ਸੂਬੇ 'ਚ 72 ਕਾਲਜ ਹਨ ਇਹਨਾਂ 'ਚ 1400 ਖਾਲੀ ਅਸਾਮੀਆਂ ਹਨ। ਬੀਤੇ ਸਾਲ ਤਕ 50 ਫੀ ਸਦੀ ਅਸਾਮੀਆਂ ਐਡਹਾਕ ਰਾਹੀਂ ਸਰਕਾਰ ਭਰ ਲੈਂਦੀ ਸੀ। ਇਸ ਤਰ੍ਹਾਂ ਕਾਲਜਾਂ 'ਚ 50 ਫੀ ਸਦੀ ਰੈਗੂਲਰ ਅਧਿਆਪਕ ਤੇ 50 ਫੀ ਸਦੀ ਐਡਹਾਕ ਅਧਿਆਪਕ ਹੁੰਦੇ ਸੀ। ਪਰ ਇਸ ਸਾਲ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ) ਨੇ ਇਸ ਅਨੁਪਾਤ 'ਤੇ ਪਾਬੰਦੀ ਲਾ ਦਿਤੀ ਹੈ। ਠੀਕ ਕੀਤਾ ਹੈ। ਯੂ.ਜੀ.ਸੀ ਨੇ ਨਿਰਦੇਸ਼ ਦਿੱਤਾ ਹੈ ਕਿ ਸਿਰਫ 10 ਫੀ ਸਦੀ ਹੀ ਐਡਹਾਕ ਨਿਯੁਕਤੀ ਕੀਤੀ ਜਾਵੇ। ਇਸ ਨਿਰਦੇਸ਼ ਪਿਛੋਂ ਰਾਜ ਵਿਚ ਉਚ ਸਿਖਿਆ ਵਿਭਾਗ ਸਿਰਫ 180 ਐਡਹਾਕ ਨਿਯੁਕਤੀਆਂ ਹੀ ਕਰ ਸਕਿਆ। ਯੂ.ਜੀ.ਸੀ ਦਾ ਇਹ ਨਿਰਦੇਸ਼ ਇਕ ਤਰ੍ਹਾਂ ਨਾਲ ਸਰਕਾਰ ਦਾ ਸੰਕੇਤ ਹੈ ਕਿ ਕਾਲਜਾਂ 'ਚ (ਅਸਥਾਈ ਨਿਯੁਕਤੀਆਂ) ਬੰਦ ਕਰਕੇ

ਸਰਕਾਰ ਰੈਗੂਲਰ ਨਿਯੁਕਤੀਆਂ ਕਰੇ। ਪਰ ਸਰਕਾਰ ਨੇ ਰੈਗੂਲਰ ਨਿਯੁਕਤੀ ਤੋਂ ਟਾਲਾ ਵੱਟ ਲਿਆ ਹੈ ਤੇ ਅਧਿਆਪਕਾਂ ਦੀ ਕਮੀ ਨੂੰ ਸੇਵਾ ਮੁਕਤੀ ਦੀ ਉਮਰ ਵਧਾ ਕੇ ਪੂਰਾ ਕਰਨ ਦੀ ਚਲਾਕੀ ਪੂਰਨ ਚਾਲ ਚੱਲ ਦਿੱਤੀ। ਪਰ ਇਸ ਨਾਲ ਰਾਜ ਵਿਚ ਬੇਰੁਜ਼ਗਾਰ ਘੁੰਮ ਰਹੇ, ਯੋਗ ਨੌਜਵਾਨਾਂ ਦੀ ਸਮਸਿਆ ਹੱਲ ਨਹੀਂ ਹੋਵੇਗੀ। ਹੋ ਸਕਦਾ ਹੈ ਸੇਵਾ ਮੁਕਤੀ ਉਮਰ ਵਧਣ ਨਾਲ ਅਜੇਹੇ ਕੁਝ ਅਧਿਆਪਕ ਸਰਕਾਰ ਦੀ ਜੈ-ਜੈ ਕਾਰ ਕਰਨ। ਪਰ ਜੋ ਨੌਜਵਾਨ ਕਾਲਜ ’ਚ ਨੌਕਰੀ ਲਈ ਤਰਸ ਰਹੇ ਹਨ, ਸਾਲਾਂ ਤੋਂ ਆਸਾਂ ਲਾਈ ਬੈਠੇ ਹਨ, ਉਹਨਾਂ ਦੀ ਆਹ ਵੀ ਤਾਂ ਸਰਕਾਰ ਨੂੰ ਲੱਗੇਗੀ।

ਐਡਹਾਕ ’ਤੇ ਕਾਲਜ ਅਧਿਆਪਕਾਂ ਦੀ ਨਿਯੁਕਤੀ ਵੀ ਮਜ਼ਾਕ ਬਣ ਕੇ ਰਹਿ ਗਈ ਹੈ। ਮਜ਼ਾਕ ਤਾਂ ਕੀ ਇਹ ਬੇਰੁਜ਼ਗਾਰਾਂ ਦੀ ਲੁੱਟ-ਘਸੁੱਟ ਹੀ ਹੈ। ਸਤੰਬਰ ’ਚ ਨਿਯੁਕਤੀ ਦਿਤੀ ਜਾਂਦੀ ਹੈ ਅਤੇ ਮਈ ’ਚ ਸੇਵਾ ਤੋਂ ਵੱਖ ਕਰ ਦਿੱਤਾ ਜਾਂਦਾ ਹੈ। 12 ਹਜ਼ਾਰ ਰੁਪਏ ਮਾਸਕ ਦੇ ਕੇ ਰਾਏਪੁਰ ਦੇ ਨੌਜਵਾਨ ਨੂੰ ਕੁਨਕਰੀ ਜਾਣ ਲਈ ਕਿਹਾ ਜਾਂਦਾ ਹੈ। ਐਨੇ ਨਾਲ ਉਹ ਆਪ ਕੀ ਖਾਵੇ ਤੇ ਆਪਣੇ ਪ੍ਰੀਵਾਰ ਨੂੰ ਕੀ ਖੁਆਵੇ। ਦੇਣੀ ਹੀ ਹੈ ਤਾਂ ਪੂਰੀ ਤਨਖਾਹ (ਜੋ ਰੈਗੂਲਰ ਅਧਿਆਪਕ ਨੂੰ ਮਿਲਦੀ ਹੈ) ਦਿੱਤੀ ਜਾਵੇ। ‘ਐਡਹਾਕ’ ਦੀ ਤਨਖਾਹ ਘੱਟ ਕਿਉਂ? ਐਡਹਾਕ ਅਧਿਆਪਕ ਉਹੀ ਕੰਮ ਕਰਦੇ ਹਨ ਜੋ ਨਿਯਮਿਤ ਅਧਿਆਪਕ ਕਰਦੇ ਹਨ, ਫਿਰ ਤਨਖਾਹ ’ਚ ਫ਼ਰਕ ਕਿਉਂ? ਦਰਅਸਲ ਰਾਜ ਸਰਕਾਰ ਸਿਖਿਆ ਨੂੰ ਬੜੇ ਚਲਾਊ ਢੰਗ ਨਾਲ ਲੈ ਰਹੀ ਹੈ। ਦਰਅਸਲ ਰਾਜ ਸਰਕਾਰ ਨੂੰ ਨਾ ਤਾਂ ਸਿਹਤ ਸੇਵਾਵਾਂ ਨਾਲ ਸਰੋਕਾਰ ਹੈ ਤੇ ਨਾ ਹੀ ਗੁਣਵੰਣਤਾ ਸਿਖਿਆ ਨਾਲ ਅਤੇ ਨਾ ਹੀ ਜਨਤਕ ਟਰਾਂਸਪੋਰਟ ਨਾਲ। ਇਸ ਲਈ ਰਾਜ ’ਚ ਉਚ ਸਿਖਿਆ ਦਾ ਅਜੇਹਾ ਇਕ ਵੀ ਕੇਂਦਰ ਇਹਨਾਂ ਬਾਰਾਂ ਸਾਲਾਂ ’ਚ ਸਰਕਾਰ ਖੜ੍ਹਾ ਨਹੀਂ ਕਰ ਸਕੀ। ਇਥੋਂ ਦੇ ਸਿਖਿਆ ਕੇਂਦਰਾਂ ’ਤੇ ਰਾਜ ਦੇ ਵਿਦਿਆਰਥੀਆਂ ਨੂੰ ਭਰੋਸਾ ਨਹੀਂ, ਬਾਹਰਲਿਆਂ ਨੂੰ ਤਾਂ ਕੀ ਹੋਣਾ ਸੀ। ਜੋ ਲੋਕ ਪਹੁੰਚ ਵਾਲੇ ਹਨ ਉਹ ਸੂਬੇ ਤੋਂ ਬਾਹਰ ਦੇ ਕਾਲਜਾਂ ਨੂੰ ਤਰਜੀਹ ਦਿੰਦੇ ਹਨ ਜੋ ਮਜ਼ਬੂਰ ਹਨ, ਉਹ ਹੀ ਉਥੇ ਪੜ੍ਹਾ ਰਹੇ ਹਨ। ਜਿਸ ਰਾਜ ’ਚ ਉਚ ਸਿਖਿਆ ’ਚ ਦਾਖਲੇ ਦੀ ਪ੍ਰੀਖਿਆ ਦੇ ਪੇਪਰ ਆਊਟ ਹੁੰਦੇ ਹੋਣ ਉਥੇ ਉਚ ਸਿਖਿਆ ਦੀ ਦਸ਼ਾ-ਦਿਸ਼ਾ ਦਾ ਕੀ ਹਾਲ ਹੋਵੇਗਾ, ਇਹ ਅਸਾਨੀ ਨਾਲ ਪਤਾ ਲੱਗ ਜਾਂਦਾ ਹੈ।

# ਕੀ ਹੈ ਉਚ ਸਿਖਿਆ ਤੇ ਕਸਦਾ ਮੁਨਾਫਾਖੋਰੀ ਦਾ ਸ਼ਿਕੰਜਾ?

ਸਿਖਿਆ ਦੇ ਵਪਾਰੀਕਰਨ ਦੀਆਂ ਪਹਿਲੀਆਂ ਨੀਤੀਆਂ ਦਾ ਪ੍ਰਭਾਵ ਇਹ ਹੋਇਆ ਕਿ ਸਰਕਾਰੀ ਕਾਲਜਾਂ-ਯੂਨੀਵਰਸਿਟੀਆਂ ਨੇ ਆਮ ਗਰੇਜੂਏਟ ਤੇ ਪੋਸਟ ਗ੍ਰੇਜੂਏਟ ਸ਼ਲੇਬਸਾਂ 'ਚ ਭਾਰੀ ਫੀਸ ਵਾਧਾ ਕਰਨਾ ਸ਼ੁਰੂ ਕਰ ਦਿਤਾ। ਕਈ ਸ਼ੰਸਥਾਵਾਂ ਇਸ ਵਾਧੇ ਜ਼ਰੀਏ ਆਪਣਾ 50% ਤਕ ਖਰਚਾ ਇਕੱਠਾ ਕਰਨ ਲੱਗੀਆਂ ਜਦ ਕਿ ਵਿਕਸਤ ਪੂੰਜੀਵਾਦੀ ਦੇਸ਼ਾਂ ਵਿਚ ਵੀ ਫੀਸ ਰਾਹੀ 15-20 ਫੀਸਦੀ ਤੋਂ ਵੱਧ ਖਰਚਾ ਇਕੱਠਾ ਕਰਨਾ ਮੁਸਕਲ ਹੁੰਦਾ ਹੈ। ਨਤੀਜਾ ਇਹ ਕਿ ਜਿਹਨਾਂ ਸਲੇਬਸਾਂ 'ਚ ਪਹਿਲਾਂ ਤੋਂ ਹੀ ਘੱਟ ਗਿਣਤੀ 'ਚ ਰਜਿਸਟ੍ਰੇਸ਼ਨ ਹੁੰਦੀ ਸੀ, ਉਨ੍ਹਾਂ 'ਚ ਵਿਦਿਆਰਥੀਆਂ ਦੀ ਗਿਣਤੀ ਹੋਰ ਵੀ ਘਟਦੀ ਗਈ। ਦਿਲੀ ਯੂਨੀਵਰਸਿਟੀ 'ਚ ਨਿਰਧਾਰਿਤ ਸੀਟਾਂ ਵੀ ਭਰ ਨਹੀਂ ਸਕਦੀਆਂ। ਦੂਜਾ ਯੂਨੀਵਰਸਿਟੀਆਂ 'ਚ ਜਿਥੇ ਇਕ ਪਾਸੇ ਕਾਮਰਸ ਦੀ ਰਜਿਸਟ੍ਰੇਸ਼ਨ ਲਈ ਸਲੇਬਸਾਂ 'ਚ ਸਵੈ-ਨਿਰਭਰ ਪ੍ਰੋਗ੍ਰਾਮ ਕਰਨ ਦੀ ਦੌੜ ਲੱਗ ਗਈ ਕਿਉਂਕਿ ਸਰਕਾਰੀ ਗਰਾਂਟ ਵਜੋਂ ਉਨ੍ਹਾਂ ਨੂੰ ਜੋ ਤੁਛ ਰਾਸ਼ੀ ਦਿਤੀ ਜਾਂਦੀ ਸੀ। ਉਸ ਨੂੰ ਖਤਮ ਕਰਕੇ ਉਨ੍ਹਾਂ ਵਿਦਿਆਰਥੀਆਂ ਤੋਂ ਮਨਮਾਨੀ ਫੀਸ ਵਸੂਲ ਕਰਕੇ ਖਰਚਾ ਕੱਢਣ ਜਾਂ, ਮੱਠੀ ਮੌਤ ਮਰਨ ਲਈ ਛੱਡ ਦਿੱਤਾ ਗਿਆ ਹੈ। ਇਨ੍ਹਾਂ ਨਵੇਂ ਸਲੇਬਸਾਂ ਦਾ ਇਕੋ ਇਕ ਮਕਸਦ ਵਾਧੂ ਪੈਸਾ ਇਕਠਾ ਕਰਨਾ ਹੈ। ਸੁਨਹਿਰੇ ਭਵਿਖ ਦਾ ਝਾਂਸਾਂ ਦੇਣ ਵਾਲੇ ਐਮ. ਬੀ. ਏ., ਐਮ. ਸੀ. ਏ., ਪੱਤਰ ਕਾਰਿਤਾ, ਬੀ. ਐਡ, ਮਾਈਕਰੋ ਬਾਇਓਲੋਜੀ ਤੇ ਜੈਨੇਟਕੇ ਇੰਜਨੀਰਿੰਗ ਦੀ ਤਾਂ ਗੱਲ ਹੀ ਕੀ ਹੈ। ਸਵੈ ਸਹਾਇਤਾ ਸਲੇਬਸਾਂ ਦੇ ਨਾਂ 'ਤੇ ਸੋਸ਼ਲ ਵਰਕ, ਐਂਥਰੋ ਪੋਲੋਜੀ ਵਰਗੇ ਵਿਸ਼ਿਆਂ ਨੂੰ ਵੀ ਕਾਫੀ ਮਹਿੰਗਾ ਕਰ ਦਿੱਤਾ ਗਿਆ ਜਿਹਨਾਂ ਦੀ ਬਾਜ਼ਾਰ 'ਚ ਕੋਈ ਪੁਛ ਹੀ ਨਹੀਂ। ਯੂਨੀਵਰਸਿਟੀ ਪ੍ਰਬੰਧਕਾਂ ਦਾ ਧਿਆਨ ਅਕਾਦਮਿਕ ਸਰਗਰਮੀਆਂ ਤੇ ਸਿਖਿਆ ਦਾ ਪੱਧਰ ਸੁਧਾਰਨ ਦੀ ਥਾਂ ਵੱਧ ਤੋਂ ਵੱਧ ਪੈਸਾ ਇਕੱਠਾ ਕਰਨ ਤੇ ਬਜ਼ਾਰ ਦੇ ਉਤਰਾਅ ਚੜ੍ਹਾਅ 'ਤੇ ਕੇਂਦਰਿਤ ਹੋ ਗਿਆ।

ਤੀਸਰੇ ਯੂ. ਜੀ. ਸੀ. ਤੇ ਏ. ਆਈ., ਸੀ. ਟੀ. ਈ. (AICTE) ਦੇ ਸਹਿਯੋਗ ਨਾਲ ਕਈ ਯੂਨੀਵਰਸਿਟੀਆਂ ਨੇ ਪੂੰਜੀ ਪਤੀਆਂ ਦੇ ਨਾਲ ਡੂੰਘੇ ਸੰਬੰਧ ਬਣਾਉਣ ਤੇ ਉਨ੍ਹਾਂ ਤੋਂ ਪੈਸਾ ਹਾਸਲ ਕਰਨ ਲਈ ਯੂਨੀਵਰਸਿਟੀ ਸੇਲ ਉਦਯੋਗ ਦੀ ਸਥਾਪਨਾ ਕੀਤੀ। ਇਸ ਦਾ ਮਕਸਕ ਸਮਾਜ ਦੇ ਲਈ ਨਹੀਂ ਬਲਕਿ ਬਾਜ਼ਾਰ ਦੇ ਲਈ ਪ੍ਰਸੰਸਿਨ ਵਿਸ਼ਿਆਂ ਦੀ ਸਿਖਿਆ ਤੇ ਖੋਜ ਨੂੰ ਹੱਲਾ ਸ਼ੇਰੀਦੇਣਾ ਤੇ ਇਸ ਲਈ ਨਿਜੀ ਸਰਮਏਦਾਰਾਂ ਨਾਲ ਵਪਾਰਕ ਸਮਝੌਤਾ ਕਰਨਾ ਸੀ। ਕਈ ਕੌਮਾਂਤਰੀ ਰਿਆਇਤ ਹਾਸਲ ਸੰਸਥਾਵਾਂ ਨੇ ਨਿਜੀ ਪੂੰਜੀਪਤੀਆਂ ਲਈ ਕੰਸਲਟੈਸੀ ਠੇਕੇ 'ਤੇ ਕੰਮ ਜਾਂ ਹੋਰ ਸੇਵਾਵਾਂ ਮੁਹਈਆ ਕਰਕੇ ਪੈਸਾ ਇਕੱਠਾ ਕਰਨਾ ਸ਼ੁਰੂ ਕੀਤਾ ਤਾਂ ਕੁਝ ਨੇ ਆਪਣੀ ਪ੍ਰਯੋਗਸ਼ਾਲਾ ਜਾਂ ਵਿਭਾਗ ਹੀ ਬਹੁ-ਕੌਮੀ ਕੰਪਨੀਆਂ ਨੂੰ ਵੇਚ ਦਿੱਤੇ। ਚੌਥਾ, ਵਧੀ ਹੋਈ ਫੀਸ ਦੇਣ ਲਈ ਬੈਂਕਾਂ ਨੇ ਵਿਦਿਆਰਥੀਆਂ ਲਈ ਸਟੱਡੀ ਲੋਨ ਦੇਣੇ ਸ਼ੁਰੂ ਕੀਤੇ। ਮਤਲਬ ਇਹ ਕਿ

ਭਾਵੀ ਪੀੜੀ ਨੂੰ ਸਿਖਿਆ ਦੇਣ ਦੀ ਜਿੰਮੇਵਾਰੀ ਤੋਂ ਸਰਕਾਰ ਨੇ ਖੁਦ ਨੂੰ ਅਜ਼ਾਦ ਕਰ ਲਿਆ। ਸਿਖਿਆ ਕਰਜਾ ਦੇਣ ਦੀ ਸ਼ੁਰੂਆਤ ਕਰਕੇ ਉਸ ਨੇ ਇਹ ਬੋਝ ਪ੍ਰੀਵਾਰ 'ਤੇ ਅਤੇ ਪ੍ਰੀਵਾਰ 'ਚ ਵੀ ਖੁਦ ਵਿਦਿ : 'ਤੇ ਪਾ ਦਿੱਤਾ ਜੋ ਆਪਣੀ ਪੜਾਈ ਦਾ ਖਰਚ ਭਵਿਖ 'ਚ ਕਈ ਸਾਲਾਂ ਪਿਛੋਂ ਤਕ ਉਤਾਰਦਾ ਰਹੇਗਾ। ਇਸ ਤਰ੍ਹਾਂ ਗਿਆਨ ਹੁਣ ਜਨਤਕ ਦੌਲਤ ਨਾ ਰਹਿ ਕੇ ਇਕ ਨਹਾਇਤ ਨਿਜੀ ਖਪਤ ਦੀ ਵਸਤੂ ਬਣ ਗਿਆ। ਕਰਜਾ ਲੈ ਕੇ ਪੜਾਈ ਕਰਨ ਵਾਲਾ ਵਿਦਿਆਰਥੀ ਕਦੇ ਵੀ ਦੇਸ਼ ਤੇ ਸਮਾਜ ਬਾਰੇ ਨਹੀਂ ਸੋਚ ਸਕਦਾ ਕਿਉਂਕਿ ਉਸ ਦਾ ਪਹਿਲਾਂ ਫਿਕਰ ਕਰਜਾ ਮੋੜਨ ਦਾ ਹੋਵੇਗਾ। ਇਹ ਤਾਂ ਨੀਤੀ ਘਾੜਿਆਂ ਦੀ ਬੇਰਿਸੀ ਤੇ ਵਿਚਾਰਕ ਦਿਵਾਲੀਏਪਣ ਨਾਲ ਜੁੜਿਆ ਇਕ ਸਿਧਾਂਤਿਕ ਪਹਿਲੂ ਹੈ, ਸਟੱਡੀ, ਲੋਨ ਦਾ ਅਸਲੀ ਪਹਿਲੂ ਤਾਂ ਹੋਰ ਵੀ ਘਾਤਕ ਹੈ ਕਿਉਂਕਿ ਕਰਜਾ ਦੇਣ ਤੋਂ ਪਹਿਲਾਂ ਬੈਂਕ ਆਪਣੇ ਗਾਹਕ ਦੀ ਆਰਥਿਕ-ਸਮਾਜਿਕ ਹੈਸੀਅਤ ਵੇਖਦਾ ਹੈ ਇਸ ਲਈ ਕਾਰੋਬਾਰੀ ਜਾਂ ਕਿਤਾਮੁਖੀ  ਸਲੇਬਸਾਂ ਲਈ ਲੇਖਾਂ ਰੁਪਏ ਦਾ ਕਰਨਾ ਮੰਜੂਰ ਕਰਵਾ ਸਕਣਾ ਗਰੀਬ ਪ੍ਰੀਵਾਰਾਂ ਲਈ ਬਹੁਤ ਹੀ ਜਹਾਲਤ ਭਰਿਆ ਹੈ। ਕੋਰਲਾ ਦੀ ਵਿਦਿਆਰਥਣ ਰਜਨੀ ਦੀ ਆਤਮ ਹੱਤਿਆਂ ਪਿੱਛੇ ਇਹੀ ਮੁਖ ਕਾਰਨ ਸੀ ਇਥੇ ਇਸ ਗੱਲ ਨੂੰ ਅੱਛੀ ਤਰ੍ਹਾਂ ਰੇਖਾਂਕਿਤ ਕਰਨਾ ਜ਼ਰੂਰੀ ਹੈ ਕਿ ਸਰਕਾਰੀ ਯੂਨੀਵਰਸਿਟੀਆਂ ਵਲੋਂ ਸਵੈ ਸਹਾਇਤਾ ਸਲੇਬਸਾਂ ਦੀ ਸ਼ੁਰੂਆਤ ਕਰਨਾ ਦੇਸ਼ 'ਚ ਉਚ ਸਿੱਖਿਆ ਦੇ ਵਪਾਰੀ ਕਰਨ ਦੀ ਦਿਸ਼ਾ 'ਚ ਇਕ ਮੁਖ ਕਾਰਨ ਸੀ ਨਿਜੀ ਸਿੱਖਿਆ ਸੰਸਥਾਵਾਂ ਤਾਂ ਪਹਿਲਾਂ ਵੀ ਸਨ ਜੋ ਮੁਨਾਫੇ ਦੇ ਤਰਕ ਨਾਲ ਹੀ ਸਿੱਖਿਆ ਦਿੰਦੀਆਂ ਸਨ ਪਰ ਇਹ ਦੌਰਾਨ ਸਰਕਾਰੀ ਸੰਸਥਾਵਾਂ ਇਕ ਆਦਰਸ਼ ਵਜੋਂ ਨਿਜੀ ਖੇਤਰ ਲਈ ਸੁਭਾਵਿਕ ਮਰਿਆਦਾ ਤੇ ਸੀਮਾ ਤਹਿ ਕਰਦੀਆਂ ਸਨ, ਚਾਹੇ ਉਹ ਸਿਖਿਆ ਦਾ ਪੱਧਰ ਹੋਵੇ, ਰਜਿਸਟ੍ਰੇਸ਼ਨ ਲਈ ਪਾਤਰਤਾ ਦਾ ਮਾਪਦੰਡ ਹੋਵੇ ਜਾਂ ਫੀਸ ਦਾ ਢਾਂਚਾ। ਇੰਡੀਅਨ ਇੰਸਟੀ ਚੂਟ ਆਫ਼ ਟੈਕਨੋਲੋਜੀ ਤੇ ਬਿਡਲਾ ਇੰਸਟੀਚੂਟ ਆਫ ਟੈਕਨੋਲੋਜੀ ਇਸ ਦੀਆਂ ਸਪਸ਼ਟ ਮਿਸਾਲਾਂ ਹਨ। 80 ਦੇ ਦਹਾਕੇ ਤਕ ਦੇਸ਼ 'ਚ 57% ਉਚ ਸਿੱਖਿਆ ਆਦਾਰੇ ਨਿਜੀ ਪ੍ਰਬਦਿਕਾਂ ਦੇ ਅਧੀਨ ਸਨ ਪਰ ਉਹ ਸਾਰੇ ਚਲਾਏ ਉਨ੍ਹਾਂ ਨਿਯਮਾ ਦੇ ਤਹਿਤ ਸਨ ਜੋ ਸਰਕਾਰੀ ਸੰਸਥਾਵਾਂ ਲਈ ਬਣਾਏ ਗਏ ਸਨ। ਨਾਲ ਹੀ ਮੈਡੀਕਲ ਤੇ ਇੰਜਨੀਰਿੰਗ ਕਾਲਜਾਂ ਨੂੰ ਛੱਡਕੇ ਬਾਕੀ ਸ਼ਲੇਬਸਾਂ ਦੀ ਫੀਸ ਵਿਚ ਵੀ ਕੋਈ ਵਿਸ਼ੇਸ ਫਰਕ ਨਹੀਂ ਸੀ। ਕੈਪਿਟੇਸ਼ਨ ਫੀਸ ਜਾਂ ਡੋਨੇਸ਼ਨ ਦਾ ਲੈਣ ਦੇਣ ਵੀ ਅੰਦਰ ਖਾਤੇ ਹੁੰਦਾ ਸੀ ਜਿਸ 'ਚ ਲੈਣ ਵਾਲਾ ਵੀ ਸ਼ਰਮਾਉਂਦਾ ਸੀ ਤੇ ਦੇਣ ਵਾਲਾ ਵੀ ਝਿਫਦਾ ਸੀ। ਪਰ ਸਵੈ-ਸਾਹਇਤਾ ਸਲੇਬਸਾਂ ਦੇ ਨਾਂ ਹੇਠ ਜਦ ਸਰਕਾਰੀ ਸੰਸਥਾਵਾਂ ਨੇ ਖੁਦ ਹੀ ਸਿੱਖਿਆ ਦੀ ਦੁਕਾਨਾ ਖੋਹਲਣੀਆ ਸ਼ੁਰੂ ਕਰ ਦਿਤੀਆਂ ਤਾਂ ਨਿਜੀ ਖੇਤਰ ਨੂੰ ਮੁਨਾਫਾ ਖੋਰੀ ਲਈ ਵਿਧਾਨਿਕ ਤਰਕ ਤੇ ਨੈਤਿਕ ਅਧਾਰ ਮਿਲ ਗਿਆ। ਸਾਡੇ ਦੇਸ਼ 'ਚ ਗੈਰ-ਸਰਕਾਰੀ ਸੰਸਥਾਵਾਂ 'ਤੇ ਸਰਮਾਏਦਾਰਾਂ ਵਲੋਂ ਸਿੱਖਿਆ ਖੇਤਰ 'ਚ ਪੂੰਜੀ ਨਿਵੇਸ਼ ਵੀ ਕੋਈ ਪਹਿਲੀ ਵਾਰੀ ਨਹੀਂ ਹੋ ਰਿਹਾ। ਅਜਾਦੀ 'ਤੋਂ ਪਹਿਲਾਂ ਡੀ. ਏ. ਵੀ. ਸੰਸਥਾਵਾਂ, ਕਾਸ਼ੀ ਹਿੰਦੂ ਯੂਨੀਵਰਸਿਟੀ, ਅਲੀਗੜ ਮੁਸਲਿਮ ਯੂਨੀਵਰਸਿਟੀ ਜਾਮਿਲਾ ਮਿਲੀਆ ਆਸਲਾਮੀਆ ਯੂਨੀਵਰਸਿਟੀ ਵਰਗੀਆਂ ਅਣਗਿਣਤ ਸੰਸਥਾਵਾਂ ਦੀ ਸਥਾਪਨਾ ਇਸ ਤਰ੍ਹਾਂ ਹੋਈ ਸੀ। ਅਜਾਦੀ ਪਿਛੋਂ ਵੀ ਦੂਰ ਪੇਂਡੂ ਇਲਾਕਿਆਂ 'ਚ ਅਣਗਿਣਤੀ ਪ੍ਰਇਮਰੀ, ਮਿਡਲ ਸਕੂਲਾਂ ਤੋਂ ਲੈ ਕੇ ਕਾਲਜਾਂ ਤਕ ਦੀ ਸਥਾਪਨਾਂ ਕਰਨ

'ਚ ਸਥਾਨਕ ਲੋਕਾਂ ਨੇ ਸੰਸਥਾਵਾਂ ਦੀ ਮਹੱਤਵਪੂਰ ਭੂਮਿਕਾ ਸੀ ਪਰ ਉਸ ਦੌਰ 'ਚ ਸਿੱਖਿਆ ਨੂੰ ਵਪਾਰ ਬਣਾਉਣ ਦੀ ਕੋਈ ਕਲਪਨਾ ਵੀ ਨਹੀਂ ਕਰਦਾ ਸੀ। ਇਤਿਹਾਸ ਦੇ ਇਸ ਦੌਰ 'ਚ ਦੇਸ਼ ਤੇ ਸਮਾਜ ਦੀ ਉਨਤੀ ਤੇ ਲੋਕਾ ਸੇਵਾਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਹੀ ਅਜੇਹੀਆਂ ਸੰਸਥਾਵਾਂ ਦੀ ਸਥਾਪਨਾ ਕੀਤੀ ਗਈ ਸੀ। ਪਰ ਦੇਸ਼ ਦੁਨੀਆਂ ਦੀਆਂ ਬਦਲੀਆਂ ਹੋਈਆਂ ਹਾਲਤਾਂ 'ਚ ਜਦ ਪਾਣੀ ਵਰਗੀ ਕੁਦਰਤੀ ਚੀਜ ਨੂੰ ਵੀ ਮੁਨਾਫਾ ਦਾ ਸਾਧਨਾ ਬਣਾਇਆ ਜਾਂ ਰਿਹਾ ਹੈ ਤਦ ਸਿੱਖਿਆ 'ਚ ਪੂੰਜੀ ਨਿਵੇਸ਼ ਦਾ ਰੂਪ ਉਹੀ ਨਹੀਂ ਹੈ ਜੋ ਪਹਿਲਾਂ ਦੇ ਦੌਰ ਵਿਚ ਸੀ। ਹਰ ਚੀਜ ਨੂੰ ਮੁਨਾਫੇ ਦਾ ਜ਼ਰੀਆਂ ਬਣਾਉਣ ਵਾਲੇ ਜਦ ਸਰਮਾਏਦਾਰ ਉਸ ਸਿੱਖਿਆ ਦੇ ਵਪਾਰ 'ਚ ਉਤਰਨਗੇ ਤਾਂ ਕੀ ਉਹ ਮੁਨਫਾਖੋਰੀ ਤੋਂ ਬਾਜ ਆਉਣਗੇ ਤੇ ਦੇਸ਼-ਸਮਾਜ ਦੇ ਹਿੱਤ 'ਚ ਕੰਮ ਕਰਨਗੇ? ਬਿਡਲਾ ਅੰਬਾਨੀ ਰਿਪੋਟ 'ਚ ਇਸ ਗੱਲ ਦਾ ਸਪਸ਼ਟ ਜੁਆਬ ਦੇ ਦਿਤਾ ਹੈ ਬਿਲਕੁਲ ਨਹੀ। ਇਸ ਗੱਲ ਨੂੰ ਕੇਰਲ ਦੀ ਉਦਾਹਰਣ ਨਾਲ ਸਾਫ ਸਮਝਿਆ ਜਾ ਸਕਦਾ ਹੈ ਜਦ ਇਕ ਪਾਸੇ ਪ੍ਰਾਈਵੇਟ ਸੰਸਥਾਵਾਂ ਦੇ ਮਾਲਕਾਂ ਤੇ ਦੂਜੇ ਪਾਸੇ ਕੇਰਲਾ ਸਰਕਾਰ ਵਿਚ ਕੇਰਲਾ ਹਾਈ ਕੋਰਟ ਤੇ ਸੁਪਰੀਮ ਕੋਰਟ 'ਚ ਪਿਛਲੇ 3 ਸਾਲਾਂ ਤਕ ਤਿੱਖਾ ਸੰਘਰਸ ਚੱਲਿਆ ਜੋ ਸੁਪਰੀਮ ਕੋਰਟ ਦੇ ਫੈਸਲੇ ਪਿਛੋਂ ਹੀ ਜਾ ਕੇ ਰੁਕਿਆ। ਮਾਮਲਾ ਇਹ ਸੀ ਕਿ ਕੇਰਲ ਸਰਕਾਰ ਨੇ 2002-03 'ਚ ਲਗਭਗ 400 ਪ੍ਰਾਈਵੇਟ ਸੰਸਥਾਵਾਂ ਨੂੰ ਮੈਡੀਕਲਾ ਇੰਜਨੀਰਿੰਗ ਤੇ ਮੈਨੇਜਮੈਂਟ ਕਾਲਜ ਖੋਲਣ ਦੀ ਇਜਾਜਤ ਦੇ ਦਿਤੀ ਗਈ। ਨਿਜੀ ਕਰਨ ਖਿਲਾਫ ਸੰਘਰਸ ਕਰ ਰਹੇ ਵਿਦਿਆਰਥੀਆਂ ਉਹਨਾਂ ਨੇ ਭਰੋਸਾ ਦਿਤਾ ਸੀ ਕਿ ਨਵੇ ਪ੍ਰਾਈਵੇਟ ਕਾਲਜਾਂ ਨੂੰ 50 ਕੇਰਲਾ ਸੀਟਾਂ ਫ੍ਰੀ ਤੇ ਸਰਕਾਰੀ ਕਾਲਜਾਂ ਬਰਾਬਰ ਫੀਸ ਰੱਖੀ ਜਾਵੇਗੀ। 2003 ਦੇ ਕਾਲਜਾਂ 'ਚ ਫ੍ਰੀ ਸੀਟਾਂ 'ਚ ਦਾਖਲਾ ਹਾਸਲਾ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਕਾਰੀ ਕਾਲਜਾਂ ਬਰਾਬਰ ਯਾਨੀ ਮੈਡੀਕਲ ਕਾਲਜਾਂ ਲਈ 11500 ਰੁਪਏ ਤੇ ਇਜਨੀਰਿੰਗ ਕਾਲਜਾਂ ਲਈ 6600 ਰੁਪਏ ਸਲਾਨਾ ਫੀਸ ਜਮਾਂ ਕਰਨੀ ਪੈਦੀ ਸੀ। 2003 'ਚ ਇਸਲਾਮਿਕ ਅਕੈਡੇਮੀ ਆਫ ਐਜੂਕੇਸ਼ਨ ਬਨਾਮ ਕੇਰਲ ਸਰਕਾਰ ਦੇ ਕੇਸ 'ਚ ਸੁਪਰੀਮ ਕਰੋਟ ਨੇ ਦੋਨਾਂ ਕਿਸਮਾ ਦੀਆਂ ਸੀਟਾਂ 'ਤੇ ਇਕੋ ਜਿਹੀ ਫੀਸ ਰੱਖਣ ਦਾ ਫੈਸਲਾ ਲਿਆ। ਫੀਸ ਢਾਂਚਾ ਤਹਿ ਕਰਨ ਲਈ ਨੇਟੀ ਥਾਮਸ ਕਮੇਟੀ ਬਣਾਈ ਗਈ ਜਿਸ ਨੇ ਮੈਡੀਕਲ ਕਾਲਜਾਂ ਲਈ 1,13000 ਰੁਪਏ ਤੇ ਇੰਜਨੀਰਿੰਗ ਕਾਲਜਾਂ ਲਈ 38000 ਰੁਪਏ ਸਲਾਨਾ ਫੀਸ਼ ਤਹਿ ਕੀਤੀ। ਕੇਟੀ ਥਾਮਸਾ ਕਮੇਟੀ ਵਲੋਂ ਪ੍ਰਸ਼ਤਾਵਿਤ ਫੀਸ਼ ਨੂੰ ਸਰਕਾਰੀ ਕਾਲਜਾਂ ਦੀ ਤੁਲਨਾ 'ਚ ਬਹੁਤ ਜਿਆਦਾ ਮੰਨਦਿਆ ਹੋਇਆ ਸਰਕਾਰ ਨੇ ਇਸ ਖਿਲਾਫ "ਕੇਰਲ ਸਵੈ-ਸਹਾਇਤਾ ਕਾਰੋਬਾਰੀ ਕਾਲਜ (ਕੈਪੀਟੀਸ਼ਨ ਫੀਸ਼ ਰੋਕੂ ਅਤੇ ਦਾਖਲਾ ਅਸਲ ਤੇ ਫੀਸ ਨਿਰਧਾਰਣ) ਕਨੂੰਨ 2004" ਪਾਸ ਕੀਤਾ। ਦੂਜੇ ਪਾਸੇ ਪ੍ਰਾਈਵੇਟ ਕਾਲਜਾਂ ਇਸ ਕਨੂੰਨ 'ਚ ਚਣੌਤੀ ਦਿੰਦੇ ਹੋਇਆਂ ਸੁਪਰੀਮ ਕਰੋਟ 'ਚ ਪਟੀਸ਼ਨ ਪਾਈ ਜਿਸ ਨੇ ਜੁਲਾਈ 2004 'ਚ ਕਮੇਟੀ ਵਲੋਂ ਪਾਸ ਸਰਕਾਰੀ ਤੇ ਮੈਨੇਜਮੈਂਟ ਕੋਟੇ ਲਈ ਸੀਟਾਂ ਲਈ ਇਕ ਬਰਾਬਰ ਫੀਸ ਪ੍ਰਣਾਲੀ ਨੂੰ ਲਾਗੂ ਕਰਨ ਦਾ ਫੈਸਲਾ ਲਿਆ। ਇਸ ਕਾਰਨ ਸਰਕਾਰੀ ਕਾਲਜਾਂ ਦੀ ਤੁਲਨਾ ਵਿਚ ਨਿਜੀ ਮੈਡੀਕਲ ਕਾਲਜਾਂ 'ਚ 6 ਗੁਣਾ ਫੀਸ ਵਧ ਗਈ। ਮਜ਼ਬੂਰਨ ਬਹੁਤ ਸਾਰੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਆਪਣੀ ਪੜਾਈ ਵਿਚਾਲੇ ਛੱਡਣੀ ਪਈ 2005 'ਚ ਸੁਪਰੀਮ ਕੋਰਟ ਦਾ ਫੈਸਕੁੰਨ ਫੈਸਲਾ

ਆਇਆ ਕਿ ਪ੍ਰਾਈਵੇਟ ਕਾਲਜਾਂ 'ਚ ਸਰਕਾਰ ਨੂੰ ਫ੍ਰੀ ਸੀਟਾ, ਰਾਖਵਾਕਾਰਨ ਜਾਂ ਫੀਸ ਢਾਂਚਾ ਤਹਿ ਕਰਨ ਦਾ ਕੋਈ ਅਧਿਕਾਰ ਨਹੀਂ ਰਹੇਗਾ। ਪ੍ਰਾਈਵੇਟ ਕਾਲਜ਼ਾਂ ਨੇ ਇੰਜਨੀਰਿੰਗ ਤੇ ਮੈਡੀਕਲ ਲਈ ਅਨੁਮਾਨਿਤ 3 ਤੋਂ 7 ਲੱਖ ਤਕ ਸਲਾਨਾ ਫੀਸ ਪ੍ਰਸਤਾਵਿਤ ਕੀਤੀ ਸੀ। ਜਾਹਿਰ ਹੈ ਕਿ ਸਿੱਖਿਆ ਵਪਾਰੀਆਂ ਦੇ ਪੱਖ ਵਿਚ ਫੈਸਲਾ ਦੇ ਕੇ ਸੁਪਰੀਮ ਕੋਰਟ ਨੂੰ ਉਚ ਸਿੱਖਿਆ ਨੂੰ ਪੈਸੇ ਵਾਲਿਆਂ ਲਈ ਰਾਖਵਾਂ ਕਰ ਦਿੱਤਾ। ਖੁੰਬਾਂ ਵਾਗੂੰ ਉਗ ਆਏ ਵਪਾਰਕ ਸਲੇਬਸ ਅਜੇ ਗਿਆਨ-ਵਿਗਿਆਨ ਦੇ ਪਸਾਰੇ ਦੀ ਥਾਂ ਮਾਪਿਆਂ ਨੂੰ ਲੁੱਟਣ ਤੇ ਬੇਹਿਸਾਬ ਕਮਾਉਣ ਦੇ ਸਾਧਨ ਬਣ ਗਏ ਹਨ। ਹੋਟਲ ਮੈਨੇਜ ਮੈਂਟ, ਟੂਰਿਜ਼ਮ, ਹਸਪਿਟਿਲਟੀ ਫੈਸ਼ਨ ਡਿਜ਼ਾਇੰਨਗ, ਮਾਡਲਿੰਗ, ਬਿਊਟੀ ਕੇਅਰ, ਏਕਟਿੰਗ, ਕੰਪਿਊਟਰ ਇਲੈਕਟ੍ਰਾਨਿਕ ਮੀਡੀਆ ਪੈਰਾ ਮੈਡੀਕਲ ਆਦਿ ਅਨੇਕਾਂ ਨਵੇਂ ਨਵੇਂ ਕੋਰਸ ਖੁੱਲ ਰਹੇ ਹਨ ਜੋ ਆਮ ਘਰਾਂ ਤੋ ਆਉਣ ਵਾਲੇ ਬੱਚਿਆ ਦੀ ਪਹੁੰਚ ਤੋਂ ਬਾਹਰ ਹਨ ਕਿਉਂਕਿ ਉਦਯੋਗ ਤੇ ਖੇਤੀ ਖੇਤਰ 'ਚ ਰੁਜ਼ਗਾਰ ਦੇ ਮੌਕੇ ਨਾਮਾਤਰ ਰਹਿ ਗਏ ਹਨ। ਇਸ ਲਈ ਰੁਜ਼ਗਾਰ ਦੇ ਨਵੇਂ ਦੇ ਨਵੇਂ ਖੇਤਰਾਂ ਵੱਲ ਲੋਕਾਂ ਦਾ। ਝੁਕਾਅ ਵਧਿਆ ਹੈ। ਇਸ ਸਥਿਤੀ ਦਾ ਫਾਇਦਾ ਉਠਾਉਂਦੇ ਹੋਇਆਂ ਸਿੱਖਿਆ ਦੇ ਵਪਾਰੀ ਨਵੇਂ ਨਵੇਂ ਸਲੇਬਸਾਂ ਨੂੰ ਮਹਿੰਗੇ ਭਾਅ ਵੇਚ ਰਹੇ ਹਨ ਤੇ ਮੁਨਾਫਾ ਕਮਾ ਰਹੇ ਹਨ। ਪੜ੍ਹਾਈ ਪਿਛੋਂ ਵਿਦਿਆਰਥੀਆਂ ਨੂੰ ਰੁਜ਼ਗਾਰ ਮਿਲਗਾ ਜਾਂ ਨਹੀਂ ਇਸ ਨਾਲ ਉਨ੍ਹਾਂ ਨੂੰ ਕੋਈ ਮਤਲਬ ਨਹੀਂ। ਉਨ੍ਹਾਂ ਦਾ ਇਕੋ ਇਕ ਉਦੇਸ਼ ਹੈ ਸਿੱਖਿਆ ਤੋਂ ਮੁਨਾਫਾ। ਕੇਂਦਰ ਸਰਕਾਰ ਨੇ ਦਿੱਲੀ 'ਚ ਗੁਰੂ ਗੋਬਿੰਦ ਸਿੰਘ ਇਦੰਰਪ੍ਰਥ ਯੂਨੀਵਰਸਿਟੀ ਸਿਰਫ ਇਸ ਲਈ ਖੋਲੀ ਹੈ ਉਹ ਸਵੈ-ਸਹਾਇਤਾ ਕਾਲਜਾਂ ਨੂੰ ਇਕਸਾਰਤਾ ਮੁਹਈਆ ਕਰ ਸਕਣ। ਨਾਲ ਹੀ ਕਈ ਨਿਜੀ ਮੈਨੇਜਮੈਂਟ ਤੇ ਸੂਚਨਾ ਤਕਨੋਲੋਜੀ ਸੰਸਥਾਵਾਂ ਨੂੰ ਲਗਭਗ ਯੂਨੀਵਰਸਿਟੀ ਵਾਗੂੰ ਚਲਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਜਿਹਨਾਂ ਨੂੰ ਆਪਣੀ ਖੁਦ ਦੀ ਡਿਗਰੀ ਤੇ ਡਿਪਲੋਮਾ ਸਾਰਟੀਫੀਕੇਟ ਜਾਰੀ ਕਰਨ ਦਾ ਅਧਿਕਾਰ ਹੈ। ਪਿਛੇ ਜਿਹੇ ਹੀ ਅਜੇਹੀਆ ਕਈ ਡੀਮਿੰਡ। ਯੂਨੀਵਰਸਿਟੀਆਂ ਬਾਰੇ ਯੂ. ਜੀ. ਸੀ. ਨੇ ਮੰਨਿਆ ਹੈ ਕਿ ਉਹ ਕਿਸੇ ਵੀ ਪੈਮਾਨੇ ਨੂੰ ਪੂਰਾ ਕਰਨ ਲਈ ਰਾਜੀ ਨਹੀਂ ਹਨ। ਸੰਵਿਧਾਨ ਤੇ ਸੰਸਦ ਵਲੋਂ ਸਥਾਪਤ ਸੰਸਥਾਵਾਂ ਦੀ ਕਲਿਆਣਕਾਰੀ ਰਾਜ ਦੀ ਪ੍ਰੀਭਾਸ਼ਾ ਭੁੱਲ ਦੇ ਅੱਜ ਬਾਜ਼ਾਰਵਾਦ ਦੀ ਧੁੰਨ ਤੇ ਨੱਚ ਰਹੀਆਂ ਹਨ। ਆਜਾਦੀ ਪਿਛੋਂ ਉਚ ਸਿੱਖਿਆ ਦੀਆਂ ਵੱਖ-ਵੱਖ ਸਾਖਾਵਾਂ ਦੇ ਕੰਟਰੋਲ ਨਿਯਮਨ ਤੇ ਆਰਥਕ ਸਹਾਇਤਾ ਲਈ ਸਰਕਾਰ ਨੇ ਯੂਨੀਵਰਸਿਟੀ ਗਰਾਂਟ ਕਮਿਸ਼ਨ (ਯੂ. ਜੀ. ਸੀ.) ਕੁਝ ਹਿੰਦ ਤਰਨੀਕੀ ਸਿੱਖਿਆ ਪ੍ਰੀਸ਼ਦ (AICTE) ਮੈਡੀਕਲ ਕਾਊਂਸਿਲ ਆਫ ਇੰਡੀਆਂ ਵਰਗੀਆਂ। ਲਈ ਸੰਸਥਾਵਾਂ ਦਾ ਗਠਨ ਕੀਤਾ ਸੀ। ਅੱਜ ਦੇ ਦੌਰ 'ਚ ਇਹਨਾਂ ਦੀ ਭੂਮਿਕਾ ਵਪਾਰੀਕਰਨ ਨੂੰ ਹੱਲਾਸ਼ੇਰੀ ਦੇਣ ਤਕ ਹੀ ਸੀਅਤ ਰਹਿ ਗਈ ਹੈ। ਪੁਰਾਨੇ ਰੂਪਾਂ 'ਚ ਇਹਨਾਂ ਦੀ ਪ੍ਰਸੰਸਗਿਕਤਾ 'ਤੇ ਸੁਆਲੀਆ ਚਿੰਨ੍ਹ ਲੱਗ ਗਏ ਹਨ। 28 ਸਤੰਬਰ 2002 ਨੂੰ ਯੂ. ਜੀ. ਸੀ ਦੀ ਗੋਲਡਨ ਜੁਬਲੀ ਮੌਕੇ ਤਤਕਲੀਨ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਉੱਚ ਸਿੱਖਿਆ ਦੇ ਵਪਾਰੀਕਰਨ ਦੀ ਸਿਫਾਰਸ਼ ਕਰਦਿਆਂ ਕਿਹਾ ਸੀ ਕਿ UGC ਦੇ ਭਵਿਖ ਦਾ ਰਾਹ ਜਦ ਪਹਿਲਾਂ ਤੋਂ ਵੱਖਰਾ ਹੈ ਤਾਂ ਇਸ ਨੂੰ ਇਕ ਲਵਾਂ ਨਾਂ ਕਿਉਂ ਨਾ ਦਿਤਾ ਜਾਵੇ। ਜੋ ਇਸ ਦੇ ਟੀਚੇ ਤੇ ਆਦਰਸ਼ ਨੂੰ ਬੇਹਤਰ ਢੰਗ ਨਾਲ ਜਾਹਰ ਕਰੇ, ਯਾਨੀ- 'ਯੂਨੀਵਰਸਿਟੀ ਸਿੱਖਿਆ ਵਿਕਾਸ ਕਮਿਸ਼ਨ' ਜਾਂ ਯੂਨਵਰਸਿਟੀ ਪ੍ਰਬੰਦਕੀ ਕਮਿਸ਼ਨ'

ਗੌਰ ਕਰਨ ਵਾਲੀ ਗੱਲ ਇਹ ਹੈ ਕਿ 'ਗਰਾਂਟ' ਸ਼ਬਦ ਨੂੰ ਤਿਆਗ ਕੇ ਉਸ ਦੀ ਥਾਂ 'ਸਿੱਖਿਆ ਵਿਕਾਸ' ਜਾਂ ਪ੍ਰਬੰਧ ਸ਼ਬਦ ਰੱਖਣ ਦੀ ਲੋੜ ਕਿਉਂ ਆਈ? ਇਸ ਲਈ ਕਿ ਸਰਕਾਰ ਨੂੰ ਉਚ ਸਿੱਖਿਆ ਦੀ ਗਰਾਂਟ ਨੂੰ ਹੌਲੀ ਹੌਲੀ ਘੱਟ ਕਰਕੇ ਹੋਇਆਂ ਆਖਰਕਾਰ ਉਸ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਪਵੇਗਾ। ਨਾਲ ਹੁਣ ਸਵੈ-ਸਹਾਇਤਾ ਜਾਂ ਨਿਜੀ ਸੰਸਥਾਵਾਂ ਨੇ ਵੀ ਸਰਕਾਰੀ ਸੰਸਥਾਂਵਾਂ ਦੀ ਜਗਾਹ ਲੈਣੀ ਸ਼ੁਰੂ ਕਰ ਦਿੱਤੀ ਹੈ। ਅਜੇਹੇ 'ਚ ਯੂ. ਜੀ. ਸੀ. ਦੀ ਭੂਮਿਕਾ ਖਤਮ ਹੋਣ ਕਿਨਾਰੇ ਹੈ। ਪਰ ਜਿਸ ਤਰ੍ਹਾਂ ਨਿਜੀ ਯੂਨੀਵਰਸਿਟੀ ਕਨੂੰਨ ਪਾਸ ਹੋਇਆਂ ਬਿਨਾਂ ਹੀ ਉਚ ਸਿੱਖਿਆ ਦਾ ਨਿਜੀਕਰਨ ਜਾਰੀ ਹੈ। ਇਸ ਤਰ੍ਹਾਂ ਯੂ. ਜੀ. ਸੀ. ਦੇ ਨਾਂ ਜਾਂ ਨਿਯਮਾ ਵਿਚ ਤਬਦੀਲੀ ਲਿਆਏ ਬਿਨਾ ਵੀ ਉਹ ਸਿੱਖਿਆ ਦੇ ਬਾਜ਼ਾਰੀਕਰਨ ਵਿਚ ਆਪਣੀ ਨਵੀਂ ਭੂਮਿਕਾ ਨੂੰ ਬਾਖੂਬੀ ਨਿਭਾ ਰਹੀ ਹੈ। ਜੁਲਾਈ 2005 'ਚ ਸੇਵਾ ਖੇਤਰ ਤੇ ਸਾਫਟ ਵੇਅਰ ਦੀਆਂ ਕੰਪਨੀਆਂ ਦੇ ਸੰਗਠਨ 'ਨਾਸਕਾਮ' ਨੇ ਏ. ਆਈ. ਸੀ. ਟੀ. ਈ. ਤੇ ਯੂ. ਜੀ. ਸੀ. ਦੇ ਨਾਲ ਗਠਜੋੜ ਕੀਤਾ ਹੈ। ਜਿਸ ਦਾ ਉਦੇਸ਼ ਸਾਫਟ ਵੇਅਰ ਉਦਯੋਗ ਦੀਆਂ ਲੋੜਾਂ ਦੇ ਅਨਕੂਲ 'ਮਨੱਖੀ ਵਸੀਲੇ' ਵਿਕਸਤ ਕਰਨਾ, ਭਵਿੱਖ 'ਚ ਰੁਜ਼ਗਾਰ ਦੀਆਂ ਸੰਭਾਵ ਨਾਵਾਂ ਦਾ ਅਨੁਮਾਨ ਲਾਉਣਾ ਸਿੱਖਿਆਂ ਸੰਸਥਾਵਾਂ ਨਾਲ ਤਾਲ ਮੇਲ ਕਰਕੇ ਇਸ ਦੇ ਲਈ ਨਵੇਂ ਕੋਰਸ ਵਿਕਸਤ ਕਰਨਾ ਤੇ ਸ਼ਖਲਾਈ ਦੇਣ ਵਾਲਿਆਂ ਨੂੰ ਨਵੀਂ ਜਾਣਕਾਰੀ ਦੇਣਾ ਹੈ। ਜਾਹਰ ਹੈ ਕਿ ਜਿਹਨਾਂ ਸਰਮਾਏਦਾਰਾਂ ਨੂੰ ਉਸ ਕੰਮ ਲਈ ਖੁਦ ਸਿਖਲਾਈ ਸੰਸਥਾ ਖੋਹਲਣੀ ਪੈਂਦੀ ਹੈ, ਉਸ ਨੂੰ ਉਹ ਸਰਕਾਰੀ ਏਜੰਸੀਆਂ ਦੇ ਜੁਰੀਏ ਸਸਤੇ ਭਾਅ ਕਰਵਾਉਣਾ ਚਾਹੁੰਦੇ ਹਨ। 14-15 ਸਾਲਾਂ 'ਚ ਯੂ. ਜੀ. ਸੀ. ਵਲੋਂ ਉਦਯੋਗ ਤੇ ਯੂਨੀਵਰਸਿਟੀ ਵਿਚਕਾਰ ਤਾਲਮੇਲ ਲਈ ਕਈ ਯੂਨੀਵਰਸਿਟੀ ਨੇ, 'ਯੂਨੀਵਰਸਿਟੀ ਇੰਡਸਟ੍ਰੀ ਸੇਲ' ਜਥੇਬੰਦ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਕੰਮ ਇਸ ਨਵੀਂ ਸਮਝਦਾਰੀ ਰਾਹੀਂ ਆਰਥਣ ਵਸੀਲੇ ਇਕੱਠਾ ਕਰਨਾ ਹੈ। ਵਿਦੇਸ਼ਾਂ 'ਚ ਭਾਰਤੀ ਉਚ ਸਿੱਖਿਆ ਨੂੰ ਹੱਲਾ ਸ਼ੇਰੀ ਦੇਣ ਲਈ ਯੂ. ਜੀ. ਸੀ. ਦੀ ਕਮੇਟੀ ਨੇ 20 ਅਜੇਹੀਆਂ ਯੂਨੀਵਰਸਿਟੀਆਂ ਦੀ ਚੋਣ ਕੀਤੀ ਹੈ ਜੋ ਵਿਦੇਸ਼ਾਂ 'ਚ ਖੁਦ ਨੂੰ ਬੇਹਤਰੀਨ ਭਾਰਤੀ ਜੋ ਸਿੱਖਿਆ ਦੇ ਵਪਾਰੀ ਵਜੋਂ ਸਥਾਪਨ ਕਰ ਸਕਦੇ ਹਨ। ਯੂ. ਜੀ. ਸੀ. ਅੱਜ ਦੁਨੀਆਂ ਭਰ 'ਚ ਸਿੱਖਿਆ ਦੀ ਮਾਰਕਿਟਿੰਗ ਕਰਨ ਵਾਲੀ ਸੰਸਥਾ ਬਣ ਗਈ ਹੈ। ਏ ਆਈ ਸੀ. ਟੀ. ਈ. ਤੇ ਨੈਸ਼ਨਲ ਅਸੈਸਮੈਂਟ ਐਂਡ ਇਕ੍ਰੀਡੇਸ਼ਨ ਕਾਊਂਸਿਲ (ਨਾਕ) ਵੀ ਉਚੇ ਸਿੱਖਿਆ ਸੰਸਥਾਵਾਂ 'ਤੇ ਲਗਾਤਾਰ ਇਸ ਗੱਲ ਲਈ ਦਬਾਅ ਬਣਾ ਰਹੀ ਹੈ ਕਿ ਉਹ ਬਾਜ਼ਾਰ ਦੀਆਂ ਲੋੜਾਂ ਦੇ ਅਨੁਕੂਲ ਆਪਣੇ ਸਲੇਬਸਾਂ 'ਚ ਤੇਜੀ ਨਾਲ ਬਦਲਾਅ ਲਿਆਉਣ ਤੇ ਉਹੀ ਪੜਾਉਣ ਜਿਸ ਦੀ ਬਾਜਾਰ 'ਚ ਮੰਗ ਹੋਵੇ। ਸਿੱਖਿਆਂ ਦੇ ਨਿਜੀਕਰਣ ਨੇ ਦੇਸ਼ ਅੰਦਰ ਸਿੱਖਿਆ ਸਹੂਲਤਾਂ ਦੇ ਮਾਮਲੇ 'ਚ ਵੱਡੇ ਪੈਮਾਨੇ 'ਤੇ ਖੇਤਰੀ ਨਫਰਤ ਤੇ ਜਹਿਰ ਨੂੰ ਜਨਮ ਦਿੱਤਾ ਕਿਉਂਕਿ ਇਨ੍ਹਾਂ ਇਲਾਕਿਆਂ ਵਿਚ ਪੂੰਜੀਵਾਦੀ ਵਿਕਾਸ ਦੇ ਕਾਰਨ ਖਪਤਕਾਰੀ ਜਮਾਤ ਦਾ ਵਿਕਾਸ ਵੱਧ ਹੋਇਆ ਸਰਮਾਏਦਾਰ ਉਨ੍ਹਾਂ ਇਲਾਨਿਆਂ 'ਚ ਪ੍ਰਾਈਵੇਟ ਕਾਲਜ ਖੋਹਲਣਾ ਪਸੰਦ ਕਰਦੇ ਹਨ। ਇਹੀ ਕਾਰਨ ਹੈ ਕਿ ਚਾਰ ਦੱਖਣੀ ਰਾਜਾਂ ਅਤੇ ਮਹਾਂਰਾਸ਼ਟਰ ਦੀ ਅਬਾਦੀ ਭਾਰਤ ਦੀ ਕੁਲ ਅਬਾਦੀ ਦਾ 32% ਹੈ ਜਦ ਕਿ ਉਥੇ 60% ਵਪਾਰਕ ਸਲਬੇਸਾਂ ਵਾਲੀਆਂ ਸੰਸਥਾਵਾਂ ਹਨ। ਇਸਦੇ ਉਲਟ 34% ਅਬਾਦੀ ਵਸੋਂ ਉਤਰ ਪ੍ਰਦੇਸ਼ ਮੱਧਪ੍ਰਦੇਸ਼ ਬਿਹਾਰ ਤੇ ਝਾਰਖੰਡ 'ਚ ਅਜੇਹੀਆ ਸੰਸਥਾਵਾਂ

ਸਿਰਫ 14% ਹਨ। ਨਿਜੀਕਰਨ ਦੇ ਇਸ ਦੌਰ ’ਚ ਸੈਂਕੜੇ ਕਿਸਮਾਂ ਦੇ, ਸਲੇਬਸਾਂ ਦੇ ਵਿਸ਼ਿਆਂ ਵਿਚ ਕੇਵਲ ਭਾਰਤੀ ਮੁਨਾਫਾ ਦੇਣ ਵਾਲੇ ਰੁਜ਼ਗਾਰ ਮੁਖੀ। ਸਲੇਬਸਾਂ ਨੂੰ ਹੀ ਤਰਜੀਤ ਦਿਤੀ ਜਾ ਰਹੀ ਹੈ। ਇਸ ਸੌੜੇ ਬਜਾਰ ਕੇਂਦਰਿਤ ਨਜ਼ਰੀਏ ਕਾਰਨ ਸਿੱਖਿਆ ਦੇ ਵਿਆਪਕ ਉਦੇਸ਼ ਤੇ ਉਸਦੇ ਚਹੁੰਮੁਖੀ ਵਿਕਾਸ ’ਤੇ ਬੇਹਦ ਘਾਤਕ ਪ੍ਰਾਭਵ ਪੈ ਰਿਹਾ ਹੈ। ਸੰਨ 2000 ਤਕ ਭਾਰਤ ਵਿਚ 1200 ਤੋਂ ਵੱਧ ਪ੍ਰਈਵੇਟ ਇੰਜਨੀਰਿੰਗ ਕਾਲਜਾਂ ਅਤੇ 720 ਪ੍ਰਾਈਵੇਟ ਮੈਨਜਮੈਂਟ ਕਾਲਜ ਸਨ। ਇੰਜਨੀਰਿੰਗ ਕਾਲਜਾਂ ਵਿਚ ਵੀ ਚਾਰ ਟ੍ਰੇਡਾਂ ਕੰਪਿਊਟਰ, ਇਲੈਕਟ੍ਰਾਨਿਕਸ, ਸੂਚਨਾ ਤਕਨੀਕ ’ਤੇ ਕਮਿਊਨੀ ਕੇਸ ਦੀ ਹੀ ਬਹੁਤਾਤ ਹੈ। ਇਸ ਦੌਰਾਨ ਸੂਧ ਵਿਗਿਆਨ ਮਾਨਵਿਕੀ ਭਾਸ਼ਾ ਤੇ ਸਾਹਿਤ ਦੇ ਖੇਤਰ ਵਿਚ ਸਾਇਦ ਹੀ ਕਿਸੇ ਨਿਜੀ ਸੰਸਥਾਂਦੀ ਸਥਾਪਨਾ ਹੋਈ ਹੋਵੇ। ਵਿਦੇਸ਼ੀਆਂ ਸਰਮਾਏਦਾਰਾਂ ਦਾ ਸਿੱਖਿਆ ਖੇਤਰ ’ਚ ਪ੍ਰੇਵਸ਼ ਦੇ ਸਿਟੇ ਵਜੋਂ ਪਹਿਲਾਂ ਤੋਂ ਚੱਲੀ ਆ ਰਹੀ ਨਫਰਤ ਦੀ ਇਹ ਖਾਲੀ ਹੋਰ ਵੀ ਚੋੜੀ ਹੋ ਰਹੀ ਹੈ ਕਿਉਂਕਿ ਮੁਨਾਫੇ ਦੀ ਇਕੋ ਇਕ ਪ੍ਰੇਰਕ ਸ਼ਕਤੀ ਮੰਨਣ ਵਾਲੇ ਤੇ ਸਭ ਤਰ੍ਹਾਂ ਦੇ ਕੰਟਰੋਲ ਤੋਂ ਮੁਨਕਰ ਹੋਣ ਕਰਕੇ ਸੰਸਥਾਵਾਂ ਆਮ ਵਿਦਿਆਰਥੀਆਂ ਲਈ ਸਿੱਖਿਆ ਦੇ ਮੌਕੇ ਸਲੇਬਸਾਂ ਦੀ ਚੋਣ ਉਨ੍ਹਾਂ ਦੀ ਗੁਣ ਵੰਣਤਾ ਤੋਂ ਕੀਮਤ ਦੇ ਮਾਮਲੇ ਵਿਚ ਦੇਸ਼ੀ ਖਿਡਾਰੀਆਂ ਤੋਂ ਅੱਗੇ ਹੈ।

ਭਾਰਤ ’ਚ ਸਿੱਖਿਆ ਦਾ ਵਪਾਰ ਕਿੰਨਾ ਵਿਰਾਟ ਰੂਪ ਧਾਰਨ ਕਰ ਚੁਕਿਆ ਹੈ ਇਸ ਗੱਲ ਦਾ ਅੰਦਾਜਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ। ਕਿ ਪਿਛਲੇ ਪੰਜ ਸਾਲਾਂ ’ਚ ਸਿਖਆ ਖੇਤਰ ਪ੍ਰਿੰਟ ਮੀਡੀਆਂ ਨੂੰ ਇਸ਼ਤਿਹਾਰ ਦੇਣ ਵਾਲੇ ਤੀਜੇ ਸਭ ਤੋਂ ਵੱਡੇ ਖੇਤਰ ਤੋਂ ਹੁਣ ਪਹਿਲੇ ਨੰਬਰ ’ਤੇ ਆ ਗਿਆ ਹੈ। ਅਖਬਾਰਾਂ ’ਚ ਪੂਰੇ ਸਫੇ ਦੇ ਆਕਰਸਿਕ ਇਸਤਿਹਾਰਾਂ ਤੋਂ ਇਲਾਵਾ ਸਿੱਖਿਆ ਸੰਸਥਾਵਾਂ ’ਤੇ ਸਪਤਾਹਿਕ ਅੰਕ ਨਿਕਲ ਰਹੇ ਹਨ। ਜੋ ਦੇਸੀ ਵਿਦੇਸ਼ੀ ਸੰਸਥਾਵਾਂ ਨੇ ਨਵੇਂ-ਨਵੇਂ ਵਪਾਰਕ ਸਲੇਬਸ ਦੇ ਭਰਮਾਊ ਇਸਤਿਹਾਰਾਂ ਨਾਲ ਭਰੇ ਪਏ ਹਨ।

# ਡੀਮਡ ਯੂਨੀਵਰਸਿਟੀਆਂ ਦਾ ਕਹਿਰ ਕਿਵੇਂ ਰੁਕੇ?

ਦਿਲੀ-ਨਿਓਡਾ ਹਾਈਵੇ 'ਤੇ ਅੱਜ ਕੱਲ੍ਹ ਸ਼ਾਰਦਾ ਯੂਨੀਵਰਸਿਟੀ ਦੇ ਵੱਡੇ-ਵੱਡੇ ਇਸ਼ਤਿਹਾਰਾਂ ਦੀ ਕਤਾਰ ਦਿਸਦੀ ਹੈ। ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਨੇ 2008 'ਚ ਇਸ ਨੂੰ 'ਡੀ ਨੋਵੋ' ਮਾਪਦੰਡ ਦੇ ਤਹਿਤ ਯੂਨੀਵਰਸਿਟੀ ਦੀ ਮਾਨਤਾ ਦਿਤੀ ਸੀ ਪਰ ਨਾਲ ਹੀ ਮੰਤਰਾਲੇ ਨੇ ਇਸ ਨੂੰ ਅਪਾਣੀ ਖਾਮੀਆਂ ਦੂਰ ਕਰਨ ਲਈ ਨਿਰਦੇਸ਼ ਵੀ ਦਿਤਾ ਸੀ। ਜਿਸ ਦੀ ਅਣਦੇਖੀ ਕਰਕੇ ਇਸ ਨੇ ਅਗਾਸਤ 2008 ਦੇ ਨਵੇਂ ਸੈਸ਼ਨ ਦੀ ਸ਼ੁਰੂਆਤ ਕਰ ਦਿੱਤੀ ਸੀ। ਪਿਛੋਂ ਇਸਨੇ ਉਤਰ ਪ੍ਰਦੇਸ਼ ਵਿਧਾਇਕਾਂ ਦੇ 2009 ਦੇ ਕਨੂੰਨ-14 ਦੇ ਤਹਿਤ ਸੁਬਾਈ ਨਿਜੀ ਯੂਨੀਵਰਸਿਟੀ ਦੀ ਮਾਨਤਾ ਹਾਸਲ ਕਰ ਲਈ। ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦਾ ਹਾਲ ਤਾਂ ਇਸ ਤੋਂ ਵੀ ਬੁਰਾ ਹੈ। ਆਪਣੇ ਇਸ਼ਤਿਹਾਰ 'ਚ ਇਹ ਖੁਦ ਨੂੰ ਭਾਰਤ ਦੀ ਸਭ ਤੋਂ ਵੱਡੀ ਯੂਨੀਵਰਸਿਟੀ ਹੋਣ ਦਾ ਐਲਾਨ ਕਰਦੀ ਹੈ। ਜਿਸ ਦੇ ਕੈਂਪਸ ਦਾ ਖੇਤਫਲ 600 ਏਕੜ ਹੈ ਤੇ ਜੋ 75 ਫੀਸਦੀ ਤੋਂ ਵੱਧ ਅੰਕ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਦੇਸ਼ੀ ਸੈਰ ਕਰਾਉਣ ਤੇ ਲਾਪਟਾਪ ਦੇਣ ਦਾ ਵਾਅਦਾ ਕਰਦੀ ਹੈ। ਛਤੀਸਗੜ੍ਹ ਦੀਆਂ ਜਿਨ੍ਹਾਂ 97 ਨਿਜੀ ਯੂਨੀਵਰਸਿਟੀਆਂ ਨੂੰ ਫਰਵਰੀ 2005 'ਚ ਪ੍ਰੋ. ਯਸ਼ਪਾਲ ਵਲੋਂ ਦਾਇਰ ਮੁਕਦਮੇ 'ਤੇ ਫੈਸਲਾ ਸੁਣਾਉਂਦਿਆਂ ਸੁਪਰੀਮ ਕੋਰਟ ਨੇ ਬੰਦ ਕਰਨ ਦਾ ਹੁਕਮ ਦਿੱਤਾ ਸੀ ਜਿਸ 'ਚ ਲਵਲੀ ਪ੍ਰਫੈਸ਼ਨਲ ਯੂਨੀਵਰਸਿਟੀ ਸ਼ਾਮਲ ਸੀ। ਸੰਨ 2002 'ਚ ਛਤੀਸ਼ਗੜ੍ਹ ਨਿਜੀ ਯੂਨੀਵਰਸਿਟੀ ਕਨੂੰਨ ਤਹਿਤ ਖੁੰਬਾਂ ਵਾਂਗ ਉੱਗ ਆਈਆਂ 112 ਯੂਨੀਵਰਸਿਟੀਆਂ ਦੀ ਜਾਂਚ 'ਚ ਨਤੀਜਾ ਕੱਢਿਆ ਕਿ ਇਨ੍ਹਾਂ 'ਚੋਂ 77 ਦੀ ਹੋਂਦ ਸਿਰਫ ਫ਼ਾਇਲਾਂ ਵਿਚ ਹੈ। ਕੁਝ ਯੂਨੀਵਰਸਿਟੀਆਂ ਤਾਂ ਇਕ ਕਮਰੇ ਦੇ ਮਕਾਨ 'ਚ ਚਲਾਈਆਂ ਜਾ ਰਹੀਆਂ ਸਨ। ਜਦ ਕਿ ਬਾਕੀ ਕੋਲ ਬੁਨਿਆਦੀ ਸੂਹਲਤਾਂ ਵੀ ਨਹੀਂ ਸਨ। ਛਤੀਸ਼ਗੜ੍ਹ ਤੋਂ ਭਜਾਏ ਜਾਣ ਪਿੱਛੋਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਪੰਜਾਬ ਸਰਕਾਰ ਤੋਂ ਕਨੂੰਨੀ ਮਾਨਤਾ ਪਾ ਕੇ ਫਗਵਾੜੇ 'ਚ ਆਪਣਾ ਧੰਦਾ ਚਲਾ ਰਹੀ ਹੈ। ਉਚ ਸਿੱਖਿਆ ਦੇ ਵਪਾਰੀਕਰਨ ਲਈ ਸਰਕਾਰ ਨੇ ਜੋ ਨਵੀਆਂ ਨੀਤੀਆਂ ਲਾਗੂ ਕੀਤੀਆਂ ਹਨ ਉਨ੍ਹਾਂ ਦਾ ਨਤੀਜਾ ਇਹ ਹੈ ਕਿ ਅਜੇਹੇ ਮੁਨਾਫਾਖੋਰ ਨਿਜੀ ਸੰਸਥਾਵਾਂ ਨੂੰ ਖੁਲ੍ਹਾ ਕੇ ਖੇਡਣ ਦੀ ਛੋਟ ਮਿਲ ਗਈ ਹੈ। ਇਨ੍ਹਾਂ 'ਚ ਦਿਤੀ ਜਾ ਰਹੀ ਸਿੱਖਿਆ ਦਾ ਪੱਧਰ ਕਿੰਨਾ ਘਟੀਆ ਹੈ। ਇਸ ਖਾਤਰ ਇਕ ਹੀ ਤੱਥ ਕਾਫੀ ਹੈ। ਪ੍ਰੀਖਿਆ ਪ੍ਰਣਾਲੀ 'ਤੇ ਬਣਾਏ ਗਏ ਕੌਮੀ ਸੁਧਾਰ ਫੋਕਸ ਗਰੁੱਪ ਦਾ ਮੰਨਣਾ ਹੈ ਕਿ ਕਮਪਿਊਟਰ ਸਾਫਟ ਵੇਅਰ ਦੀ ਪੜ੍ਹਾਈ ਕੀਤੇ 20 'ਚੋਂ 19 ਗ੍ਰੇਜੂਏਟ ਅਤੇ 7 ਵਿਚੋਂ 6 ਪੋਸਟ ਗ੍ਰੇਜੂਏਟ ਨੌਕਰੀ ਦੇਣ ਦੇ ਲਾਇਕ ਨਹੀਂ ਹਨ। ਬਿਡਲਾ-ਅੰਬਾਨੀ ਰੀਪੋਟ ਨੂੰ ਸਰਕਾਰ ਨੇ ਕਨੂੰਨੀ ਰੂਪ ਨਹੀਂ ਦਿੱਤਾ ਪਰ ਉਸ ਦੇ ਸੁਝਾਵਾਂ ਨੂੰ ਅਮਲ 'ਚ ਲਿਆਉਣ 'ਚ ਹਰ ਪਾਰਟੀ ਤੇ ਗਠਜੋੜ ਦੀ ਸਰਕਾਰ ਨੇ ਉਚ ਸਿੱਖਿਆ ਤੇ ਖੁਦ ਧਿਆਨ ਦੇਣ ਦੀ ਬਜਾਏ ਨਿਜੀ ਪੂੰਜੀ ਨਿਵੇਸ਼ ਨੂੰ ਛੋਟ ਦੇ ਨੇ ਉਸ ਨੂੰ ਪਤਨ ਸ਼ੀਲਤਾ ਦੇ ਚਿੱਕੜ ਵਿਚ ਧੱਕ ਦਿੱਤਾ। 1995 'ਚ ਜਦ ਨਿੱਜੀ ਯੂਨੀਵਰਸਿਟੀ ਕਨੂੰਨ ਸੰਸਦ 'ਚ ਪਾਸ ਨਹੀਂ ਹੋ ਸਕਿਆ ਤਾਂ ਸਰਕਾਰ ਨੇ ਉਚ ਸਿੱਖਿਆ ਦੇ ਵਪਾਰੀਕਰਨ ਲਈ ਚੋਰ ਦਰਵਾਜੇ ਕੱਢ ਲਏ,

ਇਨ੍ਹਾਂ ਵਿਚ ਇਕ ਉਪਾਅ ਇਹ ਸੀ ਕਿ ਸਰਕਾਰੀ ਯੂਨੀਵਰਸਿਟੀਆਂ ਤੋਂ ਮਾਨਤਾ ਪ੍ਰਾਪਤ ਕਰਕੇ ਵਪਾਰੀ ਸਲੇਬਸ ਚਲਾਉਣ ਵਾਲੇ ਹਜ਼ਾਰਾਂ ਨਿੱਜੀ ਕਾਲਜ ਖੋਲ੍ਹੇ ਗਏ। ਇਸ ਤਰ੍ਹਾਂ ਸਿੱਖਿਆ 'ਚ ਨਿੱਜੀ ਪੂੰਜੀ ਦਾ ਹੜ੍ਹ ਆ ਗਿਆ। ਉਸ ਵੇਲੇ ਦੇ ਮਨੁੱਖੀ ਵਸੀ ਲਿਆਂ ਦੇ ਵਿਕਾਸ ਮੰਤਰੀ ਮੁਰਲੀ ਮਨੋਹਰ ਜੋਸ਼ੀ ਦੀ ਪਹਿਲ 'ਤੇ ਸਾਲ 2000 'ਚ ਡੀਮਡ ਯੂਨੀਵਰਸਿਟੀਆਂ ਲਈ ਨਵਾਂ ਦਿਸ਼ਾ ਨਿਰਦੇਸ਼ ਤਿਆਰ ਕੀਤਾ ਗਿਆ ਇਸ 'ਚ ਪੁਰਾਨੇ ਮਾਪ ਦੰਡਾਂ ਨੂੰ ਢਿੱਲਾ ਕੀਤਾ ਗਿਆ। ਇਸ ਵਿਚ ਪੁਰਾਨੇ ਪੈਮਾਨਿਆਂ ਨੂੰ ਢਿੱਲਾ ਕੀਤਾ ਗਿਆ। ਤੇ ਅਨੇਕਾਂ ਬਿੰਦੂ ਅਸਪਸ਼ਟ ਤੇ ਅਪ੍ਰਭਾਸ਼ਿਤ ਛੱਡ ਦਿੱਤੇ ਗਏ। ਇਹ ਵੀ ਪੂੰਜੀ ਨਿਵੇਸ਼ ਲਈ ਇਕ ਚੋਰ ਦਰਵਾਜਾ ਹੀ ਸੀ ਜਿਸ ਪਿਛੋਂ ਦੇਸ਼ ਭਰ 'ਚ ਸਿਰਫ 3 ਸੰਸਥਾਵਾਂ ਨੂੰ ਡੀਮਡ ਯੂਨੀਵਰਸਿਟੀਆਂ ਦਾ ਦਰਜਾ ਦਿੱਤਾ ਗਿਆ ਸੀ ਜਦ ਕਿ ਫਰਵਰੀ 2009 ਤਕ ਇਹਨਾਂ ਦੀ ਗਿਣਤੀ ਵਧ ਕੇ 127 ਹੋ ਗਈ ਇਸ ਦਾ ਸਿੱਟਾ ਹੈ ਕਿ ਅੱਜ ਦੇਸ਼ ਵਿਚ ਕੁਝ 357 ਯੂਨੀਵਰਸਿਟੀਆਂ 'ਚੋਂ ਇਕ ਤਿਹਾਈ ਤੋਂ ਵੀ ਵੱਧ ਡੀਮਡ ਯੂਨੀਵਰਸਿਟੀਆਂ ਹਨ। 'ਅਜਾਦੀ (1947) ਤੋਂ ਤੁਰੰਤ ਪਿਛੋਂ ਗਠਿਤ ਰਾਧਾਕ੍ਰਿਸ਼ਣਨ ਕਮਿਸ਼ਨ ਨੇ ਡੀਮਡ ਯੂਨੀਵਰਸਿਟੀ ਦੀ ਸੰਕਲਪਨਾ ਪੇਸ਼ ਕੀਤੀ ਜਿਸ ਨੂੰ 1956 'ਚ, ਯੂ. ਜੀ. ਸੀ. ਨੇ ਆਪਣੀ ਨਿਯਮਾਵਲੀ 'ਚ ਸ਼ਾਮਲ ਕਰ ਲਿਆ। ਯੂ. ਜੀ. ਸੀ. ਦੇ ਇਸ ਨਿਯਮ ਅਨੁਸਾਰ "ਐਸੀ ਸੰਸਥਾ ਜੋ ਇਤਿਹਾਸਕ ਕਾਰਨਾ ਕਰਕੇ ਜਾਂ ਕਿਸੇ ਹੋਰ ਹਾਲਤਾਂ ਵਸ ਯੂਨੀਵਰਸਿਟੀਆ ਨਹੀਂ ਹਨ। ਪਰ ਉਹ ਕਿਸੇ ਵੀ ਯੂਨੀਵਰਸਿਟੀ ਦੇ ਬਰਾਬਰ ਉੱਚ ਹਾਲਾਤਵਸ਼ ਯੂਨੀਵਰਸਿਟੀਆਂ ਨਹੀਂ ਹਨ ਪਰ ਉਹ ਕਿਸੇ ਵੀ ਯੂਨੀਵਰਸਿਟੀ ਬਰਾਬਰ ਉਚ ਪੱਧਰ 'ਤੇ ਚੋਟੀ ਦਾ ਸਿੱਖਿਅਕ ਕਾਰਵਾਈਆਂ ਕਰ ਰਹੇ ਹਨ।" ਤਾਂ ਉਸ ਨੂੰ "ਡੀਮਡ ਯੂ. ਬੀ. ਯੂਨੀਵਰਸਿਟੀ (ਯੂਨੀਵਰਸਿਟੀ ਵਰਗਾ ਮੰਨਣ ਦਾ) ਦਰਜਾ ਦਿੱਤਾ ਜਾ ਸਕਦਾ ਹੈ। ਇਸ ਲਈ ਸੰਸਥਾਵਾਂ ਨੂੰ ਬਹੁਤ ਉਚੇ ਮਾਪਦੰਡਾਂ 'ਤੇ ਕਸਿਆ ਜਾਂਦਾ ਸੀ। 1958 'ਚ ਸਿਰਫ ਇੰਡੀਅਨ ਇਸਟੀ ਚੂਟ ਆਫ ਸਾਇੰਸ-ਬੰਗਲੌਰ ਤੇ ਇੰਡੀਅਨ ਐਗ੍ਰੀਕਲਚਰ ਰਿਸਰਚ ਇੰਸਟੀਚੂਟ-ਨਵੀਂ ਦਿਲੀ ਹੀ ਇਹਨਾਂ ਮਾਪਦੰਡੇ 'ਤੇ ਖਰੀਆਂ-ਉਤਰੀਆਂ। 1967 ਤਕ ਟਾਟਾ ਇੰਸਟੀਚੂਟ ਆਫ ਸੰਸ਼ਲ ਸਾਇਸੰ ਹਰੀਦੁਆਰ, ਗੁਜਰਾਤ ਵਿਦਿਆਪੀਠ-ਅਹਿਮਦਾਬਾਦ, ਤੇ ਇੰਡੀਅਨ ਇੰਸਟੀਚੂਟ ਆਫ ਮਾਈਨਸ-ਧਨਬਾਦ ਆਦਿ ਨੂੰ "ਡੀਮਡ ਟੂ. ਬੀ. ਯੂਨੀਵਰਸਿਟੀ ਦਾ ਦਰਜਾ ਮਿਲਿਆ। ਇਸ ਤਰ੍ਹਾਂ 1958 ਤੋਂ 1995 ਤਕ ਦੇਸ਼ ਭਰ 'ਚ ਸਿਰਫ 36 ਅਦਾਰਿਆ ਨੂੰ ਹੀ "ਡੀਮਡ ਯੂਬੀ ਯੂਨੀਵਰਸਿਟੀ" ਯਾਨੀ "ਯੂਨੀਵਰਸਿਟੀ ਦੇ ਬਰਾਬਾਰ" ਦਰਜਾ ਹਾਸਲ ਹੋ ਸਕਿਆ। ਇਨ੍ਹਾਂ ਵਿਚ ਆਈ ਆਈ. ਵੀ, ਆਈ. ਆਈ. ਐਮ. ਏਮਜ਼, ਜਵਾਹਰ ਲਾਲ ਮੈਡੀਕਲ ਇੰਸਟੀਚੂਟ (ਪਾਂਡੀ ਚਿਰੀ) ਵਰਗੇ ਉਚ ਪੱਧਰੀ ਅਦਾਰੇ ਸਾਮਲ ਸਨ। ਸੰਸਥਾਵਾਂ ਨੂੰ ਦਿੱਤਾ ਗਿਆ ਇਹ ਦਰਜਾ ਬਹੁਤ ਹੀ ਸਨਮਾਨਜਨਕ ਸੀ। ਅਤੇ ਇਹਨਾਂ ਦਾ ਪੱਧਰ ਵੀ ਕਾਫੀ ਉੱਚਾ ਸੀ। ਇਸ ਸੂਚੀ ਵਿਚ ਸੁਭਾਰਤੀ, ਸ਼ਾਰਦਾ ਏਨੰਘਾਏ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਏ ਮਿਟੀ, ਸੁਪਨਦੀਪ ਤੇ ਸ਼ੋਭਿਤ ਵਰਗੀਆਂ ਸਵਾ ਸੌ ਤੋਂ ਵੀ ਵੱਧ ਸੰਸਥਾਵਾਂ ਨੂੰ ਸ਼ਾਮਲ ਕਰਕੇ ਸਰਕਾਰ ਨੇ ਡੀਮਡ ਯੂਨੀਵਰਸਿਟੀ ਦਾ ਮਾਨ ਸਨਮਾਨ ਮਿੱਟੀ 'ਚ ਮਿਲਾ ਦਿੱਤਾ। ਸਿੱਖਿਆ ਮਾਫੀਆ ਵਲੋਂ ਚਲਾਈਆਂ ਜਾ ਰਹੀਆਂ ਨਵੀਂ ਪੀੜੀ ਦੀਆਂ ਡੀਮਡ ਯੂਨੀਵਰਸਿਟੀਆਂ, ਮੁਨਾਫੇ ਦੀ ਲੁੱਟ ਦੇ ਅੱਡੇ ਹਨ। ਵਿਦਿਆਰਥੀਆਂ ਤੋਂ ਮਨਮਾਨੀ

ਫੀਸ ਵਸੂਲਣੀ ਅਧਿਆਪਕਾਂ ਨੂੰ ਘੱਟ ਤਨਖਾਹ ਦੇਣੀ ਤੇ ਉਨ੍ਹਾਂ ਨੂੰ ਜਦੋਂ ਵੀ ਚਾਹੋ ਕੱਢ ਕੇ ਬਾਹਰ ਸੁਟਣਾ ਲਬਾਟਰੀਆਂ ਤੇ ਹੋਰ ਸਹੂਲਤਾ ਦੀ ਬੇਹੱਦ ਘਾਟ, ਇਮਾਰਤ ਦੀ ਘਾਟ ਜਾਂ ਨਾਕਾਫੀ ਹੋਣਾ, ਖੋਜ ਕਾਰਜਾਂ ਤੋਂ ਦੂਰ-ਦੂਰ ਤਕ ਕੋਈ ਰਿਸ਼ਤਾ ਨਾ ਰਖਣਾ ਇਹਨਾਂ ਘਟੀਆ ਪੱਧਰ ਦੀਆਂ ਡੀਮਡ ਯੂਨੀਵਰਸਿਟੀਆਂ ਦੀ ਅਸਲੀ ਪਹਿਚਾਣ ਹੈ। ਸਰਕਾਰ ਨੇ ਡੀਮਡ ਯੂਨੀਵਰਸਿਟੀਆਂ ਦਾ ਪ੍ਰਮਾਣ ਪੱਤਰ ਜਾਰੀ ਕਰਕੇ ਉਹਨਾਂ ਸੰਸਥਾਵਾਂ ਦੀ ਲੁਟ ਘਸੁੱਟ ਨੂੰ ਦਿਲ ਖਿਚਵਾਂ ਸਰਟੀਫੀਕੇਟ ਮੁਹਈਆ ਕਰ ਦਿੱਤਾ। ਦੂਜੇ ਪਾਸੇ ਇਨ੍ਹਾਂ ਦੀਆਂ ਘਿਨੌਣੀਆਂ ਸਾਜਿਸ਼ਾਂ ਨੇ ਲੱਖਾਂ-ਕਰੋੜਾਂ ਨੌਜਵਾਨਾ ਦੀ ਜਿੰਦਗੀ 'ਚ ਜ਼ਹਿਰ ਘੋਲ ਦਿੱਤਾ ਹੈ। ਸਿੱਖਿਆ ਪੂਰੀ ਕਰਨ ਪਿਛੋਂ ਅਜੇਹੇ ਨੌਜਵਾਨ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜ਼ਬੂਰ ਹਨ। ਇੰਟਰਵਿਊ 'ਚ ਇਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੀ ਜਹਮਤ ਝਲਣੀ ਪੈਂਦੀ ਹੈ। "ਡੀਮਡ ਯੂ. ਬੀ. ਯੂਨੀਵਰਸਿਟੀ" ਦੇ ਨਵੇਂ ਮਾਪਦੰਡਾਂ ਵਿਚੋਂ ਇਕ-"ਡੀ ਨੋਵੋ" ਸ਼੍ਰੇਣੀ ਦੇ ਤਹਿਤ ਉਨ੍ਹਾਂ ਨਵੀਆਂ ਸੰਸਥਾਵਾਂ ਨੂੰ ਵੀ ਡੀਮਡ ਯੂਨੀਵਰਸਿਟੀ ਮੰਨਿਆ ਜਾ ਸਕਦਾ ਹੈ। ਜੋ "ਉਭਰਦੇ ਖੇਤਰ 'ਚ ਉਚਤਾ ਦਾ ਵਾਅਦਾ" ਕਰਦੇ ਹੋਣ। ਪਹਿਲਾਂ 1956 ਦੇ ਨਿਯਮ ਅਨੁਸਾਰ ਘਟੋਂ ਘੱਟ ਦਸ ਸਾਲ ਪੁਰਾਨੀਆਂ ਸੰਸਥਾਵਾਂ ਨੂੰ ਹੀ ਇਹ ਦਰਜਾ ਦਿੱਤਾ ਜਾ ਸਕਦਾ ਸੀ। ਉਸ ਨਿਯਮ ਦੇ ਅਨੁਸਾਰ ਅਜੇਹੀਆ ਸੰਸਥਾਵਾਂ ਨੂੰ ਆਪਣੇ ਕਾਲਜ ਜਾਂ ਬਰਾਂਚ ਖੋਹਲਣ ਜਾਂ ਕਿਸੇ ਕਾਲਜ ਨੂੰ ਸਬੰਧਤਾ (Affiliation) ਦੇਣ ਦਾ ਅਧਿਕਾਰ ਨਹੀਂ ਸੀ। "ਡੀ ਨੋਵੋ" ਮਾਪ ਦੰਡ ਨੇ ਵਿਹਾਰ 'ਚ ਅਜੇਹੀ ਹਰ ਔਕੜ ਖਤਮ ਕਰ ਦਿੱਤੀ "ਉਭਰਦੇ ਖੇਤਰ" 'ਚ ਉਚਤਾ ਦਾ ਵਾਅਦਾ" ਕਰਕੇ ਹੁਣ ਕੋਈ ਨਿੱਜੀ ਅਦਾਰਾ ਸਿਧੇ "ਯੂਨੀਵਰਸਿਟੀ" ਲਿਖਣ ਲੱਗੇ ਹਨ। ਜਿਥੋਂ ਤਕ ਬਰਾਂਚ ਖੋਹਲਣ ਦਾ ਸੁਆਲ ਹੈ ਛਤੀਸ਼ਗੜ ਦੀਆਂ ਕਾਗਜ਼ੀ ਡੀਮਡ ਯੂਨੀਵਰਸਿਟੀਆਂ ਨੇ ਵੱਖ ਵੱਖ ਸੂਬਿਆਂ 'ਚ ਅਨੇਕਾਂ ਬਰਾਚਾਂ ਖੋਹਲ ਰਖੀਆਂ ਸਨ। ਡੀਮਡ ਯੂਨੀਵਰਸਿਟੀਆਂ ਸਲੇਬਸ ਨਿਰਧਾਰਿਤ ਕਰਨ ਤੇ ਖੋਜ ਕੇਂਦਰ ਸਥਾਪਤ ਕਰਨ ਵਿਚ ਖੁੱਦ ਮਖਤਿਆਰ ਹੋਣਗੇ ਤੇ ਵਿਦਿ : ਦੇ ਦਾਖਲੇ ਫੀਸ ਤੇ ਹੋਰ ਨਿਯਮਾਵਲੀ ਵੀ ਖੁਦ ਤਹਿ ਕਰਦੇ ਹਨ। ਇਸ ਕਾਰਨ ਇਨ੍ਹਾਂ ਦੇ ਹੱਥਾਂ ਵਿਚ ਅਨੇਕਾਂ ਅਧਿਕਾਰ ਆ ਜਾਂਦੇ ਹਨ ਜਿਹਨਾਂ ਦੀ ਉਹ ਦੁਰਵਰਤੋਂ ਕਰਦੇ ਹਨ। ਕੁਝ ਡੀਮਡ ਯੂਨੀਵਰਸਿਟੀਆਂ ਆਪਣੇ ਨਾਂ ਹੇਠ ਵੀ ਡਿਗਰੀਆਂ ਦਿੰਦੀਆਂ ਹਨ।

ਡੀਮਡ ਯੂਨੀਵਰਸਿਟੀਆਂ ਦਾ ਧੰਦਾ ਬੇਹਦ ਮੁਨਾਫਾ ਲੁਟਣ ਦਾ ਸੌਖਾ ਜ਼ਰੀਆ ਬਣ ਗਿਆ ਹੈ। ਇਸ ਧੰਦੇ 'ਚ ਸਿੱਖਿਆ ਮਾਫੀਆ ਇੱਟਾਂ-ਭੱਠੇ ਮਾਲਕਾਂ, ਠੇਕੇਦਾਰਾਂ ਬਿਲਡਰਾਂ ਤੇ ਪ੍ਰਾਪਰਟੀ ਡੀਲਰ ਤੋਂ ਇਲਾਵਾ ਰਾਜਸੀ ਪਾਰਟੀਆਂ ਦੇ ਕਈ ਨੇਤਾ ਵੀ ਲਿਖਤ ਹੈ। ਇਸ ਲਈ ਇਹ ਨਾਂ ਦੀਆਂ ਯੂਨੀਵਰਸਿਟੀਆਂ ਹਰ ਨਿਯਮ ਕਨੂੰਨ ਨੂੰ ਛਿੱਕੇ ਟੰਗ ਦੀਆਂ ਹਨ। ਨਾਲ ਹੀ ਰਾਜਸੀ ਅਸਰ ਰਸੂਖ ਦੇ ਦਮ 'ਤੇ ਇਨ੍ਹਾਂ ਦੇ ਰਾਹ 'ਚ ਆਉਣ ਵਾਲੀ ਹਰ ਕਨੂੰਨੀ ਅੜਚਨ ਨੂੰ ਇਕ ਨਵਾਂ ਕਨੂੰਨ ਬਣਾ ਕੇ ਜਾਂ ਉਸ ਵਿਚ ਸੋਧ ਕਰਕੇ ਹਟਾ ਦਿੱਤਾ ਜਾਂਦਾ ਹੈ। ਇਸ ਲਈ ਪੂੰਜੀ ਦੇ ਮਾਲਕਾਂ ਨੂੰ ਇਸ ਨਵੇਂ ਧੰਦੇ ਨੇ ਕਾਫੀ ਖਿਚਿਆ ਹੈ। ਮਾਰਚ 1995 ਤੋਂ ਮਾਰਚ 2008 ਵਿਚਕਾਰ ਡੀਮਡ ਯੂਨੀਵਰਸਿਟੀ ਨੂੰ ਮਾਨਤਾ ਲੈਣ ਲਈ ਲਗਭਗ 400 ਅਰਜੀਆਂ ਆਈਆਂ। ਉਚ ਸਿੱਖਿਆ ਤੇ ਯੂਨੀਵਰਸਿਟੀ ਪ੍ਰਣਾਲੀ ਦਾ ਇਸ ਤੋਂ ਘਿਨੌਣਾ ਮਜ਼ਾਕ ਭਲਾਂ ਹੋਰ ਕੀ ਹੋ ਸਕਦਾ ਹੈ। ਥਾਂ ਥਾਂ ਗਾਜਰ ਬੂਟੀ ਵਾਗੂੰ ਫੈਲੀਆਂ ਡੀਮਡ

ਯੂਨੀਵਰਸਿਟੀਆਂ ਉਨ੍ਹਾਂ 'ਚ ਸਿੱਖਿਆ ਦਾ ਘਟੀਆ ਪੱਧਰ ਫੀਸਾਂ ਦੇ ਨਾਂ ਹੇਠ ਵਿਦਿਆਰਥੀਆਂ ਤੇ ਉਹਨਾਂ ਦੇ ਮਾਪਿਆਂ ਦੀ ਲੁੱਟ ਤੇ ਉਨ੍ਹਾਂ 'ਚ ਪੜਨ ਵਾਲਿਆਂ ਵਿਦਿਆਰਥੀਆਂ ਦਾ ਹਨੇਰਾ ਭਵਿਖ-ਸਿੱਖਿਆ ਦੇ ਨਿਜੀਕਰਨ ਦਾ ਇਹੀ ਹਸ਼ਰ ਹੋਣਾ ਤਹਿ ਸੀ। ਉਚ ਸਿੱਖਿਆ ਪ੍ਰਣਾਲੀ ਨੂੰ ਪਤਨ ਸ਼ੀਲਤਾ ਦੀ ਖਾਈ ਵਿਚ ਧੱਕ ਦਿੱਤਾ ਗਿਆ। ਹੈ। ਜਦ ਇਹ ਲੁਟਮਾਰ ਤੇ ਭਰਿਸ਼ਟਾਚਾਰ ਦੀਆਂ ਸਾਰੀਆਂ ਹੱਦਾਂ ਪਾਰ ਕਰਨ ਲੱਗੇ ਤਾਂ ਅਖਰਕਾਰ ਸਰਕਾਰ ਨੇ ਵਿਸ਼ੇਸ਼ ਸਲਾਹਕਾਰ ਤੇ ਸਹਿਯੋਗੀ ਪ੍ਰੋ ਯਸ਼ਪਾਲ ਤੇ ਸੈਮ ਪ੍ਰਿਤ੍ਰੋਦਾ ਨੂੰ ਵੀ ਉਨ੍ਹਾਂ 'ਤੇ ਰੋਕ ਲਾਉਣ ਦੀ ਸਿਫਾਰਸ਼ ਕਰਨੀ ਪਈ।

# ਵਿਦੇਸ਼ੀ ਯੂਨੀਵਰਸਿਟੀਆਂ ਦਾ ਫੈਲਦਾ ਧੰਦਾ ਕੀ ਹੈ?

ਬਿਡਲਾ-ਅੰਬਾਨੀ ਰੀਪੋਟ ਨੂੰ ਅਮਲ 'ਚ ਲਿਆਉਂਦੇ ਹੋਇਆਂ ਸਰਕਾਰ ਨੇ ਸਿੱਖਿਆ ਵਿਚ ਨਿੱਜੀ ਪੂੰਜੀ ਨੂੰ ਹੱਲਾਸ਼ੇਰੀ ਦੇਣ ਲਈ ਜਿਸ ਤਰ੍ਹਾਂ ਡੀਮਡ ਯੂਨੀਵਰਸਿਟੀਆਂ ਦਾ ਤਾਂਤਾ ਲਾ ਦਿਤਾ ਉਸੇ ਤਰ੍ਹਾਂ ਵਿਦੇਸ਼ੀ ਪੂੰਜੀ ਨੂੰ ਭਰਮਾਉਣ ਲਈ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਵੀ ਸੱਦਾ ਦੇ ਰਹੀ ਹੈ। ਅੱਜਕਲ ਭਾਰਤ 'ਚ ਲਗਭਗ 150 ਵਿਦੇਸ਼ੀ ਯੂਨੀਵਰਸਿਟੀਆਂ ਆਪਣਾ ਧੰਦਾ ਚਲਾ ਰਹੀਆਂ ਹਨ। ਇਨ੍ਹਾਂ 'ਚੋਂ ਇਗਲੈਂਡ ਦੀਆਂ 50, ਅਸਟ੍ਰੇਲੀਆਂ ਦੀਆਂ 45, ਅਮਰੀਕਾ ਦੀਆਂ 30 ਤੇ ਬਾਕੀ ਕਨੇਡਾ ਤੇ ਹੋਰ ਯੂਰਪੀ ਦੇਸ਼ਾਂ ਦੀਆਂ ਹਨ। ਇਨ੍ਹਾਂ ਯੂਨੀਵਰਸਿਟੀਆਂ ਵਲੋਂ ਭਾਰਤ 'ਚ ਲਗਭਗ 150 ਸਲੇਬਸ ਚਲਾਏ ਜਾ ਰਹੇ ਹਨ। ਅਤੇ ਇਨ੍ਹਾਂ ਵਿਚ ਕੁਲ 15000 ਵਿਦਿਆਰਥੀ ਵਿਦੇਸ਼ੀ ਆਪਣੀ ਕਿਸਮਤ ਅਜਮਾ ਰਹੇ ਹਨ ਭਾਰਤ 'ਚ ਧੰਦਾ ਕਰ ਰਹੀਆਂ ਜ਼ਿਆਦਾਤਰ ਵਿਦੇਸ਼ੀ ਯੂਨੀਵਰਸਿਟੀਆਂ ਘਟੀਆ ਦਰਜੇ ਦੀਆਂ ਹਨ ਆਪਣੇ ਦੇਸ਼ ਵਿਚ ਵੀ ਇਨ੍ਹਾਂ ਦੀ ਕੋਈ ਸ਼ਾਖ ਨਹੀਂ ਹੈ। ਇਨ੍ਹਾਂ ਯੂਨੀਵਰਸਿਟੀਆਂ ਵਲੋਂ ਸੰਚਾਲਿਤ 150 ਸਲੇਬਸਾਂ ਵਿਚੋਂ 44 ਨੂੰ ਇਨ੍ਹਾਂ ਦੇ ਦੇਸ਼ ਵਿਚ ਵੀ ਮਾਨਤਾ ਨਹੀਂ ਹੈ। ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ 'ਚ ਬੁਲਾਉਣ ਪਿਛੇ ਸਰਕਾਰ ਦਾ ਤਰਕ ਸੀ ਕਿ ਇਸ ਨਾਲ ਭਾਰਤ 'ਚ ਵਿਦੇਸ਼ੀ ਪੂੰਜੀ ਆਵੇਗੀ, ਨਵੇਂ ਨਵੇਂ ਕੈਂਪਸ ਬਣਨਗੇ ਤੇ ਭਾਰਤ 'ਚ ਸਿੱਖਿਆ ਦੀ ਕਮੀ ਪੂਰੀ ਹੋ ਸਕੇਗੀ। ਪਰ ਜਿਸ ਤਰ੍ਹਾਂ ਹੋਰਨਾ ਖੇਤਰਾਂ ਵਿਚ ਵਿਦੇਸ਼ੀ ਪੂੰਜੀ ਨਾਲ ਭਲੇ ਦਾ ਗੁਬਾਰਾ ਠੁਸ ਹੋ ਗਿਆ ਉਹੋ ਜਿਹਾ ਉਚ ਸਿੱਖਿਆ ਦੇ ਖੇਤਰ ਵਿਚ ਵੀ ਹੋਇਆ ਹੈ। ਵਿਦੇਸ਼ੀ ਯੂਨੀਵਰਸਿਟੀਆਂ ਨੇ ਭਾਰਤ ਵਿਚ ਇਕ ਚਵਾਨੀ ਵੀ ਖਰਚ ਨਹੀਂ ਕੀਤੀ ਹੈ। ਇਸ ਬਾਰੇ ਪ੍ਰਸਿੱਧ ਸਿੱਖਿਆ ਸਾਸ਼ਤਰੀ ਅਨੰਦ ਕਿਸ਼ਣਨ ਦਾ ਕਹਿਣਾ ਬਿਲਕੁਲ ਸਹੀ ਹੈ ਕਿ ਸਿੱਖਿਆ 'ਚ ਵਿਦੇਸ਼ੀ ਪੂੰਜੀ ਨਿਵੇਸ਼ ਇਕ "ਮ੍ਰਿਗਤ੍ਰਿਸ਼ਨਾ" ਹੀ ਹੈ। ਵਿਦੇਸ਼ੀ ਯੂਨੀਵਰਸਿਟੀ ਭਾਰਤ 'ਚ 'ਟ੍ਰਿਵਨਿੰਗ ਪ੍ਰੋਗ੍ਰਾਮ ਚਲਾਉਦੇ ਹਨ ਜਿਸ ਤਹਿਤ ਅੱਧੀ ਪੜ੍ਹਾਈ ਭਾਰਤ 'ਚ ਅਤੇ ਅੱਧੀ ਪੜ੍ਹਾਈ ਵਿਦੇਸ਼ 'ਚ ਹੁੰਦੀ ਹੈ। ਇਸ ਲਈ ਉਹ ਭਾਰਤ ਦੀ ਕਿਸੇ ਯੂਨੀਵਰਸਿਟੀ ਨਾਲ ਗਠਜੋੜ ਕਰਕੇ ਉਹਨਾਂ ਦੇ ਕੈਪਸਾਂ ਦੀ ਵਰਤੋਂ ਕਰਦੇ ਹਨ। ਕਹਾਵਤ ਹੈ। ਜੈਸੇ ਨੂੰ ਤੈਸਾ ਮਿਲੇ ਮਿਲੇ ਚੋਰ ਨੂੰ ਚੋਰ ਉਹਨਾਂ ਘਟੀਆ ਦਰਜੇ ਦੀਆਂ ਯੂਨੀਵਰਸਿਟੀਆਂ ਦੇ ਨਾਲ ਘਟੀਆ ਦਰਜੇ ਦੀ ਭਾਰਤੀ ਯੂਨੀਵਰਸਿਟੀ ਦੇ ਨਾਲ ਘਟੀਆ ਦਰਜੇ ਦੀ ਭਾਰਤੀ ਯੂਨੀਵਰਸਿਟੀ, ਜਾਂ ਸੰਸਥਾਵਾਂ ਹੀ ਸਾਂਝ ਪਾਉਂਦੀਆਂ ਹਨ। ਉਹ ਵੱਡੇ ਵੱਡੇ ਹੋਰਡਿੰਗ ਲਾਕੇ ਅਤੇ ਅਖਬਾਰਾਂ 'ਚ ਪੂਰੇ ਸਫੇ ਦਾ ਇਸ ਤਿਹਾਰ ਦੇ ਆਪਣਾ ਪ੍ਰਚਾਰ ਕਰਦੇ ਹਨ ਅਤੇ ਦੁਨੀਆਂ ਪੱਧਰ ਦੀ ਹੋਣ ਦਾ ਦਾਅਵਾ ਕਰਦੇ ਹਨ। ਭਾਰਤ 'ਚ ਵਿਦੇਸ਼ੀ ਯੂਨੀਵਰਸਿਟੀਆਂ ਵਲੋਂ ਚਲਾਏ ਜਾ ਰਹੇ ਸਲੇਬਸਾਂ ਦੀ ਨਿਗਰਾਨੀ ਜਾਂ ਕੰਟਰੋਲ ਦੀ ਕੋਈ ਵਿਵਸਥਾ ਨਹੀਂ ਹੈ। ਉਨ੍ਹਾਂ ਦੀ ਗਣਵੰਣਤਾ ਦੀ ਕੋਈ ਜਾਂਚ-ਪਰਖ ਜਾ ਗਰੰਟੀ ਨਾ ਹੋਣ ਦੇ ਬਾਵਜੂਦ ਵਿਦੇਸ਼ੀ ਡਿਗਰੀ ਦੇ ਨਾਂ 'ਤੇ ਉਹ ਉਚੀ ਫੀਸ ਵਸੂਲ ਕਰਦੇ ਹਨ ਅਤੇ ਆਪਣਾ ਕੂੜਾ-ਕਰਕਟ ਭਾਰਤ 'ਚ ਸੁੱਟ ਦਿੰਦੇ ਹਨ। ਭਾਰਤ ਦਾ ਨਵਾਂ ਧਨਾਢ ਵਰਗ ਉਸ ਨੂੰ ਵਿਦੇਸ਼ੀ ਡਿਗਰੀ ਵਜੋਂ ਪੇਸ਼ ਕਰਦਾ ਹੈ।

ਜਿਥੋਂ ਤਕ ਵਿਦੇਸ਼ਾਂ ਦੇ ਮਸ਼ਹੂਰ ਅਦਾਰਿਆਂ ਤੇ ਯੂਨੀਵਰਸਿਟੀਆਂ ਦੀ ਗੱਲ ਹੈ, ਉਹਨਾਂ ਦੀ ਰੁਚੀ ਅਧਿਆਪਕਾਂ ਦੀ ਅਦਲਾ-ਬਦਲੀ ਅਤੇ ਸੋਧ ਤੇ ਵਿਕਾਸ ਵਰਗੀਆਂ ਸਰਗਰਮੀਆਂ 'ਚ ਵੀ ਹੁੰਦੀ ਹੈ। ਜਿਸ ਦੇ ਰਾਂਹੀਂ ਉਹ ਭਾਰਤ ਦੇ ਅਦਾਰਿਆਂ ਦੀ ਵਰਤੋਂ ਕਰਕੇ ਆਪਣੇ ਖੋਜ ਪ੍ਰੋਗ੍ਰਾਮਾਂ ਨੂੰ ਸਸਤੇ ਵਿੱਚ ਨੇਪਰੇ ਚਾੜ ਲੈਂਦੇ ਹਨ। ਵਿਦੇਸ਼ੀ ਯੂਨੀਵਰਸਿਟੀਆਂ ਦਾ ਭਾਰਤੀ ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਕੋਈ ਸਰੋਕਾਰ ਨਹੀਂ ਹੈ। ਥੋੜੀ ਜਿੰਨੀ ਘਾਟੇ ਦੀ ਸੰਭਾਵਨਾ ਹੋਵੇ ਤਾਂ ਉਹ ਆਪਣਾ ਬੋਰੀਆਂ-ਬਿਸਤਰਾ ਸਮੇਟ ਕੇ ਮਨਾਫੇ ਦੀ ਤਲਾਸ ਵਿਚ ਕਿਤੇ ਹੋਰ ਚਲੇ ਜਾਂਦੇ ਹਨ ਅਤੇ ਵਿਦਿਆਰਥੀਆਂ ਦਾ ਭਵਿਖ ਵਿਚ ਵਿਚਾਲੇ ਲਟਕਿਆ ਰਹਿ ਜਾਂਦੈ। ਵਪਾਰਕ ਸਿੱਖਿਆ ਦੇਣ ਵਾਲੀ ਅਮਰੀਕੀ ਸੰਸਥਾ ਸੇਲਵਨ ਇੰਸਟੀਚੂਟ ਘਾਟਾ ਹੁੰਦਾ ਦੇਖ ਪ੍ਰੋਗਾਮ ਦੀ ਜਾਂਚ ਛੱਡ ਕੇ ਭੱਜ ਗਿਆ। ਕਾਰਨੇਗੀ ਮੇਲਨ ਯੂਨੀਵਰਸਿਟੀ ਅਤੇ ਏਲੀਨਿਆਸ ਇੰਸਟੀ ਚੁਟ ਆਫ ਟੈਕਨੋਲੋਜੀ ਦੀ ਕਹਾਣੀ ਵੀ ਕੁਝ ਐਸੀ ਹੀ ਸੀ। ਭਾਰਤ 'ਚ ਬਹੁਤ ਸਾਰੀ ਸਿੱਖਿਆ ਸੰਸਥਾਵਾਂ ਧਰਮ ਅਰਥ ਟਰੱਸਟਾਂ ਵਲੋਂ ਚਲਾਏ ਜਾਂਦੇ ਹਨ, ਜਿਹਨਾਂ ਨੂੰ ਟੈਕਸ 'ਚ ਛੋਟ ਦਿੱਤੀ ਜਾਂਦੀ ਹੈ ਜਾਂ ਜਿਹਨਾਂ ਤੋਂ ਕੋਈ ਟੈਕਸ ਨਹੀਂ ਲਿਆ ਜਾਂਦਾ ਹੁਣ ਵਪਾਰ ਤੇ ਸੇਵਾਵਾਂ ਲਈ ਆਮ ਸਹਿਮਤੀ (ਗੈਟਸ਼) ਦੇ ਤਹਿਤ ਵਿਦੇਸ਼ੀ ਅਦਾਰੇ ਵੀ ਟੈਕਸ 'ਚ ਛੋਟ ਤੇ ਹੋਰ ਸਭ ਸਹੂਲਤਾਂ ਹਾਸਲ ਕਰਨ ਗੇ। ਵਿਦੇਸ਼ੀ ਡਿਗਰੀ ਵੇਚਣ ਵਾਲੀਆਂ ਸੰਸਥਾਵਾਂ ਨੇ ਅਜੇਹੀ ਛੋਟ ਹਾਸਲ ਕਰ ਲਈ ਹੈ ਅਤੇ ਉਹ ਭਰਪੂਰ ਮੁਨਾਫਾ ਬਟੋਰ ਰਹੀਆਂ ਹਨ।

ਬਿਲਡਾ-ਅੰਬਾਨੀ ਰਿਪੋਟ ਨੂੰ ਲਾਗੂ ਕਰਦਿਆਂ ਸਰਕਾਰ ਨੇ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਛੋਟ ਦਿੱਤੀ ਹੈ ਕਿ ਉਹ ਕਿਸੇ ਵੀ ਦੇਸੀ ਨਿਯਮ-ਕਨੂੰਨ ਦੀ ਪਾਲਨਾ ਕਰਨ ਲਈ ਵਚੱਨ ਬੱਧ ਨਹੀਂ ਹੋਣਗੀਆਂ। ਇਸ ਤਰ੍ਹਾਂ ਉਹ ਕਿਸੇ ਵੀ ਕਿਸਮ ਦੀ ਵਚਨ ਬੱਧਤਾ ਜਾਂ ਜਿੰਮੇਵਾਰੀ ਤੋਂ ਆਜਾਦ ਹਨ।

ਵਿਦੇਸ਼ੀ ਯੂਨੀਵਰਸਿਟੀਆਂ ਦਾ ਭਾਰਤ 'ਚ ਆਪਣਾ ਕਾਰੋਬਾਰ ਫੈਲਾਉਣ ਦਾ ਮਕਸਦ ਸਮਝਣਾ ਔਖਾ ਨਹੀਂ ਹੈ। ਇਸ ਲਈ ਕੁਝ ਤੱਥ ਹੀ ਕਾਫੀ ਹੋਣਗੇ। ਫਿਨਿਕਸ ਯੂਨੀਵਰਸਿਟੀ ਦੁਨੀਆਂ ਭਰ 'ਚ ਇਕ ਵਪਾਰਕ ਅਦਾਰੇ ਵਾਂਗੂੰ ਸਿੱਖਿਆ ਦਾ ਵਪਾਰ ਕਰਦੀ ਹੈ ਅਤੇ ਇਹ ਕੰਪਨੀ ਨਿਊਯਾਰਕ ਦੇ ਸ਼ੇਅਰ ਬਾਜ਼ਾਰ 'ਚ ਸੂਚੀ ਬੱਧ ਹੈ ਅਤੇ ਸੱਟੇਬਾਜੀ 'ਚ ਲਿਪਤ ਹੈ। ਸਿੱਖਿਆ ਖੇਤਰ 'ਚ ਇਕ ਹੋਰ ਵਿਰਾਟ ਕੰਪਨੀ ਹੈ ਗਲੋਬਲ ਇਲਾਇੰਸ ਤੇ ਟਰਾਂਸਨੈਸ਼ਨਲ ਐਜੂਕੇਸ਼ਨ ਜੋ ਅਜੇਹਾ ਹੀ ਧੰਦਾ ਕਰਦੀ ਹੈ। ਨੀਟ (ਐਨ. ਆਈ. ਆਈ. ਟੀ.) ਤੇ ਮਾਈਕਰੋ ਸਾਫਟ ਨੇ ਵੀ ਕੰਪਿਊਟਰ-ਸਿੱਖਿਆ ਦੇ ਖੇਤਰ ਵਿਚ ਦੁਨੀਆਂ ਭਰ 'ਚ ਜਾਲ ਫੈਲਾਏ ਹੋਏ ਹਨ। ਇਹ ਤੱਥ ਇਸ ਸਿਟੇ ਤਕ ਪਹੁੰਚਣ ਲਈ ਕਾਫੀ ਹੈ ਕਿ ਵਿਦੇਸ਼ੀ ਯੂਨੀਵਰਸਿਟੀਆਂ ਦੀ ਭਾਰਤ ਪ੍ਰੇਮ ਦੀ ਹਵਸ਼ ਤੋਂ ਪੈਦਾ ਹੋਇਆ ਹੈ। ਇਹ ਭਾਰਤ 'ਚ ਸਿੱਖਿਆਂ ਦਾ ਸੰਕਟ ਦੂਰ ਕਰਨ ਲਈ ਨਹੀਂ ਬਲਕਿ ਪੂੰਜੀ ਵਿਸਥਾਰ ਦਾ ਆਪਣਾ ਸੰਕਟ ਹੱਲ ਕਰਨ ਆਏ ਹਨ।

# ਕੀ ਹੈ ਸਿੱਖਿਆ ਦੇ ਵਪਾਰੀਕਰਣ ਲਈ ਢਾਂਚਾ ਢਲਾਈ?

ਪਿਛਲੇ 20 ਸਾਲਾਂ ਦੌਰਾਨ ਸਿੱਖਿਆ ਨਾਲ ਸੰਬੰਧਤ ਮੱਹਤਵਪੂਰਨ ਫੈਸਲਿਆਂ, ਵਿਸ਼ਵ ਬੈਂਕ ਤੇ ਭਾਰਤ ਸਰਕਾਰ ਦੀਆਂ ਵੱਖ ਵੱਖ ਕਮੇਟੀਆਂ ਦੀਆਂ ਸਿਫਾਰਸ਼ਾਂ ਤੇ ਸੁਪਰੀਮ ਕੋਰਟ ਦੇ ਫੈਸਲਿਆਂ 'ਤੇ ਇਕ ਸਰਸਰੀ ਨਿਗਾਹ ਮਾਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ 'ਚ ਪਹਿਲਾਂ ਵਾਗੂੰ ਲੋਕਾਂ ਨੂੰ ਭਰਮਾਉਣ ਵਾਲੇ ਨਾਹਰਿਆਂ ਜਾਂ ਝੂਠੇ ਵਾਅਦਿਆਂ ਲਈ ਵੀ ਕੋਈ ਥਾਂ ਨਹੀਂ ਇਹਨਾਂ ਸਾਰਿਆਂ 'ਚ ਸਾਡੀਆਂ ਹਾਕਮ ਜਮਾਤਾਂ ਵਲੋਂ "ਉਚ ਸਿੱਖਿਆਂ ਨੂੰ ਪੂਰੀ ਤਰ੍ਹਾਂ ਬਾਜ਼ਾਰ ਅਤੇ ਮੁਨਾਫਾ ਖੋਰਾਂ ਦੇ ਹਵਾਲੇ ਕੀਤੇ ਜਾਣ" ਦੀ ਮੰਸ਼ਾ ਦਾ ਖੁਲੇਆਮ ਇਜਹਾਰ ਹੋਇਆ ਹੈ। 1986 'ਚ ਰਾਜੀਵ ਗਾਂਧੀ ਦੇ ਹਕੂਮਤੀ ਅਰਸੇ 'ਚ ਨਵੀਂ ਸਿੱਖਿਆ ਨੀਤੀ ਲਾਗੂ ਕੀਤੀ ਗਈ 'ਅਜ਼ਾਦੀ ਪਿਛੋਂ ਦੇਸ਼ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੀ ਨੁਮਾਇੰਦਾ ਸਰਕਾਰ ਵਲੋਂ ਨਿਰਧਾਰਿਤ ਸਿੱਖਿਆ ਪ੍ਰਣਾਲੀ ਦੇ ਉਦੇਸ਼ ਤੇ ਢਾਂਚੇ ਵਿੱਚ ਇਹ ਇਕ ਭਾਰੀ ਤਬਦੀਲੀ ਸੀ। ਸਿੱਖਿਆ ਮੰਤਰਾਲੇ ਦਾ ਨਾਂ ਬਦਲ ਕੇ 'ਮਨੁੱਖੀ ਵਸੀਲਿਆਂ ਦਾ ਵਿਕਾਸ ਮੰਤਰਾਲਾ' ਰਖ ਦਿੱਤਾ ਗਿਆ। ਇਸ ਸਿੱਖਿਆ ਨੀਤੀ ਵਿਚ ਉਚ ਸਿੱਖਿਆ ਲਈ ਸੰਸਥਾਵਾਂ ਦੀ ਘਾਟ ਦਾ ਰੋਣਾ ਰੋਂਦੇ ਹੋਇਆਂ "ਚੰਦਾ ਇਕਠਾ ਕਰਨ" "ਫੀਸਾਂ ਵਧਾਉਣ" "ਸਿੱਖਿਆ ਦੀਆਂ ਖਪਤਕਾਰ ਏਜੰਸੀਆਂ ਤੇ ਬੋਝ ਪਾਉਣ ਸਰਕਾਰ 'ਤੇ ਬੋਝ ਘੱਟ ਕਰਨ" ਦੀਆਂ ਗੱਲਾਂ ਕਹੀਆਂ ਗਈਆਂ ਇਹ ਮਹਿਜ ਸੰਯੋਗ ਨਹੀਂ ਹੈ ਕਿ 1986 'ਚ ਵੀ ਸੰਸਾਰ ਬੈਂਕ ਨੇ "ਵਿਕਾਸਸ਼ੀਲ ਦੇਸ਼ਾਂ ਵਿਚ ਉਚ ਸਿੱਖਿਆ ਨੂੰ ਵਿਤੀ ਸਹਾਇਤਾ" ਨਾਂ ਹੇਠ ਇਕ ਦਸਤਾਵੇਜ ਜਾਰੀ ਕੀਤਾ ਗਿਆ ਸੀ।

ਜਿਸ 'ਚ ਵਿਦਿਆਰਥੀਆਂ ਤੋਂ ਖਰਚ ਵਸੂਲਣ, ਵਿਦਿਆਰਥੀਆਂ ਲਈ ਸਟੱਡੀ ਲੋਨ (ਕਰਜਾ) ਸ਼ੁਰੂ ਕਰਨ ਤੇ ਸ਼ੁਧ ਨਿੱਜੀ ਸੰਸਥਾਵਾਂ ਰਾਹੀ ਆਪਣੇ ਖਰਚ ਤੇ ਮੁਨਾਫਾ ਕੱਢਣ ਲਈ ਫੀਸ ਤਹਿ ਕਰਣ ਦੀ ਵਕਾਲਤ ਕੀਤੀ ਗਈ ਸੀ। 1986 'ਚ ਇਨ੍ਹਾਂ ਦੋ ਦਸਤਾਵੇਜਾਂ ਦੇ ਅਧਾਰ 'ਤੇ ਸਿੱਖਿਆ ਨੀਤੀ ਦਾ ਜੋ ਜ਼ਹਿਰੀਲਾ ਬੀਜ ਬੀਜਿਆ ਗਿਆ ਉਹ 1990 ਦੇ ਦਹਾਕੇ 'ਚ ਵੱਡਾ ਹੋ ਕੇ ਜ਼ਹਿਰੀਲੇ ਫਲ ਦੇਣ ਲੱਗਿਆ। 1990 'ਚ ਸੰਸਾਰ ਬੈਂਕ ਯੂਨੇਸਕੋ, ਯੂਨੀਸੈਫ ਸਮੇਤ ਕਈ ਕੌਮਾਂਤਰੀ ਸੰਸਥਾਵਾਂ ਦੀ ਛਤਰ ਛਾਇਆ 'ਚ ਥਾਈ ਲੈਂਡ ਦੇ ਜੋ ਮਿਤਿਅਨ ਸ਼ਹਿਰ ਵਿਚ ਸਭ ਲਈ ਸਿੱਖਿਆ ਸੰਮੇਲਨ ਕਰਵਾਇਆ ਗਿਆ ਸੀ ਜਿਸ 'ਚ ਦੁਨੀਆਂ ਦੇ ਲਗਭਗ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਸ਼ਾਮਲ ਹੋਈਆਂ ਸਨ। ਮੁਢਲੀ ਸਿੱਖਿਆ ਦੇ ਮੱਹਤਵ ਨੂੰ ਰੇਖਾਂ ਕਿਤ ਕਰਦੇ ਹੋਇਆਂ ਹਰ ਦੇਸ਼ ਨੇ ਇਸ ਪ੍ਰਤੀ ਵਚਨ ਬੱਧਤਾ ਦੋਹਰਾਈ ਪਰ ਨਾਲ ਹੀ ਇਸ ਗੱਲ ਨੂੰ ਵੀ ਜੋਰ ਸ਼ੋਰ ਨਾਲ ਉਛਾਲਿਆ ਗਿਆ ਕਿ ਸਭ ਲਈ ਮੁਢਲੀ ਸਿੱਖਿਆ ਵਲੋਂ ਆਪਣਾ ਧਿਆਨ ਪੂਰੀ ਤਰ੍ਹਾਂ ਹਟਾ ਲਵੇ। ਨਤੀਜਾ ਇਹ ਹੋਇਆ ਕਿ ਜੋ ਮਿਤਿਅਨ ਸੰਮੇਲਨ ਦੇ ਬਾਅਦ ਤੋਂ ਹੀ ਸਰਕਾਰ ਤੇ ਸਾਮਰਾਜੀ ਵਿਤੀ ਸੰਸਥਾਵਾਂ

ਨੇ ਆਪਣੀਆਂ ਸਿੱਖਿਆ ਨੀਤੀਆਂ ਤੇ ਯੋਜਨਾਵਾਂ 'ਚ ਉਚ ਸਿੱਖਿਆ ਨੂੰ ਨਜ਼ਰ ਅੰਦਾਜ ਕਰਦਿਆਂ ਇਸ ਖੇਤਰ 'ਚ ਸਰਕਾਰ ਦੀ ਹਿਸੇਦਾਰੀ (ਸ਼ਮੂਲੀਅਤ) ਘਟਾਉਣ ਦੀ ਸਿਫਾਰਸ਼ ਕੀਤੀ। ਸਰਕਾਰ ਦੇ ਆਰਥਕ ਸਰਵੇਖਣਾ ਬਜਟ ਭਾਸ਼ਣਾ ਤੇ ਨੀਤੀ ਕਸਤਾਵੇਜਾਂ 'ਚ ਹਰ ਥਾਂ ਉਚ ਸਿੱਖਿਆ ਦੀ ਅਣਦੇਖੀ ਹੋਣ ਲੱਗੀ।

1991 'ਚ ਨਵੀਂ ਆਰਥਕ ਨੀਤੀ ਦੇ ਅਧਾਰ 'ਤੇ ਤਿਆਰ ਕੀਤੀ ਗਈ 8ਵੀਂ ਪੰਜ ਸਾਲਾਂ ਯੋਜਨਾ (1992-97) ਦੇ ਦਸਤਾਵੇਜ 'ਚ ਸਾਫ ਤੌਰ 'ਤੇ ਇਹ ਕਿਹਾ ਗਿਆ ਕਿ ਹੁਣ ਨਵੇਂ ਰਵਾਇਤੀ ਕਾਲਜਾਂ ਯੂਨੀਵਰਸਿਟੀਆਂ ਦੀ ਸਥਾਪਨਾ ਕਰਨਾ ਜਾਂ ਉਨ੍ਹਾਂ ਨੂੰ ਹੱਲਾ ਸ਼ੇਰੀ ਦੇਣੀ ਗਲਤ ਹੈ। ਇਸ ਦੀ ਥਾਂ ਨਿੱਜੀ ਪੂੰਜੀ ਪਤੀਆਂ ਤੇ ਸੰਸਥਾਵਾਂ ਨੂੰ ਉਚ ਸਿੱਖਿਆ ਦੇ ਖੇਤਰ 'ਚ ਪੂੰਜੀ ਲਾਉਣ ਲਈ ਹੱਲਾ ਸ਼ੇਰੀ ਦੇਣ ਦੀ ਸਿਫਾਰਸ਼ ਕੀਤੀ ਗਈ। ਸਿਖਿਆ ਸੰਸਥਾਵਾਂ ਲਈ ਆਰਥਕ ਸ੍ਰੋਤ ਇਕਠੇ ਕਰਨ ਦੇ ਕਿਹੜੇ ਕਿਹੜੇ ਤਰੀਕੇ ਅਪਣਾਏ ਜਾਣ ਇਸ ਲਈ ਸਰਕਾਰ ਨੇ ਕੇਂਦਰੀ ਯੂਨੀਵਰਸਿਟੀਆਂ ਨਾਲ ਸਬੰਧਤ ਪੂਨੇਆ ਕਮੇਟੀ ਤੇ ਤਕਨੀਕੀ ਸਿਖਿਆ ਸੰਸਥਾਵਾਂ ਲਈ ਡੀ. ਸਵਾਮੀਨਾਥਨ ਕਮੇਟੀ ਦਾ ਗਠਨ ਕੀਤਾ ਗਿਆ। 1993-94 'ਚ ਪੇਸ਼ ਆਪਣੀ ਰੀ ਪੋਟ 'ਚ ਇਨ੍ਹਾਂ ਦੋਨਾ ਹੀ ਕਮੇਟੀਆਂ ਨੇ ਉੱਚ ਸਿਖਿਆ ਨੂੰ ਸਰਕਾਰੀ ਧਨ ਮੁਹਈਆ ਕਰਾਓਣ ਦੇ ਮਹੱਤਵ 'ਤੇ ਜੋਰ ਦਿਤਾ ਜਿਸ ਨੂੰ ਸਰਕਾਰ ਨੇ ਨਜ਼ਰ ਅੰਦਾਜ਼ ਕਰ ਦਿੱਤਾ। ਰੀਪੋਟ ਦੇ ਜਿਹੜੇ ਸੁਝਾਵਾਂ ਨੂੰ ਸਰਕਾਰ ਨੇ ਹੱਥੋ ਹੱਥੀ ਲਿਆਂ ਤੇ ਲਾਗੂ ਕੀਤਾ ਉਨ੍ਹਾਂ 'ਚ ਮੁੱਖ ਸਨ ਫੀਸਾਂ 'ਚ ਵਾਧਾ, ਕੰਸਲ ਟੈਂਸੀ ਤੇ ਹੋਰ ਸਹੂਲਤਾਂ ਦੇ ਕੇ ਪੂੰਜੀ ਪਤੀਆਂ ਤੋਂ ਧਨ ਇਕਠਾ ਕਰਨਾ, ਆਪਣੇ ਖਰਚੇ ਸਲੇਬਸਾਂ ਦੀ ਸ਼ੁਰੂਆਤ, ਬੈਕਾਂ ਵਲੋਂ ਵਿਦਿਆਰਥੀਆਂ ਨੂੰ ਸਟੱਡੀ ਲੋਨ ਰਾਓ-ਮਨ ਮੋਹਨ ਸਿੰਘ ਸਰਕਾਰ ਦੀ ਨਵੀਂ ਆਰਥਕ ਨੀਤੀ ਕੌਮਾਂਤਰੀ ਮੁਦਰਾ ਕੋਸ਼ ਦੇ ਢਾਂਚਾ-ਢਲਾਈ ਪ੍ਰੋਗਾਮ, ਜੋਮਤਿਅਨ ਸੰਮੇਲਨ ਦੇ ਫੈਸਲੇ ਤੇ ਸੰਸਾਰ ਬੈਂਕ ਦੇ 1994 ਦੇ ਨੀਤੀ ਪੱਤਰ 'ਚ ਕੀਤੀਆਂ ਗਈਆਂ ਸਿਫਾਰਸ਼ਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੇ ਹਨ। ਸਾਡੇ ਦੇਸ਼ 'ਚ ਇਹ ਰਵਾਇਤ ਜਿਹੀ ਬਣ ਗਈ ਹੈ ਕਿ ਸਰਕਾਰ ਨੇ ਜਦ ਲੋਕਾਂ ਦੇ ਅੱਖੀ ਘੱਟਾ ਪਾਉਣਾ ਹੁੰਦਾ ਹੈ ਤਾਂ ਉਹ ਕੋਈ ਕਮਿਸ਼ਨ ਜਾਂ ਕਮੇਟੀ ਬਿਠਾ ਦਿੰਦੀ ਹੈ। ਦੇਸ਼ੀ-ਵਿਦੇਸ਼ੀ ਪੂੰਜੀ ਪਤੀਆਂ ਦੇ ਹਿੱਤ ਵਿਚ ਆਰਥਕ ਸੁਧਾਰਾਂ ਦੀ ਸ਼ੁਰੂਆਤ ਕਰਨ ਤੇ ਸਿੱਖਿਆ 'ਚ ਸੁਧਾਰ ਲਈ ਭਾਂਤ-ਭਾਂਤ ਦੀਆਂ ਕਮੇਟੀਆਂ ਦਾ ਗਠਨ ਕੀਤਾ। ਇਨ੍ਹਾਂ 'ਚੋਂ ਕਈ ਕਮੇਟੀਆਂ ਦੀਆਂ ਰੀਪੋਟਾਂ ਦੀ ਭਾਸ਼ਾ ਤੇ ਮੁਹਾਵਰੇ ਵੀ ਵਿਸ਼ਵ ਬੈਂਕ ਦੀਆਂ ਰੀਪੋਟਾਂ 'ਤੇ ਸ਼ਰਤਨਾਮਿਆ ਨਾਲ ਹੂਬਹੂ ਮੇਲ ਖਾਦੇ ਹਨ।

1994 'ਚ 'ਭਾਰਤ 'ਚ ਸਿੱਖਿਆ ਦਾ ਵਿਕਾਸ' ਨਾਂ ਹੇਠ ਪ੍ਰਕਾਸ਼ਿਤ ਇਕ ਦਸਤਾਵੇਜ 'ਚ ਸਰਕਾਰ ਨੇ ਸਪਸ਼ਟ ਐਲਾਨ ਕੀਤਾ ਕਿ "ਦੇਸ਼ 'ਚ ਉਚ ਸਿੱਖਿਆ ਪ੍ਰਣਾਲੀ ਅੱਜ ਕੌਮੀ ਲੋੜਾਂ ਦੀ ਪੂਰਤੀ ਲਈ ਪੂਰੀ ਤਰ੍ਹਾਂ ਵਿਕਸਤ ਹੈ। ਉਚ ਸਿੱਖਿਆ ਦੀ ਮੰਗ ਕਰਨਾ ਆਰਥਕ ਤੌਰ 'ਤੇ ਵਿਹਾਰਕ (ਅਮਲ 'ਚ) ਨਹੀਂ ਹੈ।" ਉੱਚ ਸਿੱਖਿਆ ਦੀ ਮੌਜੂਦਾ ਸਥਿਤੀ ਨਾਲ ਸੰਬੰਧਤ ਜਿਹਨਾਂ ਸਰਕਾਰੀ ਅੰਕੜਿਆਂ ਦਾ ਪਹਿਲਾਂ ਹੀ ਵਿਸਥਾਰ ਨਾਲ ਜ਼ਿਕਰ ਕੀਤਾ ਗਿਆ ਹੈ। ਉਸ ਨੂੰ ਦੇਖਦਿਆਂ ਸਰਕਾਰ ਦੇਸੀ ਇਸ ਬੇਹਯਾਈ ਪੂਰਨ ਐਲਾਨ ਨੂੰ ਸਮਝਣਾ ਕੋਈ ਮੁਸ਼ਕਲ ਨਹੀਂ ਹੈ। ਤਤਕਲੀਨ ਪ੍ਰਧਾਨ ਮੰਤਰੀ ਨੇ ਵੀ ਅਜੇਹੀ ਹੀ ਨਿਰਲੱਜ ਸਪਸ਼ਟਤਾ ਦੇ ਨਾਲ ਲੋਕਾਂ ਨੂੰ ਦੱਸਿਆ ਕਿ

ਸਰਕਾਰ ਕੋਈ ਧਰਮ ਸ਼ਾਲਾ ਨਹੀਂ ਹੈ। 1995 'ਚ ਸਰਕਾਰ ਨੇ ਨਿੱਜੀ ਯੂਨੀਵਰਸਿਟੀਆਂ ਖੋਹਲਣ ਸਬੀਧੀ ਇਕ ਕਨੂੰਨ ਤਿਆਰ ਕੀਤਾ ਜੋ ਰਾਜਸਭਾ 'ਚ ਤੇ ਲੋਕ ਸਭਾ 'ਚ ਪਾਸ ਹੋ ਗਿਆ 1997 'ਚ ਵਿਤ ਮੰਤਰਾਲੇ ਵੱਲੋਂ ਜਾਰੀ 'ਭਾਰਤ 'ਚ ਸਰਕਾਰੀ ਸਬਸਿਡੀ' ਨਾਮੀ ਦਸਤਾਵੇਜ 'ਚ ਉਚ ਤੇ ਦਰਮਿਆਨੀ ਸਿੱਖਿਆਂ ਨੂੰ 'ਨਾਲ-ਮੈਰਿਟ ਗੁੱਡ' ਦੀ ਸ੍ਰੇਣੀ 'ਚ ਪਾਉਂਦਿਆਂ ਇਸ ਦੇ ਲਈ ਸਰਕਾਰੀ ਸਹਾਇਤਾ 'ਚ ਕਟੌਤੀ ਦਾ ਸੁਝਾਅ ਦਿੱਤਾ ਗਿਆ ਤਰਕ ਇਹ ਦਿੱਤਾ ਗਿਆ ਕਿ ਦਰਮਿਆਨੀ ਤੇ ਉੱਚ ਸਿੱਖਿਆ ਨਾਲ ਸਮਾਜ ਦੇ ਥੋੜੇ ਲੋਕਾਂ ਨੂੰ ਹੀ ਲਾਭ ਮਿਲਦਾ ਹੈ। ਜਦ ਕਿ ਮੁੱਢਲੀ ਸਿੱਖਿਆ ਦਾ ਲਾਭ ਵੱਧ ਲੋਕਾਂ ਨੂੰ ਪਹੁੰਚਦਾ ਹੈ। ਇਹ ਤਰਕ ਸੰਸਾਰ ਬੈਂਕ ਪ੍ਰਯੋਜਿਤ ਜੋਮਿਤਆਨ ਸੰਮੇਲਨ ਦੇ ਸੁਝਾਵਾਂ ਦੀ ਅੱਖਾਂ ਮੀਚ ਕੇ ਕੀਤੀ ਗਈ ਨਕਲ ਹੈ। ਜਿਸ ਦਾ ਉਦੇਸ਼ ਤੀਜੀ ਦੁਨੀਆਂ ਦੀਆਂ ਸਰਕਾਰਾਂ ਨੂੰ ਉਚ ਸਿੱਖਿਆ ਨੂੰ ਹੱਲਾਸ਼ੇਰੀ ਦੇਣ ਤੋਂ ਰੋਕਣਾ ਸੀ 1998 'ਚ ਸੰਸਾਰ ਬੈਂਕ ਤੇ ਯੂਨੇਸਕੋ ਦੁਆਰਾ ਪੈਰਸ 'ਚ ਅਯੋਜਿਤ ਉਚ ਸਿੱਖਿਆ 'ਤੇ ਵਿਸ਼ਵ ਸੰਮੇਲਨ 'ਚ ਮੁਰਲੀ ਮਨੋਹਰ ਜੋਸ਼ੀ ਨੇ ਕਿਹਾ ਸੀ ਕਿ "ਉਚ ਸਿੱਖਿਆ ਅਦਾਰਿਆਂ ਨੂੰ ਆਪਣੇ ਆਰਥਕ ਵਸੀਲੇ ਵਧਾਉਣ ਲਈ ਫੀਸ ਵਾਧਾ ਚੰਦਾ ਇੱਕਠਾ ਕਰਨ ਤੇ ਕੰਸਲਟੈਂਸੀ ਜਾਂ ਕਿਸੇ ਹੋਰ ਉਪਾਅ ਰਾਹੀਂ ਪੈਸਾ ਜਮਾਂ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।" 2000 'ਚ ਉਚ ਸਿੱਖਿਆ ਤੇ ਸਮਾਜ 'ਤੇ ਯੂਨੇਸਕੋ ਤੇ ਸੰਸਾਰ ਬੈਂਕ ਦੀ ਟਾਸਕ ਫੋਰਸ ਦੀ ਰੀਪੋਟ 'ਚ ਉਚ ਸਿੱਖਿਆਂ ਨੂੰ ਸਰਕਾਰੀ ਸਹਾਇਤਾ ਨਾ ਦੇਣ ਦੀ ਵਕਾਲਤ ਕੀਤੀ ਗਈ। ਠੀਕ ਉਸ ਸਾਲ ਪ੍ਰਧਾਨ ਮੰਤਰੀ ਟਾਸਕ ਫੋਰਸ (ਬਿਰਲਾ-ਅੰਬਾਨੀਰੀਪੋਟ) ਵਲੋਂ ਸਿੱਖਿਆ ਤੇ ਰੀਪੋਟ ਪੇਸ਼ ਕੀਤੀ ਗਈ ਜਿਸ 'ਚ ਸਿੱਖਿਆਂ ਨੂੰ ਨਿੱਜੀ ਸਰਮਾਏਦਾਰਾਂ ਦੇ ਹਵਾਲੇ ਕਰਨ ਦੀ ਸਿਫਾਰਸ਼ ਕੀਤੀ ਗਈ ਗਈ ਸੀ। ਇਸ ਰੀਪੋਟ 'ਤੇ ਹੋਰ ਚਰਚਾ ਕਦੇ ਫੇਰ ਕਰਾਗੇ। 2001 'ਚ ਗਿਆਨ ਸਮਾਜ' ਬਾਰੇ ਸੰਸਾਰ ਬੈਂਕ ਦੀ ਰੀਪੋਟ 'ਚ ਗਿਆਨ ਵਿਗਿਆਨ ਦੀਆਂ ਨਵੀਆਂ ਖੋਜਾਂ ਨੂੰ ਮੁਨਾਫੇ 'ਚ ਬਦਲਣ ਦੇ ਕੰਮ 'ਚ ਉੱਚ ਸਿੱਖਿਆ ਨੂੰ ਰੇਖਾਕਿਤ ਕੀਤਾ ਗਿਆ ਹੈ। ਉਚ ਸਿੱਖਿਆ ਦੇ ਵਪਾਰੀਕਰਨ ਦੇ ਇਨ੍ਹਾਂ ਨੀਤੀਗਤ ਫੈਸਲਿਆਂ ਦੇ ਨਾਲ ਨਾਲ ਨਿਆਪਾਲਿਕਾ ਨੇ ਵੀ ਇਸ ਕੰਮ 'ਚ ਆਪਣਾ ਭਰਪੂਰ ਯੋਗਦਾਨ ਦਿੱਤਾ ਜੁਲਾਈ 2004 'ਚ ਪ੍ਰਾਈਵੇਟ ਸੰਸਥਾਵਾਂ ਦੇ ਪੱਖ 'ਚ ਫੈਸਲਾ ਸੁਣਾਉਂਦਿਆਂ ਸੁਪੀਮ ਕੋਰਟ ਦੀ ਤਿੰਨ ਮੈਂਬਰੀ ਖੰਡਪੀਠ ਨੇ ਸਰਕਾਰੀ ਕੋਟੇ ਅਤੇ ਮੇਨੇਜਮੈਂਟ ਕੋਟੇ ਲਈ ਬਰਾਬਰ ਫੀਸ ਤਹਿ ਕੀਤੇ ਜਾਣ ਦੀ ਸਿਫਾਰਸ਼ ਕੀਤੀ ਸੀ। ਨਿਆਪਾਲਿਕਾ ਦੇ ਇਸ ਫੈਸਲੇ ਪਿਛੋਂ ਪ੍ਰਾਈਵੇਟ ਸੰਸਥਾਵਾਂ ਨੇ ਸਰਕਾਰੀ ਕੋਟੇ ਦੇ ਵਿਦਿਆਰਥੀਆਂ ਦੀਫੀਸ 'ਚ ਭਾਰੀ ਵਾਧਾ ਕੀਤਾ ਸੀ। ਵਧੀ ਹੋਈ ਫੀਸ ਨਾ ਦੇ ਸਕਣ ਕਰਕੇ ਕੇਰਲ ਦੇ ਇਕ ਪ੍ਰਾਈਵੇਟ ਇੰਜਨੀਰਿੰਗ ਕਾਲਜ ਦੀ ਪਤਿਭਾਸ਼ਾਲੀ ਵਿਦਿਆਰਥਣ ਰਜਨੀ ਦੀ ਪੜ੍ਹਾਈ ਵਿਚ ਹੀ ਛੁਟ ਗਈ ਰਜਨੀ ਨੇ ਸਟੱਡੀ ਲੋਨ ਲਈ ਕਈ, ਬੈਂਕਾਂ ਦੇ ਦਰਵਾਜੇ ਖੜਕਾਏ ਪਰ ਕਿਸੇ ਨਾ ਕਿਸੇ ਬਹਾਨੇ ਸਭ ਨੇ ਉਸ ਨੂੰ ਨਾਂਹ ਕਰ ਦਿੱਤੀ ਉਸ ਦੀ ਯੋਗਤਾ ਨੂੰ ਵੇਖਦੇ ਹੋਇਆਂ ਇੱਕ ਹੋਰ ਅਦਾਰੇ ਨੇ ਉਸ ਨੂੰ ਆਪਣੇ ਕਾਲਜ 'ਚ ਭਾਰਤੀ ਕਰਨ ਤੇ ਉਸ ਦੀ ਫੀਸ ਮੁਆਫ਼ ਕਰਨ ਦਾ ਵਾਅਦਾ ਕੀਤਾ। ਪਰ ਜਿਸ ਕਾਲਜ 'ਚ ਉਹ ਪੜ੍ਹਦੀ ਸੀ ਉਥੋਂ ਦੇ ਪ੍ਰਬੰਧਕਾਂ ਨੇ ਬਿਨਾਂ ਵਧੀ ਫੀਸ ਚੁਕਾਏ ਸੈਸ਼ਨ ਦੌਰਾਨ ਟਰਾਂਸਫਰ ਸਰਟੀਫੀਕਟੇ ਦੇਣ ਤੋਂ ਨਾਂਹ ਕਰ ਦਿਤੀ ਨਿਰਾਸ਼ ਹੋ ਕੇ ਰਜਨੀ ਨੇ ਆਤਮ ਹੱਤਿਆਕਰ

ਲਈ। ਪ੍ਰਤਿਭਾਵਾਂ ਦਾ ਕਤਲ ਕੀਤੇ ਜਾਣ ਦੀ ਇਹ ਕੋਈ ਇਕੱਲੀ ਇਕਹਰੀ ਘਟਨਾ ਨਹੀਂ ਹੈ। ਸਿੱਖਿਆ ਦਾ ਵਪਾਰੀਕਰਨ ਕਰਕੇ ਹਰ ਸਾਲ ਭਾਰੀ ਗਿਣਤੀ ਵਿਚ ਮੇਧਾਵੀ ਵਿਦਿ : ਵਿਦਿਆਰਥਣਾਂ ਨੂੰ ਉਚ ਸਿੱਖਿਆ ਦੇ ਕੈਂਪਸਾਂ ਤੋਂ ਬਾਹਰ ਜਾਂ ਮੌਤ ਦੇ ਮੂੰਹ ਧੱਕਿਆ ਜਾ ਰਿਹਾ ਹੈ। ਅਗਸਤ 2005 ’ਚ ਸੁਪਰੀਮ ਕੋਰਟ ਨੇ ਚੀਫ ਜਸਟਿਸ ਦੀ ਪ੍ਰਧਾਨਗੀ ’ਚ ਗਠਿਤ ਸੱਤ ਮੈਂਬਰੀ ਬੈਂਚ ਨੇ ਪ੍ਰਈ ਵੇਟ ਕਾਲਜਾਂ ਦੇ ਪ੍ਰਬੰਧਕਾਂ ਦੀ ਅਰਜੀਆਂ ਦਾ ਨਿਪਟਾਰਾ ਕਰਦਿਆਂ ਫੈਸਲਾ ਦਿਤਾ ਕਿ “ਜਿਹਨਾਂ ਘੱਟ ਗਿਣਤੀ ਜਾਂ ਗੈਰ-ਘਟ ਗਿਣਤੀ ਪ੍ਰਾਈਵੇਟ ਸੰਸਥਾਵਾਂ ਨੂੰ ਸਰਕਾਰੀ ਸਹਾਇਤਾ ਨਹੀਂ ਮਿਲਦੀ ਉਨ੍ਹਾਂ ’ਚ ਸਰਕਾਰੀ ਰਾਖਵੇਂਕਰਨ ਦੀ ਨੀਤੀ ਨਹੀਂ ਠੋਸ ਸਕਦੀ ਅਤੇ ਨਾ ਹੀ ਉਨ੍ਹਾਂ ਵਿਚ ਵਿਦਿਆਰਥੀਆਂ ਲਈ ਸਰਕਾਰੀ ਕੋਟਾ (ਫੀਕੋਟਾ) ਜਾਂ ਨਾਮਾਂਕਨ ਦੀ ਫੀ ਸਦੀ ਹੀ ਤਹਿ ਕਰ ਸਕਦੀ ਹੈ।” ਇਸ ਫ਼ੈਸਲੇ ਨਾਲ ਪ੍ਰਾਈਵੇਟ ਕਾਲਜਾਂ ਨੂੰ ਅਪ੍ਰਵਾਸੀ ਭਾਰਤੀਆਂ ਲਈ 15% ਸੀਟਾਂ ਮਹੱਈਆਂ ਕਰਨ ਤੇ ਉਸ ਦਾ ਅਮਲ ਤਹਿ ਕਰਨ ਦਾ “ਬੁਨਿਆਦੀ ਅਧਿਕਾਰ ਹੈ” ਸਾਡੇ ਦੇਸ਼ ਦੇ ਹਾਕਮ ਸਿੱਖਿਆ ਪ੍ਰਣਾਲੀ ਨੂੰ ਜਿਸ ਦਿਸ਼ਾ ’ਚ ਲੈ ਜਾ ਰਹੇ ਹਨ। ਉਸਦੇ ਅਨੁਸਾਰ ਅਦਾਲਤਾਂ ਦੇ ਇਹ ਸਭ ਫੈਸਲੇ ਵੀ ਨਿਜੀ ਸਿੱਖਿਆ ਸੰਸਥਾਵਾਂ ਤੇ ਸਿੱਖਿਆ ਦੇ ਵਪਾਰੀਕਰਨ ਦੇ ਪੱਖ ਵਿਚ ਹਨ।

# ਨਵੀ ਸਿੱਖਿਆ ਨੀਤੀ-1986 ਬਨਾਮ ਸਿੱਖਿਆ ਤੇ ਵੱਡਾ ਹਮਲਾ

ਸਿੱਖਿਆ ’ਤੇ ਦੇਸ਼ੀ-ਵਿਦੇਸ਼ੀ ਪੂੰਜੀ ਦੇ ਜਿਸ ਚੌਤਰਫਾ ਹਮਲੇ ਨੂੰ ਅੱਜ ਰੋਜ ਮਰਾ ਦੇ ਅਨੁਭਵਾਂ ਨਾਲ ਸਾਫ ਸਾਫ ਮਹਿਸੂਸ ਕਰ ਰਹੇ ਹਾਂ ਉਸ ਦੀ ਜ਼ਹਿਰੀਲੀ ਵੇਲ ‘ਨਵੀਂ ਸਿੱਖਿਆ ਨੀਤੀ ਦੇ ਨਾਂ ਹੇਠ 1986 ’ਚ ਰਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਅਰਸੇ ਦੌਰਾਨ ਠੋਸੀ ਗਈ ਸੀ। ਅੱਜ ਵਪਾਰੀਕਰਨ ਨਿਜੀਕਰਨ ਸਲੇਬਸ ਤੇ ਢਾਂਚੇ ’ਚ ਤਰੋੜ ਮਰੋੜ ਤੇ ਹੋਰ ਸਾਰੀਆਂ ਲੋਕ-ਵਿਰੋਧੀ ਸਮਾਜ-ਵਿਰੋਧੀ ਫੈਸਲੇ ਲਏ ਜਾ ਰਹੇ ਹਨ। ਉਨ੍ਹਾਂ ਦੀਆਂ ਜੜ੍ਹਾਂ ਇਸ ਸਿੱਖਿਆ-ਨੀਤੀ ਵਿਚ ਹਨ। ਇਸ ਲਈ ਇਹ ਜਰੂਰੀ ਹੈ ਕਿ ਇਸ ਨੀਤੀਗਤ ਦਸਤਾਵੇਜ ਦੇ ਵੱਖ ਵੱਖ ਪੱਖਾਂ ਦੀ ਇਕ ਸਾਫ ਸਮਝ ਹਾਸਲ ਕੀਤੀ ਜਾਵੇ ਇਸਦੀ ਰੋਸ਼ਨੀ ’ਚ ਸਿੱਖਿਆ ਖੇਤਰ ਵਿਚ ਆਪਣੇ ਚਾਰੇ ਪਾਸੇ ਹੋ ਰਹੀਆਂ ਸਾਜਿਸਾਂ ਨੂੰ ਅਸੀਂ ਅੱਛੀ ਤਰ੍ਹਾਂ ਸਮਝ ਸਕਦੇ ਹਾਂ। 1980 ਦਾ ਦਹਾਕਾ ਭਾਰਤ ’ਚ ਨਹੀਂ ਬਲਕਿ ਪੂਰੀ ਦੁਨੀਆਂ ਵਿਚ ਪੂੰਜੀਵਾਦ ਦੇ ਡੂੰਘੇ ਹੁੰਦੇ ਸੰਕਟ ਦਾ ਦਹਾਕਾ ਸੀ। ਇਹ ਸੰਕਟ ਅਜੇ ਨਾ ਹੱਲ ਹੋਣ ਵਾਲਾ ਬਣ ਚੁਕਿਆਂ ਹੈ ਸਾਮਰਾਜੀ ਦੇਸ਼ਾਂ ਦਾ ਸੰਕਟ ਇਹ ਸੀ ਕਿ ਆਪਣੀ ਇਫਰਾਤ ਪੂੰਜੀ ਤੇ ਤਕਨੋਲੋਜੀ ਕਿਥੇ ਲਾਈਏ ਤੇ ਆਪਣੇ ਤਿਆਰ ਮਾਲ ਨੂੰ ਕਿਥੇ ਖਪਾਈਏ। ਦੂਜੇ ਪਾਸੇ ਭਾਰਤ ਦੇ ਪੂੰਜੀ ਪਤੀਆਂ ਦੇ ਸਾਹਮਣੇ ਪੂੰਜੀ ਤੇ ਤਕਨੀਕ ਦੀ ਘਾਟ ਦਾ ਸੰਕਟ ਸੀ। ਅਜਾਦੀ ਪਿਛੋਂ ਭਾਰਤ ਦੇ ਹਾਕਮਾ ਨੇ ਜਿਸ ਆਰਥਕ ਵਿਕਾਸ ਦਾ ਰਾਹ ਚੁਣਿਆ ਸੀ। ਇਹ ਨਹਿਰਾਅ ਉਸ ਦਾ ਸਿੱਟਾ ਸੀ।

ਇਕ ਪਾਸੇ ਸਾਮਰਾਜੀ ਪੂੰਜੀ ਤੋਂ ਨਾਤਾ ਤੋੜਨਾ ਤੇ ਦੂਜੇ ਪਾਸੇ ਰਾਜਿਆਂ ਰਜਵਾੜਿਆਂ ਨਵਾਂਬਾਂ ਤੇ ਜਾਗੀਰਦਾਰ ਦੇ ਨਾਲ ਸਮਝੌਤੇ ਕਾਰਨ ਉਨ੍ਹਾਂ ਨੇ ਇਥੋਂ ਦੀਆਂ ਪੈਦਾਵਾਰੀ ਸ਼ਕਤੀਆਂ ਨੂੰ ਅਰਧ ਜਾਗੀਰ-ਅਰਧ ਬਸਤੀਵਾਦੀ ਬੇੜੀਆਂ ਤੋਂ ਪੂਰੀ ਤਰ੍ਹਾਂ ਅਜਾਦ ਨਹੀਂ ਕੀਤਾ। ਆਪਣੇ ਸ਼ੁਧ ਜਮਾਤੀ ਸੰਘਰਸ਼ਾਂ ਕਾਰਨ ਸਰਮਾਏਦਾਰ ਜਮਾਤ ਨੇ ਦੇਸ਼ ਦੀ ਬਹੁਗਿਣਤੀ ਪੇਂਡੂ ਅਬਾਦੀ ਨੂੰ ਵਿਕਾਸ ਦੀ ਧਾਰਾ ’ਚ ਸ਼ਾਮਲ ਨਹੀਂ ਕੀਤਾ। ਉਹਨਾਂ ਨੇ ਜਾਗੀਰੂ ਪੈਦਾਵਾਰ ਪ੍ਰਵਾਲੀ ਨੂੰ ਵੀ ਆਪਣੇ ਬਾਜ਼ਾਰ ਤੇ ਕੱਚੇ ਮਾਲ ਦੀਆਂ ਸੀਰਤ ਲੋੜਾਂ ਅਨੁਸਾਰ ਹੀ ਹੌਲੀ ਹੌਲੀ ਤੇ ਗੁਝੇ ਰੂਪ ’ਚ ਹੋੜਣ ਦੇ ਦਾਇਰੇ ਤੋਂ ਬਾਹਰ ਤੇ ਆਰਥਕ ਵਿਕਾਸ ਦੇ ਸੁੰਗੜਨ ਕਾਰਨ ਅਧਿਆਪਕ ਪ੍ਰਤੀਸ਼ਤ ਕਿਰਤ ਸ਼ਕਤੀ ਲਈ ਰੁਜ਼ਗਾਰ ਦੇ ਮੌਕੇ ਮੁਹਈਆ ਕਰਨਾ ਪੂੰਜੀਵਾਦ ਲਈ ਸੰਭਵ ਨਹੀਂ ਰਹਿ ਗਿਆ ਹੈ। 60 ਦੇ ਦਹਾਕੇ ਤਕ ਅਰਥਚਾਰੇ ਦਾ ਠਹਿਰਾਅ ਤੇ ਬੇਰੁਜ਼ਗਾਰੀ ਦੀ ਭੀੜ ਉਜਾਗਰ ਹੋਣ ਲੱਗੀ। ਸਿੱਖਿਅਤ ਬੇਰੁਜ਼ਗਾਰਾਂ ਦੀ ਬੇਚੈਨੀ ਤੇ ਗੁੱਸਾ ਵੱਖ ਸੰਘਰਸ਼ਾਂ ਦੇ ਰੂਪ ’ਚ ਫੁਟ ਪਿਆ। ਹਾਕਮ ਜਮਾਤ ਨੇ ਇਹ ਮਹਿਸੂਸ ਕੀਤਾ ਕਿ ਹੁਣ ਉਚ ਸਿੱਖਿਆ ਤੇ ਪੈਸਾ ਖਰਚ ਕਰਨਾ ਬੇਕਾਰ ਹੈ ਕਿਉਂਕਿ ਉਸ ਨਾਲ ਪੈਦਾ ਹੋਣ ਵਾਲੇ ਉਤਪਾਦ’ ਨੂੰ ਖਪਾਉਣ ਦੀ ਔਕਾਤ ਉਨ੍ਹਾਂ ਵਿਚ ਨਹੀਂ ਹੈ ਅਤੇ ਇਸ ਲਈ ਉਹਨਾਂ ਦਾ ਮੁਨਾਫਾ ਵਧਣ ਵਿਚ ਵੀ ਅਜੇਹੇ ਲੋਕਾਂ ਦੀ ਕੋਈ ਭੂਮਿਕਾ ਨਹੀਂ

ਹੈ। ਇਨ੍ਹਾਂ ਹਾਲਤਾਂ 'ਚ ਰਾਜੀਵ ਗਾਂਧੀ ਸਰਕਾਰ ਨੇ 'ਨਵੀਂ ਸਿੱਖਿਆ ਨੀਤੀ ਲਾਗੂ ਕੀਤੀ ਜਿਸ ਦਾ ਉਦੇਸ਼ ਸਿਰਫ ਮੁਠੀਭਰ 'ਪ੍ਰਤਿਭਾਵਾਂ' ਨੂੰ ਬੇਹਤਰ ਸਿੱਖਿਆ ਦਿਵਾਉਣ 'ਤੇ ਧਿਆਨ ਕੇਂਦਰਿਤ ਕਰਨਾ ਤੇ ਆਮ ਲੋਕਾ ਦੀਆਂ ਔਲਾਦਾਂ ਨੂੰ ਸਿੱਖਿਆ ਤੋਂ ਵੰਚਿਤ ਕਰਕੇ ਉਹਨਾਂ ਨੂੰ ਅਣਦੇਖੀ ਬਦਹਾਲੀ ਤੇ ਪਿਛੜੇਪਣ ਦਾ ਸ਼ਿਕਾਰ ਬਣਾਈ ਰਖਣਾ ਸੀ। ਕਿਉਂਕਿ 80 ਦੇ ਦਹਾਕੇ 'ਚ ਹੀ ਵਿਕਾਸ ਦੇ ਨਾਂ ਹੇਠ ਸੰਸਾਰ ਬੈਂਕ ਤੋਂ ਕਰਜੇ ਦੀਆਂ ਵੱਡੀਆਂ ਵੱਡੀਆਂ ਕਿਸਤਾਂ ਲਈਆਂ ਗਈਆਂ ਸਨ। ਇਸ ਲਈ ਇਸ ਸਾਮਰਾਜੀ ਸੰਸਥਾਂ ਦਾ ਦੇਸ਼ ਦੇ ਅੰਦਰੂਲੀ ਮਾਮਲਿਆਂ 'ਚ ਦਖਲ ਵਧਣ ਲੱਗਿਆ। ਉਸਨੇ ਸਰਕਾਰ ਨੂੰ ਬਜਟ ਘੱਟ ਕਰਨ ਦੇ ਬਹਾਨੇ ਸਿੱਖਿਆ ਦੇ ਖਰਚ 'ਚ ਕਟੌਤੀ ਕਰਨ ਦਾ ਸੁਝਾਅ ਦਿੱਤਾ।

ਸਾਮਰਾਜੀ ਤਾਕਤਾਂ ਦੀ ਮੰਸ਼ਾ ਇਹ ਸੀ ਕਿ ਭਾਰਤ ਵਰਗੇ ਪਿਛੜੇ ਦੇਸ਼ਾਂ ਦੇ ਬੌਧਿਕ ਵਿਕਾਸ ਨੂੰ ਰੁੰਡ-ਮਰੁੰਡ ਕਰਕੇ ਉਨ੍ਹਾਂ ਨੂੰ ਸਾਮਰਾਜੀ ਦੇਸ਼ਾਂ ਉਪਰ ਨਿਰਭਰ ਬਣਾਈ ਰਖਣਾ ਸੌਖਾ ਹੋਏਗਾ। ਰਾਜੀਵ ਗਾਂਧੀ ਨੇ 'ਇਕ ਵੀ ਸਦੀ 'ਚ ਦਾਖਲਾ' ਅਤੇ 'ਖੁਲ੍ਹੇ ਦਰਵਾਜੇ ਦੀ ਆਰਥਕ ਨੀਤੀ' ਦੀ ਸਦਾ ਦਿੰਦਿਆਂ ਰਾਮਦ-ਬਰਾਮਦ ਨੂੰ ਹੱਲਾ ਸ਼ੇਰੀ ਦੇਣ ਤੇ ਸਾਮਰਾਜੀ ਦੇਸ਼ਾਂ ਦੇ ਨਾਲ ਆਰਥਕ ਗਠਜੋੜ (ਜਾਂ ਦਲਾਲੀ) ਕਾਇਮ ਕਰਨ ਦੀ ਦਿਸ਼ਾਂ 'ਚ ਅਰੰਭਕ ਕਦਮ ਵਧਾਇਆ। ਆਜਾਦੀ ਪਿਛੋਂ ਨਿਰਧਾਰਿਤ ਦਰਾਮਦ ਖੁਦ ਮੁਖਤਿਆਰੀ ਵਿਕਾਸ ਦੀ ਦਿਸ਼ਾ ਨੂੰ ਤਿਆਗਣ ਦੇ ਸੰਕੇਤ ਵੀ ਇਸ ਦੌਰਾਨ ਮਿਲਣੇ ਸ਼ੁਰੂ ਹੋ ਗਏ ਸਨ ਜਿਹਨਾਂ ਨੂੰ ਨਰਸਿੰਮਾ ਰਾਓ ਸਰਕਾਰ ਨੇ 1991 ਦਾ ਫੈਸਲਾਕੁੰਨ ਹਾਲਤ 'ਚ ਪਹੁੰਚਾ ਦਿੱਤਾ। ਸਤਵੀਂ ਪੰਜ ਸਾਲਾਂ ਯੋਜਨਾ ਦੇ ਦਸਤਾਵੇਜ 'ਚ ਇਨ੍ਹਾਂ ਗੱਲਾਂ ਦੀ ਝਲਕ ਦਿਸਦੀ ਹੈ। ਇਸ 'ਚ ਕਿਹਾ ਗਿਆ ਹੈ ਕਿ "ਨੀਤੀ ਨਿਰਧਾ ਰਿਤ ਦੀ ਕਾਮਯਾਬੀ ਹੋਰਨਾ ਗੱਲਾ ਦੇ ਨਾਲ-ਨਾਲ ਵੱਡੀਆਂ ਫਰਮਾ ਤੇ ਵੱਡੇ ਵਪਾਰੀ ਘਰਾਣਿਆਂ ਦੇ ਰੁਖ 'ਤੇ ਨਿਰਭਰ ਹੋਵੇਗਾ ਜੋ ਵਿਤ ਦੇਣਗੇ, ਵੰਡ ਜਥੇਬੰਦ ਕਰਨਗੇ ਤੇ ਬਰਾਮਦ ਲਈ ਸੰਪਰਕ ਵਿਕਸਤ ਕਰਨਗੇ।" ਕਿਉਂਕਿ ਭਾਰਤ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਜਮਾਤ ਨੇ ਘਰੇਲੂ ਬਾਜ਼ਾਰ ਦਾ ਇਕ ਹੱਦ ਤੋਂ ਵੱਧ ਵਿਕਾਸ ਤੇ ਵਿਸਥਾਰ ਨਹੀਂ ਕੀਤਾ ਸੀ ਤੇ ਉਨ੍ਹਾਂ ਦੀ ਤਕਨੋਲੋਜੀ ਵੀ ਪਿਛੜੀ ਹੋਈ ਸੀ ਇਸ ਲਈ ਵਿਦੇਸ਼ੀ ਪੂੰਜੀ, ਤੇ ਵਿਦੇਸ਼ੀ ਤਕਨੀਕ ਦੀ ਦਰਾਮਦ ਕਰਨਾ ਉਹਨਾਂ ਦੀ ਫੌਰੀ ਲੋੜ ਸੀ। ਜਾਹਿਰ ਹੈ ਕਿ ਅਧੁਨਿਕ ਤਕਨੀਕ ਦੀ ਦਰਾਮਦ ਦੇ ਨਾਲ ਉਹਨਾਂ ਦੇ ਸੰਚਾਲਨ ਤੇ ਪ੍ਰਬੰਧ ਲਈ ਸਿੱਖਿਆ ਪ੍ਰਣਾਲੀ 'ਚ ਤਬਦੀਲੀ ਕਰਨੀ ਲਾਜਮੀ ਸੀ।

ਅਗਸਤ 1985 'ਚ ਰਾਜ ਸਿੱਖਿਆ ਮੰਤਰੀ ਦੇ ਸੰਮੇਲਨ 'ਚ ਪ੍ਰਧਾਨ ਮੰਤਰੀ ਨੇ ਭਵਿੱਖ ਵੱਲ ਸੰਕੇਤ ਕਰਦਿਆਂ ਕਿਹਾ ਕਿ "ਅਸੀਂ ਖੁਦ ਨੂੰ ਬਾਕੀ ਦੁਨੀਆਂ ਤੋਂ ਵੱਖ ਰਖ ਕੇ ਬੈਲ ਗੱਡੀ ਯੁੱਗ 'ਚ ਨਹੀਂ ਰਹਿ ਸਕਦੇ-ਅਸੀਂ ਪੁਰਾਨੀ ਤਕਨੀਕ 'ਤੇ ਨਿਰਭਰ ਨਹੀਂ ਰਹਿ ਸਕਦੇ ਕਿਉਂਕਿ ਇਹ ਸਾਡੇ ਲਈ ਵੱਧ ਖਰਚੀਲੀ ਹੈ ਤੇ ਜਦ ਅਸੀਂ ਆਪਣੀ ਪੁਰਾਨੀ ਤਕਨੀਕ ਦੇ ਖਰਚੇ ਵੇਖਦੇ ਹਾਂ ਤੱਦ ਮਾਮਲਾ ਇਹ ਨਹੀਂ ਰਹਿ ਜਾਂਦਾ ਕਿ ਇਸ ਨਾਲ ਕਿੰਨੇ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ ਅਤੇ ਕਿੰਨੇ ਲੋਕ ਬੇਰੁਜਗਾਰ ਰਹਿ ਜਾਂਦੇ ਹਨ, ਬਲਕਿ ਮੁੱਦਾ ਇਹ ਹੈ ਕਿ ਲਾਗਤ ਦੇ ਅਨੁਪਾਤ 'ਚ ਉਤਪਾਦਕਤਾ ਕਿੰਨੀ ਹੈ।"

'ਨਵੀਂ ਸਿੱਖਿਆ ਨੀਤੀ' ਨੂੰ ਹਾਕਮ ਜਮਾਤਾਂ ਦੀ ਆਰਥਿਕ ਦਿਸ਼ਾ 'ਚ ਬਾਦਲਾਅ ਦੀ ਇਸ ਪਿਠਭੂਮੀ 'ਚ ਹੀ ਵੇਖਿਆ ਜਾਣਾ ਚਾਹੀਦਾ ਹੈ। 'ਨਵੀਂ ਸਿੱਖਿਆ ਨੀਤੀ ਸਬੰਧੀ ਪ੍ਰੀਪੇਖ' ਸਿੱਖਿਆ ਦੀ ਦੁਰਦਸ਼ਾ ਤੇ ਪਛਤਾਵਾ ਤੇ ਭਵਿਖ ਦੀਆਂ ਚਿੰਤਾਵਾਂ ਨਾਲ ਭਰਿਆ ਪਿਆ ਸੀ। ਪਰ ਇਸ ਵਲੋਂ ਸੁਝਾਇਆ ਗਿਆ ਹੱਲ ਇਸ ਗੱਲ ਨਾਲ ਤਹਿ ਹੋਣਾ ਸੀ ਕਿ ਨੀਤੀਘਾੜੇ ਇਸ ਸਮੱਸਿਆ ਨੂੰ ਕਿੱਥੇ ਖੜ੍ਹੇ ਹੋ ਕੇ ਦੇਖ ਰਹੇ ਸਨ, ਉਨ੍ਹਾਂ ਦੀ ਸਾਂਝ ਕਿਸ ਜਮਾਤ ਨਾਲ ਸੀ ਤੇ ਉਹ ਕੀ ਕਹਿੰਦੇ ਸਨ। ਦਸਤਾਵੇਜ ਦੇ ਇਨ੍ਹਾਂ ਅੰਸ਼ਾਂ ਦੀ ਤੁਲਨਾ ਵਿਚ ਮੁੱਢਲੀ ਸਿੱਖਿਆ ਦੇ ਖੇਤਰ ਵਿਚ ਸਾਡੀ ਹਾਲਤ ਬਹੁਤ ਹੀ ਤਰਸ ਯੋਗ ਹੈ। ਇਕਵੀਂ ਸਦੀ 'ਚ ਦਾਖਲ ਹੁੰਦਿਆਂ ਸਾਡੇ ਇਥੇ ਅਣਪੜ ਲੋਕਾਂ ਦੀ ਗਿਣਤੀ ਏਨੀ ਵਧ ਜਾਵੇਗੀ ਕਿ ਸਥਿਤੀ ਸੰਭਾਲਨੀ ਮੁਸਕਲ ਹੋ ਜਾਵੇਗੀ ਗਰੀਬ ਲੋਕਾਂ ਦਾ ਕਸ਼ਟ ਇਸ ਤਰ੍ਹਾਂ ਹੋਰ ਵੱਧ ਜਾਵੇਗਾ। ਪ੍ਰੌੜ ਹੇਠਲੀ ਪੱਧਰ 'ਤੇ ਗੁਜਾਰਾ ਕਰਨਗੇ ਤੇ ਉਨ੍ਹਾਂ ਦੇ ਬੱਚੇ ਨਾਸਮਝੀ ਤੇ ਫਟੇਹਾਲੀ ਦੀ ਜਿੰਦਗੀ ਬਤੀਤ ਕਰਨਗੇ। ਇਥੋਂ ਤੱਕ ਕਿ ਮੁਕਾਬਲਤਨ ਖੁਸ਼ਹਾਲ ਲੋਕਾਂ 'ਤੇ ਵੀ ਇਸ ਦਾ ਅਸਰ ਪਵੇਗਾ ਅਤੇ ਗਰੀਬ ਤੇ ਨਾ ਸਮਝ ਉਹਨਾਂ ਦੇ ਗਲੇ 'ਚ ਚੱਕੀ ਦੇ ਪੁੜਾਂ ਵਾਂਗੂ ਲਟਕੇ ਰਹਿਣਗੇ। ਇਸ ਤਰ੍ਹਾਂ ਦੇ ਦੂਹਰੇ ਨੁਕ ਸਾਨ ਨੂੰ ਦੇਸ਼ ਸ਼ਾਇਦ ਵੱਧ ਸਮੇਂ ਤਕ ਸਹਿਣ ਨਹੀਂ ਕਰ ਸਕੇਗਾ। ਜੇ ਇਸ ਸਮੇਂ ਦੌਰਾਨ ਕੋਈ ਠੋਸ ਕਦਮ ਨਹੀਂ ਚੁਕਿਆਂ ਗਿਆ ਤਾਂ ਏਨਾ ਤਣਾਅ ਪੈਦਾ ਹੋ ਸਕਦਾ ਹੈ ਕਿ ਕਨੂੰਨ ਤੇ ਵਿਵਸਥਾ ਬਣਾਈ ਰਖਣੀ ਮੁਸ਼ਕਲ ਹੋ ਜਾਵੇ।"

1947 ਪਿਛੋਂ ਗਠਿਤ ਸਭ ਕਮਿਸ਼ਨਾ ਨੇ ਸਿੱਖਿਆ 'ਤੇ ਵਿਚਾਰ ਕਰਦਿਆਂ ਸੰਪੂਰਨ ਭਾਰਤੀ ਜਨਤਾ ਨੂੰ ਸਿੱਖਿਆ ਦੇ ਦਾਇਰੇ 'ਚ ਲਿਆਉਣ ਨੂੰ ਆਪਣਾ ਲੋਕਾਂ ਪ੍ਰਤੀ ਆਪਣੀ ਜੁੰਮੇਵਾਰੀ ਦਾ ਇਜਹਾਰ ਕੀਤਾ ਸੀ। ਉਨ੍ਹਾਂ ਨੂੰ ਬੋਝ ਤੇ ਸਿਰਦਰਦੀ ਵਜੋਂ ਪੇਸ਼ ਨਹੀਂ ਕੀਤਾ ਸੀ। ਮਨ 'ਚ ਚਾਹੇ ਜੋ ਵੀ ਰਿਹਾ ਹੋਵੇ ਪਰ ਕਿਸੇ ਵੀ ਕਮਿਸ਼ਨ ਦੀ ਸਿਫਾਰਸ਼ ਵਿਚ ਲੋਕਾਂ ਦੀ ਬਹੁਗਿਣਤੀ ਅਬਾਦੀ ਪ੍ਰਤੀ ਨਫਰਤ ਦੇਖਣ ਨੂੰ ਨਹੀਂ ਮਿਲੀ ਸੀ। ਨਵੀਂ ਸਿੱਖਿਆ ਨੀਤੀ ਦੇ ਉਕਤ ਅੰਸ਼ਾਂ ਵਿਚ ਇਹ ਨੰਗੇ ਚਿਟੇ ਰੂਪ 'ਚ ਨਜ਼ਰ ਆਈ ਹੈ। ਦੇਸ਼ 'ਚ ਭਾਵੀ ਸਿੱਖਿਆ ਦੀ ਦਸ਼ਾ ਤਹਿ ਕਰਨ ਵਾਲੇ ਇਸ ਦਸਤਾਵੇਜ ਦੀਆਂ ਸਿਫਾਰਸ਼ਾਂ 'ਚ ਇਸ ਜਮਾਤੀ ਪੱਖ ਦੀ ਸਪਸ਼ਟ ਝਲਕ ਦਿਸਦੀ ਹੈ। ਉਸ ਪਿਛੋਂ ਲਗਭਗ 23 ਸਾਲ ਲੰਘ ਗਏ ਤੇ ਇਨ੍ਹਾਂ ਸੁਝਾਵਾਂ ਨੂੰ ਵੱਧਾ ਚੜਾ ਕੇ ਲਾਗੂ ਵੀ ਕੀਤਾ ਜਾ ਚੁਕਿਆ ਹੈ। ਇਸ ਦਸਤਾਵੇਜ ਦੇ ਮੁਖ ਬਿੰਦੂ ਇਸ ਤਰ੍ਹਾਂ ਹਨ :

**ਮੁੱਢਲੀ ਸਿੱਖਿਆ** : 6 ਤੋਂ 14 ਸਾਲ ਤਕ ਦੇ ਸਾਰੇ ਬੱਚਿਆਂ ਨੂੰ ਲਾਜਮੀ ਤੇ ਮੁਫਤ ਸਿਖਿਆ ਦੀ ਜਿੰਮੇ ਵਾਰੀ ਨੂੰ ਜਿਸ ਨੂੰ 1960 ਤਕ ਪੂਰਾ ਕਰਨ ਦਾ ਟੀਚਾ ਰਖਿਆ ਗਿਆ। ਉਸ ਦਾ ਅਰਸਾ 1990 ਤਕ ਵਧਾਉਣ ਦਾ ਪ੍ਰਸਤਾਵ ਕੀਤਾ ਗਿਆ। ਦਸਤਾਵੇਜ 'ਚ ਇਸ ਤੱਥ ਨੂੰ ਮੰਨਿਆ ਗਿਆ ਕਿ ਭਾਰਤ 'ਚ ਸਿੱਖਿਆ 'ਤੇ ਹੋਣ ਵਾਲਾ ਖਰਚ ਕਈ ਗਰੀਬ ਦੇਸ਼ਾਂ ਤੋਂ ਵੀ ਘੱਟ ਹੈ ਪਰ ਵਿਤੀ ਸੰਕਟ ਦਾ ਹਵਾਲਾ ਦਿੰਦੇ ਹੋਇਆਂ ਇਸ ਸੰਵਿਧਾਨਿਕ ਜਿੰਮੇਵਾਰੀ ਤੋਂ ਮੂੰਹ ਮੋੜਨ ਦਾ ਸੰਕੇਤ ਵੀ ਦਿੱਤਾ ਗਿਆ। ਇਸ ਦੀ ਨਕਲ ਕਰਦਿਆਂ ਸਤਵੀਂ ਯੋਜਨਾ 'ਚ ਮੁਢਲੀ ਸਿੱਖਿਆ

ਲਈ ਸਿਰਫ 1830.45 ਕਰੋੜ ਰੁਪਏ ਮੰਜੂਰ ਕੀਤਾ ਗਿਆ ਜੋ-ਅਨੁਮਾਨਿਤ (5000 ਕਰੋੜ ਰੁਪਏ) ਦੇ ਖਰਚ ਦੀ ਤੁਲਨਾ 'ਚ ਬਹੁਤ ਹੀ ਘੱਟ ਇਹ ਨਗੁਣੀ ਰਾਸ਼ੀ ਵਿਚ ਵੀ ਗੈਰ ਰਵਾਇਤੀ ਸਿੱਖਿਆ ਤੇ ਆਦਰਸ਼ ਸਕੂਲਾਂ ਦੇ ਖਰਚੇ ਵੀ ਸ਼ਾਮਲ ਸਨ। ਜ਼ਾਹਿਰਾ ਤੌਰ 'ਤੇ ਇਹ ਕਦਮ ਮੁੱਢਲੀ ਸਿੱਖਿਆਂ ਨੂੰ ਪਹਿਲਾਂ ਤੋਂ ਵੀ ਵੱਧ ਬੁਰੀ ਹਾਲਤ 'ਚ ਪਹੁੰਚਾਉਣ ਵਾਲਾ ਸੀ।

**ਆਦਰਸ਼ ਸਕੂਲ :** ਸਭ ਬੱਚਿਆਂ ਨੂੰ ਨਿਆਪੂਰਨ ਸਿੱਖਿਆ ਦੇਣ ਦੀ ਸੰਵਿਧਾਨਿਕ ਜੁੰਮੇ ਵਾਰੀ ਨੂੰ ਮੋਢੇ ਤੋਂ ਲਾਹ ਸੁਟਣ ਦੇ ਨਾਲ ਦਸਤਾਵੇਜ 'ਚ ਇਹ ਪ੍ਰਸਤਾਵ ਕੀਤਾ ਗਿਆ ਕਿ ਦੇਸ਼ ਦੇ ਹਰੇਕ ਜਿਲੇ 'ਚ ਕੈਂਦਰ ਸਰਕਾਰ ਵਲੋਂ ਦਸਤਾਵੇਜ 'ਚ ਇਹ ਪ੍ਰਸਤਾਵ ਕੀਤਾ ਗਿਆ" ਦੇਸ਼ ਦੇ ਹਰੇਕ ਜਿਲ੍ਹੇ 'ਚ ਕੇਂਦਰ ਸਰਕਾਰ ਵਲੋਂ ਦਿਸ਼ਾ-ਨਿਰਧਾਰਿਕ ਆਦਰਸ਼ ਸਕੂਲ (ਨਵੋਦਿਆ ਸਕੂਲ) ਖੋਹਲਣ ਦਾ ਫੈਸਲਾ....।"

ਇਸ ਦਸਤਾਵੇਜ 'ਚ ਇਹ ਵੀ ਦਸਿਆ ਗਿਆ ਕਿ "ਸਾਡੇ ਦੇਸ਼ ਦੇ 1/5 ਭਾਗ ਦੀ ਅਬਾਦੀ ਲਈ ਕੋਈ ਸਕੂਲ ਨਹੀਂ ਹੈ। ਬਾਕੀ 4/5 ਹਿੱਸੇ 'ਚ ਜੋ ਸਕੂਲ ਹਨ ਉਨ੍ਹਾਂ 'ਚੋਂ 40% ਕੋਲ ਕੋਈ ਪੱਕੀ ਇਮਾਰਤ ਨਹੀਂ ਹੈ। 39.72% ਪਾਸ ਬਲੈਕ ਬੋਰਡ ਨਹੀਂ ਹਨ। 59.5% ਪਾਸ ਪੀਣ ਦਾ ਪਾਣੀ ਨਹੀਂ ਹੈ ਅਤੇ 35% 'ਚ 3 ਜਾਂ 4 ਜਮਾਤਾਂ ਲਈ ਇਕ ਅਧਿਆਪਕ ਹੈ। ਇਸ ਦੇ ਨਾਲ ਇਹ ਵੀ ਮੰਨਿਆ ਗਿਆ ਕਿ ਸਕੂਲ ਜਾਣ ਵਾਲਿਆ 'ਚੋਂ 96% ਅਤੇ ਸਕੂਲ ਵਿਚ ਹੀ ਛਡਣ ਵਾਲਿਆਂ ਵਿਚੋਂ 84% ਉਨ੍ਹਾਂ ਪ੍ਰੀਵਾਰਾਂ ਦੇ ਹੁੰਦੇ ਹਨ ਜਿਹਨਾਂ ਦੀ ਸਲਾਨਾ ਆਮਦਨ ਸਭ ਸਾਧਨਾ ਨੂੰ ਮਿਲਾਕੇ 4000 ਰੁਪਏ ਤੋਂ ਘੱਟ ਹੈ। ਸਕੂਲ ਛੱਡਣ ਵਾਲੇ ਬੱਚਿਆਂ 'ਚੋਂ 80% ਉਨ੍ਹਾਂ ਪ੍ਰੀਵਾਰ ਦੇ ਹੁੰਦੇ ਹਨ ਜਿਹਨਾਂ ਦਾ ਕਾਰੋਬਾਰ ਖੇਤੀ ਤੇ ਮਜ਼ਦੂਰੀ ਹੈ। ਇਨ੍ਹਾਂ ਬੇਰਹਿਮ ਤੇ ਨੰਗੀਆਂ ਸਚਾਈਆਂ ਨੂੰ ਮੰਨਣ ਦੇ ਬਾਵਜੂਦ ਦਸਤਾਵੇਜ ਨੇ ਸਿੱਖਿਆ ਦੀ ਦੁਰਦਸਾ ਸੁਧਾਰਨ ਲਈ ਕੋਈ ਠੋਸ ਸੁਝਾਅ ਤੇ ਹੱਲ ਮੁੱਹਈਆ ਕਰੌਣ ਦੀ ਗੱਲ ਨਹੀਂ ਕੀਤੀ। ਇਸ ਦੇ ਉਲਟ 'ਯੋਗ ਨੌਜਵਾਨ ਦਾ ਪਤਾ ਲਾ ਕੇ' ਉਨ੍ਹਾਂ ਨੂੰ 'ਉਤਮ ਸਿੱਖਿਆ' ਦੇਣ ਦਾ ਸੁਝਾਅ ਦਿੱਤਾ ਗਿਆ। ਇਸ ਦਾ ਮਤਲਬ ਸਾਫ ਹੈ ਕਿ ਸਿੱਖਿਆ ਨੂੰ ਮੁਠੀਭਰ ਲੋਗਾਂ ਤਕ ਸੀਮਤ ਕਰ ਦੇਣ ਦਾ ਸੁਝਾਅ ਦਿੱਤਾ।

**ਪ੍ਰੌੜ ਸਿੱਖਿਆ :** ਅਣਪੜਤਾ ਖਾਤਮੇ ਲਈ ਸਭ ਬਚਿਆਂ ਨੂੰ ਮੁਢਲੀ ਸਿੱਖਿਆ ਮੁਹਈਆ ਕਰੌਣ ਦੇ ਨਾਲ-ਨਾਲ ਬਾਲਗ ਸਿੱਖਿਆ ਪ੍ਰੋਗ੍ਰਾਮ ਵੀ ਜਰੂਰੀ ਹੈ। ਦਸਤਾਵੇਜ 'ਚ ਇਸ ਲਈ ਕੋਈ ਠੋਸ ਪ੍ਰਸਤਾਵ ਤੇ ਸੁਝਾਆ ਦੇਣ ਦੀ ਬਜਾਏ "ਸਾਵਧਾਨੀ ਨਾਲ ਵਿਚਾਰ ਕਰਕੇ ਅਜੇ ਇਹ ਤਹਿ ਕਰਨਾ ਹੈ" ਕਿ "ਇਸ ਬਾਰੇ ਕੋਈ ਫੈਸਲਾ ਕੁੰਨ ਕਾਰਵਾਈ ਕੀਤੀ ਜਾਵੇ।" ਵਰਗੀ ਕੋਰੀ ਲਫਾਫੇ ਬਾਜੀ ਕੀਤੀ ਗਈ ਹੈ। ਪ੍ਰੌੜ ਸਿੱਖਿਆ ਦੇ ਵਿਕਲਪ ਵਜੋਂ ਰਾਜੀਵ ਗਾਂਧੀ ਦੇ ਜਮਾਨੇ 'ਚ ਪਿੰਡ-ਪਿੰਡ ਸਕੂਲ 'ਚ ਟੀ ਵੀ ਲਾਲੇ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਦੀ ਹਵਾਈ ਯੋਜਨਾ ਲਾਗੂ ਹੋਈ ਸੀ, ਜੋ ਦੋ ਸਾਲ ਅੰਦਰ ਹੀ ਰੱਦੀ ਦੀ ਟੋਕਰੀ 'ਚ ਚਲੀ ਗਈ।

**ਵਪਾਰਕ ਸਿੱਖਿਆ/ਕਿਤਾ ਮੁਖੀ ਸਿੱਖਿਆ :** ਦਸਤਾਵੇਜ 'ਚ 10+2 ਪ੍ਰਣਾਲੀ 'ਚ 10ਵੀਂ ਪਿਛੋਂ ਦੋ ਸਾਲਾਂ ਦੀ ਕਿਤਾਮੁਖੀ ਸਿੱਖਿਆ ਦੀ ਸਿਫਾਰਸ਼ ਕੀਤੀ ਗਈ ਜਿਸ ਦਾ ਮਕਸਦ 10ਵੀਂ ਤੋਂ ਅੱਗੇ ਆਮ ਸਿੱਖਿਆ 'ਤੇ ਰੋਕ ਲਾਉਣਾ ਤੇ ਉਚ

ਸਿੱਖਿਆ ਨੂੰ ਸੀਮਤ ਕਰਨਾ ਸੀ। 1953 'ਚ ਮੁਦਾਲਿਅਰ ਕਮਿਸ਼ਨ ਨੇ ਅਰਥਚਾਰੇ ਦੀ ਲੋੜਾਂ ਅਨੁਸਾਰ ਤਕਨੀਕਸ਼ਿਅਨਾ ਤੇ ਕੁਸ਼ਲ ਕਾਰੀਗਰ ਦੀ ਵਧਦੀ ਮੰਗ ਨੂੰ ਧਿਆਨ 'ਚ ਰਖਦਿਆਂ ਕਿਤਾ ਮੁੱਖੀ ਸਿੱਖਿਆ ਦੇ ਪ੍ਰਚਾਰ ਪਸਾਰੇ 'ਤੇ ਜੋਰ ਦਿੱਤਾ ਗਿਆ ਉਸ ਨੂੰ ਮੰਜੂਰ ਵੀ ਕਰ ਲਿਆ ਗਿਆ ਸੀ ਪਰ ਵਿਹਾਰ 'ਚ ਇਸ ਨੂੰ ਕਾਰਗਰ ਤਰੀਕੇ ਨਾਲ ਲਾਗੂ ਨਹੀਂ ਕੀਤਾ ਗਿਆ ਹਾਲਾਂ ਕਿ ਇਸ ਦੇ ਰਾਹੀਂ ਜੋ ਕੁਸ਼ਲ ਕਾਰੀਗਰ ਤਿਆਰ ਕੀਤੇ ਉਨ੍ਹਾਂ ਨੂੰ ਰੁਜ਼ਗਾਰ ਦੇਣ 'ਚ ਇਹ ਪ੍ਰਣਾਲੀ ਅਸਫਲ ਰਹੀ ਤੇ ਹਰਸਾਲ ਭਾਰੀ ਗਿਣਤੀ ਵਿਚ ਸਿੱਖਿਅਤ ਤਕਨੀਸ਼ੀਅਨ ਬੇਰੁਜ਼ਗਾਰਾਂ ਦੀ ਭੀੜ 'ਚ ਸ਼ਾਮਲ ਹੁੰਦੇ ਗਏ। ਅਜੇਹੇ 'ਚ ਖਾਸ ਤੌਰ 'ਤੇ ਜਦ ਕਿ ਦੇਸ਼ ਦੇ ਅਰਥਚਾਰੇ ਖੁਲੇ ਦਰਵਾਜੇ ਦੀ ਨੀਤੀ ਤਹਿਤ ਉੱਚ ਤਕਨੀਕ ਤੇ ਭਾਰੀ ਪੂੰਜੀ ਦੇ ਜ਼ੋਰ 'ਤੇ ਰੁਜ਼ਗਾਰ ਵਹੀਨ ਵਿਕਾਸ ਦੀ ਦਿਸ਼ਾਂ 'ਚ ਮੋੜੀ ਜਾ ਰਹੀ ਸੀ, ਉਸ ਦੌਰਾਨ ਦਰਮਿਆਨੀ ਸਿੱਖਿਆ ਦੀ ਦੋ ਸਾਲਾਂ ਦੀ ਆਮ ਪੜ੍ਹਾਈ ਨੂੰ ਤਕਨੀਕੀ ਸਿੱਖਿਆ 'ਚ ਬਦਲਣ ਜਾਂ ਏਨੇ ਵੱਡੇ 'ਤੇ ਕਿਤਾਮੁਖੀ ਸਿਖਿਆ ਦੇਣ ਬਾਰੇ ਵੱਡੀਆਂ-ਵੱਡੀਆਂ ਗੱਲਾ ਦਾ ਭਲਾ ਕੀ ਮਤਲਬ ਸੀ? ਦਰਅਸਲ ਇਸ ਤਰ੍ਹਾਂ ਦੀਆਂ ਗੱਲਾਂ ਰਾਹੀ ਸਿੱਖਿਆ ਦੇ ਵਪਾਰਕ ਮਕਸਦਾ ਨੂੰ ਸੀਮਤ ਕਰਕੇ ਉਸ ਨੂੰ ਮਹੱਤਵਹੀਨ ਬਣਾਉਣ ਦੀ ਸ਼ੁਰੂਆਤ ਸੀ ਅੱਜ ਇਹ ਗੱਲ ਇਕ 'ਆਮ ਸਮਝ' ਦੀ ਤਰ੍ਹਾਂ ਆਮ ਲੋਗਾਂ ਦੇ ਦਿਮਾਗ 'ਚ ਭਰੀ ਗਈ ਹੈ। ਕਿਤਾ ਮੁਖੀ (ਵਪਾਰਕ) ਸਿੱਖਿਆ ਨੂੰ ਹਰ ਤਾਲੇ ਦੀ ਚਾਬੀ ਦਸਕੇ ਲੋਕਾਂ ਨੂੰ ਠਗਣ ਦਾ ਧੰਦਾ ਖੂਬ ਚਲ ਨਿਕਲਿਆ ਹੈ।

ਸੰਕਟਗ੍ਰਸਤ ਪੂੰਜੀਵਾਦੀ ਪ੍ਰਣਾਲੀ ਪਹਿਲਾਂ ਹੀ ਦੁਨੀਆਂ ਦੇ ਕਈ ਦੇਸ਼ਾਂ ਵਿਚ ਫਾਰਮੂਲੇ ਅਪਣਾਉਂਦੀ ਰਹੀ ਹੈ ਕਿ ਉੱਚ ਸਿੱਖਿਆ ਦਾਖਲੇ ਨੂੰ ਸਿਧਾ ਰੋਕਣ ਦੀ ਬਜਾਏ ਉਥੋਂ ਤਕ ਪਹੁੰਚਣ ਤੋਂ ਪਹਿਲਾਂ ਦੀ ਮੰਜਿਲ 'ਤੇ ਹੀ ਲੋਕਾਂ ਨੂੰ ਅੱਧ 'ਚ ਕਨਿਸ਼ਤ ਯੂਨੀਵਰਸਿਟੀ ਦਾ ਸਿਧਾਂਤ ਦੇ ਕੇ ਤਿੰਨ ਪੱਧਰੀ ਪ੍ਰਣਾਲੀ ਸ਼ੁਰੂ ਕੀਤੀ ਗਈ ਜਿਸ ਨਾਲ ਉੱਚ ਸਿੱਖਿਆ ਨੂੰ ਸੀਮਤ ਕਰਨ 'ਚ ਸਹਾਇਤਾ ਮਿਲੀ। ਕਿਤਾਮੁਖੀ ਸਿੱਖਿਆ ਵੀ ਅਜੇਹਾ ਹੀ ਫਾਰਮੂਲਾ ਸੀ।

**ਉੱਚ ਸਿੱਖਿਆ** : ਹਾਕਮ ਜਮਾਤਾਂ ਦੀ ਲੋੜਾਂ ਦੀ ਬੇਸ਼ਰਮੀ ਨਾਲ ਵਕਾਲਤ ਕਰਦੇ ਹੋਇਆਂ ਦਸਤਾਵੇਜ 'ਚ ਕਿਹਾ ਕਿਹਾ ਗਿਆ ਸੀ ਕਿ "ਸਮਸਿਆ ਉਚ ਸਿੱਖਿਆ ਤਕ ਪਹੁੰਚ ਦੀ ਨਹੀਂ ਬਲਕਿ ਆਪਣੇ ਸੀਮਤ ਸਾਧਨਾ ਨੂੰ ਬੇਰੁਜ਼ਗਾਰਾਂ ਦੀ ਇਕ ਵੱਡੀ ਗਿਣਤੀ ਪੈਦਾ ਕਰਨ ਤੇ ਖਰਚ ਕਰਨ ਤੋਂ ਰੋਕਣ ਦੀ ਹੈ।" ਇਸ ਅਨੁਸਾਰ ਮੌਜੂਦਾ ਸਹੂਲਤਾਂ 'ਚ ਕਟੌਤੀ, ਦਾਖਲੇ ਨੂੰ ਸੀਮਤ ਕਰਨ ਤੇ ਨਵੀਂਆਂ ਸੰਸਥਾਵਾਂ ਨਾ ਖੋਹਲਣ ਦੀ ਸਲਾਹ ਦੇ ਦਿੱਤੀ ਗਈ। ਬੇਰੁਜਗਾਰੀ ਦਾ ਕਾਰਨ ਵੱਧ ਲੱਕਾਂ ਦਾ ਪੜ ਲਿਖ ਜਾਣਾ ਨਹੀਂ ਬਲ ਕਿ ਲੋਕ ਵਿਰੋਧੀ ਨੀਤੀਆਂ ਕਾਰਨ ਆਰਿਥਕ ਵਿਕਾਸ ਦਾ ਮੱਠਾ ਹੋਣਾ ਤੇ ਹਾਕਮ ਜਮਾਤਾਂ ਵਲੋਂ ਜਨਤਾ ਦੀ ਯੋਗਤਾ ਤੇ ਸਮਰਥਾ ਨੂੰ ਸਮਾਜਕ ਪੈਦਾਵਾਰ 'ਚ ਨਾ ਲਾਉਣਾ ਹੈ। ਇਹ ਦੇਸ਼ ਉਲਟੇ ਸਿੱਖਿਆ ਪ੍ਰਣਾਲੀ ਜਾਂ ਸਿੱਖਿਅਤ ਲੋਕਾਂ 'ਤੇ ਮੜਨਾ ਤੇ ਇਸ ਬਹਾਨੇ ਉੱਚ ਸਿੱਖਿਆ ਨੂੰ ਹੀ ਸੀਮਤ ਕਰ ਦੇਣਾ ਪੂੰਜੀਵਾਦੀ ਬੇਸ਼ਰਮੀ ਤੇ ਧੱਕੇ ਸ਼ਾਹੀ ਤੋਂ ਸਿਵਾਏ ਹੋਰ ਕੁਝ ਨਹੀਂ ਹੈ। ਉੱਚ ਸਿੱਖਿਆ 'ਚੋਂ ਭੀੜ ਦੀ ਛਾਂਟੀਕਰਨ ਲਈ ਇਕ ਨੁਸਖਾ ਸੁਝਾਇਆ ਗਿਆ ਕਿ" ਹੁਣ ਨੌਕਰੀ

ਨੂੰ ਡਿਗਰੀ ਨਾਲ ਨਾ ਜੋੜਿਆ ਜਾਵੇ ਤਾਂ ਸਨਾਤਕ ਪੱਧਰ ਦੀ ਭੀੜ ਘੱਟ ਹੋ ਜਾਵੇਗੀ ਤੇ ਇਸ ਅਣਪੜ੍ਹ ਬੇਰੁਜ਼ਗਾਰਾਂ ਦੇ ਮੁਕਾਬਲੇ ਸਿੱਖਿਅਤ ਬੇਰਜ਼ਗਾਰ ਵੱਧ ਖਤਰਨਾਕ ਹੁੰਦੇ ਹਨ। ਵਿਸ਼ਾਲ ਲੋਕਾਂ ਨੂੰ ਬੇਹਤਰ ਸਿੱਖਿਆ ਮੁਹਈਆ ਕਰਉਣ ਦਾ ਅਰਥ ਹੈ ਉਹਨਾਂ ਦੀ ਸਮਾਜਕ-ਰਾਜਸੀ ਚੇਤਨਾ ਦੇ ਪੱਧਰ ਨੂੰ ਉੱਚਾ ਚੁਕਣਾ ਅਜੇਹੇ 'ਚ ਜਦ ਸਮਾਜ ਦੀ ਵੱਡੀ ਗਿਣਤੀ ਨੂੰ ਹਾਸ਼ੀਏ 'ਤੇ ਸੁਟਦੇ ਹੋਇਆਂ ਮੁਠੀਭਰ ਲੋਕਾਂ ਦੀ ਖੁਸ਼ਹਾਲੀ ਦਾ ਰਾਹ ਤਿਆਰ ਕੀਤਾ ਜਾ ਰਿਹਾ ਹੈ। ਤਾਂ ਬਹੁ ਗਿਣਤੀ ਅਬਾਦੀ ਨੂੰ ਸਿੱਖਿਆ ਤੋਂ ਰੋਕਣਾ ਜਰੂਰੀ ਹੁੰਦਾ ਹੈ। ਅੰਗ੍ਰੇਜੀ ਹਾਕਮਾਂ ਦਾ ਵੀ ਉੱਚ ਸਿੱਖਿਆ ਪ੍ਰਤੀ ਇਹੀ ਰਵਈਆ ਸੀ ਜਿਸਦੀ ਚਰਚਾ ਰੈਲੇ ਕਮਿਸ਼ਨ ਵਜੋਂ ਪਹਿਲਾਂ ਹੀ ਕੀਤੀ ਜਾ ਚੁਕੀ ਹੈ। ਸਾਡੇ ਨੀਤੀ-ਘਾੜਿਆਂ ਨੇ ਉਹਨਾ ਦੇ ਨਕਸ਼ੇ ਕਦਮ 'ਤੇ ਚਲਦੇ ਹੋਇਆਂ ਨਵੀਂ ਸਿੱਖਿਆ ਨੀਤੀ ਦੇ ਇਸ ਦਸਤਾਵੇਜ 'ਚ ਉਚ ਸਿੱਖਿਆ ਨੂੰ ਸੀਮਤ ਕਰਨ ਦੇ ਨਵੇਂ ਨਵੇਂ ਉਪਾਅ ਸੁਝਾਏ ਸਨ।

**ਵਿਸਿਸ਼ਟਤਾ ਦੇ ਕੇਂਦਰ** : ਉੱਚ ਸਿੱਖਿਆ 'ਤੇ ਰੋਕ ਲਾਉਣ ਦੇ ਨਾਲ ਕਮਿਸ਼ਨ ਨੇ ਇਹ ਸੁਝਾਅ ਦਿੱਤਾ ਕਿ "ਉਚ ਸਿੱਖਿਅਤ-ਪ੍ਰਸਿਖਸਤ ਤੇ ਅਭਿਪ੍ਰੇਰਿਤ ਲੋਕ-ਸ਼ਕਤੀ ਵੀ ਮੁਹਈਆ ਕਰਵਾਉਣੀ ਹੋਵੇਗੀ। ਜੋ ਅਰਥਚਾਰੇ ਦੇ ਅਧੁਨੀਕੀਕਰਣ ਅਤੇ ਵਿਸ਼ਵ ਵਪਾਰ ਨੂੰ ਵਧਾਉਣ 'ਚ ਸਮੋਈਆਂ ਚਣੌਤੀਆਂ ਦਾ ਸਾਹਮਣਾ ਕਰ ਸਕਦੇ ਅਤੇ ਇਸ ਲਈ "ਸਭ ਮੱਧਮ 'ਤੇ ਉਚ ਸੰਸਥਾਵਾਂ ਸਥਾਪਤ ਕੀਤੀਆਂ ਜਾਣ ਜਿਸ 'ਚ ਉਤਮ ਗੁਣ ਸੰਪਨ ਲੋਕਾਂ ਨੂੰ ਰੱਖਿਆ ਜਾਵੇ ਤੇ ਬਹੁਤ ਹੀ ਸਾਵਧਾਨੀ ਪੂਰਵਕ ਉਨ੍ਹਾਂ ਦਾ ਵਿਕਾਸ ਕੀਤਾ ਜਾਵੇ।"

ਦਸਤਾ ਵੇਜ 'ਚ ਸਿਰਫ "ਆਦਰਸ਼ ਸਕੂਲਾ/ਕਾਲਜਾਂ" "ਵਿਸਿਸ਼ਟਤਾ ਕੇਂਦਰਾਂ" 'ਚ ਦਾਖਲਾ ਪਾਉਣ ਵਾਲੇ ਮੁਠੀਭਰ ਲੋਕਾਂ ਲਈ ਹੀ ਗੁਣਵੰਣਤਾ ਦੀ ਸਿਫਾਰਸ਼ ਕੀਤੀ ਗਈ ਸੀ। ਬਾਕੀ ਲੋਕਾਂ ਲਈ" ਰਵਾਇਤੀ ਸਿੱਖਿਆ 'ਤੇ 'ਖੁਲੀਂ ਯੂਨੀਵਰਸਿਟੀ' ਦਾ ਘਟੀਆਂ ਬਦਲ ਸੁਝਾਇਆ ਗਿਆ ਸੀ।

ਦੂਰਸਥ ਸਿੱਖਿਆ (Correspondence Education) ਦੀ ਸਿਫਾਰਸ ਰੁਜ਼ਗਾਰ 'ਚ ਲੱਗੇ ਲੋਕਾਂ ਨੂੰ ਆਪਣੀ ਸਿੱਖਿਆ ਜਾਰੀ ਰਖਣ ਲਈ ਨਹੀਂ ਬਲਕਿ ਸਕੂਲਾਂ-ਕਾਲਜਾਂ 'ਚ ਦਿਤੀ ਜਾਣ ਵਾਲੀ ਨਿਯਮਤ ਸਿੱਖਿਆ ਦੇ ਵਿਕਲਪ ਵਜੋਂ ਕੀਤੀ ਗਈ ਸੀ। ਦਸਤਾਵੇਜ 'ਚ ਦਸਿਆ ਗਿਆ 'ਚ ਰਜਿਸਟ੍ਰੇਸ਼ਨ ਦੁਗਣੀ ਹੋਣ ਦੀ ਸੰਭਾਵਨਾ ਹੈ...ਖੁਲੀ ਯੂਨੀਵਰਸਿਟੀ ਜਾਂ ਦੂਰਸਥ ਸਿੱਖਿਆ ਦਾ ਪ੍ਰੋਗ੍ਰਾਮ ਸ਼ੁਰੂ ਕਰਨਾ ਹੈ ਜੋ ਕਿ ਹੋਰ ਨਾਮਾਂਕਨਾ  ਦੇ ਠੋਸ ਅਨੁਪਾਤ ਨੂੰ ਆਪਣੇ 'ਚ ਖਤਮ ਕਰਨਾ ਤੇ ਸੰਸਥਾਗਤ ਉੱਚ ਸਿੱਖਿਆ ਨੂੰ ਮੁਠੀਭਰ ਧਨਾਢਾਂ ਦੀ ਔਲਾਦਾਂ ਲਈ ਸੁਰਖਿਅਤ ਕਰਨਾ ਸੀ।

**ਭਾਰੀ ਫੀਸ ਤੇ ਧਨ ਉਗਰਾਹੀ** : ਦਸਤਾਵੇਜ 'ਉਚ ਸਿੱਖਿਆ ਲਈ ਕੈਪੀਟੇਸ਼ਨ ਫੀਸ ਦੀ ਖੁਲੀ ਹਮਾਇਤ ਕਰਦੇ ਹੋਇਆ ਕਿਹਾ ਗਿਆ ਹੈ ਕਿ ਸਿੱਖਿਆ ਸੰਸਥਾਵਾਂ ਨੂੰ ਘੱਟੋ ਘੱਟ ਨਿਰਧਾਰਿਤ ਦਰਾਂ ਤੋਂ ਉਪਰ ਦੇ ਸਕਣ ਵਾਲੇ ਲੋਕਾਂ ਤੋਂ ਉਚ ਸਿੱਖਿਆ ਟੈਕਸ ਤੇ ਆਪਣੇ ਵਿਕਾਸ ਹਿੱਤ ਹੋਰ ਪ੍ਰਕਾਰ ਦਾ ਜਰੂਰੀ ਪੈਸਾ ਵਸੂਲਣ ਦੀ ਛੋਟ ਹੋਣੀ ਚਾਹੀਦੀ ਹੈ।" ਇਸ ਸੁਝਾਅ ਨਾਲ ਇਕ ਤਰਫਾ ਸਰਕਾਰੀ ਖਰਚੇ 'ਚ ਕਟੌਤੀ ਕਰਨ,

ਸਰਕਾਰ ਨੂੰ ਆਪਣੀ ਜਿੰਮੇਵਾਰੀ ਤੋਂ ਪੱਲਾ ਝਾੜਨ ਤੇ ਦੂਜੇ ਪਾਸੇ ਸਿੱਖਿਆ ਦੇ ਧੰਦੇ 'ਚ ਲੱਗੇ ਲੋਕਾਂ ਦੀ ਕਮਾਈ 'ਚ ਇਜਾਫਾ ਕਰਨ ਦਾ ਮੌਕਾ ਦਿੱਤਾ ਗਿਆ ਜਾਹਿਰ ਹੈ ਕਿ ਇਹ ਉੱਚ ਸਿੱਖਿਆ 'ਚ ਇਜਾਫਾ ਕਰਨ ਦਾ ਮੌਕਾ ਦਿੱਤਾ ਗਿਆ। ਜਾਹਿਰ ਹੈ ਕਿ ਇਹ ਉਚ ਸਿੱਖਿਆ 'ਚ ਦਾਖਲੇ ਲਈ ਪ੍ਰਤਿਭਾ ਤੇ ਯੋਗਤਾ ਦੀ ਥਾਂ ਪੈਸੇ ਨੂੰ ਫੈਸਲਾ ਕੁੰਨ ਬਣਾਉਣ ਦਾ ਕਦਮ ਸੀ। ਦਸਤਾਵੇਜ 'ਚ ਰਾਜ ਦੇ ਖਰਚੇ 'ਤੇ ਸਰਮਾਏਦਾਰਾਂ ਨੂੰ ਉਨ੍ਹਾਂ ਦੀ ਲੋੜ ਮੁਤਾਬਕ ਖੋਜ ਕਾਰਜ ਦੀ ਸਹੂਲਤ ਦੇਣ ਦਾ ਪ੍ਰਸਤਾਵ ਪੇਸ਼ ਕੀਤਾ ਗਿਆ। ਨਾਲ ਹੀ 'ਖੋਜ ਕਾਰਜ ਨੂੰ ਪ੍ਰਭਾਵੀ ਬਣਾਉਣ' ਤੇ ਸਨਅਤੀ ਪੈਦਾਵਾਰ ਦੀਆਂ ਵੱਖ ਵੱਖ ਧਾਰਵਾਂ ਦੇ ਨਾਲ 'ਜੋੜਨ' ਵਰਗੀਆਂ ਗੱਲਾਂ ਰਾਹੀਂ ਇਸ ਨੂੰ ਨਿਆਂ ਉਚਿਤ ਠਹਿਰਾਉਣ ਦੀ ਕੋਸ਼ਿਸ ਕੀਤੀ ਗਈ।

**ਨਿੱਜੀਕਰਣ** : ਦਸਤਾਵੇਜ ਅਨੁਸਾਰ "ਟਕੈਸਾਂ 'ਚ ਉਚਿਤ ਛੋਟ ਦੇਕੇ ਨਿੱਜੀ ਉਦਮੀਆਂ ਨੂੰ ਸਿੱਖਿਆ ਦੇ ਵਿਕਾਸ 'ਚ ਖਾਸ ਕਰਕੇ ਕਿਤਾ ਮੁੱਖੀ ਸਿੱਖਿਆ ਦੇ ਵਿਕਾਸ 'ਚ ਯੋਗਦਾਨ ਦੇਣ ਲਈ ਹੱਲਾ ਸ਼ੇਰੀ ਦਿਤੀ ਜਾਵੇ" ਇਸ ਸੁਝਾਅ ਦਾ ਨਤੀਜਾ ਹੈ ਕਿ ਅੱਜ ਸਿੱਖਿਆ ਨੂੰ ਨਿੱਜੀ ਵਪਾਰ ਤੇ ਮੁਨਾਫੇ ਦਾ ਧੰਦਾ ਬਣਾ ਦੇਣ ਦਾ ਰੁਝਾਣ ਸਮਾਜ 'ਚ ਪੂਰੀ ਤਰ੍ਹਾਂ ਸਥਾਪਿਤ ਤੇ ਮੰਜ਼ੂਰ ਹੋ ਗਿਆ ਹੈ।

**ਜਮਹੂਰੀ ਅਧਿਕਾਰਾਂ ਤੇ ਹਮਲਾ** : ਦਸਤਾਵੇਜ 'ਚ ਅਧਿਆਪਕਾਂ ਤੇ ਇਕ ਸਖਤ ਕੋਡ ਆਫ ਕੰਡਕਟ ਲਾਗੂ ਕਰਨ ਵਿਦਿ : ਦੇ ਅਜੇਹੇ ਕਿਸੇ ਵੀ ਅਮਲ ਜਾਂ ਸਰਗਰਮੀ ਨੂੰ, ਜੋ ਯੂਨੀਵਰਸਿਟੀ ਦੇ ਉਦੇਸ਼ਾਂ ਖਿਲਾਫ ਜਾਏ, ਸਜਾਯੋਗ ਆਚਰਣ ਮੰਨਣ ਕੁਝ ਖਾਸ ਤਰ੍ਹਾਂ ਦੇ ਸੰਘਰਸ਼ਾਂ 'ਤੇ ਪਬੰਦੀ ਲਾਉਣ ਵਿਦਿਆਰਥੀ ਸਬੰਧਾਂ ਨੂੰ ਸੀਮਾਬੱਧ ਕਰਕੇ ਉਸ ਨੂੰ ਅਪਾਹਜ ਬਣਾਉਣ ਯੂਨੀਵਰਸਿਟੀ ਕੈਪਸਾਂ ਲਈ ਵਿਸ਼ੇਸ਼ ਪੁਲਸ ਫੋਰਸ ਗਠਿਤ ਕਰਨ ਵਰਗੇ ਕਈ ਲੋਕ ਵਿਰੋਧੀ ਅਤਿਆਚਾਰੀ ਤੇ ਜਾਬਰ ਤਰੀਕੇ ਸੁਝਾਏ ਗਏ। ਇਹਨਾਂ ਸੁਝਾਵਾਂ ਦਾ ਮਕਸਦ ਅਨੁਸਾਸ਼ਨ ਤੇ ਵਿਵਸਥਾ ਦੇ ਨਾਂ 'ਤੇ ਯੂਨੀਵਰਸਿਟੀ ਕੈਂਪਸ 'ਚ ਅੰਗ੍ਰੇਜੀ ਰਾਜ ਤੋਂ ਵੀ ਵੱਧ ਗੈਰ-ਲੋਕਰਾਜੀ ਵਾਤਾਵਰਣ ਤਿਆਰ ਕਰਨਾ ਸੀ।

**ਸਿੱਖਿਆ ਸੰਸਥਾਵਾਂ ਦੀ ਵਿਵਸਥਾ** : ਕਾਲਜਾਂ ਤੇ ਯੂਨੀਵਰਸਿਟੀਆਂ ਦੀ ਪ੍ਰਬੰਧਕੀ ਵਿਵਸਥਾ 'ਚ ਲੋਕਾਂ ਦੀ ਸ਼ਮੂਲੀਅਤ ਨੂੰ ਸੀਮਤ ਕਰਨ ਚੋਣਾ ਦੇ ਅਮਲ ਨੂੰ ਖਤਮ ਕਰਨ ਤੇ ਪ੍ਰਸਾਸ਼ਨਿਕ ਅਧਿਕਾਰੀਆਂ ਨੂੰ ਜਾਬਰ ਤੇ ਬੇਰਹਿਮ ਅਧਿਕਾਰ ਦੇਣ ਦੀ ਸਿਫਾਰਸ਼ ਕੀਤੀ ਗਈ। ਅਤੇ ਉਨ੍ਹਾਂ ਨੂੰ ਫੌਰੀ ਤੌਰ 'ਤੇ ਲਾਗੂ ਕਰਨਾ ਵੀ ਸ਼ੁਰੂ ਕਰ ਦਿੱਤਾ ਗਿਆ। ਕਈ ਯੂਨੀਵਰਸਿਟੀਆਂ 'ਚ ਉਪ-ਕੁਲਪਤੀ ਵਜੋਂ ਆਈ. ਏ. ਐਸ. ਅਤੇ ਪੀ. ਸੀ. ਐਸ ਤੇ ਸਾਬਕਾ ਫੌਜੀ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਗਈ। ਇਸ ਦਾ ਉਦੇਸ਼ ਯੂਨੀਵਰਸਿਟੀਆਂ ਦੀ ਅਦਾਕਮਿਕ ਖੁਦਮੁਖਤਿਆਰੀ ਤੇ ਲੋਕਰਾਜੀ ਸਵਰੂਪ ਨੂੰ ਨਸ਼ਟ ਕਰਨਾ ਤੇ ਅਤਿਆਚਾਰੀ, ਕੇਂਦਰੀ ਕ੍ਰਿਤ ਪ੍ਰਬੰਧਕੀ ਪ੍ਰਣਾਲੀ ਕਾਇਮ ਕਰਨਾ ਸੀ

ਸੰਕਟ ਗ੍ਰਸਿਤ ਪੂੰਜੀਵਾਦੀ ਵਿਵਸਥਾ ਦੇ ਹਿੱਤ ਵਿਚ ਮੁੰਕਮਲ ਤੌਰ 'ਤੇ ਤਿਆਰ ਕੀਤੀ ਗਈ ਨਵੀਂ ਸਿੱਖਿਆ ਨੀਤੀ ਦੇ ਇਸ ਦਸਤਾਵੇਜ ਨੂੰ ਮੰਨੇ ਜਾਣ ਦੇ ਨਾਲ ਹੀ ਵਿਦਿਆਰਥੀਆਂ ਅਧਿਆਪਕਾਂ ਤੇ ਸਮਾਜ ਦੇ ਹੋਰਨਾ ਤਬਕਿਆਂ ਨੇ

ਇਸ ਦਸਤਾ ਵੇਜ ਨੂੰ ਸਵੀਕਾਰ ਕੀਤੇ ਜਾਣ ਦੇ ਨਾਲ ਹੀ ਇਸ ਦਾ ਭਾਰੀ ਵਿਰੋਧ ਕੀਤਾ। ਇਸ ਦੇ ਬਾਵਜੁਦ ਸਰਕਾਰ ਨੇ ਇਸ ਲੋਕ ਵਿਰੋਧੀ ਨੀਤੀ ਨੂੰ ਵਾਪਸ ਨਹੀਂ ਲਿਆ ਬਲਕਿ ਇਸ ਦੇ ਵੱਖ ਵੱਖ ਹਿਸਿਆਂ ਨੂੰ ਟੁਕੜਿਆਂ 'ਚ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਪਰ ਇਸ ਦਾ ਅਸਲੀ ਰੂਪ 1990 ਤੋਂ ਪਿਛੋਂ ਹੀ ਪੂਰੀ ਤਰ੍ਹਾਂ ਸਾਹਮਣੇ ਆਇਆ ਜਦ ਪੂਰੀ ਸਿੱਖਿਆ ਪ੍ਰਣਾਲੀ ਨੂੰ ਦੇਸ਼ੀ ਵਿਦੇਸ਼ੀ ਪੂੰਜੀਪਤੀਆਂ ਦੇ ਹਵਾਲੇ ਕਰ ਦਿੱਤਾ ਗਿਆ।

# ਉੱਚ ਸਿੱਖਿਆ ਦੀ ਮੌਜੂਦਾ ਦਸ਼ਾ ਤੇ ਦਿਸ਼ਾ ਕੀ ਹੈ?

ਉੱਚ ਸਿੱਖਿਆ ਦੀ ਜੋ ਸਚਾਈ ਸਾਨੂੰ ਰੋਜਮਰਾ ਦੀ ਜਿੰਦਗੀ 'ਚ ਵਿਖਾਈ ਦਿੰਦੀ ਹੈ ਅਤੇ ਪ੍ਰੋ ਯਸ਼ਪਾਲ ਨੇ ਆਪਣੀ ਰੀਪੋਟ 'ਚ ਜਿਸ ਤੇ ਕਾਫੀ ਰੋਸ਼ਨੀ ਪਾਈ ਹੈ। ਉਹ ਨਿਸ਼ਚੈ ਹੀ ਅੱਖਾਂ ਖੋਹਲਣ ਵਾਲੀ ਹੈ ਪਰ ਓਪਰ ਉਪਰ ਦਿਸਣ ਵਾਲੀ ਇਹ ਮੁਸ਼ਕਲਾਂ ਤਾਂ ਸਿਰਫ ਲੱਛਣ ਹਨ। ਅਸਲੀ ਬੀਮਾਰੀ ਕਿਤੇ ਵੱਧ ਭਿਅੰਕਰ ਹੈ। ਜਿਸ 'ਤੇ ਜਾਂ ਤਾਂ ਪਰਦਾ ਪਾਇਆਂ ਜਾਂਦਾ ਹੈ ਜਾਂ ਉਹਨਾਂ ਨੂੰ ਟੁਕੜਿਆਂ ਵਿਚ ਤੋੜ ਮਰੋੜ ਕੇ ਜਾਂ ਗਲਤ ਪ੍ਰਸੰਗਾਂ ਤੇ ਵਿਆਖਿਆਵਾਂ ਨਾਲ ਪੇਸ਼ ਕੀਤਾ ਜਾਂਦਾ ਹੈ। ਇਹੀ ਕਾਰਨ ਹੈ ਕਿ ਆਮ ਲੋਕਾਂ ਤੇ ਜ਼ਿਆਦਾਤਰ ਪੜੇ ਲਿਖੇ ਲੋਕ ਵੀ ਸਿੱਖਿਆ ਪ੍ਰਣਾਲੀ ਦੀ ਅਸਲੀ ਸਥਿਤੀ ਤੋਂ ਬਹੁਤ ਘੱਟ ਵਾਕਿਫ ਹਨ। ਸਿਟੇ ਵਜੋਂ ਅਸੀਂ ਅਕਸਰ ਹੀ ਸਰਕਾਰ ਤੇ ਮੀਡੀਆ ਵਲੋਂ ਫੈਲਾਏ ਜਾ ਰਹੇ ਭਰਮ ਜਾਲ ਦੇ ਸ਼ਿਕਾਰ ਹੋ ਜਾਂਦੇ ਹਾਂ ਤੇ ਇਨ੍ਹਾਂ ਝੂਠੀਆਂ ਗੱਲਾਂ ਤੇ ਯਕੀਨ ਕਰ ਲੈਂਦੇ ਹਨ ਕਿ ਸਾਰੀਆਂ ਬੁਰਾਈਆਂ ਲਈ ਅਸੀਂ ਖੁਦ ਹੀ ਜਿੰਮੇਵਾਰ ਹਾਂ ਕਿ ਸਰਕਾਰ ਕੋਲ ਪੈਸੇ ਦੀ ਘਾਟ ਹੈ, ਕਿ ਦੁਨੀਆਂ ਤੋਂ ਵੱਖ ਰਹਿ ਕੇ ਅਸੀਂ ਕਿਵੇਂ ਵਿਕਾਸ ਕਰ ਸਕਾਂਗੇ। ਕਿ ਨੀਤੀਆਂ ਦੀ ਦਸ਼ਾ ਸਹੀ ਹੈ, ਦੋਸ਼ ਤਾਂ ਲਾਗੂ ਕਰਨ ਵਾਲਿਆਂ ਦਾ ਹੈ ਆਦਿ ਜਮਾਤ ਚਾਹੁੰਦੀ ਹੈ ਕਿ ਲੋਕ ਉਹੀ ਸੋਚਦੇ ਜੋ ਉਹ ਚਾਹੁੰਦੀ ਹੈ ਤਾਂ ਕਿ ਨਿਸ਼ਚਿੰਤ ਹੋ ਕੇ ਆਪਣੀਆਂ ਲੋਕ ਵਿਰੋਧੀ-ਦੇਸ਼ ਧ੍ਰੋਹੀ ਨੀਤੀਆਂ ਲਾਗੂ ਕਰਦੇ ਜਾਣ। ਕਹਿੰਦੇ ਹਨ ਕਿ ਤੱਥ ਬੜੇ ਬੇਕਿਰਕ ਹੁੰਦੇ ਹਨ। ਉਹ ਅੱਖਾਂ 'ਚ ਉਂਗਲ ਪਾ ਕੇ ਸਚਾਈ ਮੰਨਣ ਲਈ ਮਜ਼ਬੂਰ ਕਰ ਦਿੰਦੇ ਹਨ। ਜੇ ਸਹੀ ਤੇ ਪੂਰੀ ਤਸਵੀਰ ਸਾਹਮਣੇ ਹੋਵੇ ਤਾਂ ਉਸ ਰਾਹੀਂ ਸਹੀ ਨਤੀਜੇ ਤੱਕ ਪਹੁੰਚਣਾ ਸੌਖਾ ਹੁੰਦਾ ਹੈ। ਪਰ ਇਸ ਦੀ ਘਾਟ ਕਾਰਨ ਅਸੀਂ ਅੱਖਾਂ ਮੀਚਕੇ ਸ਼ਿਕਾਰ ਕਰਦੇ ਰਹਾਂਗੇ ਜਾਂ ਹਨੇਰੇ 'ਚ ਹੱਥ ਪੈਰ ਮਾਰਦੇ ਰਹਾਂਗੇ। ਇਸ ਲਈ ਪਹਿਲਾਂ ਉੱਚ ਸਿੱਖਿਆ ਜਗਤ ਦੀਆਂ ਠੋਸ ਸਚਾਈਆਂ 'ਤੇ ਇਕ ਨਜ਼ਰ ਮਾਰਨੀ ਜਰੂਰੀ ਹੈ। ਯੂਨੀਵਰਸਿਟੀ ਗਰਾਂਟਸ ਕਮਿਸ਼ਨ (4GC) ਦੀ ਰੀਪੋਟ (2002) ਦਸਦੀ ਹੈ, ਕਿ ਸਾਡੇ ਦੇਸ਼ ਵਿਚ ਯੂਨੀਵਰਸਿਟੀ ਪੱਧਰ ਦੀਆਂ 290 ਸੰਸਥਾਵਾਂ, 13150 ਕਾਲਜ, 4.27 ਲੱਖ ਆਧਿਆਪਕ ਅਤੇ 88 ਲੱਖ ਉੱਚ ਸਿੱਖਿਆ ਹਾਸਲ ਕਰਨ ਵਾਲੇ ਵਿਦਿਆਰਥੀ ਹਨ। ਇਨ੍ਹਾਂ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਸਰਕਾਰ ਕਹਿੰਦੀ ਹੈ ਕਿ ਉੱਚ ਸਿੱਖਿਆ ਦੇ ਖੇਤਰ ਵਿਚ ਸਾਡਾ ਦੇਸ਼ ਕਾਫੀ ਤਰੱਕੀ ਕਰ ਚੁਕਿਆ ਹੈ ਪਰ ਅਬਾਦੀ ਦੀ ਤੁਲਨਾ 'ਚ ਉੱਚ ਸਿੱਖਿਆ ਦੀ ਇਹ ਤਸਵੀਰ ਨਿਰਾਸ਼ਾਜਨਕ ਹੈ। ਯੂਨੇਸਕੋ ਦੀ ਵਿਸ਼ਵ ਸਿੱਖਿਆ ਰੀਪੋਟ 2000 ਅਨੁਸਾਰ ਭਾਰਤ 'ਚ '3 ਤੋਂ 23 ਸਾਲ ਦੀ ਉਮਰ ਦੇ ਸਿਰਫ 6.9% ਨੌਜਵਾਨ ਉੱਚ ਸਿੱਖਿਆ ਹਾਸਲ ਕਰ ਰਹੇ ਸਨ। ਤੀਜੀ ਦੁਨੀਆਂ ਦੇ ਲਈ ਗਰੀਬ ਦੇਸ਼ਾਂ ਵਿਚ ਇਹ ਅਨੁਪਾਤ ਦੁਗਣੇ ਤੋਂ ਵੀ ਜ਼ਿਆਦਾ ਸੀ। ਅਮਰੀਕਾ 'ਚ 80% ਬ੍ਰਿਟੇਨ 'ਚ 52 ਫੀਸਦੀ ਆਸਟ੍ਰੇਲੀਆ 'ਚ 79% ਨਿਊਜੀਲੈਂਡ 'ਚ 62% ਦੀ ਤੁਲਨਾ 'ਚ ਭਾਰਤ ਦਾ 6.9% ਇਹ ਅੰਕੜਾ ਭਲਾਂ ਕਿਥੇ ਟਿਕਦਾ ਹੈ ਜਿਥੋਂ ਤੱਕ ਯੂਨੀਵਰਸਿਟੀਆਂ ਦੀ ਗਿਣਤੀ ਦਾ ਸੁਆਲ ਹੈ। ਦੱਖਣੀ ਕੋਰੀਆਂ 'ਚ ਸਾਢੇ 4 ਕਰੋੜ ਦੀ ਅਬਾਦੀ 'ਤੇ 120 ਪੰਜ ਕਰੋੜ ਦੀ ਅਬਾਦੀ ਵਾਲੇ ਬ੍ਰਿਟੇਨ ਵਿਚ 170 ਅਤੇ 60 ਲੱਖ ਦੀ ਅਬਾਦੀ ਵਾਲੇ ਇਜ਼ਰਾਇਲ

ਵਿਚ 100 ਯੂਨੀਵਰਸਿਟੀਆਂ ਹਨ। ਭਾਰਤ ਨੂੰ ਦੱਖਣੀ ਕੋਰੀਆ ਦੀ ਪੱਧਰ 'ਤੇ ਪਹੁੰਚਣ ਲਈ 2300 (ਲਗਭਗ ਨੌ ਗੁਣਾ) ਨਵੀਆਂ ਯੂਨੀਵਰਸਿਟੀਆਂ ਖੋਹਲਣੀਆਂ ਪੈਣਗੀਆਂ। ਕੀ ਇਹ ਕੰਮ ਨਿੱਜੀ ਸਰਮਾਏਦਾਰਾਂ ਦੇ ਭਰੋਸੇ ਹੋ ਸਕਣਾ ਸੰਭਵ ਹੈ?

ਜਿਨ੍ਹਾਂ ਦਾ ਮੂਲ ਮੰਤਰ ਮੁਨਾਫਾਖੋਰੀ ਹੈ? ਪਿਛਲੇ ਦਿਨੀ ਨਿੱਜੀ ਯੂਨੀਵਰਸਿਟੀਆਂ ਤੇ ਡੀਮਡ ਯੂਨੀਵਰਸਿਟੀਆਂ ਨੇ ਜੋ ਗੁਲ ਖਿਲਾਏ ਹਨ, ਜਿਹੋ ਜਿਹੀ ਲੁਟ ਮਚਾਈ ਹੈ ਉਸ ਨੇ ਵੇਖ ਕੇ ਕੀ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਉੱਚ ਸਿੱਖਿਆ ਦੇ ਸੰਕਟ ਨੂੰ ਹੱਲ ਕਰ ਦੇਣਗੇ? ਇਕ ਭਰਮਾਊ ਤੱਥ ਇਹ ਹੈ ਕਿ ਭਾਰਤ 'ਚ ਕਾਫੀ ਵੱਡੀ ਗਿਣਤੀ ਵਿਚ ਵਿਗਿਆਨੀ ਤੇ ਤਕਨੀਸ਼ਨ ਤਿਆਰ ਹੁੰਦੇ ਹਨ। ਸਚਾਈ ਇਹ ਹੈ ਕਿ ਦੁਨੀਆਂ ਦੇ ਹੋਰਨਾ ਦੇਸ਼ਾਂ ਦੀ ਤੁਲਨਾ ਵਿਚ ਭਾਰਤ ਇਸ ਮਾਮਲੇ 'ਚ ਵੀ ਕਿਧਰੇ ਨਹੀਂ ਟਿਕਦਾ। ਪ੍ਰਤੀ 1000 ਦੀ ਅਬਾਦੀ 'ਚ ਵਿਗਿਆਨ ਤੇ ਤਕਨੋਲੋਜੀ 'ਚ ਉੱਚ ਸਿੱਖਿਆ ਪ੍ਰਾਪਤ ਲੋਕਾਂ ਦੀ ਗਿਣਤੀ ਜਪਾਨ 'ਚ 110 ਇਜ਼ਰਾਇਲ 76 ਅਮਰੀਕਾ 'ਚ 55 ਦੱਖਣੀ ਕੋਰੀਆ 'ਚ 4.6 ਤੇ ਭਾਰਤ 'ਚ 3.6 ਹੈ। ਚੀਨ 'ਚ ਵੀ ਉਚ ਸਿੱਖਿਆ ਪ੍ਰਾਪਤ ਲੋਕਾਂ ਦਾ ਅਨੁਪਾਤ ਭਾਰਤ ਦੀ ਤੁਲਨਾ 'ਚ ਢਾਈ ਗੁਣਾ ਜ਼ਿਆਦਾ ਹੈ। ਚੀਨ 'ਚ ਉੱਚ ਸਿੱਖਿਆ ਲੋਕਾਂ ਦਾ ਅਨੁਪਾਤ ਭਾਰਤ ਦੀ ਤੁਲਨਾ 'ਚ ਢਾਈ ਗੁਣਾ ਜ਼ਿਆਦਾ ਹੈ। ਇਨ੍ਹਾਂ ਅੰਕੜਿਆਂ ਤੋਂ ਇਹ ਪੂਰੀ ਤਰ੍ਹਾਂ ਸਪਸ਼ਟ ਹੈ ਕਿ 1947 ਦੀ ਸੱਤਾ ਬਦਲੀ ਦੇ 60 ਸਾਲ ਬਾਅਦ ਵੀ ਸਾਡੇ ਦੇਸ਼ 'ਚ ਉੱਚ ਸਿੱਖਿਆ ਦਾ ਪੱਧਰ ਕਿੰਨਾ ਘਟੀਆ ਹੈ। 93% ਨੌਜਵਾਨਾ ਨੂੰ ਉੱਚ ਸਿੱਖਿਆ ਤੋਂ ਵਾਂਝਿਆਂ ਰੱਖਿਆ ਗਿਆ ਫਿਰ ਵੀ ਸਾਡੇ ਹਾਕਮਾਂ ਨੇ ਬੇਹਯਾਈ ਦੇ ਨਾਲ ਉੱਚ ਸਿੱਖਿਆ ਦੀ ਜ਼ਿੰਮੇਵਾਰੀ ਤੋਂ ਮੂੰਹ ਮੋੜ ਲਿਆ ਹੈ ਤੇ ਇਸ ਮੁਨਾਫੇ ਦੇ ਭੁਖੇ ਭੇੜੀਆਂ ਦੇ ਰਹਿਮੋਕਰਮ 'ਤੇ ਛੱਡ ਦੇਣ ਦਾ ਫੈਸਲਾ ਕਰ ਲਿਆ ਹੈ। 1947 ਤੋਂ ਪਿਛੋਂ ਤੋਂ ਹੀ ਸਿੱਖਿਆ 'ਤੇ ਸਰਕਾਰੀ ਖਰਚ ਲਗਾਤਾਰ ਘੱਟ ਹੁੰਦਾ ਗਿਆ ਪਰ 1991 'ਚ ਨਵੀਂ ਆਰਿਥਕ ਨੀਤੀ ਲਾਗੂ ਹੋਣ ਪਿਛੋਂ ਸਰਕਾਰ ਨੇ ਖੁਲੇਆਮ ਐਲਾਨ ਕਰਕੇ ਸਿੱਖਿਆ ਦੀ ਮਦ 'ਚ ਤੇਜ਼ੀ ਨਾਲ ਬਜਟ ਕਟੌਤੀ ਸ਼ੁਰੂ ਕੀਤੀ। 1993-94 ਦੀਆਂ ਕੀਮਤਾਂ ਨੂੰ ਆਧਾਰ ਮੰਨੀਏ ਤਾਂ ਉਚ ਸਿੱਖਿਆ ਲਈ ਕੇਂਦਰੀ ਬਜਟ ਰਾਸ਼ੀ 1990-91 'ਚ 645 ਕਰੋੜ ਤੋਂ ਘਟ ਕੇ 1996-97 'ਚ 559 ਕਰੋੜ ਰਹਿ ਗਈ। ਉੱਚ ਸਿੱਖਿਆ ਦੀ ਮਦ 'ਚ ਕੇਂਦਰ ਸਰਕਾਰ ਦੇ ਬਜਟ ਨੂੰ ਜੇ ਪ੍ਰਤੀ ਵਿਦਿਆਰਥੀ ਔਸਤ ਬੰਟਵਾਰੇ ਦੇ ਰੂਪ 'ਚ ਵੇਖਿਆ ਜਾਵੇ ਤਾਂ ਇਸ ਵਿਚ ਹੋਰ ਵੀ ਕਮੀ ਆਈ ਹੈ। 1993-94 ਦੀਆਂ ਕੀਮਤਾਂ 'ਤੇ 1990-91 'ਚ 76.76 ਰੁਪਏ ਪ੍ਰਤੀ ਵਿਅਕਤੀ ਅਸਲ ਸਾਧਨਾ 'ਚ ਕਟੌਤੀ ਕਾਰਨ ਉੱਚ ਸਿੱਖਿਆ ਦੀ ਗੁਣਵੰਣਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਪਿਛਲੇ 15 ਸਾਲਾਂ ਦੌਰਾਨ ਲਾਇਬਰੇਰੀਆਂ ਲਬਾਟਰੀਆਂ ਵਜੀਫੇ ਤੇ ਅਧਿਆਪਕਾਂ ਦੀ ਗਿਣਤੀ 'ਚ ਤੇਜੀ ਨਾਲ ਗਿਰਾਵਟ ਆਈ ਹੈ। 1980 ਕੁਲ ਕੌਮੀ ਪੈਦਾਵਾਰ ਦਾ 1% ਉੱਚ ਸਿੱਖਿਆ 'ਤੇ ਖਰਚ ਕੀਤਾ ਜਾਦਾ ਸੀ। ਵਿਦਿਆਰਥੀਆਂ ਤੇ ਅਧਿਆਪਕਾਂ ਦੀ ਮੰਗ ਸੀ, ਕਿ ਇਸ ਨੂੰ ਵਧਾ ਕੇ 10% ਕੀਤਾ ਜਾਵੇ। ਪਰ ਆਰਥਕ ਸੁਧਾਰਾਂ ਦੇ ਨਾਂ 'ਤੇ ਇਸ ਘੱਟ ਬਜਟ 'ਚ ਵੀ ਲਗਾਤਾਰ ਕਟੌਤੀ ਕੀਤੀ ਗਈ। 1990-90 'ਚ ਇਹ ਰਾਸ਼ੀ 0.46% ਸੀ ਜੋ 1997-98 'ਚ ਘਟਾ ਕੇ 0.35% ਰਹਿ ਗਈ। ਪੰਜਾ ਸਾਲਾਂ ਯੋਜਨਾਵਾਂ ਵਿਚ ਸਿੱਖਿਆ ਨੂੰ ਦਿਤੇ ਜਾਣ ਵਾਲੇ ਪੈਸੇ ਵਿਚ ਵੀ ਇਸ ਦੌਰਾਨ ਲਗਾਤਾਰ ਗਿਰਾਵਟ

ਆਈ ਹੈ। ਚੌਥੀ ਪੰਜ ਸਾਲਾ ਯੋਜਨਾ 'ਚ ਉੱਚ ਸਿੱਖਿਆ ਲਈ 1.2% ਰਾਸ਼ੀ ਰਖੀ ਗਈ ਸੀ ਜੋ ਅੱਠਵੀਂ ਪੰਜ ਸਾਲਾਂ ਯੋਜਨਾ 'ਚ ਸਿਰਫ 0.3% ਰਹਿ ਗਈ। ਸਰਕਾਰ ਇਹ ਝਾਂਸਾ ਦਿੰਦੀ ਹੈ ਕਿ ਉੱਚ ਸਿੱਖਿਆ 'ਚ ਬਜਟ ਕਟੌਤੀ ਕਰਨ ਨਾਲ ਜੋ ਪੈਸਾ ਬਚੇਗਾ ਉਸ ਨੂੰ ਮੁੱਢਲੀ ਤੇ ਮਿਡਲ ਸਿੱਖਿਆ 'ਤੇ ਖਰਚ ਕੀਤਾ ਜਾਵੇਗਾ। ਪਰ ਸਰਕਾਰੀ ਅੰਕੜੇ ਦਸਦੇ ਹਨ ਕਿ ਇਸ ਬਚਤ ਨੂੰ ਕਿਧਰੇ ਹੋਰ ਖਰਚ ਕੀਤਾ ਗਿਆ ਹੈ। ਇਸ ਤੋਂ ਘਿਨੌਣੀ ਤੇ ਸ਼ਰਮਨਾਕ ਗੱਲ ਭਲਾ ਹੋਰ ਕੀ ਹੋ ਸਕਦੀ ਹੈ ਕਿ ਸਰਕਾਰ ਦੇਸ਼ ਦੀ ਭਾਵੀ ਪੀੜੀ ਤੇ ਖਰਚ ਕੀਤਾ ਜਾਣ ਵਾਲਾ ਪੈਸਾ ਦਿਨ ਬ ਦਿਨ ਘੱਟ ਕਰਦੀ ਜਾ ਰਹੀ ਹੈ ਜਦਕਿ ਲੋਕਾਂ ਤੇ ਜਬਰ ਢਾਹੁਣ ਵਾਲੀ ਨੌਕਰ ਸ਼ਾਹੀ 'ਤੇ ਇਹ ਕੁਲ ਘਰੇਲੂ ਪੈਦਾਵਾਰ ਦਾ 10% ਖਰਚ ਕਰਦੀ ਹੈ। ਬਜਟ 'ਚ ਕਟੌਤੀ ਕਰਨ ਨਾਲ ਸਿੱਖਿਆ ਦੀ ਗੁਣਵੰਣਤਾ 'ਚ ਤਾਂ ਗਿਰਾਵਟ ਆ ਰਹੀ ਹੈ ਇਸ ਦਾ ਸਿੱਧਾ ਅਸਰ ਗਰੀਬ ਤਬਕਿਆਂ ਦੇ ਵਿਦਿਆਰਥੀਆਂ ਤੇ ਪਿਆ ਹੈ। ਜੋ ਚਾਹੇ ਫੀਸ ਵਾਧੇ ਦੇ ਰੂਪ 'ਚ ਹੋਵੇ ਜਾਂ ਉਨ੍ਹਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ 'ਚ ਕਮੀ ਦੇ ਰੂਪ ਵਿਚ ਵੈਸੇ ਤਾ ਸਿੱਖਿਆ ਦੇ ਕੁਝ ਬਜਟ ਵਿਚ ਵਿਦਿ : ਵਜੀਫੇ ਦਾ ਅਨੁਪਾਤ ਪਹਿਲਾਂ ਨਾਲੋਂ ਬਹੁਤ ਹੀ ਘੱਟ ਰਿਹਾ ਹੈ। ਪਰ ਇਸ ਮਦਦ ਵਿਚ ਵੀ ਸਰਕਾਰ ਨੇ 1990-91 ਤੋਂ 1999-2000 ਵਿਚਕਾਰ ਲਗਭਗ 60% ਦੀ ਕਟੌਤੀ ਕੀਤੀ ਹੈ ਅਤੇ ਇਸ ਦੌਰਾਨ ਇਸ ਨੂੰ (1993-94 ਦੀਆਂ ਕੀਮਤਾਂ 'ਤੇ) 15.35 ਕਰੋੜ ਰੁਪਏ ਤੋਂ ਘਟਾ ਕੇ 5.85 ਕਰੋੜ ਰੁਪਏ ਦਰ ਦਿੱਤਾ ਹੈ। ਵਿਕਸਤ ਦੇਸ਼ਾਂ ਦੀਆਂ ਸਰਕਾਰਾਂ ਜੋ ਪੂਰੀ ਦੁਨੀਆਂ ਨੂੰ ਉਦਾਰਕਰਣ-ਨਿੱਜੀਕਰਣ ਦੀ ਸਿੱਖਿਆ ਦੇ ਰਹੀਆਂ ਹਨ, ਉੱਚ ਸਿੱਖਿਆ ਦੇ ਮਹੱਤਵ ਨੂੰ ਵੇਖਦਿਆਂ ਆਪਣੇ ਆਪਣੇ ਦੇਸ਼ 'ਚ ਅੱਜ ਵੀ ਇਸ ਦੇ ਲਈ ਲੋੜੀਂਦੀ ਮਾਤਰਾ 'ਚ ਪੈਸਾ ਮੁਹਈਆ ਕਰਵਾ ਰਹੀਆਂ ਹਨ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਵਲੋਂ 2003 'ਚ ਜਾਰੀ ਵਾਈਟ ਪੇਪਰ 'ਚ ਕਿਹਾ ਗਿਆ ਹੈ ਕਿ "ਜੇ ਕੋਈ ਦੇਸ਼ ਦੂਜੇ ਦੇਸ਼ਾਂ ਦੀ ਪ੍ਰਗਤੀ ਦੇ ਨਾਲ ਕਦਮ ਮਿਲਾਉਣਾ ਚਾਹੁੰਦਾ ਹੈ ਤਾਂ ਇਹ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਕਿ ਸਰਕਾਰ ਸਿੱਖਿਆ ਵਿਚ ਨਿਵੇਸ਼ ਕਰੇ।" ਇਕ ਰੀਪੋਟ ਮੁਤਾਬਕ ਬ੍ਰਿਟੇਨ ਦੀ ਸਰਕਾਰ ਨੇ 1997 ਤੋਂ 2006 ਵਿਚ ਸਿੱਖਿਆ ਦਾ ਬਜਟ ਕੁਲ ਘਰੇਲੂ ਪੈਦਾਵਾਰ ਦਾ 4.5% ਤੋਂ ਵੱਧਾ ਕੇ 5.6% ਕਰਨ ਦਾ ਫੈਸਲਾ ਲਿਆ ਤੇ ਉਥੇ ਸਿੱਖਿਆ 'ਤੇ ਸਰਕਾਰੀ ਖਰਚ 2002-03 ਤੋਂ 2005-06 ਵਿਚਕਾਰ ਸਲਾਨਾ 6% ਦੀ ਦਰ ਨਾਲ ਵਧਾਇਆ ਗਿਆ। ਕਿਹੋ ਜਿਹੀ ਵਿਡੰਬਨਾ ਹੈ ਕਿ ਬ੍ਰਿਟੇਨ 'ਚ ਜਿਥੇ 46% ਵਿਦਿਆਰਥੀ ਉੱਚ ਸਿੱਖਿਆ ਹਾਸਲ ਕਰਦੇ ਹਨ, ਸਰਕਾਰ ਉਸ ਪ੍ਰਤੀ ਅੱਜ ਵੀ ਦ੍ਰਿੜ ਸੰਕਲਪ ਜਦ ਕਿ 7% ਤੋਂ ਵੀ ਘੱਟ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਮੁਹਈਆਂ ਕਰਾਉਣ ਵਾਲੀ ਭਾਰਤ ਸਰਕਾਰ ਉਚ ਸਿੱਖਿਆ ਦਾ ਵਪਾਰੀਕਰਨ ਕਰ ਰਹੀ ਹੈ ਤੇ ਇਸ ਤੋਂ ਹੱਥ ਖਿਚ ਰਹੀ ਹੈ 1997 ਤੋਂ ਪਹਿਲਾਂ ਮਹਾਂ ਰਾਸ਼ਟਰ ਵਿਖ 97 ਪ੍ਰਾਈਵੇਟ ਕਾਲਜ ਸਨ। ਅਗਲੇ 5 ਸਾਲਾਂ 'ਚ ਉਥੇ 56 ਨਵੇਂ ਪ੍ਰਾਈਵੇਟ ਕਾਲਜ ਖੁਲ੍ਹ ਗਏ। ਆਂਧਰਾ ਪ੍ਰਦੇਸ਼ 'ਚ ਇਸ ਅਰਸੇ ਦੌਰਾਨ ਕਾਲਜਾਂ ਦੀ ਗਿਣਤੀ 19 ਤੋਂ ਵੱਧ ਕੇ 213 ਹੋ ਗਈ। ਹਰਿਆਣੇ ਵਰਗੇ ਛੋਟੇ ਜਿਹੇ ਸੂਬੇ 'ਚ ਜਿਥੇ ਸਿਰਫ 17 ਜਿਲੇ ਹਨ, 10 ਸਾਲਾਂ ਅੰਦਰ 100 ਤੋਂ ਵੀ ਵੱਧ ਪ੍ਰਈਵੇਟ ਇੰਜ ਨੀਅਰਿੰਗ ਕਾਲਜ ਖੁਲ੍ਹ ਗਏ। ਇਹੀ ਗਲ ਦੇਸ਼ ਦੇ ਹੋਰਾਂ ਪ੍ਰਾਂਤਾਂ ਵਿਚ ਵੀ ਹੈ। ਕੇਰਲ ਦੀ ਸਰਕਾਰ ਨੇ 44 ਮੈਡੀਕਲ ਕਾਲਜ 48

ਡੈਂਟਲਕਾਲਜ ਅਤੇ 298 ਇੰਜਨੀਰਿੰਗ  ਤੇ ਮੈਨੇਜਮੈਂਟ ਕਾਲਜ ਖੋਹਲਣ ਲਈ ਸਰਟੀਫੀਕੇਟ ਜਾਰੀ ਕਰ ਦਿੱਤਾ ਹੈ। ਇਨ੍ਹਾਂ ਪ੍ਰਾਈਵੇਟ ਸੰਸਥਾਵਾਂ ਲਈ ਸਰਕਾਰ ਸਸਤੇਰੇਟ 'ਤੇ ਜ਼ਮੀਨ, ਬੈਂਕ-ਕਰਜੇ, ਬਿਜਲੀ ਪਾਣੀ ਤੇ ਹੋਰ ਸਹੂਲਤਾਂ ਮੁਹਈਆ ਕਰਵਾਉਂਦੀ ਹੈ, ਜਦ ਕਿ ਬਦਲੇ 'ਚ ਇਨ੍ਹਾਂ ਦੇ ਮਾਲਿਕਾਨ ਸਰਕਾਰੀ ਕੋਟੇ ਦੀ ਫਰੀ ਸੀਟ ਛੱਡਣ ਜਾਂ ਕਿਸੇ ਵੀ ਤਰ੍ਹਾਂ ਦਾ ਸਰਕਾਰੀ ਕੰਟਰੋਲ ਸਵੀਕਾਰ ਕਰਨ ਨੂੰ ਤਿਆਰ ਨਹੀਂ ਹੈ। ਮਹਾਂਰਾਸ਼ਟਰ ਦੀਆਂ 130 ਪ੍ਰਾਈਵੇਟ ਸੰਸਥਾਵਾਂ ਵਿਚੋਂ ਲਗਭਗ 100 ਸੰਸਥਾਵਾਂ ਦੇ ਮਾਲਕ ਵੱਖ-ਵੱਖ ਰਾਜਸੀ ਪਾਰਟੀਆਂ ਦੇ ਨੇਤਾ ਹਨ ਜੋ ਆਪਣੇ ਰਾਜਸੀ ਅਸਰ ਰਸੂਖ ਦੀ ਵਰਤੋਂ ਕਰਕੇ ਵੱਧ ਤੋਂ ਵੱਧ ਸਹੂਲਤਾਂ ਹਾਸਲ ਕਰਨ 'ਚ ਸਮਰਥ ਹਨ। ਸਿੱਖਿਆ ਦੇ ਵਪਾਰ 'ਚ ਨੇਤਾਵਾਂ ਦੀ ਹਿਸੇਦਾਰੀ ਤੇਜੀ ਨਾਲ ਵੱਧੀ ਹੈ। ਆਪਣਾ ਖਰਚਾ ਆਪ ਝਲਣ ਵਾਲੀਆਂ ਨਿੱਜੀ ਸੰਸਥਾਵਾਂ ਨੂੰ ਮਾਨਤਾ ਦੇਣ ਸੰਬੰਧੀ ਕਿਸੇ ਵੀ ਸਥਾਪਤ ਪੈਮਾਨਾ ਪੂਰਾ ਕਰਨਾ ਜਰੂਰੀ ਨਹੀਂ ਸਮਝਿਆ ਜਾਂਦਾ। ਮੇਰਠ ਯੂਨੀਵਰਸਿਟੀ 'ਚ ਸੰਨ 2002 ਤੋਂ ਪਹਿਲਾਂ ਸਿਰਫ 8 ਸਰਕਾਰੀ ਕਾਲਜਾਂ ਵਿਚ ਬੀ ਐਡ ਦੀ ਪੜਾਈ ਹੁੰਦੀ ਸੀ, ਜਦ ਕਿ ਅਗਲੇ ਦੋ-ਤਿੰਨ ਸਾਲਾਂ 'ਚ ਉਥੇ 152 ਪ੍ਰਾਈਵੇਟ ਬੀ ਐਡ ਕਾਲਜਾਂ  ਕਾਲਜਾਂ ਨੂੰ ਮਾਨਤਾ ਦੇ ਦਿਤੀ ਗਈ। ਇਨ੍ਹਾਂ 'ਚੋਂ 77 ਕਾਲਜਾਂ ਖਿਲਾਫ ਬੇਨਿਯਮੀ ਵਰਤਣ ਤੇ ਮਾਨਤਾ ਪ੍ਰਾਪਤੀ ਦੀਆਂ ਘੱਟ ਘੱਟ ਸ਼ਰਤਾਂ ਨੂੰ ਵੀ ਪੂਰਾ ਨਾ ਕਰਨ ਦਾ ਦੋਸ਼ ਲੱਗਿਆ ਸੀ, ਸਰਕਾਰੀ ਬੀ ਐਡ ਕਾਲਜ ਵਿਚ ਸੀਟਾਂ ਦੀ ਗਿਣਤੀ ਘਟਾ ਕੇ ਲੱਗਭਗ ਅੱਧੀ ਕਰ ਦਿੱਤੀ ਗਈ ਹੈ। ਇਨ੍ਹਾਂ ਕਾਲਜਾਂ 'ਚ ਨਾ ਤਾਂ ਯੋਗ ਅਧਿਆਪਕ ਹਨ, ਨਾ ਲੋੜੀਂਦੀਆਂ ਸਹੂਲਤਾਂ। ਪਰ ਫਿਰ ਵੀ ਨਾਮਾਂਕਨ ਲਈ ਵਿਦਿਆਰਥੀਆਂ ਤੋਂ 1,20,000 ਰੁਪਏ ਤਕ ਦੀ ਮੰਗ ਕੀਤੀ ਗਈ ਤੇ ਇਸ ਦੇ ਲਈ ਇਹ ਤਰਕ ਦਿਤਾ ਗਿਆ ਕਿ ਮਾਨਤਾ ਪ੍ਰਾਪਤ ਕਰਨ ਵਿੱਚ ਇਨ੍ਹਾਂ ਸੰਸਥਾਵਾਂ ਦੇ ਮਾਲਕਾਂ ਨੇ ਲੱਖਾਂ ਰੁਪਏ ਖਰਚ ਕੀਤੇ ਸਨ। ਕੇਰਲ ਵਿਚ ਵੀ ਬੀ. ਐਡ. ਕਾਲਜਾਂ ਦੀ ਮਾਨਤਾ ਇਸ ਅਧਾਰ 'ਤੇ ਰੱਦ ਕੀਤੀ ਗਈ ਕਿ-ਉਨ੍ਹਾਂ ਨੇ ਸਭ ਨਿਯਮਾਂ ਤੇ ਸ਼ਰਤ ਨੂੰ ਲਾਂਭੇ ਕਰਕੇ ਚਲਾਇਆ ਜਾ ਰਿਹਾ ਸੀ। ਕਈ ਨਿੱਜੀ ਇੰਜਨੀਰਿੰਗ ਕਾਲਜਾਂ ਨੇ ਏ ਆਈ. ਸੀ. ਟੀ. ਈ. ਤੋਂ ਮਾਨਤਾ ਹਾਸਲ ਕੀਤੇ ਬਗੈਰ ਹੀ ਵਿਦਿ : ਤੋਂ ਭਾਰੀ ਕਰਮ ਵਸੂਲ ਕੇ ਪੜਾਈ ਸ਼ੁਰੂ ਕਰ ਦਿੱਤੀ। ਦੋ-ਤਿੰਨ ਸਾਲ ਚੱਕਰ ਲਾਉਣ ਪਿਛੋਂ ਜਦ ਮਾਨਤਾ ਨਹੀਂ ਮਿਲੀ ਤਾਂ ਉਨ੍ਹਾਂ ਨੇ ਵਿਦਿਆਰਥੀਆਂ ਮੂਹਰੇ ਹੱਥ ਖੜੇ ਕਰ ਦਿੱਤੇ। ਵਿਦਿ : ਦੇ ਭਵਿੱਖ ਨਾਲ ਖਿਲਵਾੜ ਕਰਨ ਨਾਲ ਸਬੰਧਤ ਅਜੇਹੀਆਂ ਘਟਨਾਂਵਾਂ ਅਕਸਰ ਹੀ ਸੁਨਣ ਨੂੰ ਮਿਲਦੀਆਂ ਹਨ। ਵਿਸ਼ਵੀ ਕਰਨ ਰੌਲੇ-ਰੱਪੇ ਦੌਰਾਨ ਅਕਸਰ ਮੁਕਾਬਲੇ 'ਚ ਉਤਰਨ ਤੇ ਮਹਾਂਸ਼ਕਤੀ ਬਨਣ ਦੀਆਂ ਹਵਾਈ ਗੱਲਾਂ ਸੁਨਣ 'ਚ ਆਉਂਦੀਆਂ ਹਨ। ਪਰ ਵਿਦੇਸ਼ ਵਪਾਰ 'ਚ ਅਸੁੰਤਲਨ ਦੀ ਜੋ ਸਥਿਤੀ ਆਰਥਕ ਜਗਤ ਵਿਚ ਹੈ ਉਸ ਤੋਂ ਕਿਤੇ ਵੱਧ ਬੁਰੀ ਹਾਲਤ ਸਿੱਖਿਆ ਖੇਤਰ 'ਚ ਦਿਸਦੀ ਹੈ। 2001 'ਚ ਲਗਭਗ 10 ਲੱਖ ਭਾਰਤੀ ਵਿਦੇਸ਼ਾਂ 'ਚ ਪੜਦੇ ਸਨ ਇਨ੍ਹਾਂ ਵਿਚੋਂ 54,670 ਅਮਰੀਕਾ ਵਿਚ ਸਨ। ਦੋ ਸਾਲਾਂ 'ਚ ਉਨ੍ਹਾਂ ਦੀ ਗਿਣਤੀ ਵੱਧ ਕੇ 76, 603 ਹੋ ਗਈ। ਦੂਜੇ ਪਾਸੇ ਭਾਰਤ ਪੜਨ ਆਉਣ ਵਾਲੇ ਵਿਦੇਸ਼ੀ ਵਿਦਿਆਰਥੀ ਦੀ ਗਿਣਤੀ ਸਿਰਫ਼ 7800 ਸੀ। ਇਨ੍ਹਾਂ ਵਿਚੋਂ ਬਹੁਤੇ ਤੀਜੀ ਦੁਨੀਆਂ ਦੇ ਗਰੀਬ ਦੇਸ਼ਾਂ ਦੇ ਨਾਗਰਿਕ ਸਨ। ਅਮਰੀਕਾ ਦੇ ਸਿਰਫ 0.06% ਵਿਦਿ : ਭਾਰਤ 'ਚ ਪੜਨ ਆਉਂਦੇ

ਹਨ। ਇਹ ਸਭ ਤੱਥ ਤੇ ਅੰਕੜੇ ਇਸ ਗੱਲ ਨੂੰ ਚੀਖ ਚੀਖ ਕੇ ਦਸ ਰਹੇ ਹਨ ਕਿ ਸਾਡੇ ਦੇਸ਼ 'ਚ ਉੱਚ ਸਿੱਖਿਆ ਗੰਭੀਰ ਸੰਕਟ ਦਾ ਸ਼ਿਕਾਰ ਹੈ। ਸਿੱਖਿਆ 'ਚ ਸੁਧਾਰ ਦੇ ਨਾਂ ਹੇਠ ਜੋ ਅੰਨੇਵਾਹ ਤਬਦੀਲੀਆਂ ਲਿਆਂਦੀਆਂ ਗਈਆਂ ਉਹ ਪਹਿਲਾਂ ਤੋਂ ਹੀ ਬਦਹਾਲ ਤੇ ਜਰਜਰ ਸਿੱਖਿਆ ਪ੍ਰਣਾਲੀ ਨੂੰ ਹੋਰੇ ਭਾਰੀ ਤਬਾਹੀ, ਵੱਲ ਧਕਣ ਵਾਲੀਆਂ ਸਾਬਤ ਹੋਈਆਂ ਹਨ। ਹਾਕਮ ਜਮਾਤਾਂ ਨੇ ਜਦ ਆਪਣੀਆਂ ਨੀਤੀਆਂ ਨੂੰ ਸਰਭ-ਪ੍ਰਵਾਨਿਤ ਬਣਾਉਣਾ ਹੁੰਦਾ ਹੈ ਤਾਂ ਉਹ ਕੁਝ ਅਜੇਹੇ ਤਰਕ ਘੜਦੇ ਹਨ ਕਿ ਕਾਮਨ ਸੇਂਸ ਦੇ ਲਿਹਾਜ ਨਾਲ ਸਾਨੂੰ ਬਿਲਕੁਝ ਸਹੀ ਲਗਦੇ ਹਨ। ਫਿਰ ਇਨ੍ਹਾਂ ਤਰਕਾਂ ਨੂੰ ਉਹ ਵੱਖ ਵੱਖ ਪ੍ਰਚਾਰ ਮਾਧਿਅਮਾ, ਆਪਣੇ ਜ਼ਰਖਰੀਦ ਵਿਦਵਾਨ ਤੇ ਕਲਮ ਘਸੀਟ ਪੱਤਰਕਾਰਾਂ ਰਾਹੀਂ ਹਰ ਬੰਦੇ ਤਕ ਪਹੁੰਚਾਉਂਦੇ ਹਨ। ਸਿੱਖਿਆ ਵਪਾਰੀਕਰਨ ਸੰਬੰਧੀ ਵੀ ਅਜੇਹਾ ਹੀ ਹੋਇਆ ਹੈ। ਰਾਹ ਚਲਦੇ ਲੋਕ ਵੀ ਸਿੱਖਿਆ ਦੇ ਸੰਕਟ 'ਤੇ ਅਜੇਹੀ ਦ੍ਰਿੜਤਾ ਤੇ ਆਤਮ ਵਿਸਵਾਸ਼ ਦੇ ਨਾਲ ਆਪਣੇ "ਮੌਲਿਕ ਵਿਚਾਰ" ਰੱਖਦੇ ਹਨ ਜਿਵੇਂ ਉਹ ਅੰਤਮ ਸੱਚ ਹੋਣ ਹਾਲਾਂਕਿ ਥੋੜੀ ਹੀ ਗੱਲ ਬਾਤ ਪਿਛੋਂ ਉਹਨਾਂ ਦੇ ਤਰਕਾਂ ਦਾ ਅਧਾਰ ਖਿਸਕ ਜਾਂਦਾ ਹੈ। ਇਹ ਲੋਕ ਪ੍ਰਚਲਿਤ ਧਾਰਨਾਵਾਂ ਅੱਗੇ ਲੋਕਾਂ ਨੂੰ ਕਿਸੇ ਸਮਸਿਆਂ 'ਤੇ ਡੂੰਘਾਈ ਨਾਲ ਵਿਚਾਰ ਕਰਨ ਤੇ ਉਹਨਾਂ ਦੀ ਜੜ੍ਹ ਤਕ ਪਹੁੰਚਣ ਤੋਂ ਰੋਕਦੀਆਂ ਨੂੰ ਬੇਰੋਕ ਲਾਗੂ ਕਰਦੇ ਜਾਣ 'ਚ ਸਹਾਇਕ ਹੁੰਦੀਆਂ ਹਨ। ਸਿੱਖਿਆ ਦੇ ਸੰਕਟ ਦੀਆਂ ਕੁਝ ਅਜੇਹੀ ਹੀ ਭਰਮਾਊ, ਸਤਈ ਤੇ ਗਲਤ ਵਿਆਖਿਆਵਾਂ ਦੀ ਚਰਚਾ ਕਰਨੀ ਜਰੂਰੀ ਹੈ ਜੋ ਅੱਜ ਅਕਸਰ ਦੁਹਰਾਈ ਜਾਂਦੀ ਹੈ। ਪਹਿਲੀ ਬਹੁ ਪ੍ਰਚਲਿਤ ਮਾਨਤਾ ਇਹ ਹੈ ਕਿ ਕਿਉਂਕਿ ਉੱਚ ਸਿੱਖਿਆ ਆਰਥਕ ਵਾਧੇ ਤੇ ਵਿਕਾਸ ਲਈ ਮੱਹਤਵਪੂਰਨ ਨਹੀਂ ਹੈ, ਇਸ ਲਈ ਸਰਕਾਰ ਇਸ 'ਤੇ ਧਿਆਨ ਨਹੀਂ ਦਿੰਦੀ। ਇਸ ਦੇ ਲਈ ਉੱਚ ਸਿੱਖਿਆ ਨਾਲ ਹੋਣ ਵਾਲੇ ਲਾਭ ਦੇ ਕੁਝ ਅਨੁਮਾਨਿਤ ਅੰਕੜੇ ਵੀ ਦਿਤੇ ਜਾਂਦੇ ਹਨ, ਜੋ ਭਰਮਾਊ ਤੇ ਭੁਲੇਖਾ ਪਾਊ ਹਨ। ਸਿੱਖਿਆ ਕੋਈ ਅਜੇਹੀ ਚੀਜ ਨਹੀਂ ਹੈ ਜਿਸ ਨਾਲ ਹੋਣ ਵਾਲੇ ਲਾਭ ਨੂੰ ਠੋਸ ਤੇ ਪ੍ਰਤੱਖ ਰੂਪ ਵਿਚ ਮਾਪਿਆ ਜਾ ਸਕੇ। ਪਰ ਦੁਨਿਆ ਦਾ ਇਤਿਹਾਸ ਦੱਸਦਾ ਹੈ ਕਿ ਜਿਨ੍ਹਾਂ ਦੇਸ਼ਾਂ ਨੇ ਉੱਚ ਸਿੱਖਿਆ 'ਤੇ ਲੰਮੇ ਸਮੇਂ ਤਕ ਠਰੰਮੇ ਪੂਰਵਕ ਨਿਵੇਸ਼ ਕੀਤਾ ਉਥੋਂ ਦਾ ਸਮਾਜਕ-ਆਰਥਕ ਵਿਕਾਸ ਚਿਰਸਥਾਈ ਤੇ ਲੰਮੇ ਸਮੇਂ ਤਕ ਰਿਹਾ ਹੈ। ਉੱਚ ਸਿੱਖਿਆ 'ਚ ਵੱਧ ਨਾਮਾਕਨ (20% ਵੱਧ) ਵਾਲੇ ਦੇਸ਼ਾਂ ਨੇ ਆਰਥਕ ਤਰੱਕੀ ਕੀਤੀ ਹੈ। ਦੂਜੇ ਸ਼ਬਦਾ ਵਿੱਚ ਘੱਟ ਨਾਮਾਕਨ ਤੇ ਕਿਸੇ ਦੇਸ਼ ਦੀ ਘੱਟ ਆਮਦਨ ਵਿਚਕਾਰ ਸਿੱਧਾ ਸੰਬੰਧ ਹੁੰਦਾ ਹੈ। ਦੂਜੀ ਸੰਸਾਰ ਜੰਗ ਪਿਛੋਂ ਵਿਕਾਸ ਦੀ ਦੌੜ 'ਚ ਸ਼ਾਮਲ ਕਈ ਦੇਸ਼ਾਂ ਜਿਵੇਂ ਚੀਨ, ਦੱਖਣੀ ਕੋਰੀਆ, ਇਜਰਾਇਲ ਬ੍ਰਾਜੀਲ ਆਦਿ ਦਾ ਅਨੁਭਵ ਇਹ ਦਸਦਾ ਹੈ ਕਿ ਸਿੱਖਿਆ ਵਰਗੇ ਸਮਾਜਕ ਖੇਤਰ ਵਿਚ ਵੱਧ ਸਰਕਾਰੀ ਖਰਚ ਕਾਰਨ ਉਥੇ ਆਰਥਕ ਖੇਤਰ 'ਚ ਕਾਫੀ ਪ੍ਰਗਤੀ ਹੋਈ। ਸਾਡੇ ਦੇਸ਼ ਵਿਚ ਉਚ ਸਿੱਖਿਆ ਦੀ ਲਗਾਤਾਰ ਅਣਦੇਖੀ ਦਾ ਹੀ ਸਿੱਟਾ ਹੈ। ਕਿ 1947 ਦੀ ਸੱਤਾ ਬਦਲੀ ਦੇ 66 ਸਾਲਾਂ ਬਾਅਦ ਵੀ ਅਸੀਂ ਵਿਕਾਸ ਦੇ ਦੌੜ ਵਿੱਚ ਕਾਫੀ ਪਿਛੇ ਹਾਂ ਅਤੇ ਮਨੁਖੀ ਸੂਚਕਾਂਕ ਸੰਬੰਧੀ ਸਾਡਾ ਦੇਸ਼ ਦੁਨੀਆਂ ਦੇ ਗਰੀਬ ਦੇਸ਼ਾਂ ਲਾਗੇ ਖੜਾ ਹੈ। ਦੂਜੀ ਮਾਨਤਾ ਜੋ 1990 ਤੋਂ ਬਾਅਦ ਫੈਲਾਈ ਗਈ ਹੈ ਕਿ ਮਿਡਲ ਤੇ ਉੱਚ ਸਿੱਖਿਆ ਦੀ ਅਣਦੇਖੀ ਕੀਤੇ ਬਿਨਾਂ ਭਾਰਤ 'ਚ ਸਭ ਲਈ ਮੁੱਢਲੀ ਸਿੱਖਿਆ ਦਾ ਟੀਚਾ ਹਾਸਲ ਨਹੀਂ ਕੀਤਾ ਜਾ ਸਕਦਾ ਹੈ। ਇਹ ਸੋਚ ਇਕ

ਪੱਧਰ ਦੀ ਸਿੱਖਿਆ ਨੂੰ ਦੂਜਿਆਂ ਖਿਲਾਫ ਖੜ੍ਹਾ ਕਰਦੀ ਹੈ ਅਤੇ ਸਿੱਖਿਆ ਨੂੰ ਖੰਡ-ਖੰਡ ਕਰਕੇ ਦੇਖਦੀ ਹੈ। ਇਸ 'ਚ ਕੋਈ ਦੋ ਰਾਵਾਂ ਨਹੀਂ ਹਨ ਕਿ ਮੁੱਢਲੀ ਮਿਡਲ ਤੇ ਉੱਚ ਸਿੱਖਿਆ ਆਪਸ 'ਚ ਪੂਰੀ ਤਰ੍ਹਾਂ ਜੁੜੀਆਂ ਹੋਈਆਂ ਹਨ ਤੇ ਇਨ੍ਹਾਂ 'ਚੋਂ ਸਭ ਪੱਧਰ ਦੀ ਸਿੱਖਿਆ ਸਾਡੇ ਲਈ ਜਰੂਰੀ ਹੈ। ਸਰਕਾਰ ਨੇ ਇਹ ਤਹਿ ਕਰ ਲਿਆ ਹੈ ਕਿ ਗਰੀਬਾਂ ਲਈ ਮੁੱਢਲੀ ਸਿੱਖਿਆ ਦਾ ਬੰਦੋਬਸਤ ਕਰ ਦੇਣਾ ਹੀ ਬਹੁਤ ਹੈ ਤੇ ਸਰਕਾਰ ਇਸ ਤੋਂ ਵੱਧ ਕੁਝ ਨਹੀਂ ਕਰੇਗੀ। ਸਚਾਈ ਇਹ ਹੈ ਕਿ 1947 ਦੇ ਬਾਅਦ ਤੋਂ ਅੱਜ ਤਕ ਸਰਕਾਰ ਨੇ ਮੁੱਢਲੀ ਸਿੱਖਿਆ ਪ੍ਰਤੀ ਆਪਣੇ ਫਰਜ਼ ਨੂੰ ਪੂਰਾ ਨਹੀਂ ਕੀਤਾ। ਦਰ ਅਸਲ ਸਰਕਾਰ ਦਾ ਗਰੀਬ ਬੱਚਿਆਂ ਨੂੰ ਸਿੱਖਿਅਤ ਕਰਨ ਦਾ ਇਸਦਾ ਕਦੇ ਵੀ ਨਹੀਂ ਸੀ ਪਰ ਪਹਿਲਾਂ ਉਹ ਗਰੀਬਾਂ ਪ੍ਰਤੀ ਆਪਣੀਆਂ ਘ੍ਰਿਣਿਤ ਭਾਵ ਨਾਵਾਂ ਦਾ ਏਨੇ ਨੰਗੇ ਚਿਟੇ ਰੂਪ 'ਚ ਇਜ਼ਹਾਰ ਕਰਨ ਤੋਂ ਝਿਜਕਦੀ ਸੀ। ਸਮਾਜਕ ਆਰਥਕ ਤੇ ਸਿੱਖਿਆ ਉਨਤੀ ਲਈ ਮੁੱਢਲੀ ਸਿੱਖਿਆ ਬੁਨਿਆਦੀ ਲੋੜ ਹੈ ਪਰ ਏਨਾ ਹੀ ਕਾਫੀ ਨਹੀਂ ਹੈ। ਅੱਜ ਦੀ ਦੁਨੀਆਂ ਵਿਚ ਉੱਚ ਸਿੱਖਿਆ ਦਾ ਮਹੱਤਵ ਤੇ ਲੋਕਾਂ ਦੀ ਮੰਗ ਪਹਿਲਾਂ ਤੋਂ ਕਿਤੇ ਜ਼ਿਆਦਾ ਵੱਧ ਗਈ ਹੈ। ਕੀ ਅਸੀਂ ਸਰਕਾਰ ਦੇ ਇਸ ਵਾਅਦੇ 'ਤੇ ਭਰੋਸਾ ਕਰ ਸਕਦੇ ਹਾਂ ਕਿ ਪਹਿਲਾਂ ਉਹ ਮੁੱਢਲੀ ਸਿੱਖਿਆ ਦੇ ਵੇਗੀ ਫਿਰ ਮਿਡਲ ਤੇ ਫਿਰ ਉੱਚ ਸਿੱਖਿਆ? 1947 ਦੀ ਸੱਤਾ ਤਬਦੀਲੀ ਦੇ 10 ਸਾਲਾਂ ਅੰਦਰ 14 ਸਾਲਾਂ ਤੱਕ ਦੇ ਬੱਚਿਆਂ ਨੂੰ ਸਿੱਖਿਅਤ ਕਰਨ ਦੇ ਐਲਾਨ ਦਾ ਕੀ ਬਣਿਆ? 1990 'ਚ ਸਭ ਸਿੱਖਿਆ ਸੰਮੇਲਨ ਪਿੱਛੋਂ ਸਰਕਾਰ ਨੇ ਕੀ ਕੀਤਾ? ਮੁਢਲੀ ਨੂੰ ਮਹੱਤਵ ਦੇਣ ਦਾ ਤਰਕ ਅਸਲ ਵਿੱਚ ਉਚ ਸਿੱਖਿਆ ਦੀ ਅਣਦੇਖੀ ਕਰਨ ਤੇ ਇਸ ਦੀ ਜਿੰਮੇਵਾਰੀ ਤੋਂ ਬੱਚਣ ਲਈ ਘੜਿਆਂ ਗਿਆ ਭਰਮਾਊ ਤਰਕ ਹੈ। 1990 ਦੇ ਦਹਾਕੇ 'ਚ ਉਚ ਸਿੱਖਿਆ ਦੀ ਮਦਦ 'ਚ ਸਰਕਾਰ ਵਲੋਂ ਜੋ ਕਟੌਤੀ ਕੀਤੀ ਗਈ, ਉਸ ਬਚਤ ਨੂੰ ਮੁੱਢਲੀ ਤੇ ਮਿਡਲ ਸਿੱਖਿਆ ਲਈ ਅਲਾਟ ਨਹੀਂ ਕੀਤਾ ਗਿਆ।

ਤੀਜੀ ਗਲਤ ਮਾਨਤਾ ਇਹ ਹੈ ਕਿ ਜੇ ਉੱਚ ਸਿੱਖਿਆ ਮੱਹਤਵਪੂਰਨ ਹੈ ਤਾ ਵੀ ਕੋਈ ਜਰੂਰੀ ਨਹੀਂ ਕਿ ਸਰਕਾਰ ਹੀ ਇਸ ਦੀ ਵਿਵਸਥਾ ਕਰੇ। ਨਿੱਜੀ ਸਰਮਾਏਦਾਰ ਵੀ ਇਸ ਦਾ ਇੰਤਜਾਮ ਕਰ ਸਕਦੇ ਹਨ। ਕਿਉਂ ਨਾ ਸਰਕਾਰ ਇਸ ਖੇਤਰ 'ਚ ਆਪਣਾ ਹੱਥ ਬਾਹਰ ਖਿਚ ਲਵੇ ਤੇ ਨਿੱਜੀ ਖੇਤਰ ਉੱਚ ਸਿੱਖਿਆ ਦੇ ਵਿਕਾਸ ਦਾ ਜਿੰਮਾ ਸੰਭਾਲੇ ਇਸ ਨਾਲ ਸਾਧਨਾ ਦੀ ਬਚਤ ਹੋਵੇਗੀ। ਪਰ ਸਚਾਈ ਇਹ ਹੈ ਕਿ ਦੁਨੀਆਂ ਦੇ ਕਿਸੇ ਵੀ ਦੇਸ਼ ਵਿਚ ਨਿੱਜੀ ਸਰਮਾਏਦਾਰ ਵੱਡੇ ਪੈਮਾਨੇ 'ਤੇ ਉੱਚ ਪੱਧਰ ਦੀ ਸਿੱਖਿਆ ਮੁਹਈਆ ਕਰਾਉਣ ਦਾ ਜਿੰਮਾ ਨਹੀਂ ਲੈਂਦੇ। ਨਿੱਜੀ ਸਰਮਾਏਦਾਰਾਂ ਦਾ ਮੂਲ ਕਿਰਦਾਰ ਹੈ ਮੁਨਾਫਾਖੋਰੀ ਨਿੱਜੀ ਸੁਆਰਥ ਤੇ ਆਪਣੇ ਫੌਰੀ ਲਾਭ ਦੀ ਚਿੰਤਾ ਕਰਨਾ। ਜਿਥੇ ਜਿਥੇ ਨਿੱਜੀ ਸਰਮਾਏਦਾਰਾਂ ਦੀ ਘੁਸਪੈਂਠ ਹੋਈ ਹੈ ਉਥੇ ਉਹਨਾਂ ਨੇ ਉੱਚ ਸਿੱਖਿਆ ਦੇ ਪੱਧਰ ਨੂੰ ਹੇਠਾਂ ਸੁਟਿਆ ਹੈ ਤੇ ਨਾਲ ਹੀ ਗੈਰ ਬਰਾਬਰੀ ਨੂੰ ਹੱਲਾਸ਼ੇਰੀ ਦਿੱਤੀ ਹੈ। ਇਹ ਸੋਚ ਬਿਲਕੁਲ ਗਲਤ ਹੈ ਕਿ ਉੱਚ ਸਿੱਖਿਆ ਨੂੰ ਕਿਸੇ ਤਰ੍ਹਾਂ ਅੱਗੇ ਵਧਣਾ ਚਾਹੀਦਾ ਹੈ, ਚਾਹੇ ਨਿੱਜੀਕਰਣ ਨਾਲ ਹੀ ਸਹੀ। ਲਤੀਨੀ ਅਮਰੀਕੀ ਦੇਸ਼ਾਂ ਤੇ ਫਿਲੀਪੀਂਸਾਂਚ ਉੱਚ ਸਿੱਖਿਆ ਦੇ ਵਿਸਥਾਰ 'ਚ ਨਿਜੀ ਸਰਮਾਏਦਾਰਾਂ ਦਾ ਹੱਥ ਰਿਹਾ ਹੈ ਪਰ ਉਥੋਂ ਦਾ ਸਮਾਜ ਆਰਥਕ, ਸਮਾਜਕ, ਰਾਜਸੀ ਜਾਂ ਸਿੱਖਿਆ ਕਿਸੇ ਵੀ ਮਾਮਲੇ 'ਚ ਵੱਧ ਪ੍ਰਗਤੀ ਨਹੀਂ ਕਰ ਸਕਿਆ ਹੈ ਦੂਜੇ ਪਾਸੇ ਯੂਰਪ ਤੇ ਅਮਰੀਕਾ

ਜੋ ਅੱਜ ਪੂਰੀ ਦੁਨੀਆ 'ਚ ਨਿੱਜੀਕਰਣ ਦਾ ਉਪਦੇਸ਼ ਦਿੰਦੇ ਫਿਰ ਰਹੇ ਹਨ। ਉਥੋਂ ਦੀਆਂ ਸਰਕਾਰਾਂ ਨੇ ਖੁਦ ਉੱਚ ਸਿੱਖਿਆ ਪ੍ਰਣਾਲੀ ਦੇ ਵਿਸਥਾਰ 'ਤੇ ਭਰਪੂਰ ਧਿਆਨ ਦਿੱਤਾ ਤੇ ਅੱਜ ਵੀ ਦੇ ਰਹੀ ਹੈ। ਕੁਝ ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਸਿੱਖਿਆ ਦੇ ਨਿਜੀਕਰਣ 'ਚ ਕੋਈ ਬਰਾਈ ਨਹੀਂ ਹੈ ਤੇ ਇਸ ਨੂੰ ਹੱਲਾਸ਼ੇਰੀ ਦੇਣੀ ਚਾਹੀਦੀ ਹੈ, ਬਸ਼ਰਤੇ ਇਸ ਦਾ ਵਪਾਰੀਕਰਣ ਨਾ ਹੋਵੇ। ਪਰ ਸਿਧਾਤ ਤੇ ਅਮਲ 'ਚ ਨਿੱਜੀਕਰਣ ਤੇ ਵਪਾਰੀਕਰਣ 'ਚ ਕੋਈ ਫਰਕ ਨਹੀਂ ਹੈ। ਦੋਨੋ ਦਾ ਮਕਸਦ ਇਕ ਹੀ ਹੈ-ਵੱਧ ਕਮਾਈ ਕਰਨਾ। ਚਾਹੇ ਨਿੱਜੀ ਅਦਾਰਾ ਹੋਵੇ ਜਾਂ ਸਰਕਾਰੀ ਸੰਸਥਾ, ਸਭਦੀ ਲਾਲਸਾ ਇਹੀ ਹੈ ਕਿ ਉਹ ਆਰਥਕ ਤੌਰ 'ਤੇ ਆਤਮ ਨਿਰਭਰ ਤੇ ਲਾਭ ਖੋਰ ਬਣਨ। ਇਸ ਲਈ ਇਹ ਨਹੀਂ ਹੋ ਸਕਦਾ ਕਿ ਕੋਈ ਨਿੱਜੀ ਅਦਾਰਾ ਵਪਾਰਕ ਹੋਏ ਬਿਨਾਂ ਹੀ ਆਤਮ ਨਿਰਭਰ ਹੋ ਜਾਵੇ ਤੇ ਮੁਨਾਫਾ ਕਮਾਏ।

ਉੱਚ ਸਿੱਖਿਆ ਦੀ ਅਣਦੇਖੀ ਦਾ ਇਕ ਕਾਰਨ ਇਹ ਵੀ ਦਸਿਅ ਜਾਂਦਾ ਹੈ ਕਿ ਸਰਕਾਰ ਕੋਲ ਪੈਸਾ ਨਹੀਂ ਹੈ। ਇਹ ਤਰਕ ਵੀ ਝੂਠਾ ਤੇ ਭੁਲੇਖਾ ਪਾਊ ਹੈ। ਅਸਲੀ ਸੁਆਲ ਤਰਜੀਹ ਦਾ ਹੈ। ਸਰਕਾਰ ਚਾਹੇ ਤਾਂ ਪੈਸਾ ਇਕੱਠਾ ਕਰ ਸਕਦੀ ਹੈ। ਸਾਡੇ ਦੇਸ਼ 'ਚ ਭਰਿਸ਼ਟ ਨੇਤਾਵਾਂ, ਸਰਮਾਏਦਾਰਾਂ ਅਫਸਰਾਂ ਤੇ ਕਾਲੀ ਕਮਾਈ 'ਚ ਲੱਗੇ ਮੁਠੀਭਰ ਲੋਕਾਂ ਕੋਲ ਅਨੁਮਾਨ 7 ਤੋਂ 10 ਲੱਖ ਕਰੋੜ ਰੁਪਏ ਕਾਲੇਧਨ ਦੇ ਰੂਪ 'ਚ ਮੌਜੂਦ ਹੈ। ਜਿਸ ਨੂੰ ਅਸਾਨੀ ਨਾਲ ਕੱਢਿਆ ਜਾ ਸਕਦਾ ਹੈ। (ਇਹ ਗੱਲ ਵਖਰੀ ਹੈ ਕਿ ਜਿੰਨ ਲੋਕਾਂ ਕੋਲ ਇਹ ਜਿੰਮੇਵਾਰੀ ਹੈ ਉਹੀ ਕਾਲਾ ਧਨ ਦੱਬੀ ਬੈਠੇ ਹਨ) ਦੂਸਰੇ ਸਰਕਾਰ ਸਰਮਾਏਦਾਰਾਂ ਦੀ ਸਬਸਿਡੀ ਟੈਕਸ 'ਚ ਛੋਟ ਤੇ ਕਰਜਾ ਮੁਆਫੀ ਵਜੋਂ ਅਰਬਾਂ ਰੁਪਏ ਹਰ ਸਾਲ ਭੇਂਟ ਕਰਦੀ ਹੈ। ਤੀਜੇ ਨੌਕਰਸ਼ਾਹੀ ਤੇ ਨੇਤਾਵਾਂ ਦੀ ਅਯਾਸ਼ੀ 'ਤੇ ਅਰਬਾਂ ਰੁਪਏ ਪਾਣੀ ਵਾਗੂੰ ਵਹਾਅ ਦਿਤੇ ਜਾਂਦੇ ਹਨ ਜਾਹਿਰ ਹੈ ਕਿ ਜੇ ਸਰਕਾਰ ਚਾਹੇ ਤਾਂ ਵੱਖ-ਵੱਖ ਉਪਾਵਾਂ ਤੋਂ ਧਨ ਜੁਟਾ ਕੇ ਉਸ ਨੂੰ ਸਿੱਖਿਆ 'ਤੇ ਖਰਚ ਕਰਨਾ ਕੋਈ ਮੁਸ਼ਕਲ ਨਹੀਂ ਹੈ। ਪਰ ਇਹ ਕੰਮ ਕੋਈ ਲੋਕ ਪੱਖੀ ਸਰਕਾਰ ਕਰ ਸਕਦੀ ਹੈ। ਮੁੱਠਭਰ ਲੱਠਮਾਰਾਂ ਦੇ ਹਿੱਤ 'ਚ ਕੰਮ ਕਰਨ ਵਾਲੀ ਸਰਕਾਰ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ।

ਉਚ ਸਿੱਖਿਆ ਵਾਰੇ ਫੈਲਾਈਆਂ ਉਕਤ ਧਾਰਨਾਵਾਂ ਭੁਲੇਖਾ ਪਾਊ ਬੇ-ਬਨਿਆਦ ਤੇ ਖਤਰਨਾਕ ਹਨ। ਸਿੱਖਿਆਂ ਪ੍ਰਤੀ ਸਰਕਾਰ ਨੇ ਅਣਦੇਖੀ ਭਰਿਆ ਵਰਤਾਅ ਤੇ ਉਸ ਨੂੰ ਜਿਣਸ (ਵਿਕਾਊਮਾਲ) ਬਣਾ ਦੇਣ ਪਿਛੇ ਅਸਲੀ ਕਾਰਣ ਸਰਕਾਰ ਦਾ ਲੋਕ ਵਿਰੋਧੀ ਕਿਰਦਾਰ ਤੇ ਉਹਨਾਂ ਦਾ ਵਰਗੀ ਸੁਆਰਥ ਹੈ। ਨਾਲ ਹੀ ਸਿੱਖਿਆ ਪ੍ਰਤੀ ਹਾਕਮ ਜਮਾਤਾਂ ਦੀ ਪਹਿਲਾਂ ਤੋਂ ਚਲੀ ਆ ਰਹੀ ਸੋਚ 'ਚ ਜੋ ਤੇਜੀ ਨਾਲ ਤਬਦੀਲੀ ਆਈ ਹੈ। ਉਸ 'ਚ ਪਿਛਲੇ ਦੋ ਦਹਾਕਿਆਂ ਦੋਰਾਨ ਦੇਸ਼-ਦੁਨੀਆਂ ਦੀਆਂ ਆਰਥਿਕ-ਰਾਜਸੀ ਹਾਲਤਾਂ 'ਚ ਹੋਈਆਂ ਵਿਸੇਸ਼ ਤਬਦੀਲੀਆਂ ਦੀ ਮੱਹਤਵਪੂਰਨ ਭੂਮਿਕਾ ਰਹੀ ਹੈ।

# ਹੌਲੀ ਹੌਲੀ ਮਰਦੀਆਂ ਕਿਵੇਂ ਹਨ ਭਾਸ਼ਾਵਾਂ?

ਦੋ ਸਾਲ ਪਹਿਲਾਂ ਪੈਂਹਠ ਹਜ਼ਾਰ ਸਾਲ ਪੁਰਾਣੀ ਅੰਡਮਾਨੀ ਭਾਸ਼ਾ 'ਬੋ' ਦਾ ਅੰਤ ਹੋ ਗਿਆ ਅਤੇ ਹੁਣ ਤ੍ਰਿਪੁਰਾ ਦੀ ਹਜ਼ਾਰਾਂ ਸਾਲ ਪੁਰਾਨੀ 'ਮਾਈਮਰ' ਭਾਸ਼ਾ ਦੇ ਸਿਰਫ ਚਾਰ ਹੀ ਬੁਲਾਰੇ ਬਚੇ ਹਨ ਇਸਦੇ ਬਾਵਜੂਦ ਸਰਕਾਰਾਂ ਬੇਖਬਰ ਹਨ। ਸੱਤਰਸਾਲ ਦੀ ਬਜ਼ੁਰਗ ਔਰਤ ਸਕੂਰਤਾਂਗ ਨੂੰ ਨਹੀਂ ਪਤਾ ਕਿ ਕਿਸੇ ਭਾਸ਼ਾ ਦੀ ਮੌਤ ਦਾ ਮਤਲਬ ਇਕ ਸਭਿਆਚਾਰ ਦਾ ਖਾਤਮਾ ਹੋ ਜਾਣਾ ਹੈ। ਜਦ ਕੋਈ ਭਾਸ਼ਾ ਖਾਸ ਕਰਕੇ ਜਨਜਾਤੀ ਭਾਸ਼ਾ ਜਾਂ ਬੋਲੀ ਗੁੰਮ ਹੁੰਦੀ ਹੈ ਤਾਂ ਉਸ ਭਾਸ਼ਾ ਦੇ ਮਾਧਿਅਮ ਨਾਲ ਜੁੜੇ ਇਕਠਾ ਕੀਤਾ ਗਿਆਨ, ਵਿਗਿਆਨ ਕਲਾ ਸ਼ਬਦਾਵਲੀ ਤੇ ਸਭਿਆਚਾਰਕ ਅਭਿਲੇਖੀਕਰਣ ਦੀ ਘਾਟ 'ਚ ਉਹ ਅਕਸਰ ਅਲੋਪ ਹੋਂ ਜਾਂਦੀ ਹੈ। ਇਹਨਾਂ ਸਭ ਦੇ ਬਾਵਜੂਦ ਸਕੂਰਤਾਂਗ ਮਗਨ ਹੈ। ਉਸ ਨੂੰ ਵਿਸਵਾਸ਼ ਹੋਗਿਆ ਹੈ ਕਿ ਉਨ੍ਹਾਂ ਦੀ ਭਾਸ਼ਾ ਮਾਈਮਰ ਕੁੱਝ ਦਿਨਾਂ ਦੀ ਹੀ ਮਹਿਮਾਨ ਹੈ ਤ੍ਰਿਪੁਰਾ ਦੀ ਨਿਵਾਸੀ ਸੁਕੂਰਤਾਂਗ ਨੂੰ ਪਿਛਲੇ ਦਿਨੀ ਪਹਿਲੀ ਵਾਰੀ ਆਪਣੇ ਪਿੰਡੋਂ ਬਾਹਰੇ ਨਿਕਲਣ ਦਾ ਮੌਕਾ ਮਿਲਿਆ। ਭਾਰਤ ਭਾਸ਼ਾਵਾਂ ਦੀ ਮੱਰਾਖੀ ਸਬੰਧੀ ਕੰਮ ਕਰਨ ਵਾਲੀ ਸੰਸਥਾ-ਸੈਂਟਰਲ ਇੰਸਟੀਚੂਟ ਆਫ ਇੰਡੀਅਨ ਲੈਂਗਵੇਜ਼ (ਸੀ ਆਈ. ਆਈ. ਐਲ. ਮੈਸੂਰ) ਨੇ ਆਪਣੇ ਚਾਲੀਵੇਂ ਸਥਾਪਨਾ ਦਿਵਸ 'ਤੇ ਸੁਕੂਰਤਾਂਗ ਨੂੰ ਸੱਦਿਆ ਸੀ। ਸੁਕੂਰਤਾਂਗ ਨੇ ਸੀ ਆਈ ਆਈ. ਐਲ. ਦੇ ਮੰਗ ਤੋਂ ਜੋ ਕਿਹਾ ਉਸ ਦੇ ਕਰੋੜਾਂ ਰੁਪਏ ਦੇ ਬਜਟ ਵਾਲੇ ਭਾਸ਼ਾ ਕਲਾ-ਸੰਸਕ੍ਰਿਤੀ ਜਨਜਾਤੀ ਵਿਕਾਸ ਤੇ ਕਲਿਆਣ ਲਈ ਕੰਮ ਕਰਨ ਵਾਲੇ ਦਰਜਨਾ ਸਰਕਾਰੀ ਵਿਭਾਗਾਂ 'ਤੇ ਅਦਾਰਿਆਂ ਦੀ ਸਰਗਰਮੀ ਦੀ ਪੋਲ ਖੁਲ. ਜਾਂਦੀ ਹੈ। ਸੁਕੂਰਤਾਂਗ ਨੇ ਕਿਹਾ "ਮੇਰੀ ਮਾਂ-ਬੋਲੀ ਲਗਭਗ ਅਲੋਪ ਹੋ ਚੁਕੀ ਹੈ ਤੇ ਬਹੁਤ ਜਲਦੀ ਸਾਡਾ ਸਭ ਕੁਝ ਖੁਸ ਜਾਵੇਗਾ। ਸਾਡੀ ਮਾਂ-ਬੋਲੀ ਮਾਈਮਰ ਨੂੰ ਬਚਾਉਣ ਲਈ ਕ੍ਰਿਪਾ ਕਰਕੇ ਸਾਡੀ ਮਦਦ ਕਰੋ। ਹੈਰਾਨੀ ਦੀ ਗੱਲ ਇਹ ਹੈ ਕਿ ਸੁਕੂਰਤਾਂਗ ਦੀ ਇਸ ਪ੍ਰਕਾਰ (ਜੋ ਦੇਸ਼ਾਂ-ਵਿਦੇਸ਼ਾਂ ਦੇ ਕਈ ਅਖਬਾਰਾਂ 'ਚ ਛਪੀ) ਪਿਛੋਂ ਹੀ ਤ੍ਰਿਪੁਰਾ ਦੀ ਸਰਕਾਰ ਤੇ ਦੇਸ਼ ਨੂੰ ਪਤਾ ਲੱਗਿਆ ਕਿ ਹਜ਼ਾਰਾਂ ਸਾਲ ਪੁਰਾਨੀ ਮਾਈਮਰ ਭਾਸ਼ਾ ਬੋਲਣ ਵਾਲੇ ਹੁਣ ਸਿਰਫ ਚਾਰ ਲੋਕ ਬਚੇ ਹਨ। ਸੁਕੂਰਤਾਂਗ ਤੋਂ ਇਲਾਵਾ ਉਨ੍ਹਾਂ ਦੇ ਪਤੀ, ਭਤੀਜੀ ਤੇ ਵੱਡੇ ਬੇਟੇ ਹੀ ਮਾਈਮਰ ਬੋਲ ਸਕਦੇ ਹਨ। ਤ੍ਰਿਪੁਰਾ ਦੇ ਭਾਸ਼ਾਵਿਦ ਨੰਦ ਕੁਮਾਰ ਦੇਵ ਬਰਮਨ ਪਹਿਲੀ ਵਾਰੀ ਇਸ ਗੱਲ ਨੂੰ ਦੁਨੀਆਂ ਦੇ ਸਾਹਮਣੇ ਲਿਆਏ ਸਨ। ਬਕੌਲ ਬਰਮਨ 'ਤ੍ਰਿਪੂਰਾ 'ਚ ਹਲਮ ਜਨਜਾਤੀ ਸਮੂਹ ਦੇ ਕੋਈ 18 ਉਪ-ਸਮੂਹ (ਕਬੀਲੇ) ਹਨ। ਹਰ ਸਮੂਹ ਦੀ ਆਪਣੀ ਇਕ ਵੱਖਰੀ ਬੋਲੀ ਹੈ। ਮਾਈਮਰ ਹਲਮ ਸਮੂਹ ਦੇ ਇਕ ਕਬੀਲੇ ਦੀ ਹੀ ਭਾਸ਼ਾ ਹੈ। ਕਦੀ ਇਸ ਭਾਸ਼ਾ ਦੇ ਬੁਲਾਰਿਆਂ ਦੀ ਅੱਛੀ ਗਿਣਤੀ ਹੁੰਦੀ ਹੋਵੇਗੀ ਪਰ ਹੁਣ ਇਹ ਰਾਜ ਦੇ ਧਲਾਈ ਜਿਲ੍ਹੇ ਦੇ ਗੰਤਾਸ਼ਾਰ ਪਿੰਡ ਦੇ ਸੁਕੂਰਤਾਂਗ ਪ੍ਰੀਵਾਰ ਤਕ ਸਿਮਟ ਗਈ ਹੈ। ਸੰਨ 2009 ਤਕ ਮਾਈਮਰ ਬੋਲਣ ਪਾਲਿਆਂ ਦੀ ਗਿਣਤੀ ਕਰੀਬ 25 ਸੀ ਪਰ ਪਿਛੋਂ ਕੁਝ ਲੋਕ ਪਲਾਇਨ ਕਰ ਗਏ ਤੇ ਕੁਝ ਦੀ ਮੌਤ ਹੋ ਗਈ। ਕੁਝ ਆਦਿਮ ਜਾਤੀਆਂ ਨੇ ਅਸੁਵਿਧਾ ਕਾਰਨ ਆਸਪਾਸ ਦੀ ਪ੍ਰਚਲਿਤ ਭਾਸ਼ਾਵਾਂ ਨੂੰ ਆਪਣਾ ਲਿਆ ਹੈ। ਹਾਲਾਂਕਿ ਆਈ ਆਈ ਐਲ ਨੇ ਮਾਈਮਰ ਦੀ ਰਾਖੀ

ਤੇ ਅਭਿਲੇਖੀਕਰਨ ਲਈ ਪਹਿਲ ਕਰਨ ਦਾ ਵਾਅਦਾ ਕੀਤਾ ਹੈ। ਪਰ ਅਜੇ ਤਕ ਤ੍ਰਿਪੁਰਾ ਜਾਂ ਕੇਂਦਰ ਸਰਕਾਰ ਵਲੋਂ ਕੋਈ ਪ੍ਰਤੀਕ੍ਰਿਆ ਨਹੀਂ ਆਈ ਹੈ ਇਹ ਲੁਕਵਾਂ ਨਹੀਂ ਹੈ। ਮਾਈਮਰ ਕੋਈ ਇਕੱਲੀ ਭਾਸ਼ਾ ਨਹੀਂ ਜੋ ਬਿਨਾਂ ਕਿਸੇ ਹਲਚਲ ਦੇ ਅਲੋਪ ਹੋਣ ਦੇ ਕੰਢੇ ਪੁੱਜ ਗਈ ਹੈ। ਸੱਚ ਤਾਂ ਇਹ ਹੈ ਕਿ ਦੇਸ਼ ਦੀਆਂ ਸੈਂਕੜੇ ਖੇਤਰੀ ਖਾਸ ਕਰਕੇ ਜਨਜਾਤੀ ਭਾਸ਼ਾਵਾਂ ਤੇ ਬੋਲੀਆਂ ਅਲੋਪ ਹੋਣ ਹੋਣ ਦੀ ਹਾਲਤ ਵਿਚ ਹਨ। ਕੋਈ ਕੋ ਸਾਲ ਪਹਿਲਾਂ ਅੰਡੇਮਾਨ ਦੀ 65 ਹਜ਼ਾਰ ਸਾਲ ਪੁਰਾਨੀ 'ਬੋ' ਭਾਸ਼ਾ ਹਮੇਸ਼ਾਂ ਲਈ ਖਤਮ ਹੋ ਗਈ। ਬੋਆ ਸੀਨੀਅਰ ਨਾਮਕ ਔਰਤ ਇਸ ਭਾਸ਼ਾ ਦੀ ਆਖਰੀ ਬੁਲਾਰਾ ਸੀ ਤੇ ਉਸਦੇ ਦੇਹਾਂਤ ਪਿਛੋਂ ਹੀ 'ਬੋ' ਭਾਸ਼ਾ ਦਾ ਅੰਤ ਹੋ ਗਿਆ। ਇਸ ਔਰ ਦੀ ਖੋਜ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਭਾਸ਼ਾ ਵਿਦ ਅੰਵਿਤਾ ਅਬਨੀ ਨੇ ਕੀਤੀ ਸੀ। ਇਕ ਸਰਵੇਖਣ ਅਨੁਸਾਰ ਹਰ ਚੋਦਵੇਂ ਦਿਨ ਕੋਈ-ਨਾ-ਕੋਈ ਭਾਸ਼ਾਂ ਦੁਨੀਆਂ ਤੋਂ ਅਲੋਪ ਹੋ ਰਹੀ ਹੈ। ਜੇ ਹਾਲਾਤ ਇਹੀ ਰਹੇ ਤਾਂ ਸੰਨ 2100 ਤਕ ਸੰਸਾਰ ਦੀਆਂ ਸੱਤ ਹਜ਼ਾਰ ਜਾਣੀਆਂ ਜਾਂਦੀਆਂ ਭਾਸ਼ਵਾਂ 'ਚੋਂ ਅੱਧੀਆਂ ਖਤਮ ਹੋ ਜਾਵਗੀਆਂ। ਜੇ ਅਜੇਹਾ ਹੋਇਆ ਤਾਂ ਇਨ੍ਹਾਂ ਭਾਸ਼ਾਵਾਂ ਵਲੋਂ ਇਕਠਾ ਕੀਤਾ ਗਿਆ ਕੀਮਤੀ ਗਿਆਨ ਵੀ ਨਸ਼ਟ ਹੋ ਜਾਵੇਗਾ। ਭਾਸ਼ਾ ਵਿਗਿਆਨੀਆਂ ਦਾ ਮੰਨਣਾ ਹੈ ਕਿ ਅਲੋਪ ਹੋਣ ਵਾਲੀਆਂ ਭਾਸ਼ਾਵਾਂ 'ਚ ਵੱਡੀ ਗਿਣਤੀ ਜਨਜਾਤੀ ਭਾਸ਼ਾਵਾਂ ਦੀ ਹੋਵੇਗੀ, ਜੋ ਬਾਜ਼ਾਰਵਾਦ ਤੋਂ ਪ੍ਰੇਰਿਤ ਭਾਸ਼ਾ ਦੇ ਵਿਸ਼ਵੀ ਕ੍ਰਿਤ ਮੁਕਾਬਲੇ 'ਚ ਬੇਸਹਾਰਾ ਹੋ ਗਈਆਂ ਹਨ। ਅਗਸਤ 2009 'ਚ ਯੁਨੇਸਕੋ ਨੇ ਸੰਕਟ ਗ੍ਰਸਿਤ ਭਾਰਤੀ ਭਾਸ਼ਾਵਾਂ 'ਤੇ ਇਕ ਰੀਪੋਟ ਜਾਰੀ ਕੀਤੀ ਸੀ। ਉਸ ਅਨੁਸਾਰ ਭਾਰਤ ਦੀ 191 ਭਾਸ਼ਵਾਂ ਸੰਕਟ 'ਚ ਘਿਰੀਆਂ ਹੋਈਆਂ ਹਨ। ਅਤੇ ਹਾਲਦੇ ਸਾਲਾਂ 'ਚ ਘੱਟੋ ਘੱਟ ਪੰਜ ਭਾਰਤੀ ਭਾਸ਼ਾਵਾਂ/ ਬੋਲੀਆਂ ਅਲੋਪ ਹੋਈਆਂ ਹਨ। ਯੂਨੇਸਕ ਦੀ ਰੀਪੋਟ ਅਨੁਸਾਰ ਸੰਕਟ ਗ੍ਰਸਿਤ ਭਾਸ਼ਾਵਾਂ 'ਚ ਸਭ ਤੋਂ ਵੱਧ 28 ਪੂਰਬੋਤਰ ਦੀਆਂ ਭਾਸ਼ਾਵਾਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਅਜਾਂਦੀ ਦੇ ਸਾਢੇ ਛੇ ਦਹਾਕੇ ਬਾਅਦ ਵੀ ਸਰਕਾਰ ਨੂੰ ਨਹੀਂ ਪਤਾ ਕਿ ਪੂਰਬੀ ਉਤਰੀ ਰਾਜਾਂ 'ਚ ਕਿੰਨੀ ਕਿਸਮ ਦੀਆਂ ਭਾਸ਼ਾਵਾਂ ਤੇ ਬੋਲੀਆਂ ਪ੍ਰਚਲਿਤ ਹਨ। ਕੁਝ ਸਮਾਂ ਪਹਿਲਾਂ ਸੰਸਾਰ ਪ੍ਰਸਿਧ ਭਾਸ਼ਾ ਵਿਗਿਆਨਕ ਡੇਵਿਡ ਹੈ ਰਿਸਨ ਤੇ ਵਿੱਡ ਹੈ ਰਿਸਨ ਨੇ ਇਕ ਕਿਤਾਬ ਲਿਖੀ ਸੀ 'ਦ ਲਾਸਟ ਸਪੀਕਰ' ਹੈਰਿਸਨ ਲਿਖਦੇ ਹਨ। "ਮੈ ਦੁਨੀਆਂ ਭਰ ਦੀ ਅਲੋਪ ਹੁੰਦੀਆਂ ਭਾਸ਼ਾਵਾਂ ਦੀ ਖੋਜ ਕਰ ਰਿਹਾ ਹਾਂ ਇਸ ਕ੍ਰਮ 'ਚ ਮੈਨੂੰ ਕਈ ਅਜੇਹੇ ਲੋਕ ਮਿਲੇ ਜੋ ਆਪਣੀ ਭਾਸ਼ਾ ਦੇ ਆਖਰੀ ਬੁਲਾਰੇ ਸਨ' ਜ਼ਿਕਰ ਯੋਗ ਹੈ ਕਿ ਹੈ ਰਿ ਸਨ ਜਦ ਆਪਣੀ ਖੋਜ ਦੇ ਕੰਮ ਵਿਚ ਭਾਰਤ ਦੇ ਪੂਰਬ ਉਤਰ ਰਾਜ ਪਹੁੰਚੇ ਤਾਂ ਉਨ੍ਹਾਂ ਨੂੰ ਅਜੇਹੀਆਂ ਕਈ ਅਗਿਆਤ ਭਾਸ਼ਾਵਾਂ ਮਿਲੀਆਂ ਜਿਨ੍ਹਾਂ ਤੋਂ ਸੰਬੰਧਤ ਰਾਜਾਂ ਦੀਆਂ ਸਰਕਾਰਾਂ ਵੀ ਅਜੇ ਤਕ ਅਨਜਾਣ ਸਨ। ਹੈ ਰਿਸਨ ਨੇ ਹੀ ਦੇ ਸਾਲ ਪਹਿਲਾਂ ਅਰੁਣਾ ਪ੍ਰਦੇਸ਼ 'ਚ 'ਕੋਰੋ' ਨਾਮਕ ਜਨਜਾਤੀ ਭਾਸ਼ਾ ਦੀ ਖੋਜ ਕੀਤੀ ਸੀ, ਜੋ ਤੇਜੀ ਨਾਲ ਅਲੋਪ ਹੋ ਰਹੀ ਹੈ। ਰਿਸਨ ਤੇ ਟੀਮ ਦੇ ਮੈਂਬਰ ਅਤੇ ਰਾਚੀ ਯੂਨੀਵਰਸਿਟੀ ਦੇ ਪ੍ਰਾ ਅਧਿਆਪਕ ਗਣੇਸ਼ ਮੁਰਮੂ ਕਹਿੰਦੇ ਹਨ 'ਪੂਰਬ ਉਤਰ 'ਚ ਜਿੰਨੇ ਜਨਜਾਤੀ ਫਿਰਕੇ ਹਨ, ਲਗਭਗ ਉਨੀਆਂ ਹੀ ਬੋਲੀਆਂ ਹਨ। ਇਕ ਹੀ ਪਿੰਡ 'ਚ ਕਈ ਬੋਲੀਆਂ ਪ੍ਰਚਲਿਤ ਹਨ। ਅਨਜਾਣ ਲੋਕਾਂ ਨੂੰ ਇਹ ਸਭ ਇਕ ਹੀ ਭਾਸ਼ਾ ਲਗਦੀ ਹੈ। ਪਰ ਸ਼ਬਦਾਂ ਤੋਂ ਲੈ ਕੇ ਵਾਕ ਰਚਨਾ ਤੇ ਉਚਾਰਣ ਵਿਚ ਇਹ ਇਕ ਦੂਜੇ

ਤੋਂ ਭਿੰਨ ਹਨ। ਤਿਬਤੀ-ਬਰਮਾਈ ਭਾਸ਼ਾ ਪ੍ਰੀਵਾਰ ਦੀਆਂ ਕਰੀਬ 400 ਭਾਸ਼ਾਂ ਪੂਰਬ ਉਤਰ 'ਚ ਪ੍ਰਚਲਿਤ ਹਨ। ਅਰੁਣਾਚਲ ਪ੍ਰਦੇਸ਼ ਦੇ ਕਾਮੰਗ ਜਿਲੇ 'ਚ ਅਕਾ, ਮਿਜੀ ਅਪਾਤਾਨੀ ਮਿਰੀ, ਹਲ ਮਿਰੀ, ਨਿਸ਼ੀ ਸਮੇਤ ਦੋ ਦਰਜਨ ਭਾਸ਼ਾਵਾਂ ਪ੍ਰਚਲਿਤ ਹਨ।'

ਪੂਰਬ ਉਤਰ ਤੇ ਅੰਡੇਮਾਨ ਹੀ ਨਹੀਂ ਝਾਰਖੰਡ, ਛਤੀਸ਼ਗੜ, ਉੜੀਸਾ ਮਹਾਂਰਾਸ਼ਟਰ, ਰਾਜਸਥਾਨ ਬਿਹਾਰ ਪੱਛਮੀ ਬੰਗਾਲ 'ਚ ਵੀ ਲੱਗਭਗ 54 ਖੇਤਰੀ ਤੇ ਜਨ ਜਾਤੀ ਬੋਲੀਆਂ ਅਲੋਪ ਹੋਣ ਕਿਨਾਰੇ ਹਨ। ਪੂਰਬੀ ਬਿਹਾਰ 'ਚ ਨੋਨਿਆ ਸਮੂਹ ਦੀ ਬੋਲੀ 'ਨੋਨੀ' ਕੋਈ ਇਕ ਦਹਾਕੇ ਪਹਿਲਾ ਅਲੋਪ ਹੋ ਗਈ। ਪਰ ਕਿਸੇ ਨੂੰ ਪਤਾ ਨਹੀਂ ਲੱਗਿਆ। ਇਸੇ ਖੇਤਰ ਦੀ ਭਾਸ਼ਾ ਅੰਗਿਕਾ ਵੀ ਅਲੋਪ ਹੋਣ ਦੀ ਸਥਿਤੀ ਵਿਚ ਹੈ। ਝਾਰਖੰਡ 'ਚ ਬਿਰਹੋਰ, ਅਸ਼ਰ, ਹੋ, ਕੁੜੁਖ, ਕੁਵਿ ਮੁੰਡਾਰੀ, ਖਰਿਆਂ ਕੌੜਾ ਸਮੇਤ ਕਈ ਭਾਸ਼ਾਵਾਂ ਗੁੰਮ ਹੋਣ ਕਿਨਾਰੇ ਹਨ। ਛਤੀਸ਼ਗੜ ਦੀ ਭਿਲੀ ਕੋਰਵਾ, ਸਰਦੀ, ਔੜਿਸ਼ਾ ਦੀ ਦਵੀ, ਸਯੋਰਾ ਆਦਿ ਨੂੰ ਯੂਨੈਸਕੋ ਨੇ ਸੰਕਟ ਗ੍ਰਸਿਤ ਭਾਸ਼ਾਵਾ ਦੀ ਸ੍ਰੇਣੀ ਵਿਚ ਰੱਖਿਆ ਹੈ। ਇਸ ਦੇ ਬਾਵਜੂਦ ਸਰਕਾਰ ਦੀ ਨੀਤੀ ਸਪਸ਼ਟ ਨਹੀਂ ਹੈ। ਬੀਤੀ ਫਰਵਰੀ 'ਚ ਸੀ. ਆਈ. ਆਈ. ਐਲ. ਨੇ ਕਿਹਾ ਸੀ ਕਿ ਇਹ ਜਲਦੀ ਹੀ ਅਲੋਪ ਹੋਣ ਕੰਢੇ ਭਾਸ਼ਾਵਾਂ 'ਤੇ ਸਫੈਦ ਪੇਪਰ ਜਾਰੀ ਕਰੇਗੀ ਇਸ 'ਚ ਦਸ ਹਜ਼ਾਰ ਤੋਂ ਘੱਟ ਲੋਕਾਂ ਦੀ ਭਾਸ਼ਾ। ਬੋਲੀ ਨੂੰ ਸੰਕਟ ਗ੍ਰਸਿਤ ਮੰਨਣ ਦੀ ਗੱਲ ਕਹੀ ਗਈ ਸੀ।

# ਸਿੱਖਿਆ ਦਾ ਸੰਕਟ ਕੀ ਹੱਲ ਹੋ ਸਕੇਗਾ?

ਪਿਛਲੇ ਦੋ ਦਹਾਕਿਆਂ ਦੌਰਾਨ ਦੇਸ਼ ਦੀ ਸਿੱਖਿਆ ਪ੍ਰਣਾਲੀ 'ਚ ਭਾਰੀ ਤਬਦੀਲੀਆਂ ਆਈਆਂ ਹਨ। 1986 'ਚ ਨਵੀਂ ਸਿੱਖਿਆ ਨੀਤੀ ਦੇ ਜਿਸ ਬੀਜ ਨੂੰ ਬੀਜਿਆ ਗਿਆ ਸੀ ਉਹ 1990 ਦੇ ਦਹਾਕੇ 'ਚ 'ਚ ਵਿਸ਼ਾਲ ਦਰਖਤ ਬਣ ਗਿਆ ਅਤੇ ਜੋ ਅੱਜ ਸਭ ਬੁਰਾਈਆਂ ਭਰੇ ਫਲ ਦੇਣ ਲੱਗਿਆ ਹੈ। 24 ਜੂਨ 2009 ਨੂੰ ਉੱਚ ਸਿੱਖਿਆ ਦੇ ਨਵੀਨੀਕਰਣ ਤੇ ਪੁਨਰਜੀਵਨ ਬਾਰੇ ਸਲਾਹ ਦੇਣ ਲਈ ਮਨੁੱਖੀ ਵਸੀਲਿਆਂ ਦੇ ਵਿਕਾਸ ਮੰਤਰਾਲੇ ਵਲੋਂ ਗਠਿਤ ਪ੍ਰੋ ਯਸ਼ਪਾਲ ਕਮੇਟੀ ਨੇ ਆਪਣੀ ਰੀਪੋਟ ਸਰਕਾਰ ਨੂੰ ਸੌਂਪੀ। ਇਹੀ ਉਹ ਸਮਾਂ ਸੀ ਜਦ ਸਰਕਾਰ ਦੁਆਰਾ ਉੱਚ ਸਿੱਖਿਆ ਦੇ ਨਿੱਜੀਕਰਨ ਨੂੰ ਤੇਜੀ ਨਾਲ ਅੱਗੇ ਵਧਾਉਣ ਤੇ ਪੂੰਜੀ ਨਿਵੇਸ਼ ਲਈ ਵਿਦੇਸ਼ੀ ਯੂਨੀਵਰਸਿਟੀਆਂ ਦੇ ਕਾਰੋਬਾਰੀਆਂ ਤੇ ਉੱਚ ਸਿੱਖਿਆ ਦੇ ਵਪਾਰੀਕਰਨ ਨਾਲ ਪੈਦਾ ਸਥਿਤੀ ਨਾਲ ਵਿਦੇਸ਼ੀ ਨਿਵੇਸ਼ਕਾਂ ਨੂੰ ਭਰਮਾਉਣ ਦਾ ਯਤਨ ਚਲ ਰਿਹਾ ਸੀ। ਕਮੇਟੀ ਨੇ ਖੁੰਬਾਂ ਵਾਗੂੰ ਉਗ ਆਈਆਂ ਨਿੱਜੀ ਯੂਨੀਵਰਸਿਟੀਆਂ ਤੇ ਡੀਮਡ ਯੂਨੀਵਰਸਿਟੀਆਂ ਦੀਆਂ ਕਾਰਗੁਜਾਰੀਆਂ ਤੇ ਉੱਚ ਸਿੱਖਿਆ ਦੇ ਬਾਜ਼ਾਰੀਕਰਨ ਨਾਲ ਪੈਦਾ ਭਰਿਸ਼ਟਾਚਾਰ ਤੇ ਦੂਰ ਵਿਵਸਥਾ ਦੀ ਅਲੋਚਨਾ ਕੀਤੀ। ਉੱਚ ਸਿੱਖਿਆ ਨੂੰ ਮੁਨਾਫੇ ਦਾ ਧੰਦਾ ਬਣਾਉਣ ਪਿਛੋਂ ਸਮਾਜਕ ਜੀਵਨ ਦੇ ਹੋਰਨਾ ਖੇਤਰਾਂ ਵਾਗੂੰ ਇਥੇ ਵੀ ਭਰਿਸ਼ਟਾਚਾਰ ਤੇ ਲੁਟ ਘਸੁੱਟ ਦੀ ਗਟਰ-ਗੰਗਾ (ਗੰਦਾ ਨਾਲਾ) ਵਗਣੀ ਲਾਜਮੀ ਸੀ। ਇਸ ਕਮੇਟੀ ਦੀ ਨਜ਼ਰ 'ਚ ਸਿੱਖਿਆ ਦੇ ਵਪਾਰੀਕਰਨ, ਨਿਜੀਕਰਨ ਤੇ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਵਪਾਰ ਦੀ ਇਜਾਜਤ ਦੇਣ 'ਚ ਕੋਈ ਬੁਰਾਈ ਨਹੀਂ ਹੈ। ਬਸ਼ਰਤੇ ਉਹਨਾਂ ਨੂੰ ਅੱਛੀ ਤਰ੍ਹਾਂ ਕੰਟਰੋਲ ਤੇ ਨਿਯਮਤ ਕੀਤਾ ਜਾਵੇ। ਇਸ ਲਈ ਕਮੇਟੀ ਨੇ ਸੁਝਾਅ ਦਿੱਤਾ ਹੈ ਕਿ ਅਜੇ ਸਰਭ ਉੱਚ ਨਿਆਮਕ ਅਦਾਰੇ ਦਾ ਗਠਨ ਕੀਤਾ ਜਾਵੇ ਜਿਸ 'ਚ ਮੈਡੀਕਲ, ਇਜਨੀਰਿੰਗ ਯੂਨੀਵਰਸਿਟੀਆਂ ਖੋਜ ਤੇ ਕਨੂੰਨ ਸਮੇਤ ਉਚ ਸਮੇਤ ਉਚ ਸਿੱਖਿਆ ਦੇ ਸਭ ਖੇਤਰ ਸ਼ਾਮਲ ਹੋਣ। ਮਤਲਬ ਖੋਜ ਤੇ ਕਨੂੰਨ ਸਮੇਤ ਉੱਚ ਸਿੱਖਿਆ ਦੇ ਸਭ ਖੇਤਰ ਸ਼ਾਮਲ ਹੋਣ। ਮਤਲਬ ਕਿ ਯੂਨੀਵਰਸਿਟੀ ਗਰਾਂਟਸ ਕਮਿਸ਼ਨ (4GC) ਤੇ ਤਕਨੀਕੀ ਸਿੱਖਿਆ ਪ੍ਰੀਸ਼ਦ ਵਰਗੀਆਂ ਜ਼ਿਨ੍ਹਾ ਸੰਸਥਾਵਾਂ ਨੂੰ ਕਮੇਟੀ ਨੇ ਭਰਿਸ਼ਟਾਚਾਰ 'ਚ ਲਿਪਤ ਪਾਇਆ ਉਨ੍ਹਾਂ 'ਚ ਮੈਡੀਕਲ ਕਾਊਂਸਿਲ ਬਾਰ ਕਾਊਂਸਿਲ ਆਦਿ ਨੂੰ ਵੀ ਸ਼ਾਮਲ ਕਰਕੇ ਇਕ ਸਰਭ ਉੱਚ ਆਦਾਰਾ ਬਣਾਉਣ ਦੀ ਸਿਫਾਰਸ਼ ਕੀਤੀ ਹੈ। ਪ੍ਰੋਯਸ਼ਪਾਲ ਦਾ ਮੰਨਣਾ ਹੈ ਕਿ ਉੱਚ ਸਿੱਖਿਆ ਦਾ ਮੌਜੂਦਾ ਸੰਕਟ ਵਿਵਸਥਾ ਵਲੋਂ ਪੈਦਾ ਹੋਇਆ ਸੰਕਟ ਹੈ। ਫਿਰ ਇਨ੍ਹਾਂ ਸਮਸਿਆਵਾਂ ਦਾ ਹੱਲ ਇਸ ਪ੍ਰਣਾਲੀ ਦੇ ਢਾਚੇ ਅੰਦਰ ਕਿਵੇਂ ਹੋ ਸਕੇਗਾ? ਕੁਝ ਮਿਲਾ ਕੇ ਇਸ ਕਮੇਟੀ ਨੇ ਸਮਸਿਆ ਦੀ ਜੜ੍ਹ ਤਕ ਪਹੁੰਚਣ ਦੀ ਬਜਾਏ ਖੁਦ ਨੂੰ ਕੁਝ ਸਤਹੀ ਹੱਲ, ਸੁਝਾਉਣ ਤੇ ਪੈਬੰਦਬਾਜੀ ਤਕ ਹੀ ਸੀਮਤ ਰੱਖਿਆ। ਯਸ਼ਪਾਲ ਕਮੇਟੀ ਨੇ ਉੱਚ ਸਿੱਖਿਆ ਦੇ ਜਿਸ ਭਰਿਸ਼ਟਾਚਾਰ ਨੂੰ 'ਸ਼ਲੀਨਤਾ ਪੂਰਵਕ' ਬੇਨਕਾਬ ਕੀਤਾ ਹੈ। ਉਸ ਦਾ ਨੰਗਾ ਨਾਚ ਅਸੀਂ ਆਪਣੀ ਰੋਜ਼ਮਰਾ ਦੀ ਜਿੰਦਗੀ

’ਚ ਦੇਖ ਅਤੇ ਭੁਗਤ ਰਹੇ ਹਾਂ। ਇਸ ਰੀਪੋਟ ’ਚ ਜੋ ਕੁਝ ਦਸਿਆ ਗਿਆ ਹੈ ਉਹ ਤਾਂ ਮੁਨਾਫਾਖੋਰੀ ਦੇ ਸਮੁੰਦਰ ’ਚ ਤੈਰਦੇ ਭਰਿਸ਼ਟਾਚਾਰ ਦੇ ਵਿਰਾਟ ਤੋਦੇ ਦੇ ਇਕ ਕੋਨੇ ਜਿੱਡੀ ਅੰਸ਼ ਹੀ ਹੈ। ਇਸ ਤੋਂ ਪਹਿਲਾਂ ਗਿਆਨ ਕਮਿਸ਼ਨ ਨੇ ਵੀ ਉਚ ਸਿੱਖਿਆ ਲਈ ਨਿਆਮਕ ਅਥਾਰਟੀ ਬਣਾਉਣ ਦੀ ਸਿਫਾਰਸ਼ ਕੀਤੀ ਸੀ। ਨਾਲ ਹੀ ਉਸਨੇ 1500 ਨਵੀਆਂ ਯੂਨੀਵਰਸਿਟੀਆਂ ਖੋਹਲਣ ਲਈ ਦੇਸ਼ੀ ਵਿਦੇਸ਼ੀ ਪੂੰਜੀ ਪਤੀਆਂ ਦੀ ਹਿਸੇਦਾਰੀ ਦੀ ਵੀ ਵਕਾਲਤ ਕੀਤੀ ਸੀ। ਮਨੁੱਖੀ ਵਸੀਲਿਆਂ ਬਾਰੇ ਵਿਕਾਸ ਮੰਤਰੀ ਕਪਿਲ ਸਿਬਲ ਵੀ ਆਪਣੀ ਸਰਕਾਰ ਦੀ 100 ਦਿਨ ਦੀ ਕਾਰਗੁਜਾਰੀ ਦੇ ਤਹਿਤ ਇਨ੍ਹਾਂ ਸੁਝਾਵਾਂ ਨੂੰ ਅਮਲ ’ਚ ਲਿਆਉਣ ’ਚ ਲੱਗੇ ਹੋਏ ਹਨ। 25 ਜੂਨ 2009 ਨੂੰ ਉਨ੍ਹਾਂ ਨੇ ਜੋ ਨੀਤੀਗਤ ਐਲਾਨ ਕੀਤੇ ਉਨ੍ਹਾਂ ’ਚ ਸਿੱਖਿਆ ਦੇ ਬਾਜ਼ਾਰੀਕਰਣ ਤੇ ਉੱਚ ਸਿੱਖਿਆ ਦੇ ਕਾਰੋਬਾਰ ਵਿਚ ਦੇਸੀ-ਵਿਦੇਸ਼ੀ ਸਰਮਾਏਦਾਰਾਂ ਦੀ ਹਿਸੇਦਾਰੀ ਵਧਾਉਣ ’ਤੇ ਭਰਪੂਰ ਜੋਰ ਦਿੱਤਾ ਗਿਆ। ਵਿਦਿਆਂ ਦੇ ਮੰਤਰਾਂ ’ਚ ਪੂੰਜੀ ਦੀ ਦੇਵੀ ਤੇ ਸ਼ੁਭ ਲਾਭ ਸਭਿਆਚਾਰ ਨੂੰ ਪੂਰੀ ਤਰ੍ਹਾਂ ਸਥਾਪਨ ਕਰ ਦਿੱਤਾ ਗਿਆਹੈ। ਨਤੀਜਾ ਇਹ ਕਿ ਸਿੱਖਿਆ ਸੰਸਥਾਵਾਂ “ਗਿਆਨ ਦੀ ਦੁਕਾਨ” “ਵਿਦਿਆਰਥੀ ਤੇ ਮਾਪੇ”, “ਗਿਆਨ ਦੇ ਗਾਹਕ” ਸਿੱਖਿਆ ਦੀ ਪੈਦਾਵਾਰ ’ਚ ਲੱਗੇ ਦਿਹਾੜੀਦਾਰ ਮਜ਼ਦੂਰ ਤੇ ਸਿੱਖਿਆ “ਵਿਕਾਊਮਾਲ” ’ਚ ਬਦਲ ਗਈ ਹੈ। ਪੂੰਜੀ ਦੇ ਵਿਸ਼ਵੀਕਰਨ ਦੇ ਇਸ ਦੌਰ ਵਿਚ ਸਿੱਖਿਆ ਦੇ ਮੂਲ ਉਦੇਸ਼ ਤੇ ਬੁਨਿਆਦੀ ਦਰਸ਼ਨ ਦੇ ਸੱਟ ਮਾਰੀ ਜਾ ਰਹੀ ਹੈ ਦੇਸ਼ੀ-ਵਿਦੇਸ਼ੀ ਪੂੰਜੀ ਪਤੀ ਗਿਆਨ ਦੇ ਵੱਖ ਵੱਖ ਖੇਤਰਾਂ ਵਿਚ ਹੋ ਰਹੀਆਂ ਨਵੀਆਂ ਖੋਜਾਂ ਨੂੰ ਮੁਨਾਫੇ ’ਚ ਤਬਦੀਲ ਕਰਨ ਵਿਚ ਸਿੱਖਿਆ ਪ੍ਰਣਾਲੀ ਦੀ ਭੂਮਿਕਾ ਨੂੰ ਅੱਛੀ ਤਰ੍ਹਾਂ ਸਮਝਦੇ ਹਨ ਇਸ ਲਈ ਇਹ ਸਿੱਖਿਆ ਪ੍ਰਣਾਲੀ ਦੀ ਭੂਮਿਕਾ ਨੂੰ ਅੱਛੀ ਤਰ੍ਹਾਂ ਸਮਝਦੇ ਹਨ ਇਸ ਲਈ ਇਹ ਸਿੱਖਿਆ ਪ੍ਰਣਾਲੀ ਦੇ ਸਭ ਪੱਖਾਂ ’ਚ ਅਜੇਹੇ ਬੁਨਿਆਦੀ ਬਦਲਾਅ ਕਰ ਰਹੇ ਹਨ ਕਿ ਉਹ ਪੂਰੀ ਤਰ੍ਹਾਂ ਪੂਰੀ ਤਰ੍ਹਾਂ ਪੂੰਜੀਵਾਦ ਸਮਰਥਕ ਉੱਚ ਤਕਨੀਕ ਦੇ ਅਨਕੂਲ ਖਪਤਕਾਰਵਾਦੀ ਹੋ ਜਾਵੇ ਅਤੇ ਇਹ ਨਵੀਂ ਪੀੜੀ ਨੂੰ ਇਸ ਤਰ੍ਹਾਂ ਢਾਲੇ ਕਿ ਮੁਨਾਫਾ ਪੈਦਾ ਕਰਨ ਵਾਲਾ, ਵਿਵੇਕ ਹੀਣ ਆਤਮ ਕੇਂਦਰਿਤ, ਤੇ ਸਿਰ ਝੁਕਾਅ ਕੇ ਹੁਕਮਾ ਦੀ ਪਾਲਣਾਕਰਨ ਵਾਲਾ “ਮਨੁਖੀ ਵਸੀਲਾ” ਬਣ ਜਾਵੇ। ਵਿਦਿਆਰਥੀਆਂ ਦੀ ਅੰਦਰੂਨੀ ਯੋਗਤਾ ਤੇ ਪ੍ਰਤਿਭਾ ਦਾ ਬਹੁਪੱਖੀ ਵਿਕਾਸ ਕਰਨ ਤੇ ਉਨ੍ਹਾਂ ਨੂੰ ਸਮਰਥ ਨਾਗਰਿਕ ਬਣਾਉਣ ਦੇ ਉਦੇਸ਼ ਦਾ ਪੂਰੀ ਤਰ੍ਹਾਂ ਤਿਆਗ ਕਰਕੇ ਹੁਣੇ ਸਿੱਖਿਆ ਵਿਵਸਥਾ ਨੂੰ ਵਿਸ਼ਵੀ ਪੂੰਜੀ ਦੇ ਮੁਨਾਫੇ ਦਾ ਸਾਧਨ ਤਿਆਰ ਕਰਨ ਵਾਲੀ ਮਸ਼ੀਨ ਤੇ ਉਸ ਦੇ ਹੱਥ ਦੀ ਕਠਪੁਤਲੀ ਬਣਾਇਆ ਜਾ ਰਿਹਾ ਹੈ। ਸੱਤਾ ਦੀ ਸਿਖਰ ਤੇ ਬਿਰਾਜਮਾਨ ਵੱਖ ਵੱਖ ਪਾਰਟੀਆਂ ਦੇ ਨੇਤਾ ਨੌਕਰਸ਼ਾਹ ਕਾਨੂੰਨਵਾਰ ਨਿਆਕਰਤਾ, ਸਲਾਹਕਾਰ ਨੀਤੀ ਘਾੜੇ ਵਿਕੇ ਹੋਏ ਬੁਧੀ ਜੀਵੀ ਸਾਹਿਤਕਾਰ, ਕਲਾਕਾਰ ਮੀਡੀਆ ਕਰਮੀ ਤੇ ਹੋਰ ਪ੍ਰਜੀਵੀ ਤਬਕੇ, ਸਿੱਖਿਆ ਦੇ ਵਪਾਰੀਕਰਨ ਦੀ ਇਸ ਲੋਕ ਧ੍ਰੋਹੀ, ਦੇਸ਼-ਧ੍ਰੋਹੀ ਮੁਹਿੰਮ ’ਚ ਦੇਸ਼ੀ ਵਿਦੇਸ਼ੀ ਪੂੰਜੀ ਪਤੀਆਂ ਦਾ ਭਰਪੂਰ ਸਹਿਯੋਗ ਤੇ ਹਮਾਇਤ ਕਰ ਰਹੇ ਹਨ। ਇਨ੍ਹਾਂ ਦੁਸ਼ਮਣ-ਸਹਿਯੋਗੀਆਂ ਨੇ ਸਫਲਤਾ ਦੀ ਸਿਖਰ ’ਤੇ ਪਹੁੰਚਣ ਲਈ ਸਸਤੀ ਵਿਦਿਆ ਤੇ ਹੋਰ ਸਰਕਾਰੀ ਸਹੂਲਤਾਂ ਦੀ ਖੁਦ ਤਾਂ ਪੌੜੀ ਦੀ ਤਰ੍ਹਾਂ ਵਰਤੋਂ ਕੀਤੀ ਅਤੇ ਉਥੇ ਪਹੁੰਚਣ ਪਿਛੋਂ ਪੌੜੀ ਉਪਰ ਖਿੱਚ ਲਈ। ਇਸ ਦੇ ਪਿਛੇ ਉਹਨਾਂ ਦੀ ਮੰਸ਼ਾ ਆਪਣੇ ਵਿਸ਼ੇਸ਼ ਅਧਿਕਾਰਾਂ ਨੂੰ ਬਰਕਰਾਰ ਰੱਖਣਾ

ਤੇ ਪੂੰਜੀ ਦੀ ਗੁਲਾਮੀ 'ਚ ਜਕੜੀ ਦੇਸ਼ ਦੀ ਬਹੁਗਿਣਤੀ ਜਨਤਾ ਦੀ ਬਦਹਾਲੀ ਨੂੰ ਚਿਰਸਥਾਈ ਬਣਾਉਣਾ ਹੈ। ਸਿੱਖਿਆ ਦਾ ਵਪਾਰੀਕਰਨ ਕਰਕੇ ਉਸ ਨੂੰ ਦੇਸੀ ਵਿਦੇਸ਼ੀ ਪੂੰਜੀ ਪਤੀਆਂ ਦੇ ਮੁਨਾਫੇ ਦਾ ਸਾਧਨ ਬਣਨ ਦੇ ਨਾਲ ਨਾਲ ਸਾਡੇ ਹਾਕਮ ਆਪਣੇ ਇਸ ਘਿਨੌਣੇ ਕੁਕਰਮ ਨੂੰ ਇਕ ਅਟਲ, ਲਾਜਮੀ, ਤੇ ਵਿਕਲਪ ਹੀਣ ਅਮਲ ਵਜੋਂ ਸਥਾਪਤ ਕਰ ਰਹੇ ਹਨ। ਇਹ ਐਸੀ ਗੁਲਾਮ ਮਾਨਸਿਕਤਾ ਜਨਮਾਨਸ 'ਚ ਬੀਜ ਰਹੇ ਹਨ ਕਿ 'ਇਸ ਖਿਲਾਫ ਕੋਈ ਵੀ ਕਦਮ ਚੁਕਣਾ ਸੰਭਵ ਨਹੀਂ ਜਨਤਾ ਦੇ ਮਨ ਵਿਚ ਅਸਹਾਇਤਾ ਦੀ ਐਸੀ ਭਾਵਨਾ ਭਰਦੇ ਹੋਏ ਕਿ 'ਕੁਝ ਨਹੀਂ ਕੀਤਾ ਜਾ ਸਕਦਾ' ਸਾਡੇ ਹਾਕਮ ਇਨ੍ਹਾਂ ਨੀਤੀਆਂ ਨੂੰ ਉਪਰੋਂ ਠੋਸਦੇ ਜਾ ਰਹੇ ਹਨ। ਦੂਜੇ ਪਾਸੇ ਹੇਠਾਂ ਦੇ ਪਾਏਦਾਨ 'ਤੇ ਖੜੇ ਬਹੁਤੇ ਵਿਦਿਆਰਥੀ ਅਧਿਆਪਕ ਤੇ ਮਾਪੇ ਵੀ ਲਾਚਾਰ ਹੋ ਕੇ ਇਨ੍ਹਾਂ ਨੀਤੀਆਂ ਨੂੰ ਚੁਪ ਚਾਪ ਸਹਿਣ ਕਰਦੇ ਜਾ ਰਹੇ ਹਨ। ਇਹੀ ਕਾਰਣ ਹੈ ਕਿ ਉਨ੍ਹਾਂ ਨੂੰ ਲੋਕਾਂ ਵਲੋਂ ਕਿਸੇ ਤਾਕਤਵਰ ਚਣੌਤੀ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ ਹੈ। ਸਿੱਖਿਆ ਪ੍ਰਣਾਲੀ ਦੀ ਇਸ ਤਬਾਹੀ ਤੇ ਬਰਬਾਦੀ ਨੂੰ ਵੇਖ ਕੇ ਦੇਸ਼ ਸਮਾਜ ਤੇ ਸਿੱਖਿਆ ਨਾਲ ਸਰੋਕਾਰ ਰਖਣ ਵਾਲੇ ਕਿਸੇ ਵੀ ਨਾਗਰਿਕ ਦਾ ਬੇਚੈਨ ਤੇ ਭੈਅਭੀਤ ਹੋ ਜਾਣਾ ਲਾਜਮੀ ਹੈ। ਸਿੱਖਿਆ ਦਾ ਸੰਬੰਧ ਸਾਡੀਆਂ ਮੌਜੂਦਾ ਤੇ ਭਾਵੀ ਪੀੜੀਆਂ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਹਮਲਿਆਂ ਦਾ ਸਿੱਧਾ ਤੇ ਸਪਸ਼ਟ ਨਿਸ਼ਾਨਾ ਵੀ ਵਿਦਿਆਰਥੀ ਤੇ ਨੌਜਵਾਨ ਹੀ ਹਨ। ਇਤਿਹਾਸ ਦੇ ਹਰ ਦੌਰ ਵਿਚ, ਯੁੱਗ ਪਲਟਨ ਦੇ ਹਰ ਸੰਘਰਸ਼ ਵਿਚ ਵਿਦਿਆਰਥੀਆਂ-ਨੌਜਵਾਨਾ ਦੀ ਅਹਿਮ ਭੂਮਿਕਾ ਰਹੀ ਹੈ। ਇਸ ਲਈ ਆਮ ਲੋਕਾਂ ਨੂੰ ਇਕ ਨਵੀਂ ਗੁਲਾਮੀ 'ਚ ਜਕੜਣ ਤੇ ਉਨ੍ਹਾਂ ਦੀਆਂ ਔਲਾਦਾਂ ਨੂੰ ਸਿੱਖਿਆ ਤੋਂ ਵਾਂਝਿਆਂ ਕਰਨ ਦੇ ਘਿਣਿਤ ਉਦੇਸ਼ ਨਾਲ ਸਿੱਖਿਆ ਪ੍ਰਣਾਲੀ 'ਚ ਜੋ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਉਨ੍ਹਾਂ ਦੇ ਵੱਖ-ਵੱਖ ਪੱਖਾਂ ਨੂੰ ਗਹਿਰਾਈ ਨਾਲ ਸਮਝਣਾ ਤੇ ਉਨ੍ਹਾਂ ਖਿਲਾਫ ਫੈਸਲਾਕੁੰਨ ਸੰਘਰਸ਼ ਦੀ ਤਿਆਰੀ 'ਚ ਜੁਟ ਜਾਣਾ ਸਾਡੇ ਵਿਦਿਆਰਥੀਆਂ ਨੌਜਵਾਨਾ ਦੀ ਇਤਿਹਾਸਕ ਜਿੰਮੇਵਾਰੀ ਹੈ।

# ਕੀ ਸਨ 'ਅਜਾਦੀ' ਤੋਂ ਬਾਅਦ ਦੀਆਂ ਸਿੱਖਿਆ ਨੀਤੀਆਂ?

1947 ਦੀ ਸੱਤਾ ਬਦਲੀ ਤੋਂ ਤੁਰੰਤ ਪਿਛੋਂ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ। "ਜੇ ਯੂਨੀਵਰਸਿਟੀ ਆਪਣੇ ਫਰਜਾਂ ਦੀ ਭਲੀਭਾਂਤ ਪਾਲਨਾ ਕਰੇ ਤਾਂ ਇਸ ਨਾਲ ਦੇਸ਼ ਤੇ ਲੋਕਾਂ ਦਾ ਕਾਫੀ ਭਲਾ ਹੋਵੇਗਾ।" ਇਸ ਕਥਨ 'ਚ ਅਜਾਦੀ ਅੰਦੋਲਨ ਦੀਆਂ ਮੂਲ ਭਾਵਨਾਵਾਂ ਦੀ ਸਟੀਕ ਬਿਆਨੀ ਸੀ ਅਤੇ ਇਹ ਅਜ਼ਾਦ ਭਾਰਤ ਦੀ ਉਸਾਰੀ ਵਿਚ ਆਰਥਕ ਸਵੈ ਨਿਰਭਰਤਾ ਦੇ ਨਾਲ ਨਾਲ ਬੌਧਿਕ ਤੇ ਵਿਗਿਆਨਕ ਲੋਕ ਸ਼ਕਤੀ ਦੇ ਵਿਕਾਸ ਦੀ ਨਹਿਰੂਵਾਦੀ ਆਸ ਤੇ ਅਨੁਸਾਰ ਸੀ। ਇਨ੍ਹਾਂ ਲੋੜਾਂ ਦੇ ਅਨੁਰੂਪ ਸਿੱਖਿਆ ਪ੍ਰਣਾਲੀ ਦਾ ਪੁਨਰਗਠਨ ਕਰਨ ਲਈ ਕੇਂਦਰੀ ਸਿੱਖਿਆ ਸਲਾਹਕਾਰ ਬੋਰਡ ਨੇ ਦੋ ਕਮਿਸ਼ਨਾ ਦੀ ਸਥਾਪਨਾ ਕੀਤੀ ਜਿਹਨਾਂ ਵਿਚ ਇਕ ਯੂਨੀਵਰਸਿਟੀ ਸਿੱਖਿਆ ਤੇ ਦੂਜਾ ਮਿਡਲ ਸਿੱਖਿਆ ਦੇ ਖੇਤਰ ਨਾਲ ਸੰਬੰਧਤ ਸੀ। ਅਜ਼ਾਦੀ ਅੰਦੋਲਨ ਦੌਰਾਨ ਲੋਕਾਂ ਨਾਲ ਸਿੱਖਿਆ ਦੇ ਖੇਤਰ ਵਿਚ ਕਈ ਵਾਅਦੇ ਕੀਤੇ ਸਨ। 14 ਸਾਲ ਤਕ ਦੀ ਉਮਰ ਤਕ ਮੁਫਤ ਤੇ ਲਾਜਮੀ ਸਿੱਖਿਆ ਮੁਹਈਆ ਕਰਵਾਉਣ ਨੂੰ ਲੈ ਕੇ ਸੰਵਿਧਾਨ ਸਭਾ 'ਚ ਕਾਫੀ ਬਹਿਸ ਚਲੀ ਜਿਸ ਦਾ ਨਤੀਜਾ ਸੀ ਕਿ ਇਸ ਨੂੰ ਰਾਜ ਦੇ ਨੀਤੀ ਨਿਰਦੇਸ਼ਕ ਤੱਤਾਂ 'ਚ ਸ਼ਾਮਲ ਕੀਤਾ ਗਿਆ ਇਹ ਤਹਿ ਕੀਤਾ ਗਿਆ ਕਿ 1960 ਤਕ ਸਭ ਨੂੰ ਸਿੱਖਿਆ ਦਾ ਟੀਚਾ ਹਾਸਲ ਕਰ ਲਿਆ ਜਾਵੇਗਾ ਤੇ ਮਿਡਲ ਸਿੱਖਿਆ ਦੇ ਨਾਲ ਨਾਲ ਉੱਚ ਸਿੱਖਿਆ 'ਚ ਵੀ ਭਾਰਤ ਦੀਆਂ ਲੋੜਾ ਮੁਤਾਬਕ ਲੋੜੀਂਦੀਆਂ ਸੋਧਾਂ ਕੀਤੀਆਂ ਜਾਣਗੀਆਂ 1948 ਵਿਚ ਡਾ. ਐਸ ਰਾਧਾ ਕ੍ਰਿਸ਼ਨਨ ਦੀ ਪ੍ਰਧਾਨਗੀ 'ਚ ਗਠਿਤ ਪਹਿਲੇ ਸਿੱਖਿਆ ਕਮਿਸ਼ਨ ਨੇ ਆਪਣੀ ਰੀਪੋਟ 'ਚ ਸਿੱਖਿਆ ਉਦੇਸ਼ਾਂ ਨੂੰ ਇਸ ਤਰ੍ਹਾਂ ਰੇਖਾਂਕਿਤ ਕੀਤਾ" ਜਾਤੀ-ਧਰਮ ਗਰੀਬ ਤੇ ਅਮੀਰ ਦੇ ਮੱਤਭੇਦ ਤੋਂ ਉਪਰ ਉਠਣ ਲੋਕਾਂ ਦੇ ਸਭਿਆਚਾਰਕ ਪੱਧਰ ਨੂੰ ਉਪਰ ਚੁਕਣ ਜਨਤਾ ਦੀ ਖੁਸ਼ਹਾਲੀ ਤੇ ਅਜਾਂਦੀ ਦਾ ਟੀਚਾ ਹਾਸਲ ਕਰਨ ਤੇ ਲੋਕ ਰਾਜ ਨੂੰ ਅਸਰਦਾਇਕ ਬਣਾਉਣ ਵਰਗੀਆਂ ਵਿਰਾਟ ਸਮਸਿਆਵਾਂ ਦਾ ਸਾਹਮਣਾ ਕਰਨ ਲਈ ਸਿੱਖਿਆ ਇਕ ਸ਼ਕਤੀਸ਼ਾਲੀ ਹਥਿਆਰ ਸਾਬਤ ਹੋਵੇਗੀ ਬਸ਼ਰਤੇ ਉਸਨੂੰ ਜਨਹਿਤ ਵਿਚ ਕੁਸ਼ਲਤਾ ਪੂਰਵਕ ਲਾਗੂ ਕੀਤਾ ਜਾਵੇ। ਭਾਵੀ ਪੀੜੀ ਦੀ ਉੱਚ ਸਿੱਖਿਆ ਨੂੰ ਸਾਨੂੰ ਆਪਣੀਆਂ ਸਭ ਉੱਚ ਤਰਜੀਹਾਂ 'ਚ ਰੱਖਣਾ ਚਾਹੀਦਾ ਹੈ।" ਕਮਿਸ਼ਨ ਨੇ ਉੱਚ ਸਿੱਖਿਆ ਦੇ ਵਿਸਥਾਰ ਲਈ ਜਰੂਰੀ ਆਰਥਿਕ ਸਾਧਨ ਮੁਹਈਆ ਕਰਾਉਣ ਦੀ ਸਿਫਾਰਸ਼ ਕੀਤੀ। ਰਾਜਸੀ ਅਜਾਦੀ ਨੂੰ ਆਰਥਿਕ ਅਜ਼ਾਦੀ 'ਚ ਤਬਦੀਲ ਕਰਨ ਲਈ ਬੁਧੀ ਜੀਵੀਆਂ ਤੇ ਹੁਨਰ ਮੰਦ ਮਜ਼ਦੂਰਾਂ ਦੀ ਗਿਣਤੀ ਵਿਚ ਵਾਧੇ ਦੀ ਲੋੜ 'ਤੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਕਾਫੀ ਜੋਰ ਦਿੱਤਾ ਸੀ। ਰਾਜਸੀ ਅਜ਼ਾਦੀ ਦੇ ਆਰਥਿਕ ਅਜਾਦੀ 'ਚ ਤਬਦੀਲੀ ਦਾ ਅਰਥ ਇਹ ਨਹੀਂ ਸੀ ਕਿ ਵਿਕਾਸ ਦੀ ਦੌੜ

ਵਿਚ ਲੋਕਾਂ ਦੇ ਸਭ ਹਿਸਿਆਂ ਨੂੰ ਸ਼ਾਮਲ ਕੀਤਾ ਜਾਵੇ। ਇਸ ਦਾ ਅਸਲੀ ਅਰਥ ਇਹ ਸੀ ਕਿ ਭਾਰਤੀ ਹਾਕਮ ਜਮਾਤਾਂ ਵਲੋਂ ਅਪਣਾਏ ਗਏ ਪੂੰਜੀਵਾਦੀ ਵਿਕਾਸ ਨੂੰ ਤੇਜੀ ਨਾਲ ਅੱਗੇ ਵਧਾਇਆ ਜਾਵੇ। ਇਸ ਜਮਾਤੀ ਲੋੜ ਨੂੰ ਸਮਝਦੇ ਹੋਇਆ ਕਮਿਸ਼ਨ ਦੇ ਲਾਜਮੀ ਕੰਮ ਸਨ-ਸਿੱਖਿਆ ਪ੍ਰਣਾਲੀ ਨੂੰ ਆਰਥਿਕ ਅਜ਼ਾਦੀ ਦੀ ਪ੍ਰਾਪਤੀ ਵੱਲ ਸੇਧਣਾ ਤੇ ਅਜੇਹੇ ਮੁੱਲਾਂ ਦੀ ਉਸਾਰੀ ਕਰਨੀ ਜੋ ਲੋਕਤੰਤਰ ਨੂੰ ਪ੍ਰਭਾਵੀ ਬਣਾਉਣ 'ਚ ਮਦਦ ਕਰੇ। ਕਮਿਸ਼ਨ ਨੇ ਸੰਵਿਧਾਨ ਵਿਚ ਦਰਜ ਨਿਆ ਦੀ ਸਿਧਾਂਤਾਂ-ਲੋਕ ਰਾਜ, ਨਿਆਂ ਅਜ਼ਾਦੀ ਬਰਾਬਰੀ ਤੇ ਸਦਭਾਵਨਾ ਦੇ ਅਧਾਰ ਦਾ ਪੁਨਰਗਠਨ ਕਰਨ 'ਤੇ ਵਿਚਾਰ ਕੀਤ ਗਿਆ ਅਤੇ ਸੁਝਾਅ ਦਿੱਤਾ ਗਿਆ ਕਿ ਜਨਤੰਤਰ ਦਾ ਵਿਚਾਰਕ ਅਧਾਰ ਤਿਆਰ ਕਰਨ ਦੇ ਕਕਸਦ ਨਾਲ ਸਿੱਖਿਆ ਪ੍ਰਣਾਲੀ ਦਾ ਪੁਨਰ ਗਠਨ ਕੀਤਾ ਜਾਵੇ। ਆਰਥਿਕ ਤੌਰ 'ਤੇ ਕਮਿਸ਼ਨ ਦੀ ਸਿਫਾਰਸ ਸੀ ਕਿ "ਪੂਰੇ ਦੇਸ਼ ਦੇ ਪੈਮਾਨੇ 'ਤੇ ਅਜੇਹੇ ਕਾਰੋਬਾਰਾਂ ਤੇ ਕਲਾਵਾਂ ਦੀ ਸਿੱਖਿਆ ਦੀ ਫੌਰੀ ਲੋੜ ਹੈ ਜੋ ਆਸਵੰਦ ਨੌਜਵਾਨਾ ਦੇ ਵਧਦੇ ਸਮੂਹ ਨੂੰ ਵੱਖ-ਵੱਖ ਸਨਮਤਾਂ 'ਚ ਰੁਜ਼ਗਾਰ ਹਿੱਤ ਤਕਨੀਸ਼ੀਅਨਾ ਵਾਂਗੂ ਸਿੱਖਿਅਤ ਕਰ ਸਕਣ। ਇਸ ਨਾਲ ਹੁਣੇ ਸ਼ੁਰੂ ਹੋ ਰਹੇ ਬਹੁਤ ਸਾਰੇ ਉਦਯੋਗਾਂ 'ਚ ਕੁਸ਼ਲ ਕਾਰੀਗਰਾਂ ਦੀ ਧਾਮ ਬਣੀ ਰਹੇਗੀ। ਅਸੀਂ ਇਸ ਵਿਸ਼ੇ 'ਚ ਦ੍ਰਿੜ ਹਾਂ ਕਿ ਹਰ ਪ੍ਰਾਂਤ 'ਚ ਵਿਸ਼ਾਲ ਗਿਣਤੀ 'ਚ ਵਪਾਰਕ ਅਦਾਰ ਹੋਣੇ ਚਾਹੀਦੇ ਹਨ ਅਤੇ ਮੁਖ ਤੌਰ 'ਤੇ : ਹਰ ਸੂਬੇ 'ਚ ਇਕ ਅਦਾਰਾ ਅਜੇਹਾ ਹੋਣਾ ਚਾਹੀਦਾ ਹੈ ਜੋ ਹਰ ਸੰਭਵ ਕਿਤੇ ਦੀ ਸਿਖਲਾਈ ਦਿੰਦਾ ਹੋਵੇ। "ਸਤੰਬਰ 1952 'ਚ ਡਾ. ਲਛਮਣ ਸਵਾਮੀ ਮੁਦਾ ਲਿਅਰ ਦੀ ਪ੍ਰਧਾਨਗੀ 'ਚ ਨਿਯੁਕਤ ਦਰਮਿਆਨੀ ਸਿੱਖਿਆ ਕਮਿਸ਼ਨ ਵਲੋਂ ਦੇਸ਼ ਦੀ ਪਹਿਲੀ ਪਾਰਲੀ ਮੈਂਟ 'ਚ ਸੌਂਪੀ ਰੀਪੋਟ 'ਚ ਇਸ 'ਤੇ ਦੁਬਾਰਾ ਜੋਰ ਦਿੱਤਾ ਗਿਆ। ਇਸ ਰੀਪੋਟ 'ਚ ਲੋਕਰਾਜੀ-ਸਮਾਜਕ ਵਿਵਸਥਾ 'ਚ ਨਾਗਰਿਕ ਵਜੋਂ ਆਪਣਾ ਸਿਰਜਨਾਤਮਕ ਸ਼ਮੂਲੀਅਤ ਲਈ ਵਿਦਿ : ਦੀ ਚਰਿਤਰ ਉਸਾਰੀ ਆਪਣੇ ਦੇਸ਼ ਦੀ ਆਰਥਿਕ ਖੁਸ਼ਹਾਲੀ ਦੀ ਉਸਾਰੀ 'ਚ ਹਿਸੇਦਾਰੀ ਲਈ ਉਨ੍ਹਾਂ ਦੀ ਕਾਰੋਬਾਰੀ ਤੇ ਵਿਹਾਰਕ ਦਿਸ਼ਾ 'ਚ ਸੁਧਾਰ ਤੇ ਉਨ੍ਹਾਂ 'ਚ ਕਲਾਤਮਕ ਰੁਚੀਆਂ ਦੇ ਵਿਕਾਸ ਦੀ ਲੋੜ ਨੂੰ ਰੇਖਾਂਕਿਤ ਕੀਤਾ ਗਿਆ। ਇਹ ਸਿਫਾਰਸ਼ ਕੀਤੀ ਗਈ ਕਿ "ਸਨਅਤੀ ਤੇ ਤਕਨੀਕੀ ਵਿਕਾਸ ਦੀ ਯੋਜਨਾ 'ਤੇ ਅਮਲ ਲਈ ਹੁਨਰਮੰਦ ਵਿਅਕਤੀ ਮੁਹਈਆ ਕਰਾਉਣ ਲਈ ਸਿੱਖਿਆ ਦੇ ਸਾਰੇ ਪੜਾਵਾਂ 'ਤੇ ਤਕਨੀਕੀ ਕੌਸ਼ਲ ਨੂੰ ਹੱਲਾ ਸ਼ੇਰੀ ਦੇਣ ਦੀ ਲੋੜ ਹੈ। ਪਿਛਲੇ ਸਮੇਂ ਦੌਰਾਨ ਸਾਡੀ ਸਿੱਖਿਆ ਬਹੁਤ ਜ਼ਿਆਦਾ ਗੈਰ ਵਿਹਾਰਕ ਰਹੀ ਹੈ ਅਤੇ ਵਿਹਾਰਕ ਤੇ ਅਮਲੀ ਕੰਮਾਂ ਤੋਂ ਬਹੁਤ ਜ਼ਿਆਦਾ ਦੂਰ ਰਹੀ ਹੈ। ਬਲਕਿ ਆਮ ਤੌਰ 'ਤੇ ਯੋਗਦਾਨ ਦੇਣ 'ਚ ਅਸਫਲ ਰਹੀ ਹੈ। ਹੁਣ ਇਸ ਵਿਚ ਤਬਦੀਲੀ ਹੋਣੀ ਚਾਹੀਦੀ ਹੈ।" ਇਕ ਨਵੇਂ ਬਣੇ ਦੇਸ਼ ਦੀ ਹਾਕਮ ਜਮਾਤ ਦੀਆਂ ਲੋੜਾਂ ਦੀ ਇਹ ਅਰਥਪੂਰਨ ਤਸਵੀਰ ਸੀ। ਇਸ ਵਿਚ ਸਭ ਲਈ ਲਾਜਮੀ ਤੇ ਬਰਾਬਰ ਸਿੱਖਿਆ ਦੀ ਸਿਫਾਰਸ਼ ਨਹੀਂ ਸੀ ਕਿਉਂਕਿ ਹਾਕਮ ਜਮਾਤ ਇਸ ਨੂੰ ਲਾਜ਼ਮੀ ਨਹੀਂ ਸਮਝਦੀ ਸੀ। ਇਸ ਤਰ੍ਹਾਂ ਉਕਤ ਰੀਪੋਟ 'ਚ ਤਕਨੀਕੀ ਕਾਲਜਾਂ ਬਹੁ ਤਕਨੀਕੀ ਕਾਲਜਾਂ ਤੇ ਬਹੁ ਉਦੇਸ਼ੀ ਸਿੱਖਿਆ ਨੂੰ ਮਜ਼ਬੂਤ ਬਣਾਉਣ ਦੇ ਕੇਂਦਰੀ ਤਕਨੀਕੀ ਸੰਸਥਾਂ ਆਦਿ ਦੀ ਸ਼ੁਰੂਆਤ ਕਰਨ ਦੀ, ਯਾਨੀ ਵੱਡੀ ਗਿਣਤੀ 'ਚ ਤਕਨੀਕੀ ਮਨੁੱਖੀ ਸ਼ਕਤੀ ਪੈਦਾ ਕਰਨ ਵਾਲੇ ਢਾਂਚੇ ਦੀ ਸਿਫਾਰਸ਼ ਕੀਤੀ ਗਈ। ਤੇਜ ਪੂੰਜੀਵਾਦੀ ਵਿਕਾਸ ਲਈ ਹਾਕਮ

ਜਮਾਤਾਂ ਦੀ ਲੋੜ ਸੀ ਕਿ ਵਿਕਾਸ ਦੇ ਅਮਲ 'ਚ ਨੌਜਵਾਨਾ ਦੀ ਵਧ ਤੋਂ ਵਧ ਗਿਣਤੀ ਖਿਚੀ ਚਲੀ ਆਵੇ। ਇਸ ਗੱਲ ਨੂੰ ਧਿਆਨ 'ਚ ਰੱਖਦੇ ਹੋਇਆਂ ਉਸ ਨੇ ਮਾਤ ਭਾਸ਼ਾ 'ਚ ਸਿੱਖਿਆ ਦੇ ਵੱਖ ਵੱਖ ਪੜਾਵਾਂ 'ਚ ਹਿੰਦੀ ਤੇ ਅੰਗ੍ਰੇਜੀ ਦੀ ਪੜਾਈ ਦੀ ਵੀ ਸਲਾਹ ਦਿੱਤੀ ਗਈ। ਰਾਧਾ ਕ੍ਰਿਸ਼ਨ-ਮੁਦਾਲਿਅਰ ਕਮਿਸ਼ਨ ਦੀਆਂ ਸਿਫਾਰਸ਼ ਅਨੁਸਾਰ 'ਅਜਾਦ ਭਾਰਤ' ਲਈ ਹਾਕਮ ਜਮਾਤਾਂ ਦੇ ਹਿੱਤਾ ਮੁਤਾਬਕ ਸਿੱਖਿਆ ਦਾ ਪੁਨਰਗਠਨ ਕੀਤਾ ਗਿਆ। ਇਸ ਦੇ ਸਿਟੇ ਵਜੋਂ ਵੱਖ ਵੱਖ ਪੱਧਰ 'ਤੇ ਸਿੱਖਿਆ 'ਚ ਅੰਗ੍ਰੇਜੀ ਰਾਜ ਦੀ ਤੁਲਨਾ 'ਚ ਤੇਜੀ ਨਾਲ ਵਿਸਥਾਰ ਵੀ ਹੋਇਆ। ਹਾਲਾਂਕਿ ਲੋਕਾਂ ਦੀ ਉਮੰਗਾਂ ਤੇ ਆਸਾਂ ਨਾਲ ਇਸ ਦਾ ਕੋਈ ਮੇਲ ਨਹੀਂ ਸੀ। 1960 ਦੇ ਸ਼ੁਰੂ ਵਿਚ ਸਿੱਖਿਅਤ ਬੇਰੁਜ਼ਗਾਰਾਂ ਦੀ ਗਿਣਤੀ 'ਚ ਵਾਧੇ ਦੇ ਲੱਛਣ ਵੀ ਦਿਸਣ ਲੱਗੇ। ਇਹਨਾਂ ਹਾਲਤਾਂ ਕਾਰਨ ਸਮੁੱਚੀ ਸਿੱਖਿਆ ਪ੍ਰਣਾਲੀ ਦੀ ਸਮੀਖਿਆਂ ਲਾਜਮੀ ਹੋ ਗਈ ਅਤੇ 1964 'ਚ ਡਾ. ਡੀ ਐਸ ਕੋਠਾਰੀ ਦੀ ਪ੍ਰਧਾਨਗੀ 'ਚ ਇਕ ਹੋਰ ਸਿੱਖਿਆ ਕਮਿਸ਼ਨ ਦਾ ਗਠਨ ਕੀਤਾ ਗਿਆ, ਕੋਠਾਰੀ ਦੀ ਕਮਿਸ਼ਨ ਨੇ 1966 'ਚ ਪੇਸ਼ ਆਪਣੀ ਰੀਪੋਟ 'ਚ 'ਸਿੱਖਿਆ ਤੇ ਕੌਮੀ ਵਿਕਾਸ' ਸਿਰਲੇਖ ਹੇਠ ਲਿਖਿਆ "ਭਾਰਤੀ ਸਿੱਖਿਆ ਨੂੰ ਇੱਕ ਬੁਨਿਆਦੀ ਪੁਨਰ ਗਠਨ ਦੀ ਬਲਕਿ ਇਸ ਤੋਂ ਵੀ ਵੱਧ ਇਕ ਬੁਨਿਆਦੀ ਇਨਕਲਾਬ ਦੀ ਲੋੜ ਹੈ। ਮੌਜੂਦਾ ਕੰਮ ਜੋਰੀਆਂ ਦੇ ਨਾਲ ਦੋਸ਼ਪੂਰਨ ਕਦਮਾ ਨਾਲ ਅੱਗੇ ਵਧਣ 'ਤੇ ਅਤੇ ਆਤਮ ਵਿਸਵਾਸ਼ ਦੀ ਘਾਟ 'ਚ ਸਥਿਤੀ ਪਹਿਲਾਂ ਦੇ ਮੁਕਾਬਲੇ ਹੋਰ ਵੱਧ ਬੁਰੀ ਹੋ ਜਾਵੇਗੀ।" ਇਸ ਦੇ ਮੱਦੇ ਨਜ਼ਰ ਕਮਿਸ਼ਨ ਨੇ ਸਿੱਖਿਆ 'ਤੇ ਕੁਲ ਘਰੇਲੂ ਪੈਦਾਵਾਰ ਦਾ ਘੱਟੋ-ਘੱਟ 6% ਖਰਚ ਕਰਨ ਦਾ ਸੁਝਾਅ ਦਿੱਤਾ। ਇਹ ਬਿਆਨ ਉਸ ਸਮੇਂ ਦੇ ਆਰਥਕ ਸੰਕਟ ਦੀ ਸਮਾਜਕ ਤੇ ਰਾਜਸੀ ਤਸਵੀਰ ਹੈ। ਇਕ ਪਾਸੇ ਤਾਂ ਇਸ ਕਮਿਸ਼ਨ ਨੇ ਮੁਫਤ ਤੇ ਲਾਜਮੀ ਸਿੱਖਿਆ 'ਤੇ ਖਰਚ 'ਚ ਵਾਧੇ ਦਾ ਸੁਝਾਅ ਦਿੱਤਾ ਉਥੇ ਦੂਜੇ ਪਾਸੇ ਪਹਿਲਾਂ ਤੋਂ ਹੀ ਸੀਮਤ ਉੱਚ ਸਿੱਖਿਆ ਨੂੰ ਹੋਰ ਵੱਧ ਸੀਮਤ ਕਰਨ ਦੀ ਸਿਫਾਰਸ਼ ਕੀਤੀ 1960 ਦੇ ਦਹਾਕੇ ਦੇ ਵਿਕਾਸ ਦੇ ਪੂੰਜੀਵਾਦੀ ਰਾਹ ਦੇ ਡੂੰਘੇ ਹੁੰਦੇ ਆਰਥਿਕ ਸੰਕਟ ਦਾ ਤਿਖਾ ਰਾਜਸੀ ਇਜਹਾਰ ਹੋ ਰਿਹਾ ਸੀ ਕਾਂਗਰਸ ਦੀਆਂ ਨੀਤੀਆਂ ਵਿਰੁੱਧ ਲੋਕ ਰੋਹ ਵੱਧ ਰਿਹਾ ਸੀ, ਰੁਜ਼ਗਾਰ ਦੇ ਮੌਕਿਆਂ 'ਚ ਗਿਰਾਵਟ ਖਿਲਾਫ ਵਿਦਿਆਰਥੀ ਵਰਗ ਦਾ ਵਿਰੋਧ ਵਧਦਾ ਜਾ ਰਿਹਾ ਸੀ। ਅਜੇਹੇ 'ਚ ਹੋਰਨਾ ਕਾਰਨਾ ਕਰਕੇ 1967 ਦੀਆਂ ਚੋਣਾਂ 'ਚ ਕਈ ਸੂਬਿਆਂ 'ਚੋਂ ਕਾਂਗਰਸ ਦਾ ਸਫਾਇਆ ਹੋ ਗਿਆ। ਇਸ ਅਮਲ 'ਚ ਵਿਦਿ : ਵਰਗ ਦੀ ਭੂਮਿਕਾ 'ਤੇ ਹਾਕਮ ਜਮਾਤਾਂ ਨੇ ਗੰਭੀਰਤਾ ਨਾਲ ਗੌਰ ਕੀਤਾ। 1968 'ਚ ਕਾਂਗਰਸ ਸਰਕਾਰ ਨੇ ਇਕ ਨੀਤੀ ਪ੍ਰਸਤਾਵ ਮੰਜੂਰ ਕੀਤਾ, ਜਿਸ ਦਾ ਕੋਠਾਰੀ ਕਮਿਸ਼ਨ ਦੀ ਸਿਫਾਰਸ਼ ਨਾਲ ਕੋਈ ਖਾਸ ਸੰਬੰਧ ਨਹੀਂ ਸੀ। ਇਸ ਪ੍ਰਸਤਾਵ 'ਚ ਸਿਰਫ ਹਾਕਮ ਜਮਾਤ ਦੀ ਲੋੜ ਮੁਤਾਬਕ ਵਿਸਿਆਂ ਦੀ ਪੜਾਈ, ਤ੍ਰੈ-ਭਾਸ਼ੀ ਫਾਰਮੂਲਾ ਵਿਸ਼ਿਟਤਾ ਦੇ ਕੇਂਦਰਾਂ ਦੀ ਸਥਾਪਨਾ ਤੇ ਯੂਨੀਵਰਸਿਟੀਆਂ 'ਤੇ ਕੰਟਰੋਲ ਵਰਗੇ ਮੁੱਦੇ ਵੀ ਸ਼ਾਮਲ ਕੀਤੇ ਗਏ। ਯੂਨੀਵਰਸਿਟੀਆਂ 'ਤੇ ਕੰਟਰੋਲ ਸੰਬੰਧੀ ਸਰਕਾਰ ਨੇ ਕੋਠਾਰੀ ਕਮਿਸ਼ਨ ਦੀ ਸਿਫਾਰਸ਼ ਨੂੰ ਕੰਮਜੋਰ ਦਸਿਆ ਤੇ ਇਨ੍ਹਾਂ ਸੁਆਲਾਂ ਦੇ ਹੱਲ ਲਈ ਉਸ ਨੇ 1969 'ਚ ਗਜੇਂਦਰ ਗਡਕਰ ਕਮਿਸ਼ਨ ਨਿਯੁਕਤ ਕੀਤਾ ਇਸ ਕਮਿਸ਼ਨ ਨੇ ਉਪਕੁਲ ਪਤੀਆਂ ਦੀ ਨਿਯੁਕਤੀ, ਯੂਨੀਵਰਸਿਟੀ ਸੈਨੇਟ ਦੇ ਢਾਂਚੇ ਅਤੇ ਸੰਗਠਨ ਆਦਿ ਦੇ ਪ੍ਰਸੰਗ 'ਚ ਸਿਫਾਰਸ਼ਾਂ ਕੀਤੀਆਂ ਜੋ ਉਚ

ਸਿੱਖਿਆ ਦੇ ਪ੍ਰਸ਼ਾਸਨ ’ਤੇ ਰਾਜ ਦਾ ਕੰਟਰੋਲ ਕਾਇਮ ਕਰਨ ਨਾਲ ਸਬੰਧਤ ਸਨ। ਇਸ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਦਾ ਮੁੱਖ ਕਾਰਨ ਇਹ ਸੀ ਕਿ ਇਸ ਵਿਚ ਹਾਕਮ ਜਮਾਤਾਂ ਦੇ ਹਿੱਤਾ ਨੂੰ ਉਪਰ ਰੱਖਿਆ ਗਿਆ ਸੀ। ਇਸ ਤਰ੍ਹਾਂ ਹਾਕਮ ਜਮਾਤ ਤੇ ਸਰਕਾਰ ਨੇ ਸਿੱਖਿਆ ਦੇ ਖੇਤਰ ਵਿਚ ਬਚੀ ਖੁਚੀ ਖੁਦ ਮਖਤਿਆਰੀ ਨੂੰ ਖਤਮ ਕਰਕੇ ਉਸ ’ਤੇ ਆਪਣੀ ਅਜ਼ਾਰੇਦਾਰੀ ਕਾਇਮ ਕਰਨ ਲਈ ਸਿੱਖਿਆ ਤੇ ਸਿੱਖਿਆ ਸੰਸਥਾਵਾਂ ’ਤੇ ਆਪਣਾ ਪ੍ਰਭਾਵਸ਼ਾਲੀ ਕੰਟਰੋਲ ਕਾਇਮ ਕਰਨ ਲਈ ਐਮਰਜੰਸੀ ਦੌਰਾਨ ਸੰਵਿਧਾਨ ’ਚ ਸੋਧ ਕਰਕੇ ਸਿੱਖਿਆ ਨੂੰ ਰਾਜ ਸੂਚੀ ’ਚੋਂ ਹਟਾ ਕੇ ਸਮਵਰਤੀ ਸੂਚੀ ’ਚ ਰੱਖ ਦਿੱਤਾ। ਇਹ ਇਸ ਅਰਸੇ ਦੀ ਇਕ ਬਹੁਤ ਅਹਿਮ ਘਟਨਾ ਸੀ। 1977 ਦੀਆਂ ਚੋਣਾਂ ’ਚ ਕਾਂਗਰਸ ਦੀ ਹਾਰ ਪਿਛੋਂ ਸਤਾ ’ਚ ਆਈ ਜਨਤਾ ਪਾਰਟੀ ਦੀ ਗਠਜੋੜ ਸਰਕਾਰ ਨੇ ਕਾਂਗਰਸ ਦੇ ਨਕਸ਼ੇਕਦਮ ’ਤੇ ਚਲਦਿਆਂ 1978 ’ਚ ਸਿੱਖਿਆ ਨੀਤੀ ਮਸੌਦਾ ਤਿਆਰ ਕਰਕੇ ਸਿੱਖਿਆ ਪ੍ਰਣਾਲੀ ਨੂੰ ਦਰੁਸ਼ਤ ਕਰਨ ਦੀ ਇਕ ਹੋਰ ਕੋਸ਼ਿਸ਼ ਕੀਤੀ ਹੋਰਨਾਂ ਗੱਲਾਂ ਦੇ ਨਾਲ ਇਸ ਨੇ ‘ਗੈਰ ਰਵਾਇਤੀ ਸਿੱਖਿਆ’’ ’ਤੇ ਜੋਰ ਦਿੱਤਾ ਤੇ ਆਪਣੇ ਪੱਖ ’ਚ ਵਿਚਾਰਧਾਰਕ ਹਮਾਇਤ ਇਕਠੀ ਕਰਨ ਲਈ ਗਾਂਧੀਵਾਦੀ ਸਿੱਖਿਆ ਪ੍ਰਣਾਲੀ ਵੀ ਪੇਸ਼ ਕੀਤੀ। ਤੱਤ ’ਚ ਇਸਨੇ ਗਰੀਬਾਂ ਲਈ ਗੈਰ ਰਵਾਇਤੀ ਤੇ ਅਮੀਰਾਂ ਲਈ ਰਵਾਇਤੀ ਸਿੱਖਿਆ ਦੀ ਪ੍ਰਣਾਲੀ ਦੀ ਪੇਸਕਸ ਕੀਤੀ ‘ਅਜਾਦੀ’ ਪਿਛੋਂ ਗਠਿਤ ਸਿੱਖਿਆ ਕਮਿਸ਼ਨ ਨੇ ਵਿਸ਼ਾਲ ਤੇ ਵਿਭਿੰਨਤਾਪੂਰਨ ਅਬਾਦੀ ਵਾਲੇ ਦੇਸ਼ ਦੀਆਂ ਸਮਾਜਕ-ਸਭਿਆਚਾਰਕ ਤੇ ਇਤਿਹਾਸਕ ਲੋੜਾਂ ਤੇ ਲੋਕਾਂ ਦੀਆਂ ਆਸਾਂ-ਉਮੰਗਾਂ ਨੂੰ ਧਿਆਨ ’ਚ ਰੱਖਦੇ ਹੋਇਆਂ ਸਿੱਖਿਆ ਪ੍ਰਣਾਲੀ ਦਾ ਪੁਨਰ ਗਠਨ ਨਹੀਂ ਕੀਤਾ। ਹਾਕਮ ਪੂੰਜੀਪਤੀ ਦਲਾਲ ਜਮਾਤ ਦੇ ਫੌਰੀ ਸੁਆਰਥ ਨੂੰ ਧਿਆਨ ’ਚ ਰੱਖ ਕੇ ਹੀ ਸਿੱਖਿਆ ਨੀਤੀਆਂ ਤਹਿ ਕੀਤੀਆਂ ਜਾਂਦੀਆਂ ਰਹੀਆਂ ਇਸ ਲਈ ਸਿੱਖਿਆ ਨੂੰ ਬਸਤੀਵਾਦੀ ਤੇ ਜਾਗੀਰੂ ਵਿਚਾਰਾਂ ਤੇ ਕਦਰਾਂ-ਕੀਮਤਾਂ ਤੋਂ ਅਜਾਦ ਕਰਾਉਣ ਅਤੇ ਜਮਹੂਰੀ ਤੇ ਵਿਗਿਆਨਕ ਵਿਚਾਰਾਂ ਅਨੁਸਾਰ ਢਾਲਣ ਦਾ ਕੰਮ ਵੀ ਨਹੀਂ ਹੋਇਆਂ ਸਿੱਖਿਆ ਨੂੰ ਬਹੁਪੱਖੀ ਤੇ ਖੁਦਮੁਖਤਿਆਰ ਬਣਾਉਣਾ ਤਾਂ ਦੂਰ, ਉਲਟਾ ਸਾਰੇ ਉਪਾਵਾਂ ਤੇ ਬਹਾਨਿਆਂ ਦੇ ਜ਼ਰੀਏ ਮੁਠੀਭਰ ਲੋਕਾਂ ਤਕ ਸੀਮਤ ਰੱਖਿਆ ਗਿਆ ਅਤੇ ਸਮਾਜ ’ਚ ਅਮੀਰ-ਗਰੀਬ ਦੇ ਵੱਧ ਵੱਖ ਪੱਧਰਾਂ ਦੇ ਹਿਸਾਬ ਨਾਲ ਇਕ ਵੇਲੇ ਅੱਛੀ-ਬੁਰੀ ਕਈ ਕਿਸਮ ਦੀ ਸਿੱਖਿਆ ਦਾ ਸੰਚਾਲਨ ਕੀਤਾ ਜਾਂਦਾ ਕਿਹਾ। ਸਾਰੇ ਦਾਅਵਿਆਂ ਤੇ ਵਾਅਦਿਆਂ ਦੇ ਉਲਟ ਸਿੱਖਿਆ ’ਤੇ ਕਿਸੇ ਵੀ ਸਰਕਾਰ ਨੇ ਲੋੜੀਂਦਾ ਪੈਸਾ ਖਰਚਣ ਦੀ ਜਹਿਮਤ ਨਹੀਂ ਉਠਾਈ। ਵਿਡੰਬਨਾ ਤਾਂ ਇਹ ਹੈ ਕਿ ਅੱਗੇ ਚਲ ਕੇ ਇਹਨਾ ਨਾਕਾਮੀਆਂ ਤੇ ਗੈਰ ਸਰਗਰਮੀ ਦਾ ਬਹਾਨਾ ਬਣਾ ਕੇ ਸਿੱਖਿਆ ਦੇ ਵਪਾਰੀਕਰਨ, ਨਿੱਜੀਕਰਨ ਤੇ ਵਿਦੇਸ਼ੀ ਦਖਲ ਅੰਦਾਜੀ ਨੂੰ ਜਾਇਜ ਠਹਿਰਾਇਆ ਗਿਆ।

# ਸਿੱਖਿਆ ਤੇ ਸਮਾਜਕ ਪ੍ਰਣਾਲੀ-ਇਕ ਪ੍ਰੀ ਪੇਖ

ਸਿੱਖਿਆ 'ਚ ਕੀਤੇ ਤਾਜੇ ਬਦਲਾਵਾਂ ਦੇ ਸਿਟਿਆਂ ਨਾਲ ਬਹੁਤੇ ਲੋਕ ਵਾਕਿਫ ਹਨ ਕਿਉਂਕਿ ਲਗਭਗ ਹਰ ਪ੍ਰੀਵਾਰ ਕਿਸੇ ਨਾ ਕਿਸੇ ਰੂਪ 'ਚ ਇਹਨਾਂ ਤੋਂ ਅਸਰ ਅੰਦਾਜ ਹੋਇਆ ਹੈ। ਸੁਆਲ ਪੈਦਾ ਹੁੰਦਾ ਹੈ ਕਿ ਕੀ ਇਹ ਬਦਲਾਅ ਕਿਸੇ ਦੇ ਸ਼ੈਤਾਨੀ ਦਿਮਾਗ ਦੀ ਉਪਜ ਹਨ? ਜਾਂ ਇਸ ਪਿਛੇ ਸਮਾਜ ਦੇ ਕੁਝ ਖਾਸ ਵਰਗਾਂ ਦਾ ਸੁਆਰਥ ਹੈ? ਆਖਰ ਕੀ ਕਾਰਣ ਹੈ ਕਿ ਇਹ ਕਦਮ ਸਮਾਜ ਦੇ ਅਜੇਹੇ ਮੋੜ ਤੇ ਚੁਕੇ ਜਾ ਰਹੇ ਹਨ ਜਦ ਸਾਡੇ ਦੇਸ਼ ਦੇ ਹਾਕਮਾ ਦੇ ਕਿਰਦਾਰ ਵਿਚ ਤੇ ਇਸਦੇ ਅਨੁਕੂਲ ਆਰਥਕ ਖੇਤਰ 'ਚ ਵੀ ਤੇਜੀ ਨਾਲ ਤਬਦੀਲੀਆਂ ਹੋ ਰਹੀਆਂ ਹਨ। ਸਿੱਖਿਆ ਪ੍ਰਣਾਲਿ ਤੇ ਸਮਾਜਕ ਪ੍ਰਣਾਲੀ ਵਿਚਕਾਰ ਹਮੇਸ਼ਾਂ ਹੀ ਰਵਾਇਤੀ ਸੰਬੰਧ ਰਿਹਾ ਹੈ। ਇਸ ਦੀ ਜੜ੍ਹਾਂ ਇਤਿਹਾਸ 'ਚ ਉਥੋਂ ਤਕ ਜਾਂਦੀਆਂ ਹਨ ਜਿਥੋਂ ਨਿੱਜੀ ਰੂਪ 'ਚ ਗੁਰੂ ਕੁਲਾਂ ਤੇ ਵਿਦਿਆਪੀਠਾ ਮਦਰੱਸਿਆਂ ਦੀ ਸਥਾਪਨਾ ਹੋਈ। ਮਹਾਂ-ਭਾਰਤ 'ਚ ਗੁਰੂ ਦਰੋਣਾ ਚਾਰੀਆਂ ਦੇ ਪ੍ਰਸੰਗ 'ਚ ਇਸ ਦਾ ਬਹੁਤ ਹੀ ਜੀਵੰਤ ਦੇ ਸਪਸ਼ਟ ਚਿਤਰਣ ਕੀਤਾ ਗਿਆ ਹੈ।

ਉਹਨਾਂ ਦੀ ਘਾਟ ਦਾ ਸ਼ਿਕਾਰ ਪਤਨੀ ਨੇ ਆਪਣੇ ਬੇਟੇ ਆਸ਼ਵਸਧਾਮਾ ਨੂੰ ਦੁੱਧ ਦੀ ਥਾਂ ਆਟਾ ਘੋਲਕੇ ਪਿਲਾਇਆ ਸੀ। ਗਰੀਬ ਦ੍ਰੋਣ ਤੋ ਇਹ ਕਰੁਣ ਦਸ਼ਾ ਵੇਖੀ ਨਹੀਂ ਗਈ ਅਤੇ ਉਨ੍ਹਾਂ ਨੇ ਆਪਣਾ ਸਾਰਾ ਗਿਆਨ ਰਾਜਸਤਾ ਨੂੰ ਸਮਰਪਿਤ ਕਰਨ ਦੇਣ ਦਾ ਫੈਸਲਾ ਲਿਆ। ਰਾਜ ਸੱਤਾ 'ਤੇ ਨਿਰਭਰ ਹੋ ਜਾਣ ਪਿਛੋਂ ਦਰੋਣਾਚਾਰੀਆਂ ਨੂੰ ਇਹ ਅਧਿਕਾਰ ਨਹੀਂ ਰਹਿ ਗਿਆ ਕਿ ਉਹ ਕਿਸ ਨੂੰ ਸਿੱਖਿਆ ਦੇਣਗੇ ਅਤੇ ਕਿਸ ਨੂੰ ਨਹੀਂ ਕਿਉਂਕਿ ਇਹ ਫੈਸਲਾ ਹਾਕਮ ਜਮਾਤ ਹੀ ਕਰ ਸਕਦੀ ਸੀ। ਦ੍ਰੋਣਾਚਾਰੀਆ ਨੇ ਏਕਲਵਿਆ ਨੂੰ ਰਾਜਕੁਲ 'ਚ ਪੈਦਾ ਨਾ ਹੋਣ ਕਰਕੇ ਧਨੁਸ਼ ਵਿਦਿਆ ਸਿਖਾਉਣ ਤੋਂ ਨਾਂਹ ਕਰ ਦਿੱਤੀ ਅਤੇ ਜਦ ਖੁਦ ਦੀ ਕੋਸ਼ਿਸ਼ ਨਾਲ ਉਹਨਾਂ ਨੇ ਧਨੁੱਸ਼ ਵਿਦਿਆ ਸਿੱਖਿਆ ਲਈ ਤੇ ਰਾਜਪੁਤਰਾਂ ਦੇ ਨਾਲ ਮੁਕਾਬਲਾ ਕਰਨ 'ਚ ਸਮਰਥ ਹੋ ਗਏ ਤਾਂ ਦ੍ਰੋਣਾਚਾਰੀਆ ਨੇ ਉਸ ਦਾ ਅੰਗੂਠਾ ਕੱਟ ਲਿਆ। ਅੱਗੇ ਚਲ ਕੇ ਇਹ ਯੋਜਨਾਬੱਧ ਕਰ ਦਿੱਤਾ ਗਿਆ ਕਿ ਸ਼ੁਦਮਾ ਨੂੰ ਸਿੱਖਿਆ ਹਾਸਲ ਕਰਨ ਤੇ ਵੇਦ ਪੜਨ ਦਾ ਅਧਿਕਾਰ ਨਹੀਂ ਹੋਵੇਗਾ।

ਇਹ ਵੀ ਵਿਵਸਥਾ ਕਰ ਦਿੱਤੀ ਗਈ ਕਿ ਵੇਦਾਂ ਦੇ ਰਿਸ਼ਚਾਵਾਂ ਨੂੰ ਸੁਨਣ ਵਾਲੇ ਸ਼ੂਦਰ ਦੇ ਕੰਨ ਵਿਚ ਪਿਘਲਾ ਕੇ ਸਿੱਕਾ ਪਾ ਦਿੱਤਾ ਜਾਵੇ। ਜਮਾਤਾਂ 'ਚ ਵੰਡੇ ਸਮਾਜ 'ਚ ਜੋ ਜਮਾਤ ਹਾਕਮ ਧਿਰ ਹੁੰਦੀ ਹੈ, ਉਸ ਦੇ ਵਿਚਾਰ ਸਮਾਜ 'ਚ ਅਸਰਅੰਦਾਜ਼ ਹੁੰਦੇ ਹਨ ਦੂਜੇ ਸ਼ਬਦਾਂ 'ਚ ਜਿਸ ਜਮਾਤ ਦੇ ਹੱਥ ਵਿਚ ਭੌਤਿਕ ਦੌਲਤ ਦਾ ਕੰਟਰੋਲ ਹੁੰਦਾ ਹੈ, ਉਸ ਦੇ ਹੱਥਾ 'ਚ ਬੌਧਿਕ ਜਾਇਦਾਦਾਂ ਦਾ ਕੰਟਰੋਲ ਵੀ ਹੁੰਦਾ ਹੈ ਅਤੇ ਇਸ ਦੇ ਜ਼ਰੀਏ ਉਹ ਪਰਜਾ ਦੀਆਂ ਜਮਾਤਾਂ ਦੇ ਵਿਚਾਰਾਂ ਨੂੰ ਦਬਾ ਕੇ ਰੱਖਦੀ ਹੈ। ਇਸ ਤਰ੍ਹਾਂ ਹਾਕਮ ਜਮਾਤ ਦਾ ਵਿਚਾਰ ਪਰਜਾ ਦੀਆਂ ਜਮਾਤਾਂ ਦੇ ਨਾਲ ਉਹਨਾਂ ਦੀ ਲੁਟ ਦੇ ਸੰਬੰਧਾਂ ਨੂੰ ਬਰਕਰਾਰ ਰੱਖਣ ਦਾ ਬੌਧਿਕ ਜ਼ਰੀਆ ਹੈ। ਹਾਕਮ ਜਮਾਤਾਂ

ਦੀ ਸੱਤਾ ਨੂੰ ਬਣਾਈ ਰੱਖਣ ਦਾ ਬੌਧਿਕ ਜ਼ਰੀਆ ਹੈ। ਹਾਕਮ ਜਮਾਤਾਂ ਦੀ ਸੱਤਾ ਨੂੰ ਬਣਾਈ ਰੱਖਣ ਲਈ ਇਹ ਜਰੂਰੀ ਹੁੰਦਾ ਹੈ, ਕਿ ਆਪਣੇ ਸੁਆਰਥਾਂ ਦੇ ਅਨੁਸਾਰ ਉਹ ਲੁਟ-ਘਸੁਟੇ ਪੀੜਤ ਵਰਗਾਂ 'ਚ ਇਕ ਖਾਸ ਕਿਸਮ ਦੀ ਮਾਨਸਿਕਤਾ ਤਿਆਰ ਕਰਨ ਹਾਕਮ ਜਮਾਤ ਦੇ ਬੁਧੀਜੀਵੀ ਆਪਣੇ ਮਾਲਕ ਦੇ ਸੁਆਰਥਾਂ ਦੇ ਅਨਕੂਲ ਆਪਣੇ ਯੁੱਗ ਦੇ ਵਿਚਾਰਾਂ ਨੂੰ ਘੜਦੇ ਤੇ ਉਸ ਨੂੰ ਚਲਾਉਂਦੇ ਹਨ। ਸਿੱਖਿਆ ਦਾ ਵਿਕਾਸ ਉਸੇ ਹੱਦ ਤਕ ਹੁੰਦਾ ਹੈ ਜਿਸ ਹੱਦ ਤਕ ਉਹ ਹਾਕਮ ਜਮਾਤ ਦੇ ਸੁਆਰਥਾਂ ਨੂੰ ਪੂਰਾ ਕਰਨ ਵਿਚ ਸਹਾਇਕ ਹੁੰਦੀ ਹੈ। ਜਮਾਤੀ ਸਮਾਜ 'ਚ ਜਮਾਤ ਰਹਿਤ ਸਿੱਖਿਆ ਕਲਪਨਾ ਹੀ ਹੈ। ਹਾਲਾਂਕਿ ਦੁਨੀਆਂ ਹਮੇਸ਼ਾਂ ਹਾਕਮ ਜਮਾਤਾਂ ਦੀ ਮਰਜੀ ਨਾਲ ਨਹੀਂ ਚਲਦੀ।

ਸਮਾਜ ਕਿਵੇਂ ਜਿਵੇਂ ਅੱਗੇ ਵੱਧਦਾ ਹੈ, ਉਸ ਪੁਰਾਨੇ ਢਾਂਚੇ ਦੇ ਅੰਦਰੋਂ ਹੀ ਸਤਾ ਨੂੰ ਚਣੌਤੀ ਦੇਣ ਵਾਲੀਆਂ ਨਵੀਂਆਂ ਸ਼ਕਤੀਆਂ ਤੇ ਲੁਟੀ ਜਾਂਦੀ ਜਮਾਤ ਦੇ ਵਿਚਾਰਾਂ ਤੇ ਵਿਚਾਰਕਾਂ ਦਾ ਉਦੇ ਹੁੰਦਾ ਹੈ। ਲੋਕਾਮਤ ਚਾਰਵਾਕ ਤੇ ਬੌਧ ਦਰਸ਼ਨ ਤੋਂ ਲੈ ਕੇ ਗੋਖਲੇ, ਰਾਨਾਡੇ, ਤੇ ਭਗਤ ਸਿੰਘ ਤਕ ਪੁਰਾਨੀ ਸਮਾਜਕ ਵਿਵਸਥਾ ਦੇ ਅੰਦਰ ਹੀ ਪੈਦਾ ਹੋਏ ਸਨ। ਸਾਮੰਤੀ (ਜਾਗੀਰੂ) ਸਮਾਜ 'ਚ ਸਭ ਨੂੰ ਸਿੱਖਿਆ ਦੀ ਲੋੜ ਨਹੀਂ ਸੀ। ਉਸ ਸਮਾਜ 'ਚ ਪੈਦਾਵਾਰ ਦਾ ਤਾਣਾ ਬਾਣਾ ਕੁਦਰਤੀ ਤੇ ਸਰਲ ਸੀ। ਪੈਦਾਵਾਰ ਦੇ ਔਜਾਰ ਬਹੁਤ ਸਾਧਾਰਣ ਸਨ। ਤੇ ਉਹਨਾਂ ਨੂੰ ਚਲਾਉਣ ਲਈ ਕਿਸੇ ਵਿਸ਼ੇਸ਼ ਕੌਸ਼ਿਲ ਦੀ ਲੋੜ ਨਹੀਂ ਸੀ। ਦਿਨ ਪ੍ਰਤੀ ਦਿਨ ਦੇ ਅਨੁਭਵਾਂ ਨਾਲ ਹੀ ਲੋਕ ਉਹਨਾਂ ਔਜਾਰਾਂ ਦੀ ਵਰਤੋਂ ਕਰਨੀ ਸਿਖ ਲੈਂਦੇ ਸਨ। ਪੁਸ਼ਤੈਨੀ ਪੇਸ਼ਿਆਂ ਨਾਲ ਜੁੜੇ ਲੋਕਾਂ ਦਾ ਸੰਚਿਤ ਗਿਆਨ ਤੇ ਕੌਸ਼ਲ ਬਿਨਾ ਕਿਸੇ ਰਵਾਇਤੀ ਸਿੱਖਿਆ ਜਾਂ ਵਿਸੇਸ਼ ਸਿਖਲਾਈ ਦੇ, ਸਹਿਜ ਹੀ ਇਕ ਪੀੜੀ ਤੋਂ ਦੂਜੀ ਪੀੜੀ ਨੂੰ ਤਬਦੀਲ ਹੋ ਜਾਂਦਾ ਸੀ ਜਿਵੇਂ ਹਲ ਚਲਾਉਣ ਕੱਪੜੇ ਬੁਨਣਾ, ਔਜਾਰ ਬਣਾਉਣ ਤੇ ਰਾਜ ਅਧੀਨ ਰਹਿੰਦੇ ਵਰਗ ਦੇ ਵਿਚਾਰ-ਜਿਵੇਂ ਕਿਸਮਤਵਾਦ, ਪੁਨਰਜਨਮ, ਕਰਮਫਲ, ਵਰਣਕਿਰਤ ਆਦਿ।

ਦੂਜੇ ਪਾਸੇ ਸਮਾਜ ਦੇ ਸਿਖਰ 'ਤੇ ਬੈਠੇ ਥੋੜੇ ਜਿਹੇ ਖੁਸ਼ਹਾਲ ਲੋਕਾਂ ਨੂੰ ਸਿੱਖਿਆ ਦੀ ਲੋੜ ਸੀ। ਵਿਰਾਸਤ 'ਚ ਮਿਲੇ ਗਿਆਨ ਤੇ ਤਜਰਬਿਆ ਤੋਂ ਇਲਾਵਾ ਪਰੋਹਿਤਾਂ ਦੀ ਸਾਸ਼ਤਰ ਸਿੱਖਿਆ ਵੈਂਦ ਨੂੰ ਡਾਕਟਰੀ ਦੀ ਪੜ੍ਹਾਈ ਰਾਜਾ ਤੇ ਫੌਜੀਆਂ ਨੂੰ ਰਾਜਕਾਜ ਤੇ ਫੌਜੀ ਸਿੱਖਿਆ ਤੇ ਵਣਿਕਾ ਨੂੰ ਵਪਾਰ ਸੰਬੰਧੀ ਸਰਲ ਗਿਣਤੀ ਮਿਲਣੀ ਤੇ ਲਿਖਾ ਪੜ੍ਹੀ ਦੀ ਸਿੱਖਿਆ ਦੀ ਕੋਈ ਪ੍ਰਣਾਲੀ ਨਹੀਂ ਸੀ। ਦਲਿਤਾਂ ਆਦੀਵਾਸੀਆਂ ਔਰਤਾਂ ਨੂੰ ਤਾਂ ਸਿੱਖਿਆ ਤੋਂ ਪੂਰੀ ਤਰ੍ਹਾਂ ਵਾਂਝਿਆਂ ਰੱਖਿਆ ਜਾਂਦਾ ਸੀ।

ਪੂੰਜੀਵਾਦੀ ਵਿਕਾਸ ਦੇ ਨਾਲ ਮਨੁੱਖ ਦੀ ਕੁਦਰਤ 'ਤੇ ਹਰ ਵਕਤ ਨਿਰਭਰਤਾ ਖਤਮ ਹੋਣ ਲੱਗੀ ਪੈਦਾਵਾਰ ਦੇ ਨਵੇਂ ਔਜਾਰਾਂ ਨੇ ਪਿਛਲੇ ਸਮਾਜ਼ ਦੀਆਂ ਸੀਮਾਵਾਂ ਤੋੜ ਦਿਤੀਆਂ ਨਵੀਂਆਂ ਨਵੀਆਂ ਮਸ਼ੀਨਾਂ ਤੇ ਅਧੁਨਿਕ ਮਸ਼ੀਨਾ ਨੂੰ ਚਲਾਉਣ ਲਈ ਚੇਤਨ, ਕੁਸ਼ਲ ਅਨੁਸਾਸ਼ਿਤ ਤੇ ਫਰਜ ਪ੍ਰਤੀਬੱਧ ਮਜ਼ਦੂਰਾਂ ਦੀ ਲੋੜ ਸੀ। ਇਨ੍ਹਾਂ ਮਸ਼ੀਨਾਂ ਨੂੰ ਚਲਾਉਣ ਵਾਲੇ ਚੇਤਨਸ਼ੀਲ ਮਜ਼ਦੂਰਾਂ ਨੂੰ ਡੰਡੇ ਨਾਲ ਕੰਟਰੋਲ ਨਹੀਂ ਕੀਤਾ ਜਾ ਸਕਦਾ ਸੀ। ਉਹ ਆਪਣੀ ਚੇਤਨਾ ਅਨੁਸਾਰ ਹੀ ਚਲ ਸਕਦੇ ਸਨ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੂੰਜੀਵਾਰ ਸਮਾਜ ਨੇ ਸਿੱਖਿਆ ਤੇ ਚੇਤਨਾ ਪ੍ਰਸਾਰ ਸੰਬੰਧੀ ਜਾਗੀਰੂ ਹਾਕਮ ਜਮਾਤਾਂ ਨੂੰ ਕਾਫੀ ਪਿਛੇ ਛੱਡ ਦਿੱਤਾ। ਹਾਕਮ ਜਮਾਂਤਾਂ ਦੀ ਮਜ਼ਬੂਰੀ ਸੀ ਕਿ ਉਹ ਆਪਣੀ ਪੈਦਾਰਵਾਰ ਤੇ ਮੁਨਾਫੇ ਦੀ ਪ੍ਰਣਾਲੀ ਨੂੰ ਸਚਾਰੂ ਰੂਪ ਨਾਲ ਚਲਾਉਣ ਲਈ ਉਹ ਸਮਾਜ ਦੇ ਇਕ ਵੱਡੇ ਘੇਰੇ ਤਕ ਸਿੱਖਿਆ ਤੇ ਚੇਤਨਾ ਦਾ ਪ੍ਰਸਾਰ ਕਰੇ ਪਰ ਇਸ ਦਾ ਅਰਥ ਇਹ ਨਹੀਂ ਕਿ ਸਿੱਖਿਆ ਦਾ ਜਮਾਤੀ ਮਕਸਦ ਜਾਂ ਜਮਾਤੀ ਕਿਰਦਾਰ ਖਤਮ ਹੋ ਬ੍ਰਿਟਿਸ਼ ਬਸਤੀ ਵਾਦੀਆਂ ਨੇ ਆਪਣੀ ਲੁਟ ਤੇ ਜਬਰ ਨੂੰ ਬਰਕਰਾਰ ਰੱਖਣ ਲਈ ਨਵੇਂ ਤਰੀਕੇ ਦੀ ਸਿੱਖਿਆ ਪ੍ਰਣਾਲੀ ਸ਼ੁਰੂ ਕੀਤੀ ਜਿਸ ਦਾ ਉਦੇਸ਼ ਭਾਰਤ ’ਚ ਅਜੇਹੇ ਪੜ੍ਹੇ ਲਿਖੇ ਵਰਗ ਨੂੰ ਪੈਦਾ ਕਰਨਾ ਸੀ ਬਸਤੀ ਵਾਦੀ ਗੁਲਾਮੀ ਦੇ ਗੀਤ ਗਾਵੇ, ਅੰਗਰੇਜ ਹਾਕਮਾ ਪ੍ਰਤੀ ਵਫਾਦਾਰ ਹੋਵੇ, ਜੋ ਦੇਖਣ ’ਚ ਤਾਂ ਭਾਰਤੀ ਹੋਣ ਪਰ ਅੰਦਰੋਂ ਅੰਗਰੇਜੀ ਇਸ ਤੋਂ ਇਲਾਵਾ ਸਿੱਖਿਆ ਰਾਹੀਂ ਉਹ ਆਪਣੇ ਰਾਜ ਭਾਗ ਤੇ ਪੈਦਾਵਾਰ ਪ੍ਰਣਾਲੀ ਨੂੰ ਚਲਾਉਣ ਵਾਲੇ ਕਰਿੰਦੇ ਵੀ ਤਿਆਰ ਕਰਨਾ ਚਾਹੁੰਦੇ ਸਨ। ਉਹਨਾਂ ਨੂੰ ਬਹੁਤ ਵੱਡੀ ਗਿਣਤੀ ਵਿਚ ਸਿੱਖਿਅਤ ਲੋਕਾਂ ਦੀ ਲੋੜ ਨਹੀਂ ਸੀ।

ਇਸ ਲਈ ਸਵਰਨਾ ਦੇ ਉਪਰਲੇ ਤਬਕੇ ਦੇ ਥੋੜੇ ਲੋਕ ਹੀ ਅੰਗ੍ਰੇਜੀ ਸਿੱਖਿਆ ਹਾਸਲ ਕਰਕੇ ਵਕੀਲ, ਅਧਿਆਪਕ, ਡਾਕਟਰ, ਇੰਜਨੀਅਰ ਤੇ ਓਵਰਸੀਅਰ ਬਣੇ। ਅੰਗ੍ਰੇਜੀ ਭਾਸ਼ਾ ਰਾਹੀਂ ਭਾਰਤ ’ਚ ਚੇਤਨਾ ਤੇ ਅਧਿਕਾਰਾਂ ਨਾਲ ਲੈਸ ਲੋਕ ਵੀ ਤਿਆਰ ਹੋਏ ਜਿਹਨਾਂ ਨੇ ਕੌਮੀ ਅੰਦੋਲਨ ’ਚ ਵਧ ਚੜ ਕੇ ਹਿਸਾ ਲਿਆ। ਪਰ ਇਹ ਬਸਤੀਵਾਦੀ ਸਿੱਖਿਆ ਦੀ ਗੌਣ ਪੈਦਾਵਾਰ ਸੀ। ਉਸ ਅਰਸੇ ਦੀ ਸਿੱਖਿਆ ਨਾ ਤਾਂ ਵਿਗਿਆਨਕ ਸੀ, ਨਾ ਹੀ ਜਮਹੂਰੀ ਤੇ ਨਾ ਹੀ ਕੌਮੀ 1947 ਪਿੱਛੋਂ ਭਾਰਤ ਹਾਕਮ ਜਮਾਤ ਨੇ ਦਲਾਲ ਨੌਕਰਸ਼ਾਹੀ ਸਰਮਾਏਦਾਰੀ ਦਾ ਹਾਰ ਆਪਣਾਇਆ ਪਰ ਜਾਗੀਰਦਾਰੀ-ਸਾਮਰਾਜਵਾਦ ਤੋਂ ਫੈਸਲਾ ਕੂੰਨ ਤੋੜ ਵਿਛੋੜਾ ਨਾ ਕਰਨ ਤੇ ਆਪਣੇ ਸੌੜੇ ਜਮਾਤੀ ਸੁਆਰਥਾਂ ਕਾਰਨ ਉਹਨਾਂ ਨੇ 80 ਫੀਸਦੀ ਜਨਤਾ ਨੂੰ ਵਿਕਾਸ ਦੇ ਦੌਰ ਤੋਂ ਬਾਹਰ ਹੀ ਰੱਖਿਆ ਉਨ੍ਹਾਂ ਨੂੰ ਦੇਸ਼ ਵਿਚ ਲੋਕ ਲਈ ਸੌਖੀ ਸਿੱਖਿਆ ਮੁਹਈਆ ਕਰਾਉਣ ਦੀ ਲੋੜ ਨਹੀਂ ਸੀ। ਅਜਾਦੀ ਪਿਛੋਂ ਦੇਸ਼ ਵਿਚ ਜਿੰਨੇ ਵੀ ਸਿੱਖਿਆ ਕਮਿਸ਼ਨ ਬਣੇ ਤੇ ਜਿੰਨੇ ਵੀ ਨੀਤੀਗਤ ਬਦਲਾਅ ਹੋਏ, ਉਹਨਾਂ ਸਾਰਿਆਂ ਦਾ ਮਕਸਦ ਅਰਧ ਜਾਗੀਰੂ ਅਰਧ ਬਸਤੀਵਾਦੀ ਨੀਤੀਆਂ ਦੇ ਨਾਲ ਸਿੱਖਿਆ ਦਾ ਤਾਲਮੇਲ ਬਿਠਾਉਣਾ ਰਿਹਾ ਹੈ। ਨਾ ਕਿ ਸਭ ਲਈ ਇਕੋ ਜਿਹੀ ਸਿੱਖਿਆ ਦੀ ਵਿਵਸਥਾ ਕਰਨਾ 80 ਦੇ ਦਹਾਕੇ ’ਚ ਜਦ ਭਾਰਤੀ ਸਮਾਜ ਦਾ ਚੌਤਰਫਾ ਸੰਕਟ ਸਾਹਮਣੇ ਆ ਗਿਆ ਤਾਂ ਇਥੋਂ ਦੀਆਂ ਹਾਕਮ ਜਮਾਤਾਂ ਨੇ ਸਾਮਰਾਜ ਮੂਹਰੇ ਗੋਡੇ ਟੇਕਣੇ ਸ਼ੁਰੂ ਕਰ ਦਿਤੇ ਅਰਥ ਨੀਤੀ ਦੇ ਨਾਲ ਨਾਲ ਸਿੱਖਿਆ ਨੀਤੀ ਨੂੰ ਵੀ ਉਹਨਾਂ ਨੇ ਲੋਕ ਵਿਰੋਧੀ ਤੇ ਜਮਾਤੀ ਢਾਂਚੇ ’ਚ ਢਾਲਣਾ ਸ਼ੁਰੂ ਕੀਤਾ।

ਨਵੀਂ ਸਿੱਖਿਆ ਨੀਤੀ-1986 ਇਸ ਦਾ ਦਸਤਾਵੇਜੀ ਸਿੱਟਾ ਹੈ। 1990 ਪਿਛੋਂ ਸਾਮਰਾਜੀ ਵਿਸ਼ਵੀਕਰਨ ਦੀ ਹਵਾ ਵਗੀ ਤਾਂ ਇਥੋਂ ਦੇ ਹਾਕਮ ਗੋਡੇ ਟੇਕ ਬੈਠੇ ਕਿ ਹੁਣ ਵਿਦੇਸ਼ੀ ਪੂੰਜੀ, ਵਿਦੇਸ਼ੀ ਤਕਨੀਕ, ਵਿਦੇਸ਼ੀ ਸਲਾਹਕਾਰ ਤੇ ਬਹੁਕੌਮੀ ਕੰਪਨੀਆਂ ਤੇ ਸਮਰਾਜੀ ਸਮੂਹ ਹੀ ਭਾਰਤ ਦਾ ਵਿਕਾਸ ਕਰ ਸਕਦਾ ਹੈ ਅਤੇ ਕੋਈ ਦੂਜਾ ਰਾਹ ਬਚਿਆ ਹੀ ਨਹੀਂ ਹੈ। ਅੱਜ ਸਾਡੇ ਦੇਸ਼ ਦੀ ਸਿੱਖਿਆ ਪ੍ਰਣਾਲੀ ਸਮਰਾਜੀ

ਸਮੂਹ ਦੀਆਂ ਤਰਜੀਹਾਂ ਤੇ ਲੋੜਾਂ ਮੁਤਾਬਕ ਢਾਲੀ ਜਾ ਰਹੀ ਹੈ। ਉਨ੍ਹਾਂ ਦੀ ਵਿਚਾਰਧਾਰਾ ਤੇ ਸਭਿਆਚਾਰ ਦਾ ਪ੍ਰਚਾਰ-ਪਸਾਰ ਹੋ ਰਿਹਾ ਹੈ। ਠੀਕ ਉਸੇ ਤਰ੍ਹਾਂ ਜਿਵੇਂ ਅੰਗ੍ਰੇਜ਼ਾਂ ਨੇ ਇਕ ਅੰਗ੍ਰੇਜ਼ ਪ੍ਰਸਤ ਸਿੱਖਿਆ ਜਮਾਤ ਪੈਦਾ ਕੀਤੀ ਸੀ ਅੱਜ ਵੀ ਸਾਮਰਾਜੀ ਸਮੂਹ ਤੇ ਉਨ੍ਹਾਂ ਦੇ ਭਾਰਤੀ ਦਲਾਲਾਂ ਵਲੋਂ ਸਾਮਰਾਜ ਦੇ ਗੀਤ ਗਾਉਣਵਾਲਾ ਉਹਨਾਂ ਦੇ ਸਭਿਆਚਾਰ 'ਚ ਰੰਗਿਆ ਤੇ ਉਹਨਾਂ ਦੀ ਤਾਲ ਤੇ ਨੱਚਣ ਵਾਲਾ ਇਕ ਵਰਗ ਪੈਦਾ ਕੀਤਾ ਜਾ ਰਿਹਾ ਹੈ ਜਿਹਨਾਂ ਨੂੰ ਦੇਸ਼ ਦੀ ਨਹੀਂ ਸਿਰਫ ਆਪਣੀ ਚਿੰਤਾ ਹੈ। ਅੱਜ ਸਿੱਖਿਆ 'ਚ ਜੋ ਵੀ ਅਹਿਮ ਤਬਦੀਲੀਆਂ ਹੋ ਰਹੀਆਂ ਹਨ ਉਹਨਾਂ ਨੂੰ ਇਸ ਨਾਲ ਜੋੜ ਕੇ ਹੀ ਸਮਝਿਆ ਜਾ ਸਕਦਾ ਹੈ।

# ਕੀ ਸੀ ਅੰਗ੍ਰੇਜੀ ਰਾਜ 'ਚ ਸਿੱਖਿਆ ਤੇ ਸਿੱਖਿਆ ਨੀਤੀ?

ਬ੍ਰਿਟਿਸ਼ ਹਕੂਮਤੀ ਕਾਲ 'ਚ ਅੰਗ੍ਰੇਜਾਂ ਨੇ ਬਸਤੀਵਾਦੀ ਸਤਾ ਦੀਆਂ ਲੋੜਾਂ ਤੇ ਘ੍ਰਿਣਿਤ ਸੁਆਰਥਾਂ ਨੂੰ ਧਿਆਨ 'ਚ ਰੱਖਦੇ ਹੋਇਆਂ ਭਾਰਤ 'ਚ ਸਿੱਖਿਆ ਦੀ ਬੁਨਿਆਦ ਰੱਖੀ। ਜਾਹਰ ਹੈ ਕਿ ਉਹਨਾਂ ਦਾ ਮਕਸਦ ਭਾਰਤੀ ਲੋਕਾਂ ਨੂੰ ਪੱਛਮੀ ਗਿਆਨ-ਵਿਗਿਆਨ ਨਾਲ ਲੈਸ ਕਰਨਾ ਨਹੀਂ ਹੋ ਸਕਦਾ ਸੀ। ਭਾਰਤ 'ਚ ਆਪਣੇ ਬਾਜ਼ਾਰ ਦੇ ਵਿਸਥਾਰ ਤੇ ਬਹੁਮੁਲੀ ਕੁਦਰਤੀ ਵਸੀਲਿਆਂ ਦੀ ਲੁੱਟ ਲਈ ਭਾਰਤ ਵਿਚ ਹੀ ਕੁਝ ਕੁਸ਼ਲ ਲਾਈਲਗ, ਚਮਚੇ ਤੇ ਅਨੁਸਾਸ਼ਿਤ ਕਰਿੰਦੇ ਤਿਆਰ ਕਰਨ ਦੇ ਸੀਮਤ ਟੀਚੇ ਨੂੰ ਧਿਆਨ 'ਚ ਰਖਕੇ ਹੀ ਉਨ੍ਹਾਂ ਨੇ ਸਿੱਖਿਆ ਦੀ ਸ਼ੁਰੂਆਤ ਕੀਤੀ ਸੀ। 19ਵੀਂ ਸਦੀ ਦੇ ਸ਼ੁਰੂ ਵਿਚ ਯੂਰਪ ਤੇ ਇੰਗਲੈਂਡ ਵਿਚ ਸਨਅਤੀ ਪੂੰਜੀ ਦਾ ਤੇਜੀ ਨਾਲ ਵਿਸਥਾਰ ਤੇ ਕੇਂਦਰੀ ਕਰਨ ਹੋ ਰਿਹਾ ਸੀ। ਭਾਰਤ ਵਰਗੀਆਂ ਬਸਤੀਆਂ ਵਿਚ ਬ੍ਰਿਟਿਸ ਵਸਤਾਂ ਲਈ ਬਾਜ਼ਾਰ ਦੇ ਵਿਸਥਾਰ ਅਤੇ ਕੱਚੇ ਮਾਲ ਦੀ ਨਿਰਵਿਘਨ ਲੁਟ ਲਈ ਇਥੋਂ ਦੇ ਲੋਕਾਂ ਨੂੰ ਇਕ ਸੀਮਤ ਹੱਦ ਤਕ ਸਿੱਖਿਅਤ ਕਰਨਾ ਜਰੂਰੀ ਹੋ ਗਿਆ ਸੀ। ਇਸ ਤੰਗ ਨਜ਼ਰ ਖਪਤਵਾਦੀ ਨਜ਼ਰੀਏ ਨਾਲ ਉਥੋਂ ਦੇ ਪੂੰਜੀਵਾਦੀ ਬੁੱਧੀ ਜੀਵੀਆਂ ਉਕਾਰ ਪੰਥੀਆਂ ਤੇ ਪੱਤਰਕਾਰਾਂ ਨੇ ਬਸਤੀਆਂ 'ਚ ਅੰਗ੍ਰੇਜੀ ਭਾਸ਼ਾ ਸਭਿਆਚਾਰ ਤੇ ਸਿੱਖਿਆ ਦੇ ਪ੍ਰਚਾਰ ਪਸਾਰ ਦੀ ਵਕਾਲਤ ਕੀਤੀ ਇਸ ਵਿਸ਼ੇ 'ਤੇ ਇੰਗਲੈਂਡ ਵਿਚ ਚਲਣ ਵਾਲੀਆਂ ਬਹਿਸਾਂ ਤੇ ਸੁਝਾਵਾਂ ਦਾ ਹੀ ਸਿਟਾ ਸੀ ਕਿ ਲਾਰਡ ਵਿਲੀਅਮ ਬੇਂਟਿਕ ਨੇ ਅੰਗ੍ਰੇਜ ਸਿੱਖਿਆ ਸਾਸ਼ਤਰੀ ਲਾਰਡ ਮੈਕਾਲੇ ਤੋਂ ਇਸ ਸੰਬੰਧੀ ਸੁਝਾਅ ਮੰਗਿਆ ਲਾਰਡ ਮੈਕਾਲੇ ਨੇ 2 ਫਰਵਰੀ 1835 ਨੂੰ ਭਾਰਤ ਦੇ ਗਵਰਨਰ ਜਨਰਲ ਬੇਂਟਿਕ ਨੂੰ ਲਿਖੇ ਖਤ 'ਚ ਕਿਹਾ ਸੀ ਕਿ "ਕੁਝ ਮੁਠੀਭਰ ਮੂਲ ਨਿਵਾਸੀਆਂ (ਭਾਰਤੀਆਂ) ਨੂੰ ਸਾਨੂੰ ਇਸ ਤਰ੍ਹਾਂ ਸਿੱਖਿਤ ਕਰਨਾ ਚਾਹੀਦਾ ਹੈ ਕਿ ਉਹ ਸਾਡੇ ਤੇ ਸਾਡੇ ਵਲੋਂ ਹਕੂਮਤ ਹੇਠ ਕਰੋੜਾਂ ਲੋਕਾਂ ਵਿਚਕਾਰ ਇਕ ਮਾਧਿਅਮ ਦੀ ਭੂਮਿਕਾ ਨਿਭਾਏ। ਸਾਨੂੰ ਸਿੱਖਿਅਤ ਲੋਕਾਂ ਦਾ ਅਜੇਹਾ ਵਰਗ ਤਿਆਰ ਕਰਨਾ ਚਾਹੀਦਾ ਹੈ ਜੋ ਖੂਨ ਦੇ ਰੰਗ 'ਚ ਤਾਂ ਭਾਰਤੀ ਹੋਵੇ ਪਰ ਆਪਣੀ ਰੁਚੀ ਦ੍ਰਿਸ਼ਟੀ ਨੈਤਿਕਤਾ ਤੇ ਬੁੱਧੀ ਨਾਲ ਅੰਗ੍ਰੇਜ ਹੋਵੇ।" ਇਸ ਚਿਠੀ ਦੇ ਇਕ ਮਹੀਨੇ ਪਿਛੋਂ ਹੀ ਲਾਰਡ ਬੈਂਟਿਕ ਨੇ ਆਪਣੇ ਹੁਕਮ 'ਚ ਲਿਖਿਆਂ ਕਿ" ਬਿਟਿਸ਼ ਸਰਕਾਰ ਦਾ ਮੁਖ ਟੀਚਾ ਯੂਰਪੀ ਸਾਹਿਤ ਤੇ ਵਿਗਿਆਨ ਨੂੰ ਹੱਲਾਸ਼ੇਰੀ ਦੇਣਾ ਹੈ। ਸਿਖਿਆ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਸਾਰਾ ਧਨ ਸਿਰਫ ਅੱਛੀ ਤਰ੍ਹਾਂ ਅੰਗ੍ਰੇਜੀ ਸਿੱਖਿਆ ਦੇਣ 'ਤੇ ਖਰਚ ਕੀਤਾ ਜਾਵੇਗਾ ਵਿਲੀਅਮ ਬੈਂਟਿਕ ਵਲੋਂ ਭਾਰਤ 'ਚ ਸਿੱਖਿਆ ਦੇ ਖੇਤਰ 'ਚ ਉਠਾਏ ਗਏ ਕਦਮਾਂ ਨੂੰ ਅੰਗ੍ਰੇਜ ਸਰਮਾਏਦਾਰਾਂ ਦੀ ਭਰਪੂਰ ਹਮਾਇਤ ਮਿਲੀ ਇਸ ਦੇ ਕਈ ਕਾਰਨ ਸਨ। ਇਕ ਕਾਰਨ ਤਾਂ ਇਹ ਸੀ ਕਿ ਇੰਗਲੈਂਡ 'ਚ ਅਜੇਹੀ ਰਾਇ ਰੱਖਣ ਵਾਲਿਆਂ ਦੀ ਗਿਣਤੀ ਕਾਫੀ ਤੇਜੀ ਨਾਲ ਵੱਧ ਰਹੀ ਸੀ ਕਿ ਭਾਰਤ 'ਚ ਅਗ੍ਰੇਜੀ ਸਿੱਖਿਆ ਦੇ ਪ੍ਰਚਾਰ ਪ੍ਰਸਾਰ ਦਾ ਸਿੱਧਾ ਲਾਭ ਬ੍ਰਿਟਿਸ਼ ਬਸਤੀਵਾਦੀਆਂ ਤੇ ਅੰਗ੍ਰੇਜ ਪੂੰਜੀਪਤੀਆਂ (ਸਾਮਰਾਜੀਆਂ) ਨੂੰ ਮਿਲੇਗਾ। 1938 'ਚ

ਚਾਰਲਸ ਈ ਟ੍ਰੀਵੇਲਆਨ ਨੇ ਲਿਖਿਆ ਸੀ ਕਿ ਅੰਗ੍ਰੇਜੀ ਸਿੱਖਿਆ ਦੇ ਸਿਟੇ ਵਜੋਂ ਹੋਰ ਕੁਝ ਭਾਵੇਂ ਹੀ ਨਾ ਹੋਵੇ ਪਰ ਇਸ ਨਾਲ ਭਾਰਤ ਦੇ ਸਿੱਖਿਅਤ ਤਬਕੇ ਦੇ ਨਾਲ ਅੰਗ੍ਰੇਜ ਹਾਕਮਾ ਦਾ ਘੁਲਨਾ-ਮਿਲਨਾ ਸੌਖਾ ਹੋ ਜਾਵੇਗਾ। ਉਸ ਦਾ ਤਰਕ ਸੀ ਕਿ ਇਸ ਕਾਰਨ ਅੰਗ੍ਰੇਜਾਂ ਦੇ ਨਾਲ ਪੜੇ ਲਿਖੇ ਭਾਰਤੀ ਫਿਰੰਗੀਆਂ ਵਾਂਗੂ ਵਰਤਾਅ ਨਹੀਂ ਕਰਨਗੇ ਬਲਕਿ ਉਹ ਸਾਡੇ ਬੁਧੀਮਾਨ ਤੇ ਉਤਸਾਹੀ ਸਹਿਯੋਗੀ ਬਣਨਗੇ। ਦੂਜਾ ਕਾਰਨ ਇਹ ਸੀ ਕਿ ਬਸਤੀਵਾਦੀਆਂ ਨੇ ਸਿੱਖਿਆ ਦਾ ਢਾਂਚਾ ਖੜਾ ਕਰਦੇ ਸਮੇਂ ਆਪਣੀ ਹਕੂਅਤ ਦੀਆਂ ਵਿਹਾਰਕ ਲੋੜਾਂ ਨੂੰ ਵੀ ਧਿਆਨ 'ਚ ਰੱਖਿਆ ਗਿਆ ਸੀ। ਭਾਰਤ 'ਚ ਸਰਕਾਰੀ ਕੰਮਕਾਜ ਸੰਭਾਲਣ ਲਈ ਅੰਗ੍ਰੇਜਾਂ ਨੂੰ ਵੱਡੀ ਗਿਣਤੀ 'ਚ ਕਲਰਕਾਂ (ਬਾਬੂਆਂ) ਦੀ ਲੋੜ ਸੀ। 1833 'ਚ ਚਾਰਟਰ ਐਕਟ ਪਾਸ ਹੋਣ ਦੌਰਾਨ ਈਸਟ ਇੰਡੀਆ ਕੰਪਨੀ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੀ ਸੀ। ਇਸ ਸ਼ੰਕਟ ਤੋਂ ਬਚਣ ਲਈ ਜੋ ਸੁਝਾਅ ਦਿਤੇ ਗਏ ਸਨ ਉਹਨਾਂ ਵਿਚੋਂ ਇਕ ਇਹ ਸੀ ਕਿ ਯੂਰਪੀ ਕਰਮਚਾਰੀਆਂ 'ਤੇ ਹੋਣੇ ਵਾਲੇ ਖ਼ਰਚ 'ਚ ਭਾਰੀ ਕਟੌਤੀ ਕੀਤੀ ਜਾਵੇ ਤੇ ਉਨ੍ਹਾਂ ਦੀ ਥਾਂ ਭਾਰਤੀਆਂ ਨੂੰ ਥੋੜੀ ਤਨਖਾਹ ਦੇ ਕੇ ਕੰਮ ਤੇ ਲਾਇਆ ਜਾਵੇ। ਉਕਤ ਚਾਰਟਰ ਨੇ ਭਾਰਤੀਆਂ ਲਈ ਬਸਤੀਵਾਦੀ ਹਕੂਮਤ ਦੇ ਤਹਿਤ ਹੇਠਲੇ ਪੱਧਰ ਦੀ ਨੌਕਰੀ ਲੈਣ ਦਾ ਰਾਹ ਸਾਫ ਕਰ ਦਿੱਤਾ। ਪਰ ਉਨ੍ਹਾਂ ਨੌਕਰੀਆਂ ਦੇ ਯੋਗ ਬਣਾਉਣ ਲਈ ਭਾਰਤੀਆਂ ਨੂੰ ਅੰਗ੍ਰੇਜੀ ਸਿੱਖਿਆ ਦੇਣੀ ਵੀ ਜਰੂਰੀ ਸੀ। 1835 ਦੀ ਨੀਤੀ ਇਸ ਕੰਮ ਲਈ ਕਾਰਗਰ ਸਾਬਤ ਹੋਈ। ਅੰਗ੍ਰੇਜੀ ਸਿੱਖਿਆ ਨੂੰ ਮਿਲਣ ਵਾਲੀ ਹਮਾਇਤ ਦਾ ਤੀਜਾ ਕਾਰਨ ਇਹ ਸੀ ਕਿ ਨਵੀਂਆਂ ਨਵੀਆਂ ਵਸਤਾਂ ਦੀ ਵਿਕਰੀ ਲਈ ਭਾਰਤੀ ਖਪਤਕਾਰ ਜਮਾਤ ਦਰਮਿਆਨ ਅੰਗ੍ਰੇਜੀ ਰਹਿਣ ਸਹਿਣ ਅੰਗ੍ਰੇਜੀ ਕਦਰਾਂ ਕੀਮਤ, ਤੇ ਰੁਚੀਆਂ ਦਾ ਵਿਕਾਸ ਕੀਤਾ ਜਾ ਸਕੇ, ਮੈਕਾਲੇ ਦਾ ਮੰਨਣਾ ਸੀ ਕਿ "ਜੇ ਉਹਨਾਂ ਨੇ ਸਾਡੇ ਕੱਪੜੇ ਪਹਿਨਣੇ ਹਨ ਅਤੇ ਸਾਡੇ ਛੁਰੀ ਕਾਂਟਿਆ ਨਾਲ ਖਾਣਾ ਖਾਣਾ ਹੈ ਤਾਂ ਉਹਨਾਂ ਨੂੰ ਅਗ੍ਰੇਜੀ ਵਸਤਾਂ ਦੀ ਸੌਦੇ ਬਾਜੀ ਕਰਨ ਜਾਂ ਖਰੀਦਣ 'ਚ ਬਹੁਤ ਅਨਜਾਨ ਤੇ ਨਿਰਧਨ ਨਹੀਂ ਹੋਣਾ ਚਾਹੀਦਾ।" ਭਾਰਤ 'ਚ ਲੰਕਾਸ਼ਾਇਰ ਤੇ ਛੈਫੀਲਡ ਦੀਆਂ ਫੈਕਟਰੀਆਂ ਦੀਆਂ ਵਸਤਾਂ ਖਪਾਉਣ ਲਈ ਜਰੂਰੀ ਸੀ ਕਿ ਇਥੋਂ ਦੇ ਖਰੀਦਦਾਰਾਂ ਵਿਚ ਅੰਗ੍ਰੇਜੀਅਤ ਦਾ ਪ੍ਰਚਾਰ-ਪ੍ਰਸਾਰ ਹੋਵੇ। ਅੰਗ੍ਰੇਜੀ ਸਿੱਖਿਆ ਇਸਦੀ ਪਹਿਲੀ ਸ਼ਰਤ ਸੀ। ਮੈਕਾਲੇ ਦੀ ਸਿੱਖਿਆ ਨੀਤੀ, ਬੇਟਿੰਕ ਦਾ ਹੁਕਮ ਤੇ ਭਾਰਤ ਵਿਚ ਅੰਗ੍ਰੇਜੀ ਸਿੱਖਿਆ ਦੀ ਸਥਾਪਨਾ ਤੇ ਵਿਕਾਸ ਪਿਛੇ ਬਸਤੀਵਾਦੀ ਹਾਕਮਾਂ ਦੀਆ ਅਜੇਹੀਆਂ ਹੀ ਸਿਧੀਆਂ-ਲੁਕਵੀਆ ਲੋੜਾਂ ਕੰਮ ਕਰ ਰਹੀਆਂ ਸਨ। 1837 'ਚ ਹਕੂਮਤੀ ਤੇ ਅਦਾਲਤੀ ਭਾਸ਼ਾ ਵਜੋ ਫਾਰਸੀ ਭਾਸ਼ਾ ਨੂੰ ਹਟਾਕੇ ਉਸ ਕੀ ਥਾਂ ਅੰਗ੍ਰੇਜੀ ਨੂੰ ਸਥਾਪਤ ਕੀਤਾ ਜਾਵੇ ਅਤੇ 1844 'ਚ ਹਾਰਡਿੰਗ ਨੇ ਅੰਗ੍ਰੇਜੀ ਸਿੱਖਿਆ ਹਾਸਲ ਭਾਰਤੀਆਂ ਨੂੰ ਨਾਗਰਿਕ ਸੇਵਾਵਾਂ ਦੇ ਹੇਠਲੇ ਪੱਧਰ ਦੀਆਂ ਨੌਕਰੀਆਂ 'ਚ ਭਰਤੀ ਕਰਨ ਦਾ ਹੁਕਮ ਦਿੱਤਾ। ਇਨ੍ਹਾਂ ਦੋਨਾ ਘੱਟਨਾਵਾਂ ਕਾਰਨ ਸਿੱਖਿਆ ਦੇ ਪੁਰਾਨੇ ਦੇਸ਼ੀ ਤੌਰ-ਤਰੀਕਿਆਂ (ਜਿਵੇਂ ਮਦਰੱਸਾ, ਗੁਰੂ ਕੁਲ ਆਦਿ) ਦਾ ਮਹੱਤਵ ਕਾਫੀ ਘੱਟ ਗਿਆ ਤੇ ਅੰਗ੍ਰੇਜੀ ਸਿੱਖਿਆ ਭਾਰੂ ਹੋ ਗਈ 20 ਸਾਲਾਂ 'ਚ ਹੀ ਭਾਰਤ 'ਚ ਅੰਗ੍ਰੇਜੀ ਸਿੱਖਿਆ ਦੀ ਹਰਮਨ ਪਿਆਰਤਾ ਤੇ ਮੰਗ 'ਚ ਤੇਜੀ ਨਾਲ ਵਾਧਾ ਹੋਇਆ। ਇਸ ਦੀ ਪੂਰਤੀ ਲਈ 1854 'ਚ ਸਰ ਚਾਰਲਸਵੁਡ ਦੀ ਚਿਠੀ ਜਾਰੀ ਹੋਈ ਜਿਸ ਦੇ ਜ਼ਰੀਏ ਮੁੰਬਈ

ਕਲਕੱਤਾ ਮਦਰਾਸ ਵਿਚ ਯੂਨੀਵਰਸਿਟੀਆਂ ਦੀ ਸਥਾਪਨਾ ਦੀ ਸਿਫਾਰਸ ਕੀਤੀ ਗਈ। ਨਾਲ ਹੀ ਉਸ 'ਚ ਭਾਰਤ ਦੇ ਖ਼ੁਸ਼ਹਾਲ ਵਰਗ ਦੇ ਇਕ ਹਿਸੇ ਨੂੰ ਉੱਚ ਸਿੱਖਿਆ ਦੇਣ ਤੇ ਸਿੱਖਿਆ ਦਾ ਇਕ ਪ੍ਰਸਾਸ਼ਕੀ ਢਾਂਚਾ ਬਣਾਉਣ ਦਾ ਵੀ ਸੁਝਾਅ ਦਿੱਤਾ ਗਿਆ। ਵੁਡ ਦੇ ਬਿਆਨ ਨੂੰ ਅਮਲ 'ਚ ਲਿਆਉਂਦੇ ਹੋਇਆਂ 1857 'ਚ ਕਲਕੱਤਾ ਮਦਰਾਸ ਮੁੰਬਈ 'ਚ ਯੂਨੀਵਰਸਿਟੀਆਂ ਦੀ ਸਥਾਪਨਾ ਹੋਈ ਤੇ ਨਾਲ ਹੀ ਸਿੱਖਿਆ ਦਾ ਇਹ ਪ੍ਰਬੰਧਕੀ ਢਾਂਚਾ ਵੀ ਹੋਂਦ ਵਿਚ ਆਇਆ ਜੋ 'ਅਜਾਦੀ' ਪਿਛੋਂ ਵੀ ਥੋੜੇ ਬਹੁਤੇ ਫੇਰਬਦਲ ਦੇ ਨਾਲ ਅੱਜ ਵੀ ਉਵੇਂ ਬਣਿਆ ਹੋਇਆ ਹੈ। ਅਗਲੇ 50 ਸਾਲਾਂ ਤਕ ਸਿੱਖਿਆ ਸੰਸਥਾਵਾਂ ਦਾ ਕਾਫੀ ਵਿਸਥਾਰ ਹੋਇਆ। ਇਹ ਸਹੀ ਹੈ ਕਿ ਅੰਗ੍ਰੇਜ਼ਾਂ ਨੇ ਆਪਣੀ ਬਸਤੀਵਾਦੀ ਸਤਾ ਦੇ ਸ਼ੁਧ ਸੁਆਰਥਾਂ ਨੂੰ ਧਿਆਨ 'ਚ ਰੱਖਦੇ ਹੋਇਆ ਹੀ ਸਿੱਖਿਆ ਦੀ ਬੁਨਿਆਦ ਰਖੀ ਸੀ ਪਰ ਇਸ ਸਿੱਖਿਆ ਦੇ ਜ਼ਰੀਏ ਇਕ ਪਾਸੇ ਜਿਥੇ ਅੰਗ੍ਰੇਜੀ ਮਾਰਕਾ ਭਾਰਤੀਆਂ ਦੀ ਜ਼ਮਾਤ ਪੈਦਾ ਹੋਈ ਉਥੇ ਦੂਜੇ ਪਾਸੇ ਉਸ ਦੇ ਗੋਣ ਸਿਟੇ ਵਜੋਂ ਭਾਰਤੀ ਵਿਦਿ :-ਬੁਧੀਜੀਵੀਆਂ 'ਚ ਕੌਮੀ ਚੇਤਨਾ ਦਾ ਸੰਚਾਰ ਹੋਇਆ ਆਜਾਦੀ ਸੰਘਰਸ਼ ਤੇ ਸਿੱਖਿਆ ਦੇ ਆਪਸੀ ਸੰਬੰਧ ਨੂੰ ਵੇਖਦਿਆਂ ਅੰਗ੍ਰੇਜ ਹਾਕਮਾਂ ਨੇ ਸਿੱਖਿਆ ਨੂੰ ਸੀਮਤ ਕਰਨ ਲਈ ਸਿੱਖਿਆ ਅਦਾਰਿਆਂ ਦੀਆਂ ਗਰਾਂਟਾਂ 'ਚ ਕਟੌਤੀ ਦੇ ਕਈ ਗੁਪਤ ਹੁਕਮ ਜਾਰੀ ਕੀਤੇ। ਪੂਨੇ 'ਚ ਇਕ ਅੰਗ੍ਰੇਜ ਫਲੈਗ ਅਫਸਰ ਦੀ ਹੱਤਿਆ ਪਿੱਛੋਂ ਰਾਜ ਦੇ ਸਕੱਤਰ ਹੇਮਿਣਟਨ ਨੇ ਲਾਰਡ ਕਰਜਨ ਨੂੰ ਲਿਖਿਆ ਕਿ ਅਗ੍ਰੇਜੀ ਸਿੱਖਿਆ ਦੇ ਸਲੇਬਸ ਤੇ ਉਸ ਨੂੰ ਪੜ੍ਹ ਕੇ ਨਿਕਲਣ ਵਾਲੇ ਭਾਰਤੀ ਵਿਦਿਆਰਥੀਆਂ ਦੇ ਮਨਾ ਵਿਚ ਬ੍ਰਿਟੇਨ ਪ੍ਰਤੀ ਘ੍ਰਿਣਾ ਨੂੰ ਅਸੀਂ ਵੱਖ-ਵੱਖ ਕਰਕੇ ਨਹੀਂ ਵੇਖ ਸਕਦੇ ਵਿਦਿ : 'ਚ ਦੇਸ਼ ਭਗਤੀ ਦੀ ਵੱਧ ਦੀ ਭਾਵਨਾ ਨੂੰ ਕੰਟਰੋਲ ਕਰਨ ਦੇ ਲਿਹਾਜ ਨਾਲ ਸਿੱਖਿਆ ਪ੍ਰਣਾਲੀ 'ਚੋ ਸੋਧ ਲਈ ਲਾਰਡ ਕਰਜਨ ਨੇ 1902 'ਚ ਸਰ ਥਾਮਸ ਰੈਲੇ ਦੀ, ਪ੍ਰਧਾਨਗੀ 'ਚ ਇਕ ਕਮਿਸ਼ਨ ਗਠਿਤ ਕੀਤਾ ਗਿਆ ਜਿਸ ਦੀ ਸਿਫਾਰਸ਼ਾਂ ਦੇ ਅਧਾਰ 'ਤੇ 1904 ਵਿਚ ਰੈਲੇ ਐਕਟ ਪਾਸ ਹੋਇਆ। ਇਸ ਐਕਟ ਦੇ ਤਹਿਤ ਸਿੱਖਿਆ ਤੇ ਰੋਕ ਲਾਉਣ ਦੇ ਵੱਖ ਵੱਖ ਉਪਾਅ ਕੀਤੇ ਗਏ ਤੇ ਯੂਨੀਵਰਸਿਟੀਆਂ ਦੇ ਪ੍ਰਬੰਧਕੀ ਢਾਚਿਆਂ 'ਚ ਫੇਰ ਬਦਲ ਦੀਆਂ ਸਿਫਾਰਸ਼ਾਂ ਕੀਤੀਆਂ ਗਈਆਂ ਲਾਰਡ ਕਰਜਨ ਦੇ ਇਨ੍ਹਾਂ ਸੁਧਾਰਾਂ ਨੇ ਇਕ ਵਾਰ ਫੇਰ ਇਹ ਸਾਬਤ ਕਰ ਦਿਤਾ ਕਿ ਸਿਖਿਆ ਨੂੰ ਹਾਕਮ ਜਮਾਤਾਂ ਦੀ ਲੋੜ ਦੇ ਅਨਕੂਲ ਹੀ ਢਾਲਿਆ ਜਾਣਾ ਸੀ। ਜਦ ਭਾਰਤ 'ਚ ਸੀਮਤ ਪ੍ਰਸਾਰ ਵੀ ਅੰਗ੍ਰੇਜਾਂ ਦੇ ਗਲੇ ਦੀ ਹੱਡੀ ਬਣ ਗਿਆ ਤਕ ਇਸ ਅਨੁਭਵ ਤੋਂ ਸਿੱਖਦਿਆਂ ਉਹਨਾਂ ਨੇ ਹੋਰ ਬਸਤੀਆਂ ਖਾਸ ਕਰਕੇ ਅਫਰੀਕੀ ਦੇਸ਼ਾਂ 'ਚ ਉਚ ਸਿੱਖਿਆ ਦੇ ਪਸਾਰ ਪ੍ਰਤੀ ਸਾਵਧਾਨੀ ਵਰਤੀ। 20ਵੀਂ ਸਦੀ ਦੇ ਸ਼ੁਰੂ ਵਿਚ ਯੂਨੀਵਰਸਿਟੀ ਕੈਂਪਸ 'ਚ ਹੋਣਵਾਲੀ ਰਾਜਸੀ ਹਲਚਲ ਨਵੇਂਦਿਤ ਭਾਰਤੀ ਸਰਮਾਏਦਾਰੀ ਜਮਾਤ ਤੇ ਮੱਧ ਵਰਗ ਦੀ ਲਾਲ ਸਾਵਾਂ ਦੀ ਪ੍ਰਛਾਈਂ ਸਨ। ਭਾਰਤੀ ਕੌਮੀ ਕਾਂਗਰਸ ਨੇ 1902 ਤੋ 1904 ਤਕ ਆਪਣੇ ਤਿੰਨ ਸੈਸ਼ਨਾ 'ਚ ਰੈਲੇ ਕਮਿਸ਼ਨ ਦੀਆਂ ਸਿਫਾਰਸ਼ਾਂ ਖਿਲਾਫ ਮਤਾ ਪਾਸ ਕੀਤਾ। ਭਾਰਤੀਆਂ ਨੇ ਇਸ ਮੁਦੇ ਨੂੰ ਸੈਨੇਟ 'ਚ ਉਠਾਇਆ ਤੇ ਸੁਰੈਂਦਰ ਨਾਥ ਬੈਨਰਜੀ ਤੇ ਗੋਪਾਲ ਕ੍ਰਿਸ਼ਨ ਗੋਖਲੇ ਨੇ ਇਸ ਵਿਰੁੱਧ ਹੋਣ ਵਾਲੇ ਵਿਰੋਧ ਮੁਜਾਰਿਆਂ ਦੀ ਅਗਵਾਈ ਕੀਤੀ। ਅੰਗ੍ਰੇਜਾਂ ਦੇ ਰਾਜ ਕਾਲ 'ਚ ਭਾਰਤੀਆਂ ਤੇ ਅੰਗ੍ਰੇਜ ਸਰਮਾਏਦਾਰਾ ਵਿਚਕਾਰ ਆਪਸੀ ਹਿੱਤਾਂ ਦੇ ਟਕਰਾਅ ਦਾ

ਇਜ਼ਹਾਰ ਸਿੱਖਿਆ ਖੇਤਰ 'ਚ ਵੀ ਹੋਇਆ ਬ੍ਰਿਟਿਸ ਸਰਮਏਦਾਰ ਉਚ ਸਿੱਖਿਆਂ ਨੂੰ ਸੀਮਤ ਕਰਨ ਤੇ ਵਿਦਿ : ਦੀ ਰਾਜਸੀ ਸ਼ਮੂਲੀਅਤ 'ਤੇ ਰੋਕ ਲਾਉਣ ਦੀ ਕੋਸ਼ਿਸ਼ ਕਰ ਰਹੇ ਸਨ ਜਦ ਕਿ ਭਾਰਤੀ ਸਰਮਾਏਦਾਰ ਕੌਮੀ ਅੰਦਲੋਨ ਨੂੰ ਅੱਗੇ ਵਧਾਉਣ ਤੇ ਭਾਰਤ 'ਚ ਪੂੰਜੀਵਾਦੀ ਵਿਕਾਸ ਦੇ ਮਾਧਿਆਮ ਵਜੋਂ ਉੱਚ ਸਿੱਖਿਆਂ ਦੇ ਮੱਹਤਵ ਨੂੰ ਸਮਝ ਰਹੇ ਸਨ। 1904 'ਚ ਵਿਗਿਆਨ ਦੀ ਉਚ ਸਿੱਖਿਆ ਹਾਸਲ ਕਰਨ ਲਈ ਭਾਰਤੀ ਵਿਦਿਆਰਥੀਆਂ ਨੂੰ ਬ੍ਰਿਟੇਨ ਅਮਰੀਕਾ ਤੇ ਜਪਾਨ ਭੇਜਣ 'ਚ ਮਦਦ ਲਈ ਕਲਕੱਤੇ 'ਚ ਇਕ ਐਸੋਸੀਏਸ਼ਨ ਬਣਾਈ ਗਈ। ਜਮਸ਼ੇਦਜੀ ਟਾਟਾ ਨੇ ਵਿਗਿਆਨ, ਤੇ ਤਕ ਨੀਕ ਨਾਲ ਲੈਸ ਮਨੁੱਖ ਸ਼ਕਤੀ ਦੀ ਲੋੜ ਨੂੰ ਵੇਖਦੇ ਹੋਇਆ 1909 'ਚ ਬੰਗਲੋਰ 'ਚ ਇੰਡੀਅਨ ਇਸਟੀਚੂਟ ਆਫ ਸਾਇੰਸ ਦੀ ਸਥਾਪਾਨਾ ਕੀਤੀ 1911 'ਚ ਗੋਖਲੇ ਨੇ ਸਭ ਲਈ ਮੁਫਤ ਤੇ ਲਾਜਮੀ ਸਿੱਖਿਆ ਨਾਲ ਸਬੰਧਤ ਇਕ ਪ੍ਰਸਤਾਵ ਪੇਸ਼ ਕੀਤਾ ਜਿਸ ਨੂੰ ਅੰਗ੍ਰੇਜ ਸਰਕਾਰ ਨੇ ਨਾ ਮੰਜੂਰ ਕਰ ਦਿੱਤਾ ਇਹ ਸਹੀ ਹੈ ਕਿ ਅੰਗ੍ਰੇਜਾਂ ਦੀ ਸਿੱਖਿਆ ਪ੍ਰਣਾਲੀ ਰਾਹੀਂ ਦੇ ਸਾਨੂੰ ਰਾਨਾਡੇ, ਗੋਖਲੇ ਰਮਨ ਤੇ ਭਾਭਾ ਵਰਗੇ ਅਨੇਕ ਵਿਦਵਾਨ ਮਿਲੇ ਪਰ ਦੂਜੇ ਪਾਸੇ ਇਹ ਵੀ ਇਕ ਦੁਖਦਾਈ ਸਚਾਈ ਹੈ ਕਿ ਇਸ ਨੇ ਭਾਰਤੀ ਜਨਮਾਨਸ ਨੂੰ ਅਤੀਤ ਦੀ ਵਿਰਾਸਤ ਤੋਂ ਕੱਟ ਦਿਤਾ ਤੇ ਉਹਨਾਂ ਉਪਰ ਬਸਤੀਵਾਦੀ ਗੁਲਾਮੀ ਦੇ ਮੁੱਲਾਂ ਤੇ ਵਿਚਾਰਾਂ ਦੀ ਡੂੰਘੀ ਛਾਪ ਛੱਡ ਦਿੱਤੀ। ਅੱਜ ਵੀ ਉਚ ਸਿਖਿਆ ਪ੍ਰਾਪਤ ਲੋਕਾਂ ਦੇ ਇਕ ਵੱਡੇ ਹਿੱਸੇ ਵਿਚ ਬਸਤੀਵਾਦੀ ਮਾਨਸਿਕਤਾ ਦਾ ਜਬਰਦਸਤ ਅਸਰ ਮੌਜੂਦ ਹੈ। ਲੋਕਾਂ ਚ ਪ੍ਰਚਲਿਤ ਇਹ ਗੱਲ ਕਿ "ਅੰਗ੍ਰੇਜ ਗਏ, ਅੰਗ੍ਰੇਜੀਅਤ ਛੱਡ ਗਏ।" ਇਸਦੀ ਸਪਸ਼ਟ ਤੇ ਮੁਖ ਮਿਸਾਲ (ਸਬੂਤ) ਹੈ। 1947 ਤੋਂ ਪਿਛੋਂ ਦਲਾਲ ਹਾਕਮ ਜਮਾਤਾਂ ਨੇ ਆਪਣੇ ਬੇਹੱਦ ਜਮਾਤੀ ਸੁਆਰਥਾਂ ਕਾਰਨ ਸਿੱਖਿਆਂ ਨੂੰ ਬਸਤੀਵਾਦੀ ਅਸਰਾਂ ਤੋਂ ਆਜ਼ਾਦ ਕਰੌਣ ਦੀ ਬਜਾਏ ਉਸ ਨੂੰ ਬਣਾਈ ਰੁੱਖਿਆ ਤੇ ਅੱਜ ਵਿਸ਼ਵੀ ਕਰਨ ਦੇ ਇਸ ਦੌਰ ਵਿਚ ਅੰਗ੍ਰੇਜੀਅਤ ਨੂੰ ਫੈਲਾਉਣ ਲਈ ਅਨਕੂਲ ਆਬੋਹਵਾ ਮਿਲ ਰਹੀ ਹੈ।

# ਕੀ ਹੈ ਘਰੇਲੂ ਹਿੰਸਾ ਦਾ ਵਧਦਾ ਆਕਾਰ?

ਰਾਮਨਗਰ ਮਾਲਥਨਚੌੜ 'ਚ ਇੱਕ ਔਰਤ ਰਾਧਾ ਦੇਵੀ ਨੂੰ ਉਸਦੇ ਪਤੀ ਨੇ ਜਬਰੀ ਵਾਲ ਮੁੰਨ ਕੇ ਗੰਜਾ ਕਰ ਦਿੱਤਾ। ਖ਼ੂਬਸੂਰਤ ਰਾਧਾ ਦੇਵੀ ਦਾ ਪਤੀ ਕਿਸ਼ਨ ਸ਼ਾਦੀ ਦੇ ਪਿੱਛੋਂ ਤੋਂ ਹੀ ਉਸ 'ਤੇ ਸ਼ੱਕ ਕਰਦਾ ਸੀ। ਉਹ ਉਸ ਨੂੰ ਘਰ 'ਚ ਕੈਦ ਕਰਕੇ ਰੱਖਣਾ ਚਾਹੁੰਦਾ ਸੀ। ਉਹ ਉਸ ਨੂੰ ਨਾ ਤਾਂ ਕਿਸੇ ਰਿਸ਼ਤੇਦਾਰੀ 'ਚ ਜਾਣ ਦਿੰਦਾ ਤੇ ਨਾ ਹੀ ਆਂਢ-ਗੁਆਂਢ 'ਚ ਉਸ ਨੂੰ ਗੱਲ ਕਰਨ ਦਿੰਦਾ। ਕਈ ਵਾਰੀ ਉਸ ਨੇ ਰਾਧਾ ਦੇਵੀ ਨੂੰ ਸਰੀਰਕ ਤਸੀਹੇ ਦਿੱਤੇ। ਕਦੀ ਕੰਡੇਦਾਰ ਤਾਰਾਂ ਨਾਲ ਬੰਨ੍ਹ ਦਿੱਤਾ ਤਾਂ ਕਦੀ ਲੋਹੇ ਦੀ ਰਾਡ ਗਰਮ ਕਰਕੇ ਉਸ ਨੂੰ ਥਾਂ-ਥਾਂ 'ਤੇ ਦਾਗ ਦਿੱਤਾ। ਪੇਂਡੂ ਵੀ ਉਸ ਦੀ ਪਤਨੀ 'ਤੇ ਅਤਿਆਚਾਰਾਂ ਤੋਂ ਵਾਕਿਫ ਸਨ। ਪਰ ਪਹਿਲਾਂ ਕਿਸੇ ਨੇ ਪਤੀ-ਪਤਨੀ ਵਿਚਕਾਰ ਬੋਲਣਾ ਮੁਨਾਸਬ ਨਹੀਂ ਸਮਝਿਆ। ਪਰ 19 ਜੂਨ ਨੂੰ ਤਾਂ ਕਿਸ਼ਨ ਨੇ ਹੱਦ ਕਰ ਦਿੱਤੀ। ਰਾਧਾ ਦੇਵੀ ਨੇ ਆਪਣੇ ਵਾਲਾਂ 'ਚ ਮਹਿੰਦੀ ਕੀ ਲਾਈ ਕਿਸ਼ਨ ਦੇ ਸ਼ੱਕ ਨੇ ਉਸ ਨੂੰ ਵਹਿਸ਼ੀ ਬਣਾ ਦਿੱਤਾ। ਉਸ ਨੇ ਪਤਨੀ ਨੂੰ ਪਹਿਲਾਂ ਬੇਹੱਦ ਮਾਰਿਆ ਕੁੱਟਿਆ ਤੇ ਫੇਰ ਉਸ ਦੇ ਸਾਰੇ ਵਾਲਾਂ ਨੂੰ ਮੁੰਨ ਦਿੱਤਾ। ਇਸ ਅਤਿਆਚਾਰ ਨੂੰ ਵੇਖ ਕੇ ਪਿੰਡ ਵਾਲੇ ਰਾਧਾ ਦੇਵੀ ਦੇ ਨਾਲ ਰਾਮਨਗਰ ਠਾਣੇ ਆਏ ਤੇ ਕਿਸ਼ਨ ਤੇ ਘਰੇਲੂ ਹਿੰਸਾ ਦੀ ਐਫ. ਆਈ. ਆਰ. ਦਰਜ ਕਰਵਾਈ। ਪੁਲਸ ਨੇ ਕਿਸ਼ਨ ਨੂੰ ਦੋ ਦਿਨ ਲਈ ਰਿਮਾਂਡ 'ਤੇ ਰੱਖ ਕੇ ਜੇਹਲ ਭੇਜ ਦਿੱਤਾ। ਇਹ ਘਟਨਾ ਸਮਾਜ ਦੀ ਉਸ ਘ੍ਰਿਣਤ ਮਰਦ ਪ੍ਰਧਾਨ ਮਾਨਸਿਕਤਾ ਨੂੰ ਦਰਸਾਉਂਦੀ ਹੈ। ਜਿਸ 'ਚ ਮਰਦ ਪਤਨੀ ਨੂੰ ਨਿਜੀ ਜਾਇਦਾਦ ਸਮਝ ਕੇ ਉਸ ਨੂੰ ਵੀ ਜਿਉਂ ਚਾਹੇ ਤਿਉਂ ਰੱਖਣ ਦੀ ਮੰਸ਼ਾ ਰੱਖਦਾ ਹੈ। ਇਸ ਸੋਚ ਨਾਲ ਗ੍ਰਸਿਤ ਹੋ ਕੇ ਹੀ ਕਈ ਮਰਦ ਮਾਰ ਕੁਟ ਕਰਕੇ ਪਤਨੀ ਨੂੰ ਘਰੋਂ ਕੱਢ ਦਿੰਦੇ ਹਨ। ਉਹ ਜਾਣਦੇ ਹਨ ਕਿ ਔਰਤ ਪਾਸ ਸ਼ਾਦੀ ਪਿੱਛੋਂ ਪਤੀ ਦੇ ਘਰ ਤੋਂ ਇਲਾਵਾ ਹੋਰ ਕੋਈ ਠਿਕਾਣਾ ਨਹੀਂ ਮਿਲੇਗਾ। ਇਸ ਲਈ ਉਹ ਸਭ ਕੁਝ ਵੀ ਕਰਨ ਨੂੰ ਤਿਆਰ ਰਹੇਗੀ। ਸਮਾਜ ਤੇ ਸਰਕਾਰ ਇਹਨਾਂ ਬੇਸਹਾਰਾ ਔਰਤਾਂ ਲਈ ਕੁਝ ਵੀ ਕਰਨ ਲਈ ਤਿਆਰ ਨਹੀਂ ਹੈ। ਇਹ ਜ਼ਿਆਦਾਤਰ ਦੋਸ਼ ਔਰਤ ਦੇ ਅੰਦਰ ਹੀ ਵੇਖਦੀ ਹੈ।

ਸੀਤਾ-ਸਵਿਤਰੀ ਦੀ ਕਥਾ ਸੁਣਾ ਕੇ ਔਰਤ ਦੇ ਪ੍ਰਤੀਰੋਧ ਦੀ ਸੰਭਾਵਨਾ ਨੂੰ ਵੀ ਖੁੰਡਾ ਕਰਦੀ ਹੈ। ਆਰਥਕ 'ਤੇ ਨਿਰਭਰ ਔਰਤ ਆਪਣੇ ਤੇ ਆਪਣੇ ਬੱਚਿਆਂ ਦੇ ਪਾਲਣ-ਪੋਸ਼ਣ ਲਈ ਘੁਟ-ਘੁਟ ਕੇ ਸਭ ਤਰ੍ਹਾਂ ਦੇ ਅਤਿਆਚਾਰ ਸਹਿ ਕੇ ਘਰ ਦੇ ਕੋਨੇ 'ਚ ਪਈ ਰਹਿੰਦੀ ਹੈ। ਉਥੇ ਜੇ ਕੁਝ ਪ੍ਰਤੀਰੋਧ ਕਰਕੇ ਇਸ ਚਾਰਦਿਵਾਰੀ ਤੋਂ ਬਾਹਰ ਨਿਕਲ ਵੀ ਆਈ ਤਾਂ ਉਹਨਾਂ ਨੂੰ ਮਾਨ-ਸਨਮਾਨ ਜੀਵਨ ਦੇਣ ਦਾ ਹੱਕ ਸਮਾਜ ਅਜੇ ਵੀ ਨਹੀਂ ਦਿੰਦਾ ਹੈ। ਚਾਰੋਂ ਪਾਸਿਉਂ ਇਕੱਲੀ ਔਰਤ 'ਤੇ ਗਿਰਝ ਦ੍ਰਿਸ਼ਟੀ ਰਹਿੰਦੀ ਹੈ। ਨਿਰੰਤਰ ਔਰਤ ਨੂੰ ਦੂਸ਼ਿਤ ਕਰਨ ਦੀ ਕੋਸ਼ਿਸ਼ ਜਾਰੀ ਰਹਿੰਦੀ ਹੈ। ਮਹਿੰਗਾਈ ਤੇ ਬੇਰੁਜ਼ਗਾਰੀ ਦੇ ਵਧਣ ਨਾਲ ਪ੍ਰੀਵਾਰ ਵਿਚਕਾਰ ਆਪਸੀ ਕਲੇਸ਼ ਹੋਰ ਵਧ ਗਿਆ ਹੈ। ਪ੍ਰੀਵਾਰ ਦੀ ਜ਼ਰੂਰਤ ਪੂਰੀ ਨਾ ਹੋਣ ਕਾਰਨ ਪਤੀ-ਪਤਨੀ ਵਿਚ ਝਗੜੇ ਏਨੇ ਵੱਧ ਜਾਂਦੇ ਹਨ ਕਿ ਇਹ ਘਰੇਲੂ ਹਿੰਸਾ ਦਾ ਰੂਪ ਲੈ ਲੈਂਦੇ ਹਨ ਕਈ ਵਾਰ ਅਵਸਾਦ ਗ੍ਰਸਿਤ

ਹੋ ਕੇ ਪਤੀ ਪਤਨੀ ਦੀ ਹੱਤਿਆ ਤਕ ਕਰ ਦਿੰਦੇ ਹਨ ਜਾਂ ਖੁਦ ਆਤਮ ਹੱਤਿਆ ਕਰ ਲੈਂਦੇ ਹਨ। ਵਧਦੀ ਸ਼ਰਾਬਖੋਰੀ ਨੇ ਤਾਂ ਬਲਦੀ 'ਤੇ ਤੇਲ ਦਾ ਕੰਮ ਕੀਤਾ ਹੈ। ਦੇਸ਼ ਦੀਆਂ ਸਰਕਾਰਾਂ ਨੇ ਆਮ ਲੋਕਾਂ ਨੂੰ ਸਹੂਲਤਾਂ ਦੇ ਨਾਂ ਹੇਠ ਵੱਡੀ ਉਮਰ ਦੀਆਂ ਔਰਤਾਂ ਲਈ ਸਿਰਫ 300 ਰੁਪਏ ਦੀ ਪੈਨਸ਼ਨ ਨਿਰਧਾਰਿਤ ਕੀਤੀ ਹੈ। ਇਸ ਦੇ ਲਈ ਏਨੇ ਸਰਕਾਰੀ ਪੰਗੇ ਹਨ ਕਿ ਜ਼ਿਆਦਾਤਰ ਜ਼ਰੂਰਤਮੰਦ ਔਰਤਾਂ ਨੂੰ ਇਹ ਮਿਲਦੀ ਹੀ ਨਹੀਂ। ਬਿਰਧ ਔਰਤਾਂ 'ਚ ਪੁਨਰਵਾਸ ਲਈ 1980 ਦੇ ਦਹਾਕੇ 'ਚ ਨਾਰੀਵਾਦੀਆਂ ਨੇ ਕਈ ਅੰਦੋਲਨ ਕੀਤੇ ਪਰ ਉਹ ਨੇਪਰੇ ਨਹੀਂ ਚੜ੍ਹ ਸਕੇ। ਐਨ ਜੀ ਓਵਾਦ ਦੀ ਦਲ-ਦਲ 'ਚ ਫਸ ਕੇ ਨਾਰੀ ਅੰਦੋਲਨ ਮੁਠੀਭਰ ਕਨੂੰਨੀ ਕਾਰਵਾਈਆਂ ਤੱਕ ਸੀਮਤ ਹੁੰਦਾ ਗਿਆ। ਔਰਤ ਦੀ ਸਥਿਤੀ ਬਦ ਤੋਂ ਬਦਤਰ ਹੁੰਦੀ ਗਈ। ਚੰਦ ਕਾਗਜ਼ੀ ਅਧਿਕਾਰ ਤੇ ਨਾਮਾਤਰ ਦੀ ਰਾਹਤ ਰਾਸ਼ੀ ਤੋਂ ਇਲਾਵਾ ਔਰਤ ਦੇ ਮੁੜ ਬਸੇਵੇ ਦੀ ਉਚਿਤ ਵਿਵਸਥਾ ਸਰਕਾਰ ਅੱਜ ਤੱਕ ਨਹੀਂ ਕਰ ਸਕੀ। ਸਿੱਟੇ ਵਜੋਂ ਕਿਸੇ ਨਾ ਕਿਸੇ ਕਾਰਨ ਕਰਕੇ ਘਰੇਲੂ ਹਿੰਸਾ ਜਾਰੀ ਰਹੀ ਅਤੇ ਅੱਜ ਦੇ ਦੌਰ 'ਚ ਘਰੇਲੂ ਹਿੰਸਾ ਆਪਣੀ ਸਿਖਰ 'ਤੇ ਹੈ।

ਨੈਸ਼ਨਲ ਕਰਾਈਮ ਰਿਕਾਰਡ ਬਿਊਰੋਦੀ 'ਐਕਸੀਡੈਂਟਲ ਡੈੱਥ ਐਂਡ ਸੁਈਸਾਈਡ' ਦੀ ਰੀਪੋਟ ਦੱਸਦੀ ਹੈ ਕਿ ਸਾਲ 1997 ਤੋਂ 2010 ਵਿਚਕਾਰ 49237 ਔਰਤਾਂ ਦੇ ਮਾਮਲੇ ਘਰੇਲੂ ਹਿੰਸਾ ਦੇ ਹਰ ਸਾਲ ਸਾਹਮਣੇ ਆਉਂਦੇ ਹਨ। ਰੀਪੋਟ ਕਹਿੰਦੀ ਹੈ ਕਿ ਲਗਭਗ 135 ਔਰਤਾਂ ਰੋਜਾਨਾ ਆਪਣੇ ਪਤੀ ਜਾਂ ਸਹੁਰਿਆਂ ਹੱਥੋਂ ਜਬਰ ਦਾ ਸ਼ਿਕਾਰ ਹੁੰਦੀਆਂ ਹਨ। ਹਰ 11ਵੇਂ ਮਿੰਟ 'ਚ ਇੱਕ ਔਰਤ ਆਪਣੇ ਸ਼ਾਦੀਸ਼ੁਦਾ ਸਬੰਧਾਂ ਕਰਕੇ ਅਤਿਆਚਾਰਾਂ ਦਾ ਸ਼ਿਕਾਰ ਹੁੰਦੀ ਹੈ। ਦੇਸ਼ ਭਰ 'ਚ ਔਰਤਾਂ ਦੇ ਨਾਲ ਹੋਣ ਵਾਲੇ ਅਪਰਾਧਾਂ 'ਚ ਘਰੇਲੂ ਦਾ ਹਿੰਸਾ ਦਾ 33.3 ਫੀਸਦੀ ਯੋਗਦਾਨ ਹੈ। ਘਰੇਲੂ ਹਿੰਸਾ ਰੂਪ ਕਿੰਨਾ ਵਿਆਪਕ ਹੁੰਦਾ ਜਾ ਰਿਹਾ ਹੈ ਇਸ ਦਾ ਅੰਦਾਜਾ ਸਿਰਫ ਏਨੇ ਨਾਲ ਨਹੀਂ ਲਾਇਆ ਜਾ ਸਕਦਾ ਹੈ ਕਿ ਘਰੇਲੂ ਹਿੰਸਾ ਦੇ ਸਾਰੇ ਰਜਿਸਟਰਡ ਕੇਸਾਂ ਵਿੱਚੋਂ ਸਿਰਫ 34.5 ਫੀਸਦੀ ਕੇਸ ਹੀ ਅਦਾਲਤਾਂ 'ਚ ਪੁਜਦੇ ਹਨ, ਜਿਹਨਾਂ 'ਤੇ ਕਾਰਵਾਈ ਹੁੰਦੀ ਹੈ। ਨਾਰੀ ਅੰਦੋਲਨ ਦੀ ਜਿਸ ਧਾਰ ਨੂੰ ਗੈਰ ਸਰਕਾਰੀ ਸੰਸਥਾਵਾਂ ਨੇ ਵਿਚਾਲੇ ਹੀ ਰੋਕ ਦਿੱਤਾ ਹੈ, ਉਸ ਨੂੰ ਅੱਜ ਫਿਰ ਤੋਂ ਤੇਜ ਕਰਨ ਦੀ ਲੋੜ ਬਣ ਜਾਂਦੀ ਹੈ।

# ਵਿਸ਼ਵੀ ਅਰਥਚਾਰੇ ’ਤੇ ਮੁੜ-ਮੰਦੀ ਦੇ ਬੱਦਲ ਕਿਉਂ ਛਾਏ

2008 ਤੋਂ ਚਾਲੂ ਹੋਈ ਆਰਥਕ ਮੰਦੀ ਨੇ ਪੂਰੇ ਸੰਸਾਰ ਨੂੰ ਆਪਣੀ ਲਪੇਟ ’ਚ ਲੈ ਲਿਆ। ਵਿਤੀ ਸੰਸਥਾਵਾਂ ਨੂੰ ਬਚਾਉਣ ਲਈ ਸਰਕਾਰ ਨੇ ਕਰਜਾ ਲਿਆ। ਇਸ ਕਰਜੇ ਦਾ ਬੋਝ ਏਨਾ ਜ਼ਿਆਦਾ ਸੀ ਕਿ ਸਰਕਾਰਾਂ ਕਰਜਾ (ਡੈਬਟ ਸਰਵਿਸ) ਪੂਰੀ ਕਰਨ ’ਚ ਅਸਮਰਥ ਹੋਣ ਲੱਗੀਆਂ। ਸਰਕਾਰਾਂ ਨੂੰ ਦਿਵਾਲੀਆ ਹੋਣ ਤੋਂ ਬਚਾਉਣ ਲਈ ਕੌਮਾਂਤਰੀ ਮੁਦਰਾ ਕੋਸ਼ (IMF) ਕਰਜਾ ਸਹਾਇਤਾ ਦੇਣ ਲਈ ਆਪਣੀਆਂ ਸ਼ਰਤਾਂ ਠੋਸਣ ਲੱਗਿਆ। ਆਈ. ਐਮ. ਐਫ. ਨੇ ਸਰਕਾਰਾਂ ’ਤੇ ਦਬਾਅ ਪਾਇਆ ਕਿ ਆਪਣੇ ਸਰਕਾਰੀ ਖਰਚੇ ਘੱਟ ਕਰੋ। ਸਰਕਾਰਾਂ ਅਸ਼ਿਟਰਿਟੀ ਮੀਜਰ ਦੇ ਨਾਂ ’ਤੇ ਸਮਾਜਕ ਸੁਰੱਖਿਆ ’ਚ ਕਟੌਤੀ ਕਰਨ ਲੱਗੀਆਂ। ਮਜ਼ਦੂਰਾਂ ਦੀਆਂ ਤਨਖਾਹਾਂ ’ਚ ਕਟੌਤੀ, ਪੈਨਸ਼ਨ ਪ੍ਰਾਪਤ ਕਰਨ ਦੀ ਉਮਰ ’ਚ ਵਾਧਾ ਤੋਂ ਲੈ ਕੇ ਸਿੱਖਿਆ ਤੇ ਸਿਹਤ ਸਹੂਲਤਾਂ ’ਚ ਕਟੌਤੀ ਕਰ ਦਿੱਤੀ ਗਈ। ਵੱਡੀ ਗਿਣਤੀ ’ਚ ਮਜ਼ਦੂਰਾਂ ਦੀ ਛਾਂਟੀ ਕਰਨ ਦਾ ਵੀ ਕੰਮ ਕੀਤਾ। ਸੰਨ 2009 ਤੋਂ ਪਿੱਛੋਂ ਥੋੜ੍ਹਾ ਵਾਧਾ ਅਰਥਚਾਰੇ ’ਚ ਨਜ਼ਰੀਂ ਪਿਆ ਤਾਂ ਦੁਨੀਆਂ ਦੇ ਪੂੰਜੀਪਤੀਆਂ, ਸਾਮਰਾਜੀਆਂ, ਅਰਥਸਾਸ਼ਤਰੀਆਂ ਤੇ ਪ੍ਰਚਾਰ ਤੰਤਰ ਨੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਹੁਣ ਬਹੁਤ ਜਲਦੀ ਹੀ ਆਰਥਕ ਮੰਦੀ ਖਤਮ ਹੋ ਜਾਵੇਗੀ। ਸਭ ਕੁਝ ਠੀਕ–ਠਾਕ ਹੋ ਜਾਵੇਗਾ ਅਤੇ ਅਰਥਚਾਰਾ ਸਰਪਟ ਦੌੜਣ ਲੱਗੇਗਾ। ਆਰਥਕ ਮੰਦੀ ਕਾਰਨ ਬੇਰੁਜ਼ਗਾਰਾਂ ਦੀ ਸੰਖਿਆ ’ਚ ਭਾਰੀ ਵਾਧਾ ਹੋਇਆ। ਕਰਜੇ ਸੰਕਟ ਕਾਰਨ ਯੂਰਪ ’ਚ ਸੰਕਟ ਹਰ ਡੂੰਘਾ ਹੋ ਗਿਆ। ਯੂਰੋ ਜੋਨ ਦੇ 17 ਦੇਸ਼ਾਂ ਵਿੱਚੋਂ 10 ਦੇਸ਼ਾਂ ਵਿਚ ਸਰਕਾਰ ਨੂੰ ਆਪਣੀ ਹਕੂਮਤ ਤਕ ਗੁਆਉਣੀ ਪਈ। ਸਮੱਸਿਆ ਤਾਂ ਹੱਲ ਨਹੀਂ ਹੋਈ ਬਲਕਿ ਯੂਰੋ ਜੋਨ ਹੀ ਟੁਟਣ ਦੇ ਕਾਰਨ ’ਤੇ ਪਹੁੰਚ ਗਿਆ ਹੈ। ਹੁਣ ਕਿਵੇਂ ਨਾ ਕਿਵੇਂ ਵਕਤ ਬੀਤ ਰਿਹਾ ਹੈ, ਵਿਸ਼ਵੀ ਅਰਥ ਵਿਵਸਥਾ ਲਈ ਫਿਰ ਸੰਕਟ ਦੇ ਬਦਲ ਨਜ਼ਰ ਆ ਰਹੇ ਹਨ।

ਯੂਰਪੀ ਯੂਨੀਅਨ ਦੇ 27 ਦੇਸ਼ਾਂ ਦੇ ਅਰਥਚਾਰਿਆਂ ਦਰ 2.4 ਫੀਸਦੀ ਸੀ, ਪਰ ਸਾਲ 2011 ਦੀ ਪਹਿਲੀ ਤਿਮਾਹੀ ’ਚ ਕੁਲ ਘਰੇਲੂ ਪੈਦਾਵਾਰ (GDP) ਦੀ ਵਾਧਾ ਦਰ ਘਟ ਕੇ 0.8 ਫੀਸਦੀ ਰਹਿ ਗਈ। ਆਰਥਕ ਸਹਿਕਾਰ ਤੇ ਵਿਕਾਸ ਸੰਗਠਨ (OECD) ਦੇ ਪੰਜ ਦੇਸ਼ਾਂ (ਜਿਸ ’ਚ ਗ੍ਰੀਸ ਸ਼ਾਮਲ ਨਹੀਂ ਹੈ) ਦੀ ਕੁਲ ਘਰੇਲੂ ਪੈਣਾਵਾਰ 2011 ਦੀ ਅੰਤਿਮ ਤਿਮਾਈ ’ਚ ਸੁਗੰੜੀ ਹੈ। ਇਟਲੀ, ਜਪਾਨ, ਨੀਦਰਲੈਂਡ ਤਿਮਾਹੀ ’ਚ 0.5 ਫੀਸਦੀ ਦਾ ਵਾਧਾ ਹੋਇਆ ਜਦ ਕਿ ਸਾਲ 2012 ਦੀ ਪਹਿਲੀ ਤਿਮਾਹੀ ’ਚ ਵਿਕਾਸ ਦਰ ਜੀਰੋ ਰਹੀ। ਮੰਗ ਘਟਣ ਕਾਰਨ ਪਿਛਲੇ ਮਈ ਮਹੀਨੇ ’ਚ ਬ੍ਰਿਟੇਨ ਦੀ ਸਨਅਤੀ ਪੈਦਾਵਾਰ ਪਿਛਲੇ ਤਿੰਨ ਸਾਲਾਂ ’ਚ ਸਭ ਤੋਂ ਤੇਜ ਰਫਤਾਰ ਨਾਲ ਸੁੰਗੜੀ ਹੈ। ਬ੍ਰਿਟੇਨ ਦਾ ਅਰਥਚਾਰਾ ਦੋ ਸਾਲਾਂ ’ਚ ਹੀ ਫਿਰ ਆਰਥਕ ਮੰਦੀ ਦੀ ਦਲਦਲ ’ਚ ਫਸ ਸਕਦਾ ਹੈ।, ਇਸ ਦਾ ਪੀ. ਐਮ. ਆਈ. (ਪਰਚੇਜ, ਮੈਨੇਜਰਸ ਇੰਡੈਕਸ) ਮਈ 2012 ’ਚ 45.9 ਸੀ ਜੋ ਮਈ 2009 ਤੋਂ ਸਭ ਤੋਂ ਘੱਟ

ਹੈ। ਅੰਕੜਿਆਂ ਅਨੁਸਾਰ ਯੂਰਪ ਦੀ ਸਭ ਤੋਂ ਵੱਡੀਆਂ ਅਰਥ ਵਿਵਸਥਾਵਾਂ ਫ੍ਰਾਂਸ ਤੇ ਜਰਮਨੀ ਦੀ ਸਨਅਤੀ ਪੈਦਾਵਾਰ ਵੀ ਪਿਛਲੇ ਤਿੰਨ ਸਾਲਾਂ 'ਚ ਸਭ ਤੋਂ ਤੇਜ ਰਫਤਾਰ ਨਾਲ ਸੁੰਗੜਨ ਲੱਗੀ ਹੈ। ਇਹ ਜਰਮਨੀ ਦੀ ਜੀ. ਡੀ. ਪੀ. ਦੀ ਵਿਕਾਸ ਦਰ ਹੀ ਸੀ ਜੋ ਯੂਰਪੀ ਯੂਨੀਅਨ ਦੀ ਸੰਯੁਕਤ ਅਰਥ ਵਿਵਸਥਾ ਨੂੰ ਸਾਲ 2012 ਦੀ ਪਹਿਲੀ ਤਿਮਾਹੀ 'ਚ ਆਰਥਕ ਮੰਦੀ 'ਚ ਡਿਗਣ ਤੋਂ ਬਚਾ ਲਿਆ। 2012 ਦੀ ਪਹਿਲੀ ਤਿਮਾਹੀ 'ਚ ਯੂਰਪੀ ਯੂਨੀਅਨ ਦੇ ਜੀ. ਡੀ. ਪੀ. ਦੀ ਵਿਕਾਸ ਦਰ ਜੀਰੋ ਰਹੀ। ਇਟਲੀ ਦੀ ਸਨਅਤੀ ਪੈਦਾਵਾਰ (ਮੈਨੂਫੈਕਚਰਿੰਗ) ਲਗਾਤਾਰ ਦਸ ਮਹੀਨਿਆਂ ਤੋਂ ਘਟ ਰਿਹਾ ਹੈ। ਜਦ ਕਿ ਸਪੇਨ 'ਚ ਪੀ. ਐਮ. ਆਈ. ਗ੍ਰੀਸ ਤੋਂ ਵੀ ਹੇਠਾਂ ਡਿੱਗ ਪਈ ਹੈ। ਇਹ ਸਾਰੇ ਦੇਸ਼ਾਂ 'ਚ ਸਭ ਤੋਂ ਹੇਠਾਂ ਹੈ। ਸਪੇਨ ਦਾ ਚੌਥਾ ਸਭ ਤੋਂ ਵੱਡਾ ਬੈਂਕ ਦੀਵਾਲੀਆ ਹੋਣ ਵੱਲ ਵਧ ਗਿਆ ਜਿਸ ਨੂੰ ਸਪੇਨ ਸਰਕਾਰ ਨੇ 4.5 ਅਰਬ ਯੂਰੋ ਦੇ ਕੇ ਅੰਸ਼ਿਕ ਰੂਪ 'ਚ ਕੌਮੀਕ੍ਰਿਤ ਕਰ ਦਿੱਤਾ। ਪਰ ਅਜੇ ਵੀ ਦੀਵਾਲੀਆ ਹੋਣ ਤੋਂ ਬਚਣ ਲਈ ਬੈਂਕ 19 ਅਰਬ ਯੂਰੋ ਸਰਕਾਰ ਤੋਂ ਮੰਗ ਰਿਹਾ ਹੈ। ਅਮਰੀਕੀ ਅਰਥਚਾਰੇ ਲਈ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਆਰਥਕ ਮੰਦੀ ਕਾਰਨ ਜੀ. ਡੀ. ਪੀ. ਵਿਕਾਸ ਕਰੇਗੀ, ਇਸ ਲਈ ਜੀ. ਡੀ. ਪੀ. ਵਿਕਾਸ ਦਰ ਤੇ ਨਵੇਂ ਰੁਜ਼ਗਾਰ ਵਾਧੇ ਨੂੰ ਪੇਸ਼ ਕੀਤਾ ਜਾ ਰਿਹਾ ਸੀ। ਪਿਛਲੀਆਂ ਤਿੰਨ ਤਿਮਾਹੀਆਂ 'ਚ ਵਿਕਾਸ ਦਰ 1.5 ਤੋਂ 1.6 ਫੀਸਦੀ ਰਹੀ ਜੋ ਸਾਲ 2011 ਦੇ ਪਹਿਲੀ ਤਿਮਾਹੀ ਦੀ 2.2 ਫੀਸਦੀ ਘਟ ਕੇ ਹੌਲੀ-ਹੌਲੀ 8.1 ਫੀਸਦੀ ਤੇ ਆ ਗਈ। ਪਰ ਮਈ 2012 'ਚ ਨਵੇਂ ਰੁਜ਼ਗਾਰ ਸਿਰਫ 69000 ਹੀ ਜੁੜੇ। ਇਹ ਵਿਸਲੇਸ਼ਕਾਂ ਦੇ ਅਨੁਮਾਨ ਦੇ ਅੱਧੇ ਤੋਂ ਵੀ ਘੱਟ ਹੈ। ਬੇਰੁਜ਼ਗਾਰੀ ਦੀ ਫੀਸਦੀ ਵੀ ਵਧਕੇ ਮਈ 'ਚ 8.2 ਫੀਸਦੀ ਹੋ ਗਈ। ਇਹ ਬੇਰੁਜ਼ਗਾਰੀ ਦਰ ਉਦੋਂ ਏਨੀ ਹੈ ਜਦ ਵੱਡੀ ਗਿਣਤੀ 'ਚ ਲੋਕ ਰੁਜ਼ਗਾਰ ਨਾਂ ਮਿਲਣ ਕਰਕੇ ਨਿਰਾਸ਼ ਹੋ ਕੇ ਰਜਿਸਟਰੇਸ਼ਨ ਹੀ ਨਹੀਂ ਕਰਵਾ ਰਹੇ ਹਨ। ਇਸ ਤੋਂ ਲੱਗਦਾ ਹੈ ਕਿ ਅਮਰੀਕੀ ਅਰਥਚਾਰੇ ਦੀ ਵੀ ਹਵਾ ਨਿਕਲ ਗਈ ਹੈ। ਇਸ ਦੌਰ 'ਚ ਚੀਨ ਤੇ ਭਾਰਤ ਨੂੰ ਅਰਥਸਾਸ਼ਤਰੀ ਵਿਸਵ ਅਰਥਚਾਰੇ ਦੀ ਵਿਕਾਸ ਦਰ ਨੂੰ ਉਪਰ ਬਣਾਈ ਰੱਖਣ ਵਜੋਂ ਵੇਖਦੇ ਹਨ। 2012 ਦੀ ਪਹਿਲੀ ਤਿਮਾਹੀ 'ਚ ਚੀਨ ਦੀ ਵਿਕਾਸ ਦਰ ਮੱਠੀ ਪੈ ਕੇ 8.1 ਫੀਸਦੀ ਰਹੀ। ਚੀਨ ਦੇ ਕੌਮੀ ਅੰਕੜਾ ਵਿਭਾਗ ਵੱਲੋਂ ਪੇਸ਼ ਅੰਕੜਿਆਂ ਅਨੁਸਾਰ ਇਹ ਵਿਕਾਸ ਦਰ ਪਿਛਲੇ 11 ਤਿਮਾਹੀਆਂ ਦੀ ਵਿਕਾਸ ਦਰ 'ਚ ਸਭ ਤੋਂ ਹੇਠਾਂ ਹੈ। ਸੰਨ 2011 ਦੀ ਚੌਥੀ ਤਿਮਾਹੀ 'ਚ ਵਿਕਾਸ ਦਰ 8.9 ਫੀਸਦੀ ਸੀ। ਪਿਛਲੇ ਸਾਲ ਦੇ 9.2 ਦੀ ਵਿਕਾਸ ਦਰ ਦਾ ਟੀਚਾ ਚੀਨ ਸਰਕਾਰ ਵੱਲੋਂ 7.5 ਫੀਸਦੀ ਰੱਖਿਆ ਗਿਆ ਹੈ। ਯੂਰਪ ਦੇ ਕਰਜਾ ਸੰਕਟ ਤੇ ਅਮਰੀਕਾ ਦੀ ਮੱਠੀ ਵਿਕਾਸ ਦਰ ਕਾਰਨ ਘਟਦੀ ਮੰਗ ਕਰਕੇ ਨਿਵੇਸ਼ਕ ਚੀਨ ਦੀ ਸਨਅਤ 'ਚ ਨਿਵੇਸ਼ ਕਰਨ ਤੋਂ ਡਰਨ ਲੱਗੇ ਹਨ।

ਭਾਰਤ ਦੇ ਸਾਲ 2011-012 ਦੀ ਅੰਤਿਮ ਤਿਮਾਹੀ 'ਚ ਜੀ. ਡੀ. ਪੀ. ਵਿਕਾਸ ਦਰ ਘਟ ਕੇ 5.3 ਫੀਸਦੀ ਆ ਗਈ ਤੇ ਸਨਅਤੀ ਪੈਦਾਵਾਰ ਵੀ ਸਿਮਟੀ ਹੈ। ਸਾਲ 2011-12 ਦੀ ਵਿਕਾਸ ਦਰ 6.5 ਫੀਸਦੀ ਰਹੀ। ਇਹ ਵਿਚਕਾਰ ਦਰ ਆਰਥਕ ਮੰਦੀ ਦੇ ਦੌਰ 'ਚ ਸਭ ਤੋਂ ਘੱਟ ਵਿਕਾਸ ਦਰ ਤੋਂ ਵੀ ਹੇਠਾਂ ਚਲੀ ਗਈ ਹੈ। ਆਰਥਕ ਮੰਦੀ ਦੇ ਦੌਰ 'ਚ ਸਭ ਤੋਂ ਘੱਟ ਵਿਕਾਸ ਦਰ ਸਾਲ 2009-10 'ਚ

6.7 ਫੀਸਦੀ ਸੀ। ਬ੍ਰਾਜੀਲ ਦੀ ਵੀ ਅਰਥਵਿਵਸਥਾ ਦੀ ਸਾਲ 2012 ਦੀ ਪਹਿਲੀ ਤਿਮਾਹੀ ’ਚ ਵਿਕਾਸ ਦਰ ਸਿਰਫ 0.2 ਫੀਸਦੀ ਰਹੀ। ਇਸ ਕਾਰਜ ਸੰਕਟ ਦਾ ਅਹਿਸਾਸ ਕਰਕੇ ਕੌਮਾਂਤਰੀ ਬਾਜ਼ਾਰ ’ਚ ਕੱਚੇ ਤੇਲ ਦੀ ਕੀਮਤ 98 ਡਾਲਰ ਪ੍ਰਤੀ ਬੈਰਲ ਤਲ ਘਟ ਕੇ ਹੇਠਾਂ ਆ ਗਈ ਹੈ। ਅੰਤ ਇੱਕ ਵਾਰੀ ਫਿਰ ਵਿਸ਼ਵ ਅਰਥਚਾਰੇ ’ਤੇ ਆਰਥਕ ਮੰਦੇ ਦੇ ਬੱਦਲ ਡੂੰਘੇ ਹੋਣ ਲੱਗੇ ਹਨ।

# ਕਿਵੇਂ ਪੇਡ ਨਿਊਜ਼ ਦੇ ਜਰੀਏ ਵਧਦੀ ਧਾਰਮਕ ਪੂੰਜੀ?

ਭਾਰਤ 'ਚ ਧਾਰਮਿਕ ਪੂੰਜੀ ਤੇਜੀ ਨਾਲ ਵਧ ਰਹੀ ਹੈ। ਸਵਾਮੀ ਅਯੋਕਸ਼ਾਨੰਦ ਨੇ ਸੰਨ 1998 'ਚ ਕਿਹਾ ਕਿ ਰਿਜ਼ਰਵ ਬੈਂਕ ਆਫ ਇੰਡੀਆ ਦੀ ਕੁਲ ਪੂੰਜੀ ਦੀ 15 ਫੀਸਦੀ ਪੂੰਜੀ ਦੇਸ਼ ਦੇ ਮੰਦਰਾਂ ਵਿਚ ਹੈ। ਇਹ ਪੂਰੀ ਤਰ੍ਹਾਂ ਧਾਰਮਕ ਭ੍ਰਿਸ਼ਟਾਚਾਰ ਹੈ। ਲੋਕਾਂ ਨੂੰ ਭ੍ਰਿਸ਼ਟਾਚਾਰ ਕਰਕੇ ਲੁੱਟ-ਘਸੁੱਟ ਕੀਤੀ ਜਾ ਰਹੀ ਹੈ। ਸਮਾਨਾਂਤਰ ਅਰਥਚਾਰਾ ਚਲਾਇਆ ਜਾ ਰਿਹਾ ਹੈ। 'ਤਦਭਵ' ਦੇ ਰਜਤ ਜਯੰਤੀ ਦੇ ਅੰਕ ਵਿੱਚ ਸਬੰਧੀ 22 ਅਪ੍ਰੈਲ ਨੂੰ ਲਖਨਊ 'ਚ ਆਯੋਜਿਤ ਬਹਿਸ 'ਚ ਦਲਿਤ ਰਚਨਾਕਾਰ ਤੁਲਸੀ ਰਾਮ ਦੀ ਇਹ ਟਿਪਣੀ ਨਿਰਮਲ ਜੀਤ ਸਿੰਘ ਨਰੂਲਾ ਉਰਫ ਨਿਰਮਲ ਬਾਬਾ ਦੇ ਪਾਖੰਡ ਤੇ ਉਸ ਦੇ ਜਰੀਏ ਕੀਤੀ ਜਾ ਰਹੀ ਆਮ ਲੋਕਾਂ ਦੀ ਲੁੱਟ ਦੇ ਪ੍ਰਸੰਗ 'ਚ ਠੀਕ ਬੈਠਦੀ ਹੈ। ਨਿਰਮਲ ਬਾਬਾ ਨੂੰ ਦੈਵੀ-ਅਸ਼ੀਰਵਾਦ ਵਜੋਂ ਮਿਲੀ 'ਤੀਜੀ ਅੱਖ' (ਜਿਵੇਂ ਉਹ ਕਹਿੰਦੇ ਹਨ) ਤੇ ਧਰਮ ਦੀ ਆੜ ਵਿੱਚ ਉਹਨਾਂ ਵੱਲੋਂ ਕੀਤੇ ਜਾ ਰਹੇ 'ਚਮਤਕਾਰਾਂ' ਬਾਰੇ ਗੱਲ ਕੀਤੀ ਜਾਵੇ। ਇਸ ਤੋਂ ਪਹਿਲਾਂ ਉਹ ਕੀ ਸਨ। ਫਿਰ ਨਿਰਮਲ ਬਾਬਾ ਕਿਵੇਂ ਬਣੇ ਇਹ ਦੱਸਣਾ ਜ਼ਰੂਰੀ ਹੈ।

ਨਿਰਮਲ ਬਾਬਾ ਸਾਂਸਦ ਇੰਦਰਜੀਤ ਸਿੰਘ ਨਾਮਧਾਰੀ ਦੇ ਸਾਲੇ ਹਨ। ਨਾਮਧਾਰੀ ਜੀ ਝਾਰਖੰਡ ਵਿਧਾਨ ਸਭਾ ਦੇ ਸਭਾਪਤੀ ਰਹਿ ਚੁੱਕੇ ਹਨ ਤੇ ਫਿਲਹਾਲ ਚਤਰਾਂ ਤੋਂ ਐਮ. ਪੀ. ਹਨ। ਨਿਰਮਲ ਬਾਬਾ ਨੇ ਪਹਿਲਾਂ ਠੇਕੇਦਾਰੀ ਕੀਤੀ, ਇੱਟਾਂ ਦਾ ਭੱਠਾ ਲਾਇਆ, ਕੱਪੜੇ ਦੀ ਦੁਕਾਨ ਖੋਹਲੀ। ਇਕ-ਇੱਕ ਕਰਕੇ ਸਭ ਕੰਮ 'ਚ ਨਾਕਾਮ ਹੁੰਦੇ ਗਏ। ਇਸ ਕਰਕੇ ਧੰਦਾ ਬਦਲਦੇ ਗਏ। ਚਾਰੋਂ ਪਾਸਿਉਂ ਤੋਂ ਥੱਕ ਹਾਰ ਕੇ ਧੰਦੇ ਦੀ ਭਾਲ 'ਚ ਝਾਰਖੰਡ ਤੋਂ ਦਿੱਲੀ ਪੁੱਜੇ। ਨਿਰਮਲ ਜੀਤ ਸਿੰਘ ਨਰੂਲਾ ਤੋਂ ਨਿਰਮਲ ਬਾਬਾ ਬਣੇ। ਧਰਮ ਦੇ ਨਾਂ ਹੇਠ ਪਖੰਡ ਦਾ ਧੰਦਾ ਸ਼ੁਰੂ ਕੀਤਾ। ਉਸ ਸਮੇਂ ਅੱਜ ਵਰਗੀਆਂ ਹਾਲਤਾਂ ਨਹੀਂ ਸਨ। ਨੋਇਡਾ ਦੇ ਇਕ ਸਟੂਡੀਓ 'ਚ ਪ੍ਰੋਗ੍ਰਾਮ ਦੀ ਸ਼ੂਟਿੰਗ ਹੁੰਦੀ ਸੀ। ਲੋਕਾਂ ਨੂੰ ਪੈਸੇ ਦੇ ਕੇ ਬੈਠਣ ਲਈ ਬੁਲਾਇਆ ਜਾਂਦਾ ਸੀ। ਸੁਆਲ ਪੁਛਣ ਵਾਲਿਆਂ ਨੂੰ ਵੱਧ ਪੈਸੇ ਦਿੱਤੇ ਜਾਂਦੇ ਸਨ। ਬਾਬਾ ਦੇ ਖਾਸ ਸਿਪਾਸਾਲਾਰਾਂ ਨੇ ਇਸ ਪ੍ਰੋਗ੍ਰਾਮ ਦਾ ਖੂਬ ਪ੍ਰਚਾਰ-ਪਸਾਰ ਕੀਤਾ। ਟੀ. ਵੀ. ਚੈਨਲਾਂ ਨੂੰ ਮੈਨੇਜ ਕੀਤਾ। ਇਹਨਾਂ ਦੇ ਜਰੀਏ ਨਿਰਮਲ ਬਾਬਾ ਘਰ-ਘਰ ਪਹੁੰਚਣ ਲੱਗੇ। ਧੰਦਾ ਜੋਰ ਫੜਨ ਲੱਗਿਆ। ਜੋ ਕਦੀ ਪੈਸੇ ਦੇ ਕੇ ਲੋਕਾਂ ਤੋਂ ਸੁਆਲ ਪੁਛਵਾਦਾਂ ਸੀ ਅੱਜ ਉਹ ਆਪਣੇ ਨਿਰਮਲ ਦਰਬਾਰ 'ਚ ਸ਼ਾਮਲ ਹੋਣ ਲਈ ਦੋ ਹਜ਼ਾਰ ਰੁਪਏ ਵਸੂਲਦਾ ਹੈ। ਬਾਬਾ ਹਜ਼ਾਰਾਂ ਤੋਂ ਲੱਖਾਂ 'ਚ ਖੇਡਣ ਲੱਗਿਆ ਅਤੇ ਹੁਣ ਤਾਂ ਕਰੋੜਾਂ ਅਰਬਾਂ 'ਚ ਖੇਡ ਰਿਹਾ ਹੈ। ਉਹਨਾਂ ਦਾ ਕਹਿਣਾ ਹੈ ਕਿ ਉਹਨਾਂ ਕੋਲ ਦੋ ਤੋਂ ਇਲਾਵਾ ਇੱਕ ਤੀਜੀ ਅੱਖ ਹੈ। ਉਸ ਨੂੰ ਰੱਬੀ ਅਸ਼ੀਰਵਾਦ ਹਾਸਲ ਹੈ। ਇਸ ਝੂਠ ਦੇ ਨਾਂ ਹੇਠ ਉਹ ਲੋਕਾਂ ਦੀਆਂ ਗੰਭੀਰ ਬੀਮਾਰੀਆਂ ਨੂੰ ਠੀਕ ਕਰਦਾ ਦਾ ਦਾਅਵਾ ਕਰਦੇ ਹਨ। ਉਹਨਾਂ ਦੀ ਹਰ ਸਮੱਸਿਆ ਸੁਲਝਾਉਣ ਦੀ ਗੱਲ ਕਰਦੇ ਹਨ। ਇਸ ਲਈ ਅਜੀਬੋ ਗਰੀਬ ਟੋਟਕੇ ਦੱਸਦੇ

ਹਨ। ਹੱਦ ਉਦੋਂ ਹੋਣ ਲੱਗੀ ਜਦੋਂ ਇਕ ਜਾਂ ਦੋ ਨਹੀਂ 36 ਟੀ. ਵੀ. ਚੈਨਲਾਂ (ਬਹੁਤੇ ਖਬਰੀ ਚੈਨਲ) ਦੇ ਜ਼ਰੀਏ ਉਹਨਾਂ ਦੇ ਟੋਟਕੇ ਆਮ ਲੋਕਾਂ ਤਕ ਪਹੁੰਚਣ ਲੱਗੇ। ਟੀ. ਵੀ. ਨਿਊਜ਼ ਚੈਨਲਾਂ ਨੂੰ ਉਸ ਨਾਲ ਕਰੋੜਾਂ ਰੁਪਏ ਮਿਲਣ ਲੱਗੇ। ਸੋ ਉਹਨਾਂ ਨੇ ਇਸ 'ਤੇ ਖਬਰ ਵਿਖਾਉਣਾ ਸਹੀ ਨਹੀਂ ਸਮਝਿਆ ਪਰ ਹੈਰਾਨ ਕਰਨ ਵਾਲੀ ਗੱਲ ਇਹ ਕਿ ਕਿਸੇ ਵੀ ਅਖਬਾਰ ਨੇ ਇਸ ਪਖੰਡ ਖਿਲਾਫ ਕਲਮ ਚਲਾਉਣ ਦੀ ਲੋੜ ਨਹੀਂ ਸਮਝੀ।

ਭਲਾ ਹੋਵੇ ਸੋਸ਼ਲ ਇੰਡੀਆ ਦਾ ਜਿਸ ਨੇ ਨਿਰਮਲ ਬਾਬਾ ਦਾ ਪਖੰਡ ਦੇਸ਼ ਦੇ ਸਾਹਮਣੇ ਲਿਆਉਣ 'ਚ ਅਹਿਮ ਭੂਮਿਕਾ ਅਦਾ ਕੀਤੀ। ਸੋਸ਼ਲ ਇੰਡੀਆ ਤੇ ਹਰ ਰੋਜ਼ ਲੋਕ ਨਿਰਮਲ ਬਾਬਾ ਦੇ ਕਾਰਨਾਮਿਆਂ ਦੀ ਪੋਲ ਖੋਹਲਣ ਲੱਗੇ। ਵੈਬ ਸਾਈਟਾਂ ਦੇ ਜ਼ਰੀਏ ਟੀ. ਵੀ. ਚੈਨਲਾਂ 'ਤੇ ਚਲ ਰਹੇ ਸਮਾਗਮ 'ਤੇ ਸੁਆਲ ਉਠਣ ਲੱਗੇ। ਇਸ ਦੌਰਾਨ ਲਖਨਊ 'ਚ ਤਾਨਿਆ ਤੇ ਆਦਿਤਆ (ਆਈ. ਪੀ. ਐਸ. ਅਭਿਤਾਭ ਠਾਕਰ ਦੇ ਨਾਬਾਲਗ ਬੱਚਿਆਂ) ਨੇ ਪੁਲਸ 'ਚ ਸ਼ਿਕਾਇਤ ਕੀਤੀ ਤੇ ਕਿਹਾ ਕਿ ਟੀ. ਵੀ. 'ਤੇ ਇਕ ਆਦਮੀ ਦੇਸ਼ ਦੇ ਲੋਕਾਂ ਨੂੰ ਧਰਮ ਦਾ ਭੈਅ ਅਤੇ ਆਪਣੀ ਝੂਠੀ ਮਹਿਮਾ ਵਿਖਾ ਕੇ ਬੇਵਕੂਫ ਬਣਾ ਰਿਹਾ ਹੈ। ਉਸ ਦੀਆਂ ਹਰਕਤਾਂ ਨਾਲ ਅੰਧਵਿਸਵਾਸ਼ ਨੂੰ ਹੱਲਾਸ਼ੇਰੀ ਮਿਲ ਰਹੀ ਹੈ। ਮੁਕੱਦਮਾ ਲਿਖਣ 'ਚ ਹਮੇਸ਼ਾ ਟਾਲਮਟੋਲ ਕਰਨ ਵਾਲੀ ਉਤਰਪ੍ਰਦੇਸ਼ ਪੁਲਸ ਨੇ ਇਸ ਮਾਮਲੇ 'ਚ ਵੀ ਉਹੀ ਕੀਤਾ। ਆਪਣੇ ਹੀ ਵਿਭਾਗ ਦੇ ਆਲਾ ਅਫਸਰ ਦੇ ਬੱਚਿਆਂ ਨੂੰ ਇਕ ਮਹੀਨੇ ਤਕ ਥਾਣੇ ਦੇ ਚੱਕਰ ਕਢਵਾਏ। ਬੱਚਿਆਂ ਨੂੰ ਮਜ਼ਬੂਰ ਹੋ ਕੇ ਮੁਕੱਦਮਾ ਦਰਜ ਕਰਾਉਣ ਲਈ ਕੋਰਟ ਦਾ ਸਹਾਰਾ ਲਿਆ। ਇਸ ਲਈ ਤਰਕ ਦਿੱਤਾ-ਫਰਜੀ ਚੈਕ ਰਾਹੀਂ ਬਾਬਾ ਦੇ ਬੈਂਕ ਖਾਤੇ 'ਚੋਂ ਕਿ ਸੀ ਬੰਦੇ ਨੇ ਮੋਟੀ ਰਕਮ ਕਢਵਾ ਲਈ। ਉਹ ਜਦ ਆਪਣੇ ਬੈਂਕ ਖਾਤੇ ਦੀ ਰਾਖੀ ਨਹੀਂ ਕਰ ਸਕਦੇ ਤਾਂ ਉਹਨਾਂ ਦੇ ਦੱਸੇ ਉਪਾਵਾਂ ਨਾਲ ਆਖਰ ਕਿਸ ਦਾ ਲਾਭ ਹੋ ਸਕਦਾ ਹੈ। ਅਦਾਲਤ ਨੇ ਮਾਮਲੇ ਨੂੰ ਸੁਣਦੇ ਹੋਇਆਂ 1999 ਦੇ ਸੁਪਰੀਮ ਕੋਰਟ ਦੇ ਫੈਸਲੇ ਦਾ ਹਵਾਲਾ ਦੇ ਕੇ ਕਿਹਾ ਕਿ ਜੇ ਬੰਦਾ ਆਪਣੇ ਆਪ ਨੂੰ ਦੈਵੀ ਸ਼ਕਤੀਆਂ ਵਜੋਂ ਪੇਸ਼ ਕਰਕੇ ਰੋਗ ਦੂਰ ਕਰਨ ਦੀ ਗੱਲ ਕਰਦਾ ਹੈ।

ਇਸ ਦੇ ਲਈ ਪੈਸਾ ਲੈਂਦਾ ਹੈ ਤਾਂ ਉਸ ਦੇ ਕਰਤਵ ਨਾਲ ਧੋਖਾਧੜੀ ਦਾ ਕੇਸ ਬਣਦਾ ਹੈ। ਅਦਾਲਤ ਦੇ ਹੁਕਮ ਨਾਲ ਪੁਲਸ ਨੇ ਮਜ਼ਬੂਰੀ ਨਾਲ ਮੁਕੱਦਮਾ ਤਾਂ ਲਿਖ ਲਿਆ ਪਰ ਉਹ ਇਸ ਦੀ ਜਾਂਚ ਪੜਤਾਲ ਕਰਨ ਤੋਂ ਰਹੀ। ਮੁਕੱਦਮਾ ਦਾਇਰ ਹੋਣ ਪਿੱਛੋਂ ਹੋਰ ਮੀਡੀਆ ਨੇ ਵੀ ਬਾਬਾ ਦੀ ਅਖੌਤੀ ਦੈਵੀ ਸ਼ਕਤੀ ਦੀ ਅਸਲੀਅਤ ਦੱਸਣ ਦੀ ਕੋਸ਼ਿਸ਼ ਕੀਤੀ। ਬਾਬਾ ਦੇ ਜਿਸ ਧੰਦੇ ਖਿਲਾਫ ਅੱਜ ਆਵਾਜ਼ਾਂ ਉਠ ਰਹੀਆਂ ਹਨ ਉਸ ਨੂੰ ਪ੍ਰਵਾਨ ਚੜਾਉਣ 'ਚ ਟੀ. ਵੀ. ਚੈਨਲਾਂ ਦੀ ਵੱਡੀ ਭੂਮਿਕਾ ਰਹੀ ਹੈ। ਆਮ ਪ੍ਰੋਗ੍ਰਾਮ ਵਜੋਂ ਵਿਖਾਏ ਜਾ ਰਹੇ ਬਾਬੇ ਦੇ ਇਸ਼ਤਿਹਾਰਾਂ ਤੋਂ ਨੇ ਚੈਨਲਾਂ ਨੇ ਮੋਟੀ ਕਮਾਈ ਕੀਤੀ। ਪਤਿਰਕਾਰਿਤਾ ਦੇ ਮਾਪਦੰਡਾਂ ਨੂੰ ਚਕਨਾਚੂਰ ਕਰ ਦਿੱਤਾ। ਉਥੇ ਕੇਂਦਰ ਸਰਕਾਰ ਦੇ ਜਿੰਮੇਵਾਰ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੇ ਵੀ ਇਸ ਫਰਜੀਵਾੜੇ ਵੱਲ ਗੌਰ ਨਹੀਂ ਫਰਮਾਇਆ। ਚੈਨਲ 'ਤੇ ਪ੍ਰਾਈਮ ਦਾ ਸਭ ਤੋਂ ਰੁਝੇਵਿਆਂ ਭਰਿਆ ਸਮਾਂ ਖਰੀਦ ਕੇ ਆਪਣੀ ਅਖੌਤੀ ਅਲੌਕਿਕ ਸ਼ਕਤੀ ਵਿਖਾਉਣ ਜਾਂ ਦੁੱਖ ਰੋਣ ਨਾਲ ਭਗਤਾਂ ਨੂੰ ਅਜੀਬੋਗਰੀਬ ਉਪਾਅ ਦੱਸਦੇ ਬੰਦੇ ਦੇ ਅੰਧ ਵਿਸਵਾਸ਼ ਫੈਲਾਉਣ ਵਾਲੇ ਕਾਰਨਾਮੇ

ਕੀ ਕਿਸੇ ਕਾਨੂੰਨ ਦੇ ਦਾਇਰੇ 'ਚ ਨਹੀਂ ਆਉਂਦੇ। ਉਹ ਇਕ ਇੰਟਰਵਿਊ 'ਚ ਕਹਿੰਦੇ ਵੀ ਹਨ ਕਿ ਮੈਂ 238 ਕਰੋੜ ਦੀ ਰਕਮ ਕਿਸੇ ਤੋਂ ਮੰਗ ਕੇ ਨਹੀਂ ਇਕੱਠੀ ਕੀਤੀ ਬਲਕਿ ਲੋਕਾਂ ਨੇ ਮਰਜ਼ੀ ਨਾਲ ਮੇਰੇ ਖਾਤੇ 'ਚ ਜਮ੍ਹਾਂ ਕਰਵਾਈ ਹੈ। ਇਸ ਦੇ ਬਾਵਜੂਦ ਸਰਕਾਰੀ ਮਹਿਕਮਿਆਂ ਲਈ ਇਹ ਜਾਂਚ ਦਾ ਵਿਸ਼ਾ ਨਹੀਂ ਬਣਦਾ।

ਝੂਠ ਫਰੇਬ ਦੀ ਪੋਲ ਖੁੱਲਦੀ ਵੇਖ ਬਾਬਾ ਦੇ ਮੈਨੇਜਰਾਂ ਨੇ ਚੈਨਲਾਂ ਵਾਗੂੰ ਆਨ-ਲਾਈਨ ਮੀਡੀਆ ਨੂੰ ਵੀ ਮੈਨੇਜ ਕਰਨ ਦੀ ਕੋਸ਼ਿਸ਼ ਕੀਤੀ। ਨੋਟਿਸ ਭੇਜ ਕੇ ਉਹਨਾਂ ਨੂੰ ਡਰਾਉਣ-ਧਮਕਾਉਣ ਦਾ ਕੰਮ ਕੀਤਾ ਪਰ ਸਫਲ ਨਹੀਂ ਹੋਏ। ਟੀ. ਵੀ. ਚੈਨਲ ਅੱਜਕੱਲ ਇੱਕ ਤਾਕਤਵਰ ਮਾਧਿਅਮ ਹੈ, ਇਸ ਲਈ ਕੁਝ ਸਮਾਂ ਪਹਿਲਾਂ ਬਾਬਾ ਰਾਮਦੇਵ ਨੇ ਇਸ ਦੀ ਖ਼ੂਬ ਵਰਤੋਂ ਕੀਤੀ। ਹਰ ਰੋਜ਼ ਟੀ. ਵੀ. ਤੇ ਉਹਨਾਂ ਦੇ ਕਰਤਵੇਂ ਘੰਟਿਆਂ ਲਾਈਵ ਵਿਖਾਏ ਜਾਂਦੇ ਰਹੇ। ਆਪਣਾ ਯੋਗ ਸਾਮਰਾਜ ਤੇ ਦਵਾਈਆਂ ਦਾ ਕਾਰੋਬਾਰ ਏਨਾ ਵਧਾ ਲਿਆ ਕਿ ਅੱਜ ਉਹ ਦੇਸ਼ ਦੇ ਅਸਰ ਰਸੂਖ ਲੋਕਾਂ 'ਚ ਗਿਣੇ ਜਾਂਦੇ ਹਨ। ਨਿਰਮਲ ਬਾਬਾ ਨੇ ਵੀ ਇਸ ਟੀ. ਵੀ. ਮੀਡੀਆ ਦੀ ਵਰਤੋਂ ਕੀਤੀ ਅਤੇ ਅੱਜ ਉਹ ਅਰਬਾਂ 'ਚ ਖੇਡ ਰਹੇ ਹਨ। ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾ ਕੇ ਉਹਨਾਂ ਨੂੰ ਠੱਗ ਰਹੇ ਹਨ। ਉਹਨਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਹੇ ਹਨ। ਇਸ ਜਾਹਲਸਾਜੀ ਦਾ ਪਰਦਾਫਾਸ਼ ਕਰਨ ਦੀ ਬਜਾਏ ਨਿਊਜ ਚੈਨਲ ਉਸ ਨੂੰ ਹੱਲਾਸ਼ੇਰੀ ਦੇਣ 'ਚ ਲੱਗੇ ਹਨ।

ਨਿਰਮਲ ਦਰਬਾਰ ਦਾ ਪ੍ਰਸਾਰਣ ਹਰ ਰੋਜ਼ 36 ਟੀ. ਵੀ. ਚੈਨਲਾਂ 'ਤੇ ਹੋ ਰਿਹਾ ਹੈ। ਉਹ ਔਸਤਾਨ ਰੋਜ਼ 22 ਘੰਟੇ ਚੈਨਲ 'ਤੇ ਆਉਂਦੇ ਹਨ। ਕੁਝ ਦਿਨ ਪਹਿਲਾਂ ਭਰਿਸ਼ਟਾਚਾਰ ਦੇ ਨਾਂ 'ਤੇ ਵਿਖਾਏ ਗਏ ਤਮਾਸ਼ੇ ਦਾ ਦਿਨ ਰਾਤ ਲਾਈਵ ਨਵਰੇਜ ਕੀਤਾ। ਉਸ ਨਾਲ ਚੈਨਲਾਂ ਨੂੰ 37.5 ਫੀਸਦੀ ਦੀ ਰਿਕਾਰਡ ਤੋੜ ਟੀ. ਆਰ. ਪੀ. ਮਿਲੀ ਸੀ। ਇਹ ਦੇਖ ਕੇ ਚੈਨਲਾਂ ਦੇ ਜਿੰਮੇਵਾਰ ਲੋਕਾਂ ਦੇ ਸੁਰ ਬਦਲ ਗਏ, ਇੰਨਾ ਹੀ ਨਹੀਂ ਚੈਨਲਾਂ ਦੇ ਹਿੱਤ 'ਚ ਕੰਮ ਕਰਨ ਵਾਲੀਆਂ ਦੇ ਨੁਮਾਇੰਦਿਆਂ ਤਕ ਨੇ ਬਿਨਾਂ ਸੋਚੇ ਸਮਝੇ ਕਹਿ ਦਿੱਤਾ ਸੀ ਕਿ ਦੇਸ਼ ਨੂੰ ਅੰਨਾ ਦੀ ਲੋੜ ਹੈ। ਦਿਸਿਆ ਤਾਂ ਨਿਰਮਲ ਬਾਬਾ ਦੀ ਰੌਸ਼ਨੀ ਉਸ ਤੋਂ ਤੇਜੀ ਨਾਲ ਫੈਲ ਗਈ। ਉਹਨਾਂ ਨੇ ਅੰਨਾ ਦੇ 37.5 ਫੀਸਦੀ ਰਿਕਾਰਡ ਨੂੰ ਤੋੜ ਕੇ 40 ਫੀਸਦੀ ਤਕ ਪਹੁੰਚਾ ਦਿੱਤਾ। ਅਜਿਹੇ 'ਚ ਕੀ ਇਹ ਕਿਹਾ ਜਾਵੇਗਾ ਕਿ ਇਸ ਦੇਸ਼ ਨੂੰ ਨਿਰਮਲ ਬਾਬਾ ਦੇ ਰੂਪ 'ਚ ਇੱਕ ਪਖੰਡੀ ਦੀ ਲੋੜ ਹੈ। ਚੈਨਲਾਂ ਦੀ ਟੀ. ਆਰ. ਪੀ. ਨਾਪਣ ਵਾਲੀ ਕੰਪਨੀ ਟੈਮ ਦੀ ਰੀਪੋਟ ਕਹਿੰਦੀ ਹੈ ਕਿ-ਨਿਊਜ਼ ਚੈਨਲਾਂ ਦੇ ਸਭ ਤੋਂ ਵੱਧ ਦੇਖੇ ਜਾਣ ਵਾਲੇ 10 ਚੈਨਲਾਂ ਦੇ ਪ੍ਰੋਗ੍ਰਾਮਾਂ 'ਚ ਨਿਰਮਲ ਬਾਬਾ ਦੀ ਥਰਡ ਆਈ (ਉਹਨਾਂ ਦੇ ਪ੍ਰੋਗ੍ਰਾਮ ਦਾ ਨਾਂ) ਸ਼ਾਮਲ ਹੈ। ਚੌਂਕਾਉਣ ਵਾਲੀ ਗੱਲ ਇਹ ਹੈ ਕਿ ਇਹਨਾਂ ਦਸਾਂ 'ਚੋਂ ਇੱਕ ਵੀ ਨਿਊਜ਼ ਪ੍ਰੋਗ੍ਰਾਮ ਨਹੀਂ ਹੈ। ਚੈਨਲਾਂ 'ਚ ਥਰਡ ਆਈ ਕਾਰਨ ਸਭ ਤੋਂ ਵੱਧ ਫਾਇਦਾ ਇੰਡੀਆ ਟੀ. ਵੀ. ਨੂੰ ਹੋਇਆ ਹੈ ਜਦ ਕਿ ਛੋਟੇ ਨਿਊਜ਼ ਚੈਨਲ ਸਹਾਰਾ ਸਮੇਂ ਨਿਊਜ਼-24, ਪੀ-7 ਵੀ ਸਮਾਗਮ ਦੇ ਜ਼ਰੀਏ ਟੀ. ਆਰ. ਪੀ. ਦੇ ਧੰਦੇ 'ਚ ਪਿਛੇ ਨਹੀਂ ਹਨ। ਇਹਨਾਂ ਚਾਰੋਂ ਚੈਨਲਾਂ ਦੇ ਟਾਪ-10 ਪ੍ਰੋਗ੍ਰਾਮ ਦੀ ਸੂਚੀ ਵਿਚ ਨਿਰਮਲ ਬਾਬਾ ਦਾ ਕਬਜ਼ਾ ਹੈ। ਇਸ ਤਰ੍ਹਾਂ ਅਜਿਹੇ ਜਾਹਲਸਾਜ, ਲੰਪਟ ਤੇ ਅਖੌਤੀ ਬਾਬਿਆਂ ਨੂੰ ਹੱਲਾਸ਼ੇਰੀ ਦੇ ਕੇ ਚੈਨਲ ਅਪਰਾਧਿਕ ਕੰਮ ਕਰ ਰਹੇ ਹਨ। ਦਰਅਸਲ ਇਹ ਉਹੀ ਮੀਡੀਆ ਹੈ ਜੋ ਕੁਝ ਦਿਨ

ਪਹਿਲਾਂ ਅੰਨਾ ਨੂੰ ਦੇਸ਼ ਦਾ ਦੂਜਾ ਗਾਂਧੀ ਦਸ ਰਿਹਾ ਸੀ ਤਾਂ ਹੁਣ ਨਿਰਮਲ ਬਾਬਾ ਨੂੰ ਸਥਾਪਤ ਕਰਨ ਦਾ ਕੰਮ ਕਰ ਰਿਹਾ ਹੈ। ਮੀਡੀਆ 'ਚ ਕੁਝ ਸਮਾਂ ਪਹਿਲਾਂ ਆਸਾ ਰਾਮ ਬਾਪੂ ਦੇ ਆਸ਼ਰਮ ਦੀਆਂ ਕਾਰਸਤਾਨੀਆਂ ਸਾਹਮਣੇ ਆ ਰਹੀਆਂ ਸਨ। ਬੱਚਿਆਂ ਦੇ ਸੋਸ਼ਣ ਤੇ ਕਤਲਾਂ ਤੱਕ ਦੇ ਮਾਮਲੇ ਦਾ ਖੁਲਾਸਾ ਹੋ ਰਿਹਾ ਸੀ। ਉਸੇ ਦੌਰਾਨ ਆਸਾ ਰਾਮ ਬਾਪੂ ਨੇ ਨਿਊਜ਼ ਚੈਨਲਾਂ ਲਈ 'ਕੁੱਤਾ' ਸ਼ਬਦ ਦੀ ਵਰਤੋਂ ਕੀਤੀ ਸੀ, ਜਿਸ ਮੂਹਰੇ ਰੋਟੀ ਦਾ ਟੁਕੜਾ ਸੁੱਟ ਕੇ ਕੁਝ ਵੀ ਕਰਾਇਆ ਜਾ ਸਕਦਾ ਹੈ। (ਇਹ ਗੱਲ ਚੈਨਲਾਂ ਦੇ ਨਾਲ-ਨਾਲ ਅਖਬਾਰਾਂ 'ਤੇ ਵੀ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ) ਪਰ ਖਬਰਾਂ ਦੇਖ ਕੇ ਲੋਕ ਸਮਝ ਰਹੇ ਸਨ ਕਿ ਮੀਡੀਆ ਆਪਣਾ ਕੰਮ ਬਾਖੂਬੀ ਕਰ ਰਿਹਾ ਹੈ। ਪਰ ਸੱਚ ਇਹ ਨਹੀਂ ਸੀ।

ਨਵੇਂ ਦੌਰ ਦਾ ਇਹ ਮੀਡੀਆ ਪੇਡ ਨਿਊਜ਼ 'ਚ ਗੋਡੇ ਲਾ ਰਿਹਾ ਹੈ। ਪੇਂਡੂ ਨਿਊਜ਼ 'ਚ ਜੇ ਚੂਕਿਆ ਤਾਂ ਫਾਲੋ ਅੱਪ ਲਈ ਪੈਸਾ ਕਮਾ ਰਿਹਾ ਹੈ, ਸੁਆਲ ਇਹ ਹੈ ਕਿ ਬਾਬਾ ਕਾਰਨ ਜਦ ਦਸ ਕਰੋੜ ਦਾ ਮਾਸਕ ਧੰਦਾ ਜੰਮ ਰਿਹਾ ਹੈ, ਟੀ. ਆਰ. ਪੀ. ਵਜੋਂ ਅਗਲੀ ਪੰਗਤੀ ਮਿਲ ਰਹੀ ਹੈ। ਤਾਂ ਆਪ ਕਿਸ ਟੀ. ਵੀ. ਚੈਨਲ ਦੇ ਕਰਤਾ-ਧਰਤਾ ਨਾਲ ਪ੍ਰਤਕਾਰਿਤਾ ਦੇ ਮੁੱਲਾਂ ਦਾ ਗੱਲ ਕਰੋਗੇ। ਜੇ ਗੱਲ ਕਰਨ ਦੀ ਕੋਸ਼ਿਸ਼ ਵੀ ਕਰੋਗੇ ਤਾਂ ਮੈਨੂੰ ਪੂਰਾ ਵਿਸਵਾਸ਼ ਹੈ ਕਿ ਤੁਹਾਨੂੰ ਮੁਖ ਧਾਰਾ ਦਾ ਇੱਕ ਵੀ ਪੱਤਰਕਾਰ ਗੰਭੀਰਤਾ ਨਾਲ ਲੈਣ ਲਈ ਤਿਆਰ ਨਹੀਂ ਹੋਵੇਗਾ। ਅੱਗੇ ਨਿਕਲਣ ਦੀ ਐਸੀ ਹੋੜ ਮੱਚੀ ਹੈ ਕਿ ਕੁਝ ਵੀ ਪ੍ਰਸਾਰਿਤ ਤੇ ਪ੍ਰਕਾਸ਼ਿਤ ਕਰ ਦਿੱਤਾ ਜਾਂਦਾ ਹੈ। ਪਤਰਕਾਰਿਤਾ ਦੇ ਅਸੂਲ ਬਣਾਈ ਰੱਖਣ ਲਈ ਪਤਿਕਾਰਿਤਾ ਤੇ ਇਸਤਿਹਾਰਬਾਜ਼ੀ ਵਿਚਕਾਰ ਇਕ ਲਕੀਰ ਹੁੰਦੀ ਸੀ। ਉਸ ਨੂੰ ਪਹਿਲਾਂ ਬਰੀਕ ਤੇ ਧੁੰਦਲਾ ਕੀਤਾ ਗਿਆ, ਫਿਰ ਹੌਲੀ-ਹੌਲੀ ਖਤਮ ਹੀ ਕਰ ਦਿੱਤਾ ਗਿਆ। ਹੁਣ ਪੱਤਰਕਾਰਿਤਾ ਤੇ ਧੰਦੇ ਦਾ ਘਾਲਾਮਾਲਾ ਚਲ ਰਿਹਾ ਹੈ।

ਇਸ ਕਾਰਨ 36 ਟੀ. ਵੀ. ਚੈਨਲ ਮਹੀਨੇ 'ਚ 10 ਕਰੋੜ ਰੁਪਏ ਆਪਣੇ ਗੱਲੇ 'ਚ ਰੱਖ ਰਹੇ ਹਨ। ਬਾਬੇ ਦੀ ਹਾਜ਼ਰੀ ਦਾ ਜਸ਼ਨ ਮਨਾ ਰਹੇ ਹਨ। ਚੈਨਲਾਂ ਤੇ ਪੈਸਿਆਂ ਦੀ ਤਾਕਤ ਨੇ ਬਾਬੇ ਨੂੰ ਪਵਿੱਤਰ ਬਣਾ ਰੱਖਿਆ ਹੈ। ਸੁਆਲ ਪੈਦਾ ਹੁੰਦਾ ਹੈ ਕਿ ਜੇ ਬਾਬੇ 'ਚ ਅਧਿਆਤਮਿਕ ਸ਼ਕਤੀ ਹੁੰਦੀ ਤਾਂ ਉਹ ਵੱਖ-ਵੱਖ ਵੈਬਸਾਈਟਾਂ ਨੂੰ ਨੋਟਿਸ ਭੇਜਣ ਦੀ ਥਾਂ ਆਪਣੀ ਅਧਿਆਤਮਕ ਸ਼ਕਤੀ ਦੀ ਵਰਤੋਂ ਕਰਦੇ। ਆਪਣੇ ਖਿਲਾਫ ਹੋ ਰਹੇ ਜ਼ੁਬਾਨੀ ਹਮਲੇ ਨੂੰ ਬੰਦ ਕਰਨ ਦੀ ਕੋਸ਼ਿਸ਼ ਦੀ ਥਾਂ ਕੁਝ ਅਜਿਹਾ ਚਮਤਕਾਰ ਕਰਦੇ ਕਿ ਅਲੋਚਕਾਂ ਦੀ ਜ਼ੁਬਾਨ ਆਪਣੇ ਆਪ ਬੰਦ ਹੋ ਜਾਂਦੀ। ਉਨ੍ਹਾਂ ਦੀਆਂ ਇਹਨਾਂ ਕਰਤੂਤਾਂ ਨੂੰ ਵੇਖ ਕੇ ਅਯੋਧਿਆ ਸਥਿਤ ਰਾਮ ਜਨਮ ਭੂਮੀ ਨਿਆਸ ਦੇ ਡਾਕਟਰ ਰਾਮ ਵਿਲਾਸ ਦਾਸ ਵੇਦਾਂਤੀ ਕਹਿੰਦੇ ਹਨ 'ਨਿਰਮਲ ਬਾਬਾ ਪਖੰਡੀ ਹੈ। ਅਜਿਹੇ ਲੋਕ ਭਾਰਤੀ ਸਭਿਆਚਾਰ ਨੂੰ ਕਲੰਕਿਤ ਕਰ ਰਹੇ ਹਨ। ਭਗਤਾਂ ਦੇ ਨਾਲ-ਨਾਲ ਉਹ ਧਾਰਮਿਕ ਮੁੱਲਾਂ ਲਈ ਵੀ ਘਾਤਕ ਹੋ ਰਹੇ ਹਨ। ਮੀਡਿਆ ਅਜਿਹੇ ਬਾਬਿਆਂ ਦੀ ਖਬਰ ਨੂੰ ਮਹੱਤਵ ਨਾ ਦੇਵੇ ਤਾਂ ਅੱਛਾ ਹੋਵੇਗਾ।' ਸਮਾਗਮ 'ਚ ਹਿੱਸਾ ਲੈਣ ਆਏ ਭਗਤਾਂ ਦੇ ਸੁਆਲਾਂ ਦਾ ਜੁਆਬ ਦਿੰਦਿਆਂ ਨਿਰਮਲ ਬਾਬਾ ਊਲ-ਜਲੂਲ ਗੱਲਾਂ ਕਰਦੇ ਹਨ। ਪਹਿਲਾਂ ਕਹਿੰਦੇ ਹਨ ਕਿ ਪੂਜਾ 'ਚ ਭਾਵਨਾ ਹੋਣੀ ਚਾਹੀਦੀ ਹੈ, ਪਰ ਦੂਜੇ ਪਾਸੇ ਸੁਆਲਾਂ ਦਾ ਜੁਆਬ ਦਿੰਦੇ ਸਮੇਂ ਉਹ ਆਪਣੀ ਹੀ ਕਹੀ ਗੱਲ ਭੁੱਲ ਜਾਂਦੇ ਹਨ।

ਸਮਾਗਮ 'ਚ ਆਈ ਬਿਹਾਰ ਦੀ ਇਕ ਔਰਤ ਤੋਂ ਪੁੱਛਦੇ ਹਨ ਕਿ ਤੁਸੀਂ ਛਠ ਪੂਜਾ ਕਰਦੀ ਹੋ? ਕਿੰਨੇ ਰੁਪਏ ਵਾਲਾ ਸੂਪ ਵਰਤਦੀ ਹੋ। ਔਰਤ ਦਾ ਜੁਆਬ ਸੀ 10 ਤੋਂ 12 ਰੁਪਏ ਵਾਲਾ। ਬਾਬਾ ਨੇ ਕਿਹਾ ਕਿ ਏਨੇ ਘੱਟ ਸੂਪ ਨਾਲ ਭਲਾ ਕ੍ਰਿਪਾ ਕਿਵੇਂ ਆਵੇਗੀ। ਤੁਸੀਂ 30 ਰੁਪਏ ਦਾ ਸੂਪ ਵਰਤੋਂ ਕ੍ਰਿਪਾ ਆਉਣੀ ਸ਼ੁਰੂ ਹੋ ਜਾਵੇਗੀ। ਇਕ ਭਗਤ ਨੂੰ ਭੈਰੋਂ ਬਾਬਾ ਦੇ ਦਰਬਾਰ 'ਚ ਮੱਥਾ ਟੇਕਣ ਨੂੰ ਕਿਹਾ। ਉਹ ਵੈਸ਼ਨੋ ਦੇਵੀ ਦੇ ਨਾਲ ਬਾਬਾ ਭੈਰੋਂਨਾਥ ਦੇ ਦਬਰਾਬ 'ਚ ਮੱਥਾ ਟੇਕ ਕੇ ਦੁਬਾਰਾ ਬਾਬਾ ਕੋਲ ਪਹੁੰਚਿਆ ਤੇ ਕਿਹਾ-ਮੈਂ ਭੈਰੋਂਨਾਥ ਦੇ ਦਰਬਾਰ 'ਚ ਮੱਥਾ ਟੇਕਿਆ ਪਰ ਕ੍ਰਿਪਾ ਦਾ ਅਜੇ ਤਕ ਪਤਾ ਨਹੀਂ। ਸੁਆਲ ਹੋਇਆ-ਦਰਸ਼ਨ ਕਿਥੇ ਕੀਤੇ। ਵੈਸ਼ਨੋ ਦੇਵੀ ਭੈਰੋਨਾਥ ਦੇ। ਬਾਬਾ ਨੇ ਕਿਹਾ ਕਿ ਇਹ ਗੜਬੜ ਹੈ। ਤੁਸੀਂ ਤਾਂ ਦਿੱਲੀ ਵਾਲੇ ਭੈਰੋਂ ਬਾਬਾ ਦੇ ਦਰਸ਼ਨ ਕਰਨੇ ਸੀ। ਜਿਸ ਬਾਬਾ ਨੇ ਕ੍ਰਿਪਾ ਰੋਕ ਰੱਖੀ ਹੈ। ਉਸ ਦੇ ਦਰਸ਼ਨ ਨਾ ਕਰਨੇ ਇਧਰ-ਉਧਰ ਭਟਕੋਗੇ ਤਾਂ ਕ੍ਰਿਪਾ ਕਿਵੇਂ ਆਵੇਗੀ। ਨਿਰਮਲ ਬਾਬਾ ਆਪਣੇ ਇਸ਼ਤਿਹਾਰ ਰੂਪੀ ਪ੍ਰੋਗ੍ਰਾਮ ਪ੍ਰਸਾਰਿਤ ਕਰਨ ਲਈ ਚੈਨਲਾਂ ਨੂੰ ਮੋਟੀ ਰਕਮ ਦੇ ਨਾਲ ਉਹਨਾਂ ਦੀ ਆਰਥਕ ਹਾਲਤ ਸੁਧਾਰਨ ਭਰ ਦੀ ਟੀ. ਆਰ. ਪੀ. ਦੇ ਰਹੇ ਹਨ। ਕਿਸੇ ਨੂੰ ਇਮਤਿਹਾਨ ਪਾਸ ਕਰਵਾ ਰਹੇ ਹਨ। ਕਿਸੇ ਨੂੰ ਆਸ਼ੀਆਨਾ ਦਿਵਾ ਰਹੇ ਹਨ ਤਾਂ ਕਿਸੇ ਨੂੰ ਨੌਕਰੀ। ਇਸੇ ਕਾਰਨ ਸਮੁੱਚੇ ਵਿਰੋਧ ਦੇ ਬਾਵਜੂਦ ਚੈਨਲ ਬਾਬਾ ਦਾ ਗੁਣਗਾਣ ਕਰ ਰਹੇ ਹਨ। ਬਾਬਾ ਵੀ ਸਮਾਗਮ 'ਚ ਆਉਣ ਵਾਲੇ ਭਗਤਾਂ ਦੀ ਹਰ ਮੁਰਾਦ ਕ੍ਰਿਪਾ ਰਾਹੀਂ (ਨਿਰੀ ਗੱਪਬਾਜ਼ੀ) ਪੂਰੀ ਕਰ ਰਹੇ ਹਨ। ਮੁਰਾਦ ਪੂਰੀ ਨਾ ਹੋਣ 'ਤੇ ਦੁਬਾਰਾ ਪਹੁੰਚੇ, ਲੋਕ ਸ਼ਿਕਾਇਤ ਕਰਦੇ ਹਨ ਤਾਂ ਦੋਸ਼ ਬਾਬਾ 'ਤੇ ਨਹੀਂ ਉਲਟਾ ਉਹਨਾਂ 'ਤੇ ਹੀ ਮੜ੍ਹ ਦਿੱਤਾ ਜਾਂਦਾ ਹੈ ਕਿ ਉਹਨਾਂ ਨੇ ਦੱਸੇ ਅਨੁਸਾਰ ਕੰਮ ਨਹੀਂ ਕੀਤਾ। ਇਸ ਲਈ ਉਹਨਾਂ ਤੋਂ ਕ੍ਰਿਪਾ ਦੂਰ ਰਹੀ।

ਆਪਣੇ ਪੈਸੇ ਦਾ ਸਾਮਰਾਜ ਵਧਾਉਣ ਲਈ ਬਾਬਾ ਹਰ ਕਿਸਮ ਦਾ ਕਾਰੋਬਾਰ ਕਰ ਰਹੇ ਹਨ। ਜਨਤਾ ਤੋਂ ਹੋਣ ਵਾਲੀ ਆਮਦਨ 'ਚ ਦਿਨ-ਬ-ਦਿਨ ਵਾਧਾ ਕਰ ਰਹੇ ਹਨ। ਪਰ ਉਸ ਦਾ ਹਿਸਾਬ ਕਿਤਾਬ ਉਨ੍ਹਾਂ ਨੂੰ ਨਹੀਂ ਦਸ ਰਹੇ ਹਨ, ਨਾਲ ਹੀ ਉਹਨਾਂ ਨੂੰ ਮੋਹ ਮਾਇਆ ਦਾ ਤਿਆਗ ਕਰਨ ਲਈ ਕਹਿੰਦੇ ਹਨ। ਆਮ ਲੋਕਾਂ ਦੇ ਪੈਸੇ ਨਾਲ ਅਰਬਪਤੀ ਬਣ ਗਏ। ਉਹਨਾਂ ਦੇ ਸਮਾਗਮ 'ਚ ਆਸਥਾ ਰੱਖਣ ਵਾਲੇ ਭੋਲੇ ਭਾਲੇ ਲੋਕ ਪੈਸੇ ਦੇਣ ਪਿੱਛੋਂ ਵਪੀ ਡਫਲੀ ਵਜਾਉਣ। ਇਹ ਕਿਥੋਂ ਦਾ ਨਿਆਂ ਹੈ। ਹਾਲਾਂਕਿ ਇਸ ਪ੍ਰਕਾਰ ਦੇ ਚਮਤਕਾਰ ਭਾਰਤ 'ਚ ਹੀ ਸੰਭਵ ਹਨ ਕਿ ਖੁਦ ਇੱਕ ਨਹੀਂ ਅਨੇਕਾਂ ਧੰਦਿਆਂ 'ਚ ਅਸਫਲ ਰਿਹਾ ਬੰਦਾ ਅੱਜ ਦੂਜਿਆਂ ਦੀ ਅਸਫਲਤਾ ਹਟਾਉਣ ਦਾ ਦਾਅਵਾ ਕਰ ਰਿਹਾ ਹੈ। ਚਮਤਕਾਰਾਂ ਦੀ ਘਟਨਾ ਸਬੰਧੀ ਇਕ ਪੁਰਾਣੀ ਘਟਨਾ ਦਾ ਜ਼ਿਕਰ ਕਰਦਾ ਹਾਂ। ਉਤਰਪ੍ਰਦੇਸ਼ ਦੇ ਲਖੀਮਪੁਰੀ ਜਿਲ੍ਹੇ ਦੇ ਸੁਦੂਰ ਇਲਾਕੇ 'ਚ 19 ਸਾਲ ਪਹਿਲਾਂ ਘਾਘਰਾ ਨਦੀ ਕਿਨਾਰੇ ਇਕ ਬਾਬਾ (ਹੱਥ ਉਠਾਉਣ ਵਾਲੇ) ਆਏ ਸਨ। ਉਹ ਭਗਤਾਂ ਨੂੰ ਆਸ਼ੀਰਵਾਦ ਦੇ ਲਈ ਬਾਹਰ ਬੈਠਦੇ ਸਨ ਤਾਂ ਕਿ ਹੱਥ ਉਪਰ ਵੱਲ ਉਠਿਆ ਰਹਿੰਦਾ ਸੀ। ਉਸ 'ਚ ਵੱਡੇ-ਵੱਡੇ ਨਹੁੰ ਲਟਕਦੇ ਸਨ। ਬਾਬਾ ਦੇ ਦੂਤਾਂ ਨੂੰ ਕੁਝ ਹੀ ਦਿਨਾਂ 'ਚ ਪ੍ਰਚਾਰ-ਪਸਾਰ ਦਾ ਅਜਿਹਾ ਦਾਅ ਲਾਇਆ ਕਿ ਦੇਖਦੇ ਹੀ ਦੇਖਦੇ ਘਾਗਰਾ ਕਿਨਾਰੇ ਇਹ ਇਲਾਕਾ ਪਿਕਨਿਕ ਸਪਾਟ ਬਣ ਗਿਆ। ਬਾਬੇ 'ਤੇ ਪੈਸਿਆਂ ਦਾ ਮੀਂਹ ਵਰ੍ਹਣ ਲੱਗਿਆ। ਦੇਸ਼-ਵਿਦੇਸ਼ ਤੋਂ ਲੋਕ ਆਉਣ ਲੱਗੇ।

ਮਹੀਨਿਆਂ ਚੱਲੀ ਠੱਗ ਵਿਧਾ ਪਿਛੋਂ ਅਚਾਨਕ ਇਕ ਦਿਨ ਬਾਬਾ ਰਫੂਚੱਕਰ ਹੋ ਗਏ। ਇਹ ਤਾਂ ਮਹਿਜ ਮਿਸਾਲ ਹੈ ਦਿਮਾਗ 'ਤੇ ਬੋਝ ਪਾਈਏ ਤਾਂ ਨਾ ਜਾਣੇ ਕਿੰਨੇ ਪਖੰਡੀ ਗੁਰੂ, ਬਾਬਾ ਤੇ ਸਵਾਮੀਆਂ ਦਾ ਨਕਾਬ ਪਾ ਕੇ ਬਿਨਾਂ ਕੁਝ ਕੀਤੇ ਚਮਤਕਾਰਾਂ ਰਾਹੀਂ ਸਭ ਕੁਝ ਮੁਹਈਆ ਕਰਾਉਣ ਤੇ ਤਕਲੀਫਾਂ ਦੂਰ ਕਰਨ ਦਾ ਦਾਅਵਾ ਕਰਨ ਵਾਲਿਆਂ ਤੋਂ ਤੁਸੀਂ ਵਾਕਿਫ ਹੋਵੋਗੇ। ਸਿਖਾਂ ਦੇ ਧਾਰਮਿਕ ਗ੍ਰੰਥਾਂ 'ਚ ਕਿਹਾ ਗਿਆ ਹੈ ਕਿ ਕਰਾਮਤ ਕਹਿਰ ਦਾ ਨਾਂ ਹੈ। ਇਸ ਦਾ ਮਤਲਬ ਜੋ ਵੀ ਕਰਾਮਾਤ ਦਿਖਾ ਕੇ ਆਪਣੀਆਂ ਸ਼ਕਤੀਆਂ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ। ਉਹ ਧਰਮ ਦੇ ਖਿਲਾਫ ਕੰਮ ਕਰਦਾ ਹੈ। ਪਰ ਨਿਰਮਲ ਬਾਬਾ ਤਾਂ ਇਹ ਕੰਮ ਕਰ ਰਹੇ ਹਨ। ਸਮਾਜ 'ਚ ਵਿਗਿਆਨਕ ਚੇਤਨਾ ਦੇ ਪ੍ਰਸਾਰ 'ਚ ਅੜਿਕਾ ਬਣ ਰਹੇ ਹਨ। ਭਾਰਤੀ ਸਮਾਜ 'ਚ ਅਜਿਹੇ ਲੋਕਾਂ ਦੀਆਂ ਜੜ੍ਹਾਂ ਕਾਫੀ ਡੂੰਘੀਆਂ ਹਨ।

ਅਨੇਕਾਂ ਝੰਜਟਾਂ ਨਾਲ ਜੂਝ ਰਹੇ ਸਮਾਜ ਦੇ ਜ਼ਿਆਦਾਤਰ ਲੋਕ ਖੁਦ ਤੇ ਭਰੋਸਾ ਨਾ ਕਰਕੇ ਦੇਵੀ ਸ਼ਕਤੀ ਤੇ ਚਮਤਕਾਰਾਂ ਦੇ ਆਸਰੇ ਆਪਣੀ ਮੁਰਾਦ ਪੂਰੀ ਕਰਨ ਦਾ ਸੁਪਨਾ ਪਾਲਦੇ ਹਨ। ਉਹਨਾਂ ਦੀ ਇਸ ਕੰਮਜ਼ੋਰੀ ਦੇ ਜ਼ੋਰ 'ਤੇ ਢੌਂਗੀ ਆਪਣਾ ਧੰਦਾ ਚਲਾਉਣੇ ਹਨ। ਉਹਨਾਂ ਦੀਆਂ ਕਰਤੂਤਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਸਰਕਾਰ ਨੂੰ ਸਿੱਧੇ ਸਾਧੇ ਲੋਕਾਂ ਨੂੰ ਠੱਗਣ ਵਾਲਿਆਂ ਖਿਲਾਫ ਸਖਤ ਕਦਮ ਚੁਕਣਾ ਜ਼ਰੂਰੀ ਨਹੀਂ ਲੱਗਦਾ। ਸਖਤੀ ਦੀ ਗੱਲ ਤਾਂ ਛੱਡੋ-ਅਨੇਕਾਂ ਲੋਕ ਨੁਮਾਇੰਦੇ, ਅਫਸਰ, ਤੇ ਚਰਚਿਤ ਹਸਤੀਆਂ ਇਹਨਾਂ ਠੱਗਾਂ ਦੇ ਆਸਪਾਸ ਬੈਠੀਆਂ ਨਜ਼ਰ ਆਉਂਦੀਆਂ ਹਨ। ਇਸ ਮਾਮਲੇ 'ਚ ਆਪਣੇ ਆਪ ਨੂੰ ਸਾਈਂ ਐਲਾਨ ਕਰਨ ਵਾਲੇ ਘੁੰਗਰਾਲੇ ਵਾਲਾਂ ਵਾਲੇ ਬਾਬੇ ਦੀ ਮਿਸਾਲ ਸਭ ਤੋਂ ਸਟੀਕ ਹੈ। ਉਹਨਾਂ ਬਾਰੇ ਜਗ ਜ਼ਾਹਿਰ ਸੀ ਕਿ ਉਹ ਚਮਤਕ੍ਰਿਤ ਕਾਰਨਾਮੇ ਕਰਦੇ ਸਨ। ਸਚਿਨ ਤੇਂਦੂਲਕਰ ਤੋਂ ਲੈ ਕੇ ਲਾਲ ਕ੍ਰਿਸ਼ਨ ਅਡਬਾਣੀ ਤਕ ਉਹਨਾਂ ਮੂਹਰੇ ਸਿਰ ਝੁਕਾਉਂਦੇ ਰਹੇ। ਚਿੰਤਾ ਦੀ ਗੱਲ ਇਹ ਕਿ ਸਮਾਜ 'ਚ ਫੈਲੇ ਅੰਧ-ਵਿਸਵਾਸ਼ਾਂ ਤੇ ਕੁਰੀਤੀਆਂ ਨੂੰ ਦੂਰ ਕਰਨ ਲਈ ਜਿਸ ਆਧੁਨਿਕ ਤਕਨੀਕ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ, ਉਸ ਦੇ ਜ਼ਰੀਏ ਚਮਤਕਾਰ, ਜਾਦੂ-ਟੂਣਾ, ਭੂਤ-ਪ੍ਰੇਤ ਦਾ ਰਾਗ ਫੈਲਾਇਆ ਜਾ ਰਿਹਾ ਹੈ। ਨਿਰਮਲ ਬਾਬਾ ਦੇ ਕਾਰਨਾਮਿਆਂ ਦਾ ਪਤਾ ਲੱਗਣ ਪਿੱਛੋਂ ਪੀੜਤ ਲੋਕ ਸਾਹਮਣੇ ਆਉਣ ਲੱਗੇ ਹਨ। ਲਖਨਊ, ਝਾਂਸੀ, ਰਾਏਪੁਰ ਸਮੇਤ ਅਨੇਕਾਂ ਥਾਈਂ ਉਸ ਖਿਲਾਫ ਮੁਕੱਦਮੇ ਦਰਜ ਕਰਵਾਏ ਜਾ ਰਹੇ ਹਨ। ਲਖਨਊ ਦੇ ਜੋਗ ਰਾਮ ਵੀ ਪੀੜਤਾਂ 'ਚ ਸ਼ਾਮਲ ਹਨ। ਬਾਬਾ ਦੇ ਚੱਕਰ 'ਚ ਉਹਨਾਂ ਦੀ ਬੇਟੀ ਨੇ ਸਕੂਲ ਦੀ ਨੌਕਰੀ ਛੱਡ ਦਿੱਤੀ ਹੈ। ਬਾਬਾ ਦੀ ਫੋਟੋ ਸਾਹਮਣੇ ਉਹ ਹੱਥ ਜੋੜ ਕੇ ਬੈਠੀ ਰਹਿੰਦੀ ਹੈ। ਟੀ. ਵੀ. ਤੇ ਪ੍ਰਸਾਰਿਤ ਹੋਣ ਵਾਲੇ ਸਮਾਗਮ ਵਿੱਚ ਵੀ ਦਿੱਤੀ ਜਾਣ ਵਾਲੀ ਸਲਾਹ ਤੇ ਅਮਲ ਕਰਦੀ ਹੈ। ਪਿਤਾ ਨੂੰ ਕਹਿੰਦੀ ਹੈ ਕਿ ਬਾਬਾ ਦੀ ਕ੍ਰਿਪਾ ਨਾਲ ਤੁਹਾਨੂੰ ਕਾਰ ਤੇ ਬੰਗਲਾ ਲੈ ਕੇ ਦੇਵਾਂਗੇ। ਇਸ ਪਾਖੰਡ ਖਿਲਾਫ ਸੰਵੇਦਨਸ਼ੀਲ ਤੇ ਨੌਜਵਾਨ ਨਾਟਕਕਾਰ ਮੁਕੇਸ਼ ਕੁਮਾਰ ਨੇ ਲਖਨਊ 'ਚ 'ਦ ਗ੍ਰੇਟ ਸੁਦਾਮਾ' ਦਾ ਨਾਟਕ ਖੇਡ ਕੇ ਸਭ ਢੌਂਗੀ ਬਾਬਿਆਂ ਦੀ ਪੋਲ ਖੋਹਲਣ ਦੀ ਕੋਸ਼ਿਸ਼ ਕੀਤੀ ਹੈ। ਨਾਲ ਹੀ ਨਾਲ ਸੰਦੇਸ਼ ਦਿੱਤਾ ਹੈ। ਕਿ ਜਦ ਤੱਕ ਲੋਕ ਅਜਿਹੇ ਪਖੰਡੀਆਂ 'ਤੇ ਵਿਸਵਾਸ਼ ਕਰਦੇ ਰਹਿਣਗੇ, ਤਦ ਤੱਕ ਇਹਨਾਂ ਦੀਆਂ ਦੁਕਾਨਾਂ ਚਲਦੀਆਂ ਰਹਿਣਗੀਆਂ। ਕਾਸ਼ ਇਹ ਗੱਲ ਲੋਕ ਸਮਝਦੇ। ਭਾਰਤੀ

ਸਮਾਜ ’ਚ ਲੋਕ ਜਿਹਨਾਂ ਕੰਮਾਂ ਨੂੰ ਕਠਿਨ ਸਮਝਦੇ ਹਨ, ਉਨ੍ਹਾਂ ਨੂੰ ਪੂਰਾ ਕਰਨ ਲਈ ਕੋਸ਼ਿਸ਼ ਕਰਨ ਦੀ ਥਾਂ ਕਿਸਮਤ ਅਤੇ ਚਮਤਕਾਰ ’ਤੇ ਵੱਧ ਭਰੋਸਾ ਕਰਨ ਲੱਗਦੇ ਹਨ। ਦੁਖ ਤੇ ਤਕਲੀਫ ਉਠਾ ਰਹੇ ਲੋਕਾਂ ਵਿੱਚ ਇਹ ਭਰੋਸਾ ਤਾਂ ਹੋਰ ਵਧ ਜਾਂਦਾ ਹੈ। ਇਹਨਾਂ ਗੱਲਾਂ ਨੂੰ ਨਿਰਮਲ ਬਾਬਾ ਵਰਗੇ ਲੋਕ ਖੂਬ ਜਾਣਦੇ ਹਨ ਅਤੇ ਉਹਨਾਂ ਦੀ ਵਰਤੋਂ ਕਰਦੇ ਹਨ। ਜੇ ਇਹਨਾਂ ਦੇ ਦਰਬਾਰ ’ਚ ਜਾਣ ਵਾਲੇ ਲੋਕ ਥੋੜ੍ਹਾ ਵਿਵੇਕ ਤੋਂ ਕੰਮ ਲੈਣ ਤਾਂ ਉਹਨਾਂ ਨੂੰ ਪਤਾ ਲੱਗ ਜਾਵੇਗਾ ਕਿ ਰੋਜ ਕੁੱਤਿਆਂ ਨੂੰ ਬਤਾਸਾ ਖਿਵਾਉਣ ਵਾਲੇ ਜਾਂ ਕਿਸੇ ਮਠ-ਮੰਦਰ ’ਚ ਹਾਜ਼ਰੀ ਲਵਾਉਣ ਨਾਲ ਕੁਝ ਵੀ ਹੋਣ ਵਾਲਾ ਨਹੀਂ ਹੈ। ਬੇਹਤਰ ਹੋਵੇਗਾ ਕਿ ਇਹਨਾਂ ਪਖੰਡੀਆਂ ਦੇ ਚੱਕਰ ’ਚ ਪੈਣ ਦੀ ਬਜਾਏ ਇਕ ਅੱਛੇ ਮਨੋਰੋਗੀ ਤੋਂ ਇਲਾਜ ਕਰਾਉਣ। ਭੌਤਿਕਵਾਦੀ ਯੁੱਗ ’ਚ ਲੋਕਾਂ ਦੀ ਜੀਵਨਸ਼ੈਲੀ ਬਦਲੀ ਹੈ। ਲੋਕਾਂ ਕੋਲ ਪ੍ਰੀਵਾਰਾਂ ਤੋਂ ਦੋਸਤਾਂ-ਮਿਤਰਾਂ ਲਈ ਸਮਾਂ ਨਹੀਂ ਹੈ। ਭਾਵਨਾਵਾਂ ਲਗਭਗ ਖਤਮ ਹੋ ਚੁੱਕੀਆਂ ਹਨ। ਦਿਖਾਵਾ ਵਧਦਾ ਜਾ ਰਿਹਾ ਹੈ। ਲੋਕ ਘੱਟ ਸਮੇਂ ’ਚ ਬਹੁਤ ਵੱਧ ਹਾਸਲ ਕਰਨਾ ਚਾਹੁੰਦੇ ਹਨ। ਅਸਫਲਤਾ ਤੋਂ ਪ੍ਰੇਸ਼ਾਨ ਲੋਕਾਂ ਦਾ ਫਾਇਦਾ ਅਜਿਹੇ ਚਮਤਕਾਰੀ ਬਾਬੇ ਉਠਾਉਂਦੇ ਹਨ। ਇਹਨਾਂ ਚੀਜ਼ਾਂ ਤੋਂ ਬਚਣ ਲਈ ਜਾਗਰੂਕਤਾ ਹੀ ਇਕ ਉਪਾਅ ਹੈ।

ਭਾਰਤ ਮੁਲਕ ਇਸ ਤਰ੍ਹਾਂ ਦੇ ਬਾਬਿਆਂ ਨਾਲ ਭਰਿਆ ਪਿਆ ਹੈ। ਪਰ ਸ਼ਹਿਰ ਦੇ ਗਲੀ ਮੁਹੱਲੇ ਤੇ ਮਠ-ਮੰਦਰਾਂ ’ਚ ਇਹ ਆਮ ਮਿਲਦੇ ਹਨ। ਇਹਨਾਂ ਦੇ ਦੱਸਣ ਅਨੁਸਾਰ ਲੋਕ ਪਖੰਡਾਂ ’ਚ ਲੱਗ ਜਾਂਦੇ ਹਨ। ਇਹ ਲੋਕ ਚਮਤਕਾਰਾਂ ਤੇ ਪਖੰਡਾਂ ’ਚ ਉਲਝੇ ਹਨ। ਇਹ ਪਖੰਡ ਬੱਚੇ ਦੇ ਜਨਮ ਲੈਣ ਤੋਂ ਲੈ ਕੇ ਮੌਤ ਹੋਣ ਤਕ ਸਫਰ ’ਚ ਡੂੰਘਾਈ ਤਕ ਸਮਾ ਚੁੱਕੇ ਹਨ। ਬੱਚਾ ਪੈਦਾ ਹੁੰਦਿਆਂ ਹੀ ਨਜ਼ਰ ਲੱਗ ਜਾਣ ਦਾ ਡਰ ਲੱਗਣ ਲੱਗਦਾ ਹੈ। ਉਸ ਦੇ ਉਪਾਅ ਵਜੋਂ ਬੱਚੇ ਦੇ ਮੱਥੇ ’ਤੇ ਕਾਲਾ ਟਿੱਕਾ ਲਾ ਕੇ ਪਤਾ ਨਹੀਂ ਕੀ ਕੀਤਾ ਜਾਂਦਾ ਹੈ। ਦੱਸਿਆ ਜਾਂਦਾ ਹੈ ਕਿ ਇਸ ਨਾਲ ਕਿਸ ਦੀ ਨਜ਼ਰ ਨਹੀਂ ਲੱਗੇਗੀ। ਸੁਆਲ ਉਠਦਾ ਹੈ ਕਿ ਅਸੀਂ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਤੇ ਤਕਲੀਫਾਂ ਦਾ ਹੱਲ ਕਿਸੇ ਚਮਤਕਾਰ ’ਚ ਕਿਉਂ ਲੱਭਦੇ ਹਨ। ਇੱਕ ਦੋ ਮੁਖ ਟੀ. ਵੀ. ਚੈਨਲਾਂ ਨੂੰ ਛੱਡ ਕੇ ਸਭ ਚੈਨਲਾਂ ’ਤੇ ਨਿਰਮਲ ਬਾਬਾ ਦਾ ਦਰਬਾਰ ਲੱਗ ਰਿਹਾ ਹੈ। ਲੋਕਾਂ ਦੀਆਂ ਸਮੱਸਿਆਵਾਂ ਦੂਰ ਕਰਨ ਲਈ ਟੋਟਕੇ ਸੁਝਾਏ ਜਾ ਰਹੇ ਹਨ। ਜੇ ਕਿਸੇ ਹੋਰ ਕਾਰਨ ਕਰਕੇ ਸਮੱਸਿਆ ਦਾ ਹੱਲ ਹੋ ਗਿਆ ਤਾਂ ਬਾਬਾ ਉਸ ਨੂੰ ਅਦਿੱਖ ਸ਼ਕਤੀ ਦੀ ਕ੍ਰਿਪਾ ਦੱਸਦੇ ਹਨ। ਕੁਝ ਵੈਬ ਸਾਈਟਾਂ ਨੇ ਬਾਬਾ ਦੇ ਝੂਠ ਤੇ ਫਰੇਬ ਦੀ ਕਹਾਣੀ ਦੱਸਣੀ ਸ਼ੁਰੂ ਕੀਤੀ ਤਾਂ ਬਾਬਾ ਨੇ ਉਹਨਾਂ ਨੂੰ ਨੋਟਿਸ ਕੱਢ ਮਾਰਿਆ, ਪਰ ਕਿਸੇ ਵੀ ਚੈਨਲ ਨੇ ਇਸ ਤਰ੍ਹਾਂ ਦੀ ਖਬਰ ਦਿਖਾਉਣ ਦੀ ਲੋੜ ਨਹੀਂ ਸਮਝੀ। ਇਸ਼ਤਿਹਾਰ ਦੀ ਸ਼ਕਲ ’ਚ ਦਿਖਾਏ ਜਾ ਰਹੇ ਸਮਾਗਮ ਦੀ ਸੱਚਾਈ ਨਹੀਂ ਦੱਸੀ। ਸੋਸ਼ਲ ਮੀਡੀਆ ’ਚ ਬਾਬੇ ਦੇ ਕਾਰਨਾਮੇ ਲਗਾਤਾਰ ਉਜਾਗਰ ਹੋਣ ਤੇ ਲਖਨਊ ਪੁਲਸ ਕੋਲ ਧੋਖਾਧੜੀ ਦੀ ਸ਼ਿਕਾਇਤ ਪਹੁੰਚਣ ’ਤੇ ਸਟਾਰ ਨਿਊਜ਼ ਨੇ 12 ਅਪ੍ਰੈਲ ਨੂੰ ‘ਕ੍ਰਿਪਾ ਜਾਂ ਕਾਰੋਬਾਰ’ ਨਾਂ ਨਾਲ ਬਾਬਾ ਦੇ ਫਰੇਬ ਦੀ ਕਹਾਣੀ ਦਾ ਪ੍ਰਸਾਰਣ ਕੀਤਾ। ਪਰ ਇਸਦੇ ਨਾਲ ਉਸ ਨੇ ਇੱਕ ਹੈਰਾਨ ਕਰਨ ਵਾਲਾ ਸਪੱਸ਼ਟੀਕਰਨ ਦਿੱਤਾ, ‘ਉਹ ਖੁਦ ਵੀ ਨਿਰਮਲ ਬਾਬਾ ਦੇ ਪ੍ਰੋਗ੍ਰਾਮ ਨੂੰ ਇਸ਼ਤਿਹਾਰ ਦੀ ਸ਼ਕਲ ’ਚ ਪ੍ਰਸਾਰਿਤ ਕਰਦਾ ਆ ਰਿਹਾ ਹੈ। ਜਿਸ ਨੂੰ ਇਕ ਮਹੀਨੇ ਪਿੱਛੋਂ ਬੰਦ ਕਰ ਦੇਵੇਗਾ’ ਇਸ ਤਰ੍ਹਾਂ ਚੈਨਲ ਨੇ ਬਾਬਾ

ਦੇ ਕਾਰਨਾਮਿਆਂ ਨੂੰ ਦਿਖਾਉਣ ਦੇ ਬਾਵਜੂਦ ਇੱਕ ਮਹੀਨੇ ਤਕ ਪਖੰਡ ਭਰੇ ਇਸ਼ਤਿਹਾਰ ਰੂਪੀ ਸਮਾਗਮ ਨੂੰ ਪ੍ਰਸਾਰਿਤ ਕਰਨ ਦੀ ਗੱਲ ਕਹੀ। ਗੰਭੀਰ ਗੱਲ ਇਹ ਹੈ ਕਿ ਪਖੰਡੀ ਬਾਬਾ ਦੇ ਅੰਧ-ਵਿਸਵਾਸ਼ ਫੈਲਾਉਣ ਦੀ ਗੱਲ ਪਤਾ ਲੱਗਣ ਪਿੱਛੋਂ ਵੀ ਚੈਨਲ ਨੇ ਆਪਣੇ ਮਾਮੂਲੀ ਫਾਇਦੇ ਲਈ ਲੋਕਾਂ ਦੇ ਮੂਹਰੇ ਇਕ ਮਹੀਨੇ ਤਕ ਅੰਧ ਵਿਸਵਾਸ਼ ਫੈਲਾਇਆ। ਸਾਰੀ ਕਹਾਣੀ ਮਾਮੂਲੀ ਹੋਣ ਦੇ ਬਾਵਜੂਦ ਕੀ ਚੈਨਲ ਨੂੰ ਇਸ ਤਰ੍ਹਾਂ ਦੀ ਸਾਮਗਰੀ ਦਾ ਪ੍ਰਸਾਰਣ ਕਰਨ ਤੋਂ ਰੋਕਣਾ ਨਹੀਂ ਚਾਹੀਦਾ। ਇਹ ਉਦੋਂ ਜਦ ਜਦੋਂ ਚੈਨਲ ਖੁਦ ਉਸ ਨੂੰ ਵਿਸਵਾਸ਼ਪਾਤਰ ਮੰਨਦਾ ਹੈ।

ਬਾਬਾ ਦਾ ਸਮਾਗਮ ਇਸ਼ਤਿਹਾਰ ਹੈ। ਅਜਿਹੇ 'ਚ ਸੁਆਲ ਪੈਦਾ ਹੁੰਦਾ ਹੈ ਕਿ ਸਟਾਰ ਨਿਊਜ਼ ਦੇ ਨਾਲ-ਨਾਲ ਹੋਰ ਨਿਊਜ਼ ਚੈਨਲ ਉਸ ਨੂੰ ਪ੍ਰੋਗ੍ਰਾਮ ਦੀ ਸ਼ਕਲ 'ਚ ਕਿਉਂ ਵਿਖਾਉਂਦੇ ਰਹੇ ਜਾਂ ਦਿਖਾ ਰਹੇ ਹਨ। ਉਸ ਨੂੰ ਪ੍ਰੋਗ੍ਰਾਮ ਦੀ ਸੂਚੀ 'ਚ ਸ਼ਾਮਲ ਨਹੀਂ ਕੀਤਾ ਗਿਆ। ਇਸ ਤਰ੍ਹਾਂ ਦੇ ਇਸ਼ਤਿਹਾਰ ਪ੍ਰਸਾਰਿਤ ਕਰਨ ਵਾਲੇ ਚੈਨਲ ਕਹਿੰਦੇ ਹਨ -ਇਸ਼ਤਿਹਾਰ। ਇਸ ਲਈ ਉਹਨਾਂ ਦੀ ਜਿੰਮੇਵਾਰੀ ਨਹੀਂ (ਜਿਵੇਂ ਸਟਾਰ ਨਿਊਜ਼ ਨੇ ਕਿਹਾ ਹੈ) ਦੀ ਗੱਲ ਕਹਿ ਕੇ ਕਿਸ ਤਰ੍ਹਾਂ ਆਪਣਾ ਪੱਲਾ ਛੁਡਵਾ ਲੈਂਦੇ ਹਨ। ਉਨ੍ਹਾਂ ਦੀ ਇਹ ਗੱਲ ਸੁਣਕੇ ਮਨ 'ਚ ਸੁਆਲ ਉਠਦਾ ਹੈ ਕਿ ਕੀ ਇਸ਼ਤਿਹਾਰ ਦੇ ਕੇ ਕੁਝ ਵੀ ਪ੍ਰਸਾਰਿਤ ਕੀਤਾ ਜਾ ਸਕਦਾ ਹੈ। ਅਜਿਹੀ ਸਮਗਰੀ ਦਾ ਪ੍ਰਸਾਰਨ ਸਿਰਫ ਦੋ ਲੋਕਾਂ (ਇਸ਼ਤਿਹਾਰ ਦੇਣ ਵਾਲਾ ਤੇ ਲੈਣ ਵਾਲਾ) ਦੇ ਹਿੱਤ 'ਚ ਹੁੰਦਾ ਹੈ। ਨਾਲ ਹੀ ਪੂਰੇ ਸਮਾਜ ਲਈ ਜ਼ਹਿਰ। ਦਰਅਸਲ ਇਹ ਪੂਰਾ ਮਾਮਲਾ ਪੇਡ ਨਿਊਜ਼ ਦੇ ਦਾਇਰੇ 'ਚ ਆਉਂਦਾ ਹੈ। ਜੇ ਇਹੀ ਹਾਲ ਰਿਹਾ ਤਾਂ ਪੇਡ ਨਿਊਜ਼ ਨਾਲ ਲੜਨਾ ਮੁਸ਼ਕਿਲ ਨਹੀਂ ਅਸੰਭਵ ਹੋ ਜਾਵੇਗਾ। ਚੈਨਲ ਦੇ ਸਟੂਡੀਓ 'ਚ ਬੈਠ ਕੇ ਖਬਰ ਪ੍ਰਸਾਰਣ ਦੀਆਂ ਨੀਤੀਆਂ ਬਣਾਉਣ ਵਾਲੇ ਸੰਪਾਦਕਾਂ ਸਾਹਮਣੇ ਅਜਿਹੀ ਕਿਹੜੀ ਮਜ਼ਬੂਰੀ ਸੀ ਕਿ ਉਹਨਾਂ ਨੇ ਆਪਣੇ ਹੀ ਚੈਨਲ ਦੀ ਸ਼ਾਖ ਤੱਕ ਦਾਅ 'ਤੇ ਰੱਖਕੇ ਸਮਾਗਮ ਦਾ ਪ੍ਰਸਾਰਨ ਕੀਤਾ। ਕੀ ਇਸ ਜਮਾਤ 'ਚ ਸ਼ਾਮਲ ਸਭ ਲੋਕਾਂ ਦੀਆਂ ਅੱਖਾਂ ਦਾ ਪਾਣੀ ਸੁੱਕ ਗਿਆ ਹੈ? ਆਖਰ ਇਸ ਇਸ਼ਤਿਹਾਰ (ਪ੍ਰੋਗਾਮ ਵਜੋਂ ਪ੍ਰਸਾਰਿਤ ਕੀਤਾ ਜਾਣ ਵਾਲਾ) ਖਿਲਾਫ ਇੱਕ ਵੀ ਟੀ. ਵੀ. ਚੈਨਲ, ਇਕ ਵੀ ਟੀ. ਵੀ. ਪ੍ਰਤਕਾਰ ਨੇ ਆਵਾਜ਼ ਬੁਲੰਦ ਕਿਉਂ ਨਹੀਂ ਕੀਤੀ? ਟੀ. ਵੀ. ਚੈਨਲਾਂ ਖਾਸ ਕਰਕੇ ਨਿਊਜ ਚੈਨਲਾਂ 'ਤੇ ਲਾਲ ਕਿਤਾਬ ਸਮੇਤ ਅਨੇਕਾਂ ਦੇ ਇਸ਼ਤਿਹਾਰ ਕਾਫੀ ਸਮੇਂ ਤੋਂ ਪ੍ਰਸਾਰਿਤ ਕੀਤੇ ਜਾ ਰਹੇ ਹਨ। ਸਰਕਾਰੀ ਨਿਰਦੇਸ਼ਾਂ ਦਾ ਮਖੌਲ ਉਠਾਇਆ ਜਾਂਦਾ ਰਿਹਾ ਹੈ। ਰਾਤ 11 ਵਜੇ ਪਿੱਛੋਂ ਟੀ. ਵੀ. ਚੈਨਲ ਜਰੀਏ ਅਧਿਕਤਰ ਚੈਨਲ ਤੇ ਇਸ਼ਤਿਹਾਰ ਜਾਂ ਪੈਡਕੰਟੇਟ ਦੀ ਭਰਮਾਰ ਮਿਲੇਗੀ। ਖਬਰ ਕਿਸ ਬਲਾ ਦਾ ਨਾਂ ਹੈ-ਮੁਸ਼ਕਲ ਖੋਜਣ ਤੇ ਮਿਲੇਗੀ। ਇਹਨਾਂ ਨੂੰ ਲਾਇੰਸਸ ਹਾਲਾਂਕਿ ਨਿਊਜ਼ ਚੈਨਲ ਲਈ ਮਿਲਦਾ ਹੈ। ਸਭ ਤੋਂ ਵੱਡੀ ਮੁਸੀਬਤ ਇਹ ਹੈ ਕਿ ਅਜੇ ਤੱਕ ਰਾਤ ਨੂੰ ਦਿਖਾਈ ਜਾਣ ਵਾਲੀ ਇਹ ਸਾਮਗਰੀ ਸਮਾਗਮ ਰਾਹੀਂ ਪ੍ਰਾਈਮ ਟਾਈਮ ਤਕ ਪਹੁੰਚ ਚੁੱਕੀ ਹੁੰਦੀ ਹੈ। ਜੇ ਇਹਨਾਂ ਚੈਨਲਾਂ ਕੋਲ ਖਬਰਾਂ ਦੀ ਘਾਟ ਹੈ ਤਾਂ ਉਹਨਾ ਦੀ ਸਮਰਥਾ ਵੀ ਨਹੀਂ ਹੈ। ਤਾਂ ਫਿਰ ਉਹਨਾਂ ਤੋਂ 24 ਘੰਟੇ ਨਿਊਜ਼ ਚੈਨਲ ਵਾਲਾ ਲਾਇਸੰਸ ਵਾਪਸ ਲੈ ਕਿਉਂ ਨਹੀਂ ਲਿਆ ਜਾਂਦਾ। ਚੋਣ ਕਮਿਸ਼ਨ ਨੇ 2011 'ਚ ਪੇਡ ਨਿਊਜ਼ ਦੇ ਇੱਕ ਮਾਮਲੇ 'ਚ ਉਤਰ ਪ੍ਰਦੇਸ਼ ਦੀ ਵਿਧਾਇਕ ਉਮਲੇਸ਼ ਯਾਦਵ ਦੀ ਮੈਂਬਰਸ਼ਿਪ ਰੱਦ ਕਰ ਦਿੱਤੀ ਸੀ। ਪਰ ਜਿਹਨਾਂ ਦੇ ਅਖਬਾਰਾਂ ਦੈਨਿਕ ਜਾਗਰਣ

ਤੇ ਉਜਾਲਾ ਨੇ ਪੈਸੇ ਲੈ ਕੇ ਖਬਰਾਂ ਛਾਪੀਆਂ ਸਨ ਉਨ੍ਹਾਂ ਖਿਲਾਫ ਕੁਝ ਨਹੀਂ ਹੋਇਆ। ਅੱਗੇ ਚੱਲ ਕੇ ਹੋ ਸਕਦਾ ਹੈ ਕਿ ਨਿਰਮਲ ਬਾਬਾ 'ਤੇ ਹੀ ਸ਼ਿਕੰਜਾ ਕਸੇ ਪਰ ਪ੍ਰਸਾਰਿਤ ਕਰਨ ਵਾਲੇ 36 ਚੈਨਲ ਜੋ ਇਸ ਪਖੰਡ 'ਚ ਬਰਾਬਰ ਦੇ ਦੋਸ਼ੀ ਹਨ, ਉਹਨਾਂ ਦਾ ਕੀ ਹੋਵੇਗਾ। ਜੇ ਉਹਨਾਂ ਨੂੰ ਇਸ ਤਰ੍ਹਾਂ ਛੋਟ ਦੇ ਦਿੱਤੀ ਜਾਂਦੀ ਹੈ ਤਾਂ ਭਵਿੱਖ 'ਚ ਅਨੇਕ ਨਿਰਮਲ ਬਾਬੇ ਆਪਣੀਆਂ ਖੁੱਡਾਂ 'ਚੋਂ ਬਾਹਰ ਨਿਕਲਣ ਲਈ ਤਿਆਰ ਹਨ।

# ਪਾਕਿਸਤਾਨ 'ਚ ਨਿਆਂ ਦੇ ਪੜਦੇ ਹੇਠ ਅਨਿਆਂ ਕਿਵੇ?

ਪਾਕਿਸਤਾਨ ਉਹਨਾਂ ਵਾਂਝੇ ਦੇਸ਼ਾਂ ਵਿੱਚੋਂ ਹੈ ਜਿਹਨਾਂ ਨੂੰ ਦੁਨੀਆਂ ਦੇ ਨਕਸ਼ੇ 'ਤੇ ਆਉਣ ਲਈ ਪਤਾ ਨਹੀਂ ਕੀ-ਕੀ ਝੱਲਣਾ ਪਿਆ ਹੈ? ਕੁਦਰਤੀ ਅਫਤਾਂ ਤੋਂ ਲੈ ਕੇ ਯੁੱਧ ਤਕ, ਫੌਜੀ ਤਾਨਾਸ਼ਾਹੀ ਤੋਂ ਲੈ ਕੇ ਦਹਿਸ਼ਤਗਰਦੀ ਤੱਕ, ਅਤੇ ਰਾਜਸੀ ਅਸਥਿਰਤਾ ਤੋਂ ਲੈ ਕੇ ਸਰਬਵਿਆਪਕ ਭਰਿਸ਼ਟਾਚਾਰ ਤਕ। 19 ਜੂਨ ਦੀ ਸੁਬਾਹ ਵੀ ਮੁਲਕ ਦੇ ਇਤਿਹਾਸ 'ਚ ਇੱਕ ਨਵਾਂ ਅਧਿਆਇ ਜੋੜਨ ਵਾਲੀ ਸਾਬਤ ਹੋਈ। ਦੇਸ਼ ਦੀ ਸੁਪਰੀਮ ਕੋਰਟ ਨੇ ਇੱਕ ਚੁਣੇ ਹੋਏ ਪ੍ਰਧਾਨ ਮੰਤਰੀ (ਯੂਸਫ ਰਜ਼ਾਗਿਲਾਨੀ) ਮਾਨਹਾਨੀ ਦੇ ਕੇਸ 'ਚ ਸੱਤਾ ਤੋਂ ਹਟਾ ਕੇ ਨਿਆਇਕ ਸਰਗਰਮੀ ਦਿਖਾਈ ਤਾਂ ਨਿਆਂਪਾਲਿਕਾ ਦੇ ਇਸ ਕਦਮ ਵਿਰੁੱਧ ਵੀ ਪ੍ਰਤੀਕ੍ਰਿਆਵਾਂ ਹੋਈਆਂ। ਅੱਛੀ ਗੱਨ ਇਹ ਰਹੀ ਕਿ ਕਿਸੇ ਪ੍ਰਤੀਕ੍ਰਿਆ 'ਚ ਕੋਈ ਹਿੰਸਾ ਨਹੀਂ ਵੇਖੀ ਗਈ। ਹਾਕਮ ਪੀਪਲਜ਼ ਪਾਰਟੀ (ਪੀ. ਪੀ. ਪੀ.) ਨੇ ਇਸ ਨਾਗਵਾਰ ਫੈਸਲੇ ਲਈ ਭਾਰੀ ਮਨ ਨਾਲ ਕਬੂਲ ਤਾਂ ਕਰ ਲਿਆ ਪਰ ਸੱਤਾ 'ਚ ਬਣੇ ਰਹਿਣ ਦੀਆਂ ਆਪਣੀ ਪ੍ਰਤੀਬੱਧਤਾ ਨਾਲ ਪਾਰਟੀ ਨੇ ਇਹ ਦਰਸਾ ਦਿੱਤਾ ਕਿ ਚੋਣਾਂ ਤੋਂ ਪਹਿਲਾਂ ਅਦਾਲਤ ਦੀ ਅਸਲੀ ਮੰਸ਼ਾ ਪੂਰੀ ਨਹੀਂ ਹੋ ਸਕੇਗੀ। ਕੁਲ ਮਿਲਾ ਕੇ ਇਸ ਪੂਰੇ ਅਮਲ 'ਚ ਲੋਕਤੰਤਰ ਦੇ ਤਿੰਨੋ ਖੰਭੇ ਬੁਰੀ ਤਰ੍ਹਾਂ ਬੇਪੜਦ ਹੋ ਗਏ। ਆਸਿਫ ਅਲੀ ਜਰਦਾਰੀ ਖਿਲਾਫ ਕਾਰਵਾਈ ਦੀ ਸਿਫਾਰਸ਼ ਨਾ ਕਰਨ ਦੇ ਆਪਣੇ ਸਿਧਾਂਤ 'ਤੇ ਅੜੇ ਪ੍ਰਧਾਨ ਮੰਤਰੀ ਯੂਸਫ ਰਜਾ ਗਿਲਾਨੀ ਨੂੰ ਮੁਲਕ ਦੇ ਰਾਸ਼ਟਰਪਤੀ ਨਾਲ ਵਫਾਦਾਰੀ ਦੇ ਬਦਲੇ ਆਪਣੀ ਕੁਰਸੀ ਗੁਆਉਣੀ ਪਈ ਜੋ ਉਹਨਾਂ ਨੇ ਇਤਫਾਕ ਨਾਲ ਭੁਟੋ ਪ੍ਰੀਵਾਰ ਦੀ ਵਫਾਦਾਰੀ ਦੇ ਕਾਰਨ ਹੀ ਮਿਲੀ ਸੀ। ਉਹ ਅਗਲੇ ਪੰਜ ਸਾਲਾਂ ਤੱਕ ਚੁਣਾਵੀ ਰਾਜਨੀਤੀ ਵਿੱਚ ਹਿੱਸਾ ਵੀ ਨਹੀਂ ਲੈ ਸਕਣਗੇ। ਜਾਣਕਾਰਾਂ ਦਾ ਮੰਨਣਾ ਹੈ ਕਿ ਗਿਲਾਨੀ ਨੂੰ ਆਪਣੀ ਕੁਰਸੀ ਗੁਆਉਣੀ ਨਾ ਪੈਂਦੀ ਜੇ ਚੀਫ ਜਸਟਿਸ ਇਫਿਤਖਾਰ ਚੌਧਰੀ ਦੇ ਪੁੱਤ ਅਰਸਲਾਨ ਇਫਿਤਖਾਰ ਨੂੰ ਰਿਸ਼ਵਤਖੋਰੀ ਦੇ ਦੋਸ਼ 'ਚ ਗ੍ਰਿਫਤਾਰ ਨਾ ਕੀਤਾ ਗਿਆ ਹੁੰਦਾ। ਗਿਲਾਨੀ ਦੀ ਅਯੋਗਤਾ ਦਾ ਮਾਮਲਾ ਜਿੰਨਾ ਸਰਲ ਨਜ਼ਰ ਆਉਂਦਾ ਹੈ। ਅਸਲ 'ਚ ਉਹ ਉਨਾਂ ਸਿੱਧਾ ਨਹੀਂ ਹੈ। ਨਿਆਂਪਾਲਿਕਾ ਤੇ ਰਾਜਸੱਤਾ 'ਚ ਟਕਰਾ ਨੂੰ ਸਮਝਣ ਲਈ ਇਸ ਦੇ ਇਤਿਹਾਸਕ ਪ੍ਰਸੰਗਾਂ ਨੂੰ ਵੀ ਜਾਨਣਾ ਪਵੇਗਾ।

ਗਿਲਾਨੀ ਦੀ ਅਯੋਗਤਾ ਦੀ ਪਿੱਠ ਭੂਮੀ 14 ਸਾਲ ਪਹਿਲਾਂ ਤਿਆਰ ਹੋਣੀ ਸ਼ੁਰੂ ਹੋ ਗਈ ਸੀ ਜਦ ਪਾਕਿਸਤਾਨ ਦੇ ਰਾਸ਼ਟਰੀ ਜੁਆਬਦੇਹੀ ਬਿਊਰੋ (NAB) ਨੇ 1998 'ਚ ਆਸਿਫ ਅਲੀ ਜਿਰਦਾਰੀ ਤੇ ਉਹਨਾਂ ਦੀ ਪਤਨੀ ਬੇਨਜ਼ੀਰ ਭੁੱਟੋ ਨੂੰ ਸੋਸਲਿਸਟ ਜਨਰਲ ਸਰਵਿਲੈਸ (SGS) ਕੰਪਨੀ ਨੂੰ ਇਕ ਠੇਕਾ ਦੇਣ ਦੇ ਮਾਮਲੇ 'ਚ ਦੋਸ਼ੀ ਬਣਾਇਆ ਸੀ। ਪਾਕਿਸਤਾਨ ਸਰਕਾਰ ਨੂੰ ਕੰਪਨੀ ਤੋਂ ਮਿਲਣ ਵਾਲੀ ਕੁਲ ਰਾਸ਼ੀ ਵਿੱਚੋਂ 6 ਫੀਸਦੀ ਕਮਿਸ਼ਨ ਜਰਦਾਰੀ ਤੇ ਭੁਟੋ ਨੂੰ ਮਿਲਣ ਦਾ ਦੋਸ਼ ਸੀ। ਸੰਨ 2007 'ਚ ਉਸ ਵੇਲੇ ਦੇ ਰਾਸ਼ਟਰਪਤੀ ਪ੍ਰਵੇਜ਼ ਮੁਸ਼ਰਫ ਨੇ ਕੌਮੀ ਸੁਲਾਹ ਆਰਡੀਨੈਂਸ (NRO)

ਤਹਿਤ ਜਰਦਾਰੀ ਤੇ ਬੇਨਜ਼ੀਰ ਨੂੰ ਮੁਆਫ਼ੀ ਦੇ ਦਿੱਤੀ। ਇਸ ਪਿੱਛੋਂ ਹੀ ਜ਼ਰਦਾਰੀ ਤੇ ਬੇਨਜ਼ੀਰ ਦੀ ਵਤਨ ਵਾਪਸੀ ਦਾ ਰਾਹ ਖੁੱਲ੍ਹਿਆ ਸੀ। ਅਗਸਤ 2008 'ਚ ਸਿਵਸ ਨਿਆਂਇਕ ਅਧਿਕਾਰੀਆਂ ਨੇ ਪਾਕਿਸਤਾਨ ਦੀ ਅਰਜ਼ੀ 'ਤੇ ਜਰਦਾਰੀ ਖਿਲਾਫ ਕਾਲੇ ਧਨ ਨੂੰ ਜਾਇਜ਼ ਬਣਾਉਣ ਦਾ ਕੇਸ ਠੱਪ ਕਰ ਦਿੱਤਾ ਅਤੇ ਸਿਵਸ ਬੈਂਕ ਦੇ ਖਾਤਿਆਂ 'ਚ ਰੁਕੀ 6 ਕਰੋੜ ਡਾਲਰ ਦੀ ਰਾਸ਼ੀ ਜਾਰੀ ਕਰ ਦਿੱਤੀ। ਪ੍ਰਵੇਜ਼ ਮੁਸ਼ਰਫ ਨੇ ਆਪਣੀ ਹਕੂਮਤ ਦੌਰਾਨ ਸੁਪਰੀਮ ਕੋਰਟ ਦੇ ਚੀਫ ਜਸਟਿਸ ਰਹੇ ਇਫਿਤਖਾਰ ਮੁਹੰਮਦ ਚੌਧਰੀ ਨੂੰ ਬਰਖਾਸਤ ਕਰ ਦਿੱਤਾ ਸੀ ਅਤੇ ਉਹਨਾਂ ਨੂੰ ਘਰ ਅੰਦਰ ਨਜ਼ਰਬੰਦ ਵੀ ਰੱਖਿਆ ਸੀ। ਇਸ ਦੀ ਵਜਾਹ ਇਹ ਸੀ ਕਿ ਚੌਧਰੀ ਨੇ ਮੁਸ਼ਰਫ ਵੱਲੋਂ ਹਕੂਮਤ ਹਥਿਆਉਣ ਤੇ ਰਾਸ਼ਟਰਪਤੀ ਚੋਣ ਨੂੰ ਨਜਾਇਜ਼ ਐਲਾਨਿਆ ਸੀ। ਦੋਨਾ ਵਿਚਕਾਰ ਦੁਸ਼ਮਣੀ ਇਸ ਹੱਦ ਤਕ ਸੀ ਕਿ ਮੁਸ਼ਰਫ ਨੇ ਹਕੂਮਤ ਛੱਡਣ ਪਿਛੋਂ ਵੀ ਜਰਦਾਰੀ ਤੋਂ ਇਹ ਵਾਅਦਾ ਲਿਆ ਸੀ ਕਿ ਉਹ ਵੀ ਚੀਫ ਜਸਟਿਸ ਵਜੋਂ ਚੌਧਰੀ ਨੂੰ ਬਹਾਲ ਨਹੀਂ ਕਰਨਗੇ। ਮੁਸ਼ਰਫ ਪਿੱਛੋਂ ਜਦ ਜਰਦਾਰੀ ਵੀ ਚੌਧਰੀ ਨੂੰ ਬਹਾਲ ਕਰਨ 'ਚ ਆਨਾਕਾਨੀ ਕਰਨ ਲੱਗੇ ਤਾਂ ਉਹਨਾਂ 'ਤੇ ਸਹਿਯੋਗੀ ਪਾਰਟੀਆਂ ਦਾ ਜਬਰਦਸਤ ਦਬਾਅ ਪੈਣ ਲੱਗਿਆ। ਡੇਢ ਸਾਲ ਤਕ ਅੜਿਕਾ ਬਣੇ ਰਹਿਣ ਪਿੱਛੋਂ ਸੱਤਾ 'ਤੇ ਬਣੇ ਰਹਿਣ ਦੇ ਦਬਾਅ 'ਚ ਆ ਕੇ ਅੰਤ ਚੌਧਰੀ ਨੂੰ ਫਿਰ ਤੋਂ ਚੀਫ ਜਸਟਿਸ ਦੀ ਕੁਰਸੀ 'ਤੇ ਤਾਂ ਬਿਠਾ ਦਿੱਤਾ ਪਰ ਇਸ ਪੂਰੇ ਘਟਨਾਕ੍ਰਮ 'ਚ ਰਾਸ਼ਟਰਪਤੀ ਜ਼ਰਦਾਰੀ ਚੀਫ ਜਸਟਿਸ ਦੇ ਦੁਸ਼ਮਣ ਨੰਬਰ ਇਕ ਹੋ ਗਏ। ਕਿਉਂਕਿ ਮੁਸ਼ਰਫ ਦੇਸ਼ ਤੋਂ ਬਾਹਰ ਸੀ। ਉਹਨਾਂ ਨੇ ਪਟੀਸ਼ਨਾਂ ਰਾਹੀਂ ਸਰਕਾਰ ਨੂੰ ਇਹ ਨਿਰਦੇਸ਼ ਦਿੱਤਾ ਕਿ ਐਨ. ਆਰ. ਓ ਦੇ ਤਹਿਤ ਇਸ ਮਾਮਲੇ ਨੂੰ ਬੰਦ ਕਰਵਾਇਆ ਗਿਆ ਸੀ। ਉਸ ਨੂੰ ਫਿਰ ਚਾਲੂ ਕਰਾਉਣ ਲਈ ਸਿਵਸ ਨਿਆਂਇਕ ਅਧਿਕਾਰੀਆਂ ਨੂੰ ਚਿੱਠੀ ਲਿਖੀ ਜਾਵੇ।

ਅਦਾਲਤ ਨੇ ਦਸ ਜਨਵਰੀ 2012 ਤੱਕ ਚਿੱਠੀ ਲਿਖਣ ਦੀ ਹੱਦ ਤਹਿ ਕੀਤੀ। ਗਿਲਾਨੀ ਨੇ ਇਸ ਫੈਸਲੇ ਦਾ ਪਾਲਨ ਨਹੀਂ ਕੀਤਾ ਤਾਂ ਅਦਾਲਤ ਨੇ 16 ਜਨਵਰੀ ਨੂੰ ਪ੍ਰਧਾਨ ਮੰਤਰੀ ਖਿਲਾਫ ਸੰਮਨ ਜਾਰੀ ਕਰ ਦਿੱਤਾ। 19 ਜਨਵਰੀ ਨੂੰ ਅਦਾਲਤ 'ਚ ਹਾਜਰ ਹੋਏ ਗਿਲਾਨੀ ਨੇ ਸਪੱਸ਼ਟ ਕਹਿ ਦਿੱਤਾ ਸੀ ਕਿ ਮੁਲਕ ਦਾ ਸੰਵਿਧਾਨ (ਅਨੁਛੇਦ 248) ਰਾਸ਼ਟਰਪਤੀ ਨੂੰ ਅਪਰਾਧਿਕ ਮਾਮਲਿਆਂ ਤੋਂ ਛੋਟ ਦਿੰਦਾ ਹੈ। ਇਸ ਲਈ ਉਹ ਲਿਖ ਕੇ ਸੰਵਿਧਾਨ ਦੀ ਮਾਨਹਾਨੀ ਦੇ ਦੋਸ਼ੀ ਨਹੀਂ ਬਣਨਾ ਚਾਹੁੰਦੇ। ਅਦਾਲਤ ਨੇ ਉਹਨਾਂ ਦੀ ਦਲੀਲ ਨੂੰ ਖਾਰਿਜ ਕਰਦਿਆਂ ਉਨ੍ਹਾਂ ਨੂੰ 26 ਅਪ੍ਰੈਲ ਨੂੰ ਮਾਨਹਾਨੀ ਦਾ ਦੋਸ਼ੀ ਕਰਾਰ ਦਿੱਤਾ। ਇਸ ਪਿੱਛੋਂ ਇਹ ਮਾਮਲਾ ਨੈਸ਼ਨਲ ਅਸੰਬਲੀ ਦੀ ਸਪੀਕਰ ਕੋਲ ਚਲਾ ਗਿਆ। ਸਪੀਕਰ ਡਾ. ਫਹਿਮੀਦਾ ਮਿਰਜਾ ਨੇ 24 ਮਈ ਨੂੰ ਇਹ ਵਿਵਸਥਾ ਦਿੱਤੀ ਕਿ ਸੁਪਰੀਮ ਕੋਰਟ ਦੀ ਮਾਨਹਾਨੀ ਦੇ ਦੋਸ਼ੀ ਹੋਣ ਦੇ ਬਾਵਜੂਦ ਪ੍ਰਧਾਨ ਮੰਤਰੀ ਸੰਸਦ ਦੀ ਮੈਂਬਰਸਿਪ ਤੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਅਯੋਗ ਨਹੀਂ ਹੈ। ਕਿਉਂਕਿ ਡਾ. ਮਿਰਜ਼ਾ ਵੀ ਹਾਕਮ ਪਾਰਟੀ ਦੀ ਹੀ ਮੈਂਬਰ ਹੈ। ਇਸ ਲਈ ਉਹਨਾਂ ਤੋਂ ਗਿਲਾਨੀ ਖਿਲਾਫ ਫੈਸਲਾ ਸੁਨਾਉਣ ਦੀ ਉਮੀਦ ਵੀ ਨਹੀਂ ਸੀ। ਪਰ ਦੋ ਮੁੱਖ ਵਿਰੋਧੀ ਪਾਰਟੀਆਂ ਪਾਕਿਸਤਾਨ ਮੁਸਲਿਮ ਲੀਗ (ਨਵਾਜ) ਤੇ ਪਾਕਿਸਤਾਨ ਤਹਿਰੀਕੇ ਇਨਸਾਫ (ਇਮਰਾਨ ਖਾਨ) ਨੇ ਸਪੀਕਰ ਦੇ ਫੈਸਲੇ ਨੂੰ ਸੁਪਰੀਮ ਕੋਰਟ 'ਚ ਦੋ ਵੱਖ-ਵੱਖ ਪਟੀਸ਼ਨਾਂ ਰਾਹੀਂ ਚੁਣੌਤੀ ਦੇ ਦਿੱਤੀ। ਇਸ ਪੂਰੇ ਅਮਲ 'ਚ ਦੋ ਕੇਸ

ਜਸਟਿਸ ਚੌਧਰੀ ਤੇ ਗਿਲਾਨੀ ਦੇ ਪ੍ਰੀਵਾਰ ਨਾਲ ਜੁੜੇ ਹਨ। ਜਿਹਨਾਂ ਨੂੰ ਕੋਰਟ ਦੇ ਇਸ ਇਤਿਹਾਸਕ ਫੈਸਲੇ ਦੀ ਜੜ੍ਹ ਮੰਨਿਆ ਜਾਂਦਾ ਹੈ। ਅਸਲ 'ਚ ਇਫਿਤਖਾਰ ਚੌਧਰੀ ਦੇ ਬੇਟੇ ਅਰਸਲਾਨ ਇਫਿਤਖਾਰ 'ਤੇ ਰੀਅਲ ਅਸਟੇਟ ਵਪਾਰੀ ਮਲਿਕ ਰਿਆਜ਼ ਹੁਸੈਨ ਤੋਂ 40 ਕਰੋੜ ਰੁਪਏ ਮਿਲਣ ਦਾ ਦੋਸ਼ ਸੀ। ਇਸ ਨਾਲ ਸਬੰਧਤ ਖਬਰਾਂ ਟੀ. ਵੀ. ਤੇ ਆਉਣ ਲੱਗੀਆਂ ਤੇ ਦੇਸ਼ ਭਰ 'ਚ ਇਹ ਮਹੌਲ ਤਿਆਰ ਹੋ ਗਿਆ ਕਿ ਮੁਲਕ ਦੇ ਚੀਫ ਜਸਟਿਸ ਦੇ ਪੁੱਤ ਨੇ ਇੱਕ ਵਪਾਰੀ ਦੇ ਮੁਕੱਦਮੇ ਨੂੰ ਕੰਮਜ਼ੋਰ ਕਰਨ ਲਈ ਰਿਸ਼ਵਤ ਲਈ। ਇਸ ਮਾਮਲਾ ਸਿੱਧਾ ਚੀਫ ਜਸਟਿਸ ਇਫਿਤਖਾਰ ਚੌਧਰੀ ਨਾਲ ਜੁੜਿਆ ਹੋਇਆ ਸੀ। ਇਸ ਲਈ ਉਹ ਖੁਦ ਇਸ ਮਾਮਲੇ ਦੀ ਸੁਣਵਾਈ ਤੋਂ ਹਟ ਗਏ। ਇਸ ਦੌਰਾਨ ਇਸ ਗੱਲ ਦੀ ਖ਼ੂਬ ਚਰਚਾ ਹੋਈ ਕਿ ਵਪਾਰੀ ਮਲਿਕ ਰਿਆਜ ਹੁਸੈਨ ਨੇ ਯੂਸਫ ਰਜ਼ਾ ਗਿਲਾਨੀ ਦੇ ਪੁੱਤ ਅਲੀ ਮੂਸਾ ਗਿਲਾਨੀ ਦੇ ਕਹਿਣ 'ਤੇ ਹੀ ਅਰਸਲਾਨ ਇਫਿਤਖਾਰ ਦੇ ਨਾਲ ਆਪਣੇ ਸਬੰਧ ਉਜਾਗਰ ਕੀਤੇ। ਚੀਫ ਜਸਟਿਸ ਦਾ ਮਾਮਲੇ ਜਦ ਸਾਹਮਣੇ ਆਇਆ, ਤਦ ਤਕ ਗਿਲਾਨੀ ਨੂੰ ਅਯੋਗ ਨਹੀਂ ਐਲਾਨਿਆ ਗਿਆ ਸੀ। ਪਰ ਜਿਉਂ ਹੀ ਇਹ ਖਬਰ ਫੈਲੀ ਕਿ ਗਿਲਾਨੀ ਦੇ ਪੁੱਤ ਨੇ ਅਰਸਲਾਨ ਅਫਿਤਖਾਰ ਦੇ ਰਾਹੀਂ ਜਸਟਿਸ ਚੌਧਰੀ ਦੀ ਛਵੀ ਦਾਗਦਾਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਦੇ ਦਸ ਦਿਨਾਂ ਅੰਦਰ ਗਿਲਾਨੀ ਨੂੰ ਹਟਾਉਣ ਦਾ ਫੁਰਮਾਨ ਜਾਰੀ ਹੋ ਗਿਆ। ਦੇਸ਼ ਦੀ ਸੁਪਰੀਮ ਕੋਰਟ ਤੇ ਸਰਕਾਰ ਵਿਚਾਲੇ ਰੰਜਿਸ ਇੱਥੇ ਹੀ ਖਤਮ ਨਹੀਂ ਹੋਈ। ਗਿਲਾਨੀ ਦੀ ਅਯੋਗਤਾ ਪਿੱਛੋਂ ਪੀ. ਪੀ. ਪੀ. ਨੇ ਜਦ ਨਵੇਂ ਪ੍ਰਧਾਨ ਮੰਤਰੀ ਦਾ ਨਾਂ ਤਹਿ ਕਰਨ ਲਈ ਮਗਜ਼ ਖਪਾਈ ਸ਼ੁਰੂ ਕੀਤੀ ਤਾਂ ਰਾਸ਼ਟਰਪਤੀ ਨੇ ਪਾਰਟੀ ਨੂੰ ਆਪਣੀ ਪਸੰਦ ਦੱਸ ਦਿੱਤੀ। ਉਹਨਾਂ ਨੇ ਕੱਪੜਾ ਉਦਯੋਗ ਮੰਤਰੀ ਮਖਦੂਰਾ ਸ਼ਾਹਬੂਦਿਨ ਨੂੰ ਨਵੇਂ ਪ੍ਰਧਾਨ ਮੰਤਰੀ ਵਜੋਂ ਚੁਣਿਆਂ। ਇਹ ਲਗਭਗ ਤਹਿ ਮੰਨਿਆ ਜਾ ਰਿਹਾ ਸੀ ਕਿ ਨੈਸ਼ਨਲ ਅਸੰਬਲੀ 'ਚ ਉਹਨਾਂ ਦੇ ਨਾਂ ਦਾ ਐਲਾਨ ਹੋ ਜਾਵੇਗਾ। ਤਦ ਇਕ ਮਾਮਲੇ 'ਚ ਉਸ ਖਿਲਾਫ ਗੈਰ-ਜਮਾਨਤੀ ਵਰੰਟ ਜਾਰੀ ਹੋ ਗਿਆ। ਜਲਦਬਾਜ਼ੀ 'ਚ ਪੀ. ਪੀ. ਪੀ. ਨੂੰ ਰਾਜਾ ਪ੍ਰਵੇਜ਼ ਨੂੰ ਪ੍ਰਧਾਨ ਮੰਤਰੀ ਚੁਣਨਾ ਪਿਆ। ਮਖਦੂਮ 'ਤੇ ਦੋਸ਼ ਹੈ ਕਿ ਸਿਹਤ ਮੰਤਰੀ ਰਹਿੰਦਿਆਂ ਉਹਨਾਂ ਨੇ ਪਾਬੰਦੀਸ਼ੁਦਾ ਦਵਾ ਏਫਡਿਨ ਦੀ ਵੱਡੀ ਮਾਤਰਾ 'ਚ ਦਰਾਮਦ ਦੌਰਾਨ ਭਾਰੀ ਅਨਿਯਮਤਾ ਕੀਤੀ। ਉਹਨਾਂ ਦੇ ਨਾਲ-ਨਾਲ ਤਤਕਲੀਨ ਪ੍ਰਧਾਨ ਮੰਤਰੀ ਯੂਸਫ ਰਜਾ ਗਿਲਾਨੀ ਦੇ ਬੇਟੇ ਅਲੀਮੂਸ ਗਿਲਾਨੀ ਖਿਲਾਫ ਵੀ ਗ੍ਰਿਫਤਾਰੀ ਦਾ ਵਰੰਟ ਜਾਰੀ ਹੋ ਗਿਆ ਜੋ ਮਖਦੂਮ ਨਾਲ ਇਸ ਕੇਸ 'ਚ ਸਹਿਦੋਸ਼ੀ ਵੀ ਹੈ। ਮਜ਼ੇਦਾਰ ਗੱਲ ਇਹ ਹੈ ਕਿ ਏਂਟੀ ਨਰਕੋਟਿਕਸ ਫੋਰਸ ਦੀ ਅਰਜ਼ੀ 'ਤੇ ਰਾਵਲਪਿੰਡੀ 'ਚ ਵਿਸ਼ੇਸ਼ ਏ. ਐਨ. ਐਫ. ਅਦਾਲਤ ਨੇ ਜੱਜ ਸਫਕਤੁ ਉਲਾਹ ਖਾਨ ਅਤੇ ਮੂਸਾ ਗਿਲਾਨੀ ਖਿਲਾਫ ਅਜਿਹੇ ਸਮੇਂ 'ਚ ਵਰੰਟਜਾਰੀ ਕੀਤਾ ਗਿਆ ਜਦ ਮੁਲਕ ਸਿਆਸੀ ਸੰਕਟ ਦੇ ਦੌਰ 'ਚ ਲੰਘ ਰਿਹਾ ਸੀ। ਏਫਡ੍ਰਿਨ ਘਪਲਾ ਪਿਛਲੇ ਸਾਲ ਅਕਤੂਬਰ 'ਚ ਉਦੋਂ ਸਾਹਮਣੇ ਆਇਆ ਸੀ ਜਦ ਐਂਟੀ ਨਰਕਟਿਕਸ ਫੋਰਸ ਨੇ ਐਫ. ਆਈ. ਆਰ. ਦਰਜ ਕਰਵਾਈ ਸੀ। ਪਾਕਿ ਦੀਆਂ ਦੋ ਵੱਡੀਆਂ ਕੰਪਨੀਆਂ ਦਨਾਸ ਫਾਰਮਾ ਤੇ ਬੇਰਲੇਕਸ ਲੈਬ ਇੰਟਰਨੈਸ਼ਨਲ ਨੂੰ ਆਫਗਾਨਿਸਤਾਨ 'ਚ ਅਸਥਮਾ ਦੀ ਦਵਾਈ ਸਪਲਾਈ ਕਰਨ ਦਾ ਹੁਕਮ ਮਿਲਿਆ ਹੈ। 2010-11 ਦੌਰਾਨ ਦੋਨੋ ਕੰਪਨੀਆਂ ਦਵਾਈ ਸਪਲਾਈ ਕਰਨ 'ਚ ਨਾਕਾਮ ਹੋ ਗਈਆਂ। ਇਹ

ਦੋਨੇ ਕੰਪਨੀਆਂ ਨੇ ਦਵਾ ਬਣਾਉਣ ਲਈ ਏਫੇਡ੍ਰਿਨ ਦਵਾ ਦਾ ਕੋਟ ਸਿਹਤ ਮੰਤਰਾਲੇ ਤੋਂ ਜਾਰੀ ਕਰਵਾਇਆ ਸੀ। ਗੜਬੜ ਸੀ ਕਿ ਕੌਮਾਂਤਰੀ ਨਾਰਕੋਟਿਕਸ ਕੰਟਰੋਲ ਬੋਰਡ ਨੂੰ ਸੰਨ 2010–11 ਲਈ 22 ਹਜ਼ਾਰ ਕਿਲੋ ਏਫਡ੍ਰਿਨ ਦਰਾਮਦ ਦਾ ਕੋਟਾ ਤਹਿ ਕੀਤਾ ਸੀ ਤੇ ਉਕਤ ਦੋਨੋ ਕੰਪਨੀਆਂ ਨੇ 31 ਹਜ਼ਾਰ ਕਿਲੋ ਏਫਡ੍ਰਿਨ ਦਰਾਮਦ ਕਰਨ ਦਾ ਕੋਟਾ ਐਲਾਣ ਕਰਵਾ ਲਿਆ ਸੀ। ਦੋਨੋ ਕੰਪਨੀਆਂ ਮੁਲਤਾਨ ਦੀਆਂ ਹਨ ਜਿਨ੍ਹਾਂ ਦੇ ਮਾਲਕਾਂ ਨਾਲ ਅਲੀ ਮੂਸਾ ਗਿਲਾਨੀ ਦੇ ਅੱਛੇ ਸਬੰਧ ਰਹੇ ਹਨ। ਦੋਸ਼ ਹੈ ਕਿ ਆਪਣੇ ਬਾਪ ਦੇ ਹਕੂਮਤ ’ਚ ਰਹਿਣ ਦਾ ਫਾਇਦਾ ਉਠਾ ਕੇ ਮੂਸਾ ਨੇ ਕੰਪਨੀਆਂ ਲਈ ਨਜ਼ਾਇਜ ਕੋਟਾ ਜਾਰੀ ਕਰਵਾ ਦਿੱਤਾ ਸੀ।

# ਕੀ ਹਨ ਪ੍ਰਣਾਬ ਮੁਕਰਜੀ ਨਾਲ ਜੁੜੇ ਰਾਜਸੀ ਤੇ ਪ੍ਰਬੰਧਕੀ ਝਮੇਲੇ

ਪ੍ਰਣਾਬ ਮੁਕਰਜੀ ਦਾ ਮਾਨ ਸਨਮਾਨ ਤੇ ਅਹੁਦਾ ਕਾਂਗਰਸ 'ਚ ਇੱਕ ਧੱਕੜ ਰਾਜਸੀ ਨੇਤਾ ਦਾ ਰਿਹਾ ਹੈ। ਅੱਸੀ ਦੇ ਦਹਾਕੇ ਦੇ ਉਤਰਾਅ ਦੇ ਕੁਝ ਸਾਲਾਂ ਨੂੰ ਛੱਡ ਉਹ ਕਾਂਗਰਸ ਲਈ ਹਮੇਸ਼ਾ ਹੀ ਸੰਕਟ ਮੋਚਨ ਦੀ ਭੂਮਿਕਾ 'ਚ ਰਹੇ ਹਨ। ਲਗਭਗ ਪੰਜ ਦਹਾਕੇ ਪਹਿਲਾਂ ਪੱਛਮੀ ਬੰਗਾਲ ਤੋਂ ਸ਼ੁਰੂ ਹੋਕੇ ਉਹਨਾਂ ਦਾ ਰਾਜਸੀ ਸਫਰਨਾਮਾ ਅੱਜ ਵੀ ਜਾਰੀ ਹੈ। ਉਹ ਸੰਨ 1969 'ਚ ਪਹਿਲੀ ਵਾਰੀ ਰਾਜ ਸਭਾ ਮੈਂਬਰ ਬਣੇ ਤੇ ਦੇਖਦੇ-ਦੇਖਦੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਏਨੇ ਕਰੀਬੀ ਹੋ ਗਏ ਕਿ ਚਾਰ ਸਾਲ ਪਿੱਛੋਂ ਹੀ ਉਹਨਾਂ ਨੂੰ ਕੈਬਨਿਟ 'ਚ ਥਾਂ ਮਿਲ ਗਈ। ਤਦ ਤੋਂ ਹੁਣ ਤਕ ਰਾਜੀਵ ਗਾਂਧੀ ਦੀ ਕੈਬਨਿਟ ਨੂੰ ਛੱਡ ਕੇ ਉਹ ਕਾਂਗਰਸ ਦੀ ਹਰ ਕੈਬਨਿਟ 'ਚ ਸ਼ਾਮਲ ਹੋਏ। ਲਗਭਗ ਪੰਜ ਦਹਾਕਿਆਂ ਦੇ ਰਾਜਸੀ ਕੈਰੀਅਰ 'ਚ ਉਹਨਾਂ 'ਤੇ ਕਈ ਦੋਸ਼ ਵੀ ਲੱਗੇ। ਪਰ ਦੋਸ਼ਾਂ ਦਾ ਡਟ ਕੇ ਮੁਕਾਬਲਾ ਕਰਨ ਤੇ ਅਜਿਹੇ ਮਾਮਲਿਆਂ 'ਚ ਕਦੀ ਨਾ ਝੁਕਣ ਦੀ ਉਹਨਾਂ ਦੀ ਸਮਰੱਥਾ ਕਰਕੇ ਰਸਤੇ ਆਪਣੇ ਆਪ ਬਣਦੇ ਗਏ।

ਉਹਨਾਂ ਨੂੰ ਜੁੜੇ ਬਿਆਨ 'ਚ ਪਹਿਲਾਂ ਵਿਵਾਦ ਸੰਨ 1975 ਦੀ ਐਮਰਜੰਸੀ ਦਾ ਹੈ। ਕੇਂਦਰ 'ਚ ਮੰਤਰੀ ਤੇ ਇੰਦਰਾ ਗਾਂਧੀ ਦੇ ਕਰੀਬੀ ਹੋਣ ਕਰਕੇ ਉਹਨਾਂ ਨੂੰ ਇੰਦਰਾ ਦੇ ਕਈ ਫੈਸਲਿਆਂ ਲਈ ਜ਼ਿੰਮੇਵਾਰ ਠਹਿਰਾਇਆ ਗਿਆ। ਇਸ ਲਈ ਉਹਨਾਂ ਨੂੰ ਸ਼ਾਹ ਕਮਿਸ਼ਨ ਮੂਹਰੇ ਵੀ ਪੇਸ਼ ਹੋਣਾ ਪਿਆ। ਪੁਲਸ ਨੇ ਉਹਨਾਂ ਖਿਲਾਫ ਕੇਸ ਵੀ ਦਰਜ ਕੀਤਾ। ਪਰ 1980 'ਚ ਇੰਦਰਾ ਦੇ ਸੱਤਾ 'ਚ ਵਾਪਸ ਪਰਤਣ ਪਿੱਛੋਂ ਉਹਨਾਂ ਖਿਲਾਫ ਸਾਰੇ ਦੋਸ਼ ਵਾਪਸ ਲੈ ਲਏ ਗਏ। ਇੰਦਰਾ ਗਾਂਧੀ ਨੇ ਸੰਨ 1980 ਵਿਚ ਉਹਨਾਂ ਨੂੰ ਵਣਿਜ ਮੰਤਰੀ ਤੇ ਸੰਨ 1980 'ਚ ਉਹਨਾਂ ਨੂੰ ਦੁਨੀਆਂ ਦਾ ਸਭ ਤੋਂ ਵਧੀਆ ਵਿਤ ਮੰਤਰੀ ਹੋਣ ਦਾ ਖਿਤਾਬ ਮਿਲਿਆ। ਇਹ ਵੱਖਰੀ ਗੱਲ ਹੈ ਕਿ ਉਹਨਾਂ 'ਤੇ ਬੰਬੇ ਡਾਇੰਗ ਖਿਲਾਫ ਰਿਲਾਇੰਸ ਇੰਡਸਟਰੀਜ਼ ਨੂੰ ਮਦਦ ਪਹੁੰਚਾਉਣ ਦਾ ਵੀ ਦੋਸ਼ ਲੱਗਿਆ। ਇੱਥੋਂ ਤੱਕ ਕਿਹਾ ਜਾਂਦਾ ਹੈ ਕਿ ਰਿਲਾਇੰਸ ਇੰਡਸਟ੍ਰੀਜ਼ ਦੇ ਸੰਸਥਾਪਕ ਧੀਰੂ ਭਾਈ ਅੰਬਾਨੀ ਨਾਲ ਉਹਨਾਂ ਦੇ ਰਿਸ਼ਤੇ ਏਨੇ ਕਰੀਬੀ ਸਨ ਕਿ ਆਪਣੇ ਮੌਤ ਤੋਂ ਕੁਝ ਦਿਨ ਪਹਿਲਾਂ ਉਹਨਾਂ ਨੇ ਆਪਣੇ ਦੋਨੋ ਬੇਟਿਆਂ ਮੁਕੇਸ਼ ਤੇ ਅਨਿਲ ਅੰਬਾਨੀ ਨੂੰ ਰਾਜਨੀਤੀ 'ਚ ਉਹਨਾਂ ਦਾ ਹਮੇਸ਼ਾ ਖਿਆਲ ਰੱਖਣ ਲਈ ਕਿਹਾ ਸੀ। ਹੁਣ 19 ਜੁਲਾਈ ਨੂੰ ਭਾਰਤ ਦੇ ਤੇਰ੍ਹਵੇਂ ਰਾਸ਼ਟਰਪਤੀ ਲਈ ਹੋਣ ਜਾ ਰਹੀਆਂ ਚੋਣਾਂ ਬਾਰੇ ਵੀ ਅਜਿਹਾ ਹੀ ਕਿਹਾ ਜਾ ਰਿਹਾ ਹੈ ਕਿ ਮੁਕੇਸ਼ ਅੰਬਾਨੀ ਨੇ ਉਹਨਾਂ ਲਈ ਲਾਬਿੰਗ ਕੀਤੀ ਤੇ ਕਾਂਗਰਸ ਸਮੇਤ ਕਈ ਪਾਰਟੀਆਂ ਦੇ ਨੇਤਾਵਾਂ ਨੂੰ ਅਸਰਅੰਦਾਜ਼ ਕੀਤਾ। ਹਾਲ ਦੀ ਘੜੀ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦੀ ਦਿੱਲੀ ਸਥਿਤ ਪ੍ਰਧਾਨ ਮੰਤਰੀ ਰਿਹਾਇਸ਼ ਵਿਖੇ ਹੱਤਿਆ ਕਰ ਦਿੱਤੀ ਗਈ। ਤਦ ਪ੍ਰਣਾਬ ਇੰਦਰਾ ਦੀ ਕੈਬਨਿਟ 'ਚ ਨੰਬਰ-ਦੋ ਦੀ ਹੈਸੀਅਤ ਰੱਖਦੇ ਸਨ। ਉਸ ਦਿਨ ਉਹ ਰਾਜੀਵ ਦੇ ਨਾਲ ਪੱਛਮੀ ਬੰਗਾਲ ਦੇ ਦੌਰੇ 'ਤੇ ਸਨ। ਕਿਉਂਕਿ ਉਦੋਂ ਉਹ ਖੁਦ ਵਿਤ ਮੰਤਰੀ ਸਨ ਤੇ ਮੰਤਰੀ ਮੰਡਲ 'ਚ

ਨੰਬਰ-ਦੋ ਦੀ ਹੈਸੀਅਤ ਰੱਖਦੇ ਸਨ ਇਸ ਲਈ ਉਹ ਖੁਦ ਨੂੰ ਪ੍ਰਧਾਨ ਮੰਤਰੀ ਦਾ ਦਾਅਵੇਦਾਰ ਮੰਨਦੇ ਸਨ। ਕਿਹਾ ਜਾਂਦਾ ਹੈ ਕਿ ਕੋਲਕਾਤਾ ਤੋਂ ਵਾਪਸ ਆਉਂਦੇ ਵਕਤ ਹਵਾਈ ਜਹਾਜ਼ 'ਚ ਜਦ ਉਹਨਾਂ ਨੇ ਰਾਜੀਵ ਕੋਲ ਇਹ ਮੰਸ਼ਾ ਜ਼ਾਹਿਰ ਕੀਤੀ ਤਾਂ ਰਾਜੀਵ ਖਾਸ ਨਾਰਾਜ਼ ਹੋ ਗਏ। ਦਿੱਲੀ ਪਹੁੰਚਣ ਪਿੱਛੋਂ ਹਾਲਾਤ ਪੂਰੀ ਤਰ੍ਹਾਂ ਬਦਲ ਗਏ।

ਰਾਸ਼ਟਰਪਤੀ ਗਿਆਨੀ ਜੈਲ ਸਿੰਘ ਨੇ ਇੰਦਰਾ ਗਾਂਧੀ ਦੇ ਕਰੀਬੀ ਨੇਤਾਵਾਂ ਮੱਖਣ ਲਾਲ ਫੋਤੇਦਾਰ, ਆਰ ਕੇ ਧਵਨ ਆਦਿ ਨਾਲ ਸਲਾਹ ਮਸ਼ਵਰਾ ਕਰਕੇ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਉਣ ਦਾ ਫੈਸਲਾ ਲਿਆ ਤੇ ਉਹਨਾਂ ਨੂੰ ਸਹੁੰ ਚੁਕਾ ਦਿੱਤੀ ਗਈ। ਇਸ ਕੈਬਨਿਟ 'ਚ ਪ੍ਰਣਾਬ ਨੂੰ ਜਗਾਹ ਨਹੀਂ ਮਿਲੀ। ਇਸ ਦੇ ਕੁਝ ਮਹੀਨਿਆਂ ਪਿੱਛੋਂ ਸੰਨ 1985 'ਚ ਆਮ ਚੋਣਾਂ 'ਚ ਰਾਜੀਵ ਨੂੰ ਭਾਰੀ ਬਹੁਮਤ ਮਿਲਿਆ। ਰਾਜੀਵ ਤੋਂ ਪ੍ਰਣਾਬ ਦੀ ਦੂਰੀ ਵਧਦੀ ਗਈ। ਆਖਰਕਾਰ ਸੰਨ 1986 'ਚ ਉਹਨਾਂ ਨੇ ਕਾਂਗਰਸ ਛੱਡ ਦਿੱਤੀ ਤੇ ਹੌਲੀ-ਹੌਲੀ ਹਾਸ਼ੀਏ 'ਤੇ ਚਲੇ ਗਏ ਹਾਲਾਂਕਿ ਸੰਨ 1989 'ਚ ਦੋਨਾਂ 'ਚ ਸਮਝੌਤਾ ਹੋ ਗਿਆ ਤੇ ਉਹਨਾਂ ਨੇ ਆਪਣੀ ਪਾਰਟੀ ਦਾ ਰਲੇਵਾਂ ਕਾਂਗਰਸ 'ਚ ਕਰ ਲਿਆ। ਸੰਨ 1991 'ਚ ਰਾਜੀਵ ਦੀ ਹੱਤਿਆ ਪਿੱਛੋਂ ਨਰ ਸਿੰਮਾ ਰਾਓ ਪ੍ਰਧਾਨ ਮੰਤਰੀ ਬਣੇ। ਉਹਨਾਂ ਨੇ ਹਾਸ਼ੀਏ ਪਈ ਪ੍ਰਣਾਬ ਦੀ ਕਾਂਗਰਸ ਦੀ ਮੁਖ ਧਾਰਾ 'ਚ ਵਾਪਸੀ ਕਰਾਈ ਤੇ ਯੋਜਨਾ ਕਮਿਸ਼ਨ ਦਾ ਉਪ-ਚੇਅਰਮੈਨ ਬਣਾਇਆ। ਰਾਓ ਨੇ 1995 'ਚ ਉਹਨਾਂ ਨੂੰ ਵਿਦੇਸ਼ ਮੰਤਰੀ ਬਣਾ ਦਿੱਤਾ, ਸੰਨ 2004 'ਚ ਉਹ ਪਹਿਲੀ ਵਾਰੀ ਲੋਕ ਸਭਾ ਚੋਣ ਜਿਤੇ। ਜਦ ਕੇਂਦਰ 'ਚ ਕਾਂਗਰਸ ਦਾ ਖੱਬਿਆਂ ਨਾਲ ਗਠਜੋੜ ਹੋਇਆ। ਇਸ ਪਿੱਛੋਂ ਉਹਨਾਂ ਨੇ ਰੱਖਿਆ ਮੰਤਰੀ ਦਾ ਅਹੁਦਾ ਸੰਭਾਲਿਆ। ਉਸ ਦੌਰਾਨ ਨੇਵੀ ਵਾਰ ਰੂਮ ਲੀਕ ਕੇਸ 'ਚ ਅਪਰਾਧੀਆਂ ਨੂੰ ਬਚਾਉਣ ਤੇ 18 ਹਜ਼ਾਰ ਕਰੋੜ ਰੁਪਏ ਦੇ ਸਕਾਰਪਿਅਨ ਪਣਡੁੱਬੀ ਖਰੀਦ ਮਾਮਲੇ 'ਚ ਚਾਰ ਫੀਸਦੀ ਕਮਿਸ਼ਨ ਦੇ ਮੁੱਦੇ ਉਭਰੇ। ਸੰਨ 2007 'ਚ ਘਾਨਾ ਨੂੰ ਚੌਲ ਬਰਾਮਦ ਘਪਲੇ 'ਚ ਵੀ ਉਹਨਾਂ ਦਾ ਨਾਂ ਆਇਆ। ਘਾਨਾ ਦੀ ਸਰਕਾਰ ਨੇ ਖੁਦ ਪ੍ਰਣਾਬ ਖਿਲਾਫ ਜਾਂਚ ਦੀ ਸਿਫਾਰਸ਼ ਕੀਤੀ ਸੀ। ਉਦੋਂ ਸੰਸਦ 'ਚ ਕਾਫੀ ਹੰਗਾਮਾ ਵੀ ਹੋਇਆ ਸੀ। ਇਸ ਦੀ ਜਾਂਚ ਦੀ ਮੰਗ ਵੀ ਮੰਨ ਲਈ ਗਈ ਸੀ। ਇਸ ਤਰ੍ਹਾਂ ਬੰਗਲਾਦੇਸ਼ੀ ਲੇਖਿਕਾ ਤਸੱਲੀਮਾ ਨਸਰੀਨ ਨੂੰ ਭਾਰਤ ਤੋਂ ਬਾਹਰ ਕਰਨ ਸਬੰਧੀ ਵੀ ਉਹਨਾਂ ਨੂੰ ਕਾਫੀ ਅਲੋਚਨਾ ਝੱਲਣੀ ਪਈ ਸੀ। ਇਹ ਝਮੇਲਾ ਏਨਾ ਵਧ ਗਿਆ ਕਿ ਪੱਛਮੀ ਬੰਗਾਲ 'ਚ ਵੀ ਉਹਨਾਂ ਖਿਲਾਫ ਨਾਹਰੇਬਾਜ਼ੀ ਹੋਈ। ਸੰਨ 2009 'ਚ ਯੂ. ਪੀ. ਏ.-2 ਦੀ ਸਰਕਾਰ ਵਿੱਚ ਉਹਨਾਂ ਨੂੰ ਕੇਂਦਰੀ ਵਿਤ ਮੰਤਰੀ ਬਣਾਇਆ ਗਿਆ ਕਿ ਪਾਰਟੀ ਤੇ ਸਰਕਾਰ ਦੇ ਹਰ ਸੰਕਟ ਦਾ ਹੱਲ ਉਹ ਕੱਢਣ ਲੱਗੇ। ਇਸ ਦੌਰਾਨ ਉਹ ਖੁਦ ਵੀ ਕਈ ਝਮੇਲਿਆਂ 'ਚ ਘਿਰਦੇ ਰਹੇ। ਅਕਤੂਬਰ 2011 'ਚ ਉਹਨਾਂ ਨੇ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਨੂੰ ਭਵਿੱਖ ਦਾ ਨੇਤਾ ਕਹਿ ਦਿੱਤਾ। ਪੱਛਮੀ ਬੰਗਾਲ 'ਚ ਵੀਰਭੂਮੀ ਜਿਲੇ ਦੇ ਮਿਰਟੀ ਪਿੰਡ 'ਚ ਦੁਰਗਾ ਪੂਜਾ 'ਚ ਹਿੱਸਾ ਲੈਣ ਗਏ ਪ੍ਰਣਾਬ ਦੇ ਇਸ ਬਿਆਨ ਨਾਲ ਤਾਂ ਜਿਵੇਂ ਭੁਚਾਲ ਹੀ ਆ ਗਿਆ। ਇਹ ਉਹੀ ਸਮਾਂ ਸੀ ਜਦ ਗ੍ਰਹਿ ਮੰਤਰੀ ਪੀ ਚਿੰਦਤਬੁਰਮ ਨਾਲ ਪ੍ਰਣਾਬ ਦੇ ਮੱਤਭੇਦ ਦੀਆਂ ਖਬਰਾਂ ਮੀਡੀਆ 'ਚ ਛਾਈਆਂ ਸਨ। ਚਿੰਦਤਬੁਰਮ ਤੋਂ ਉਹ ਏਨਾ ਖਫ਼ਾ ਸਨ ਕਿ ਸੋਨੀਆ ਗਾਂਧੀ ਦੇ

ਦਖਲ ਪਿੱਛੋਂ ਹੀ ਸ਼ਾਂਤ ਹੋਏ। ਰਾਸ਼ਟਰਪਤੀ ਦੇ ਅਹੁਦੇ ਲਈ ਉਹਨਾਂ ਦਾ ਨਾਂ ਐਲਾਨੇ ਜਾਣ ਪਿੱਛੋਂ ਟੀਮ ਅੰਨਾ ਨੇ ਉਹਨਾਂ 'ਤੇ ਗੰਭੀਰ ਦੋਸ਼ ਲਾਏ। ਟੀਮ ਦੇ ਇੱਕ ਮੁੱਖ ਮੈਂਬਰ ਅਰਵਿੰਦ ਕੇਜਰੀਵਾਲ ਨੇ ਇੱਥੋਂ ਤੱਕ ਕਿਹਾ ਕਿ ਚਾਵਲ ਘੁਟਾਲੇ ਮਾਮਲੇ 'ਚ ਸੰਸਦ 'ਚ ਹੋਏ ਹੰਗਾਮੇ ਤੇ ਫਿਰ ਜਾਂਚ ਦੇ ਭਰੋਸੇ ਦੇ ਬਾਵਜੂਦ ਹੁਣ ਤੱਕ ਉਹਨਾਂ ਖਿਲਾਫ ਕੋਈ ਜਾਂਚ ਨਹੀਂ ਹੋਈ ਹਾਲਾਂਕਿ ਵਿੱਤ ਮੰਤਰਾਲੇ ਨੇ ਟੀਮ ਅੰਨਾ ਦੇ ਇਹਨਾਂ ਦੋਸ਼ਾਂ ਨੂੰ ਖਾਰਿਜ ਕਰ ਦਿੱਤਾ ਅਤੇ ਕਿਹਾ ਕਿ ਦੋਸ਼ ਅਧਾਰਹੀਣ ਤੇ ਮਨਘੜਿਤ ਹਨ।

# ਲੀਕ ਤੋਂ ਹਟ ਕੇ ਹੋਣੀ ਬਦਲਣ ਦੀ ਕੋਸ਼ਿਸ਼

ਆਮ ਬਿਊਟੀ ਪਾਰਲਰਾਂ 'ਚ ਸਮਲਿੰਗਕ ਵਿਅਕਤੀਆਂ ਤੇ ਖੁਸਰਿਆਂ ਨੂੰ ਵੜਨ ਨਹੀਂ ਦਿੱਤਾ ਜਾਂਦਾ। ਪਾਰਲਰ ਦੇ ਸੰਚਾਲਕ ਬਦਸਲੂਕੀ ਕਰਦੇ ਹਨ ਤੇ ਧੱਕੇ ਮਾਰ ਕੇ ਉਥੋਂ ਭਜਾ ਦਿੰਦੇ ਹਨ, 'ਮੈਂ ਪਹਿਲਾਂ ਇੱਕ ਬਿਊਟੀ ਪਾਰਲਰ 'ਚ ਕੰਮ ਕਰਦੀ ਸੀ। ਹੋਰਾਂ ਤੋਂ ਬੇਹਤਰ ਕੰਮ ਕਰਦੀ ਸੀ। ਇਸ ਦੇ ਬਾਵਜੂਦ ਸਹਿਯੋਗੀ ਵਿਅੰਗ ਕਰਦੇ ਤੇ ਹਮੇਸ਼ਾਂ ਮੇਰੀ ਬੇਇਜ਼ਤੀ ਕਰਦੇ। ਇਸ ਲਈ ਮੈਂ ਖੁਸਰਿਆਂ ਤੇ ਸਮਲਿੰਗਕਾਂ ਲਈ ਬਿਊਟੀ ਪਾਰਲਰ ਖੋਹਲਣ ਦਾ ਫੈਸਲਾ ਲਿਆ। ਵਾਲ ਬਣਾਉਣ ਤੋਂ ਲੈ ਕੇ ਚੇਹਰਾ ਸੰਵਾਰਨ ਤੱਕ ਸਾਡੇ ਬਿਊਟੀ ਪਾਰਲਰ 'ਚ ਅੱਜ ਦੂਰ-ਦੂਰ ਤੋਂ ਖੁਸਰੇ ਆਉਂਦੇ ਹਨ। ਹੁਣ ਅਸੀਂ ਪਾਰਲਰ ਚਲਾਉਣ ਤੋਂ ਇਲਾਵਾ ਬਿਊਟੀਸ਼ੀਅਨ ਕੋਰਸ ਦੀ ਸਿਖਲਾਈ ਵੀ ਦਿੰਦੇ ਹਾਂ।' ਆਤਮ ਵਿਸਵਾਸ਼ੀ ਨਾਲ ਭਰੇ ਉਕਤ ਬਿਆਨ ਸਿੰਮੀ ਦੇ ਹਨ। ਸਤਾਈ ਸਾਲ ਦੀ ਸਿੰਮੀ ਦਿੱਲੀ ਦੇ ਨਾਲ ਲੱਗਦੇ ਫਰੀਦਾਬਾਦ ਦੇ ਸੈਕਟਰ-35 'ਚ ਪਿਛਲੇ ਤਿੰਨ ਸਾਲਾਂ ਤੋਂ ਖੁਸਰਿਆਂ ਲਈ ਬਿਊਟੀ ਪਾਰਲਰ ਚਲਾ ਰਹੀ ਹੈ। ਉਤਰ ਪ੍ਰਦੇਸ਼ ਦੇ ਖੁਸ਼ਹਾਲ ਪ੍ਰੀਵਾਰ 'ਚ ਜਨਮ ਲੈਣ ਵਾਲੀ ਸਿੰਮੀ 'ਚ ਬਚਪਨ ਤੋਂ ਹੀ ਲਿੰਗਕ ਦੋਸ਼ ਸੀ। ਇਸ ਦੇ ਬਾਵਜੂਦ ਸਿੰਮੀ ਦੇ ਮਾਤਾ-ਪਿਤਾ ਉਸ ਦੀ ਸ਼ਾਦੀ ਇੱਕ ਲੜਕੀ ਨਾਲ ਕਰਾਉਣੀ ਚਾਹੁੰਦੇ ਸਨ। ਸਿੰਮੀ "ਮੈਂ ਆਪਣੇ ਬਾਪ ਨੂੰ ਕਿਹਾ ਕਿ ਕੀ ਉਹ ਮੇਰੀ ਭੈਣ ਦੀ ਸ਼ਾਂਤੀ ਮੇਰੇ ਵਰਗੇ ਆਦਮੀ ਨਾਲ ਕਰਨਗੇ? ਮੈਂ ਕਿਉਂ ਕਿਸੇ ਲੜਕੀ ਦੀ ਜ਼ਿੰਦਗੀ ਖਰਾਬ ਕਰਦੀ ? ਸ਼ਾਦੀ ਤੋਂ ਨਾਂਹ ਕਰਨ ਤੇ ਪਾਪਾ ਨੇ ਮੈਨੂੰ ਚਾਰ ਦਿਨ ਤਕ ਘਰ 'ਚ ਬੰਦ ਰੱਖਿਆ। ਇਸ ਪਿੱਛੋਂ ਮੈਂ ਆਪ ਹੀ ਘਰ ਪ੍ਰੀਵਾਰ ਛੱਡ ਦਿੱਤਾ। ਮਾਤਾ-ਪਿਤਾ ਹੁਣ ਮੈਨੂੰ ਆਪਣਾ ਖੂਨ ਹੀ ਨਹੀਂ ਮੰਨਦੇ। ਹੁਣ ਮੈਂ ਆਪਣੀ ਜ਼ਿੰਦਗੀ ਤੋਂ ਸੰਤੁਸ਼ਟ ਹਾਂ। ਹਰ ਦਿਨ 20-25 ਗਾਹਕ ਸਾਡੇ ਪਾਰਲਰ ਆਉਂਦੇ ਹਨ। ਹੁਣ ਕਈ ਖੁਸਰੇ ਇਹ ਕੰਮ ਸਿੱਖ ਕੇ ਗਏ ਹਨ। ਆਉਣ ਵਾਲੇ ਸਮੇਂ ਅਸੀਂ ਇਸ ਤਰ੍ਹਾਂ ਦੇ ਕਈ ਹੋਰ ਪਾਰਲਰ ਖੋਹਲਾਂਗੇ।'

ਇਤਿਹਾਸਕ ਪ੍ਰਸੰਗ 'ਚ ਦੇਖੀਏ ਤਾਂ ਲਿੰਗਕ ਘੱਟ ਗਿਣਤੀ ਸਮੂਹ ਯਾਨੀ ਖੁਸਰੇ ਤੇ ਸਮਲਿੰਗਕ ਲੋਕ ਹਾਲਾਂਕਿ ਕੁਝ ਸਾਲਾਂ 'ਚ ਕਈ ਦੇਸ਼ਾਂ 'ਚ ਖੁਸਰਿਆਂ ਤੇ ਸਮਲਿੰਗਕਾਂ ਨੂੰ ਆਮ ਆਦਮੀ ਵਾਗੂੰ ਨਾਗਰਿਕ ਅਧਿਕਾਰ ਹਾਸਲ ਹੋਏ ਹਨ, ਪਰ ਵਿਹਾਰਕ ਧਰਾਤਲ 'ਤੇ ਉਹਨਾਂ ਦੀ ਸਮਾਜਕ-ਆਰਥਕ ਸਥਿਤੀ ਅੱਜ ਵੀ ਜਿਉਂ ਦੀ ਤਿਉਂ ਹੈ। ਇਹ ਸਮੂਹ ਸਮਾਜ ਦੀ ਮੁਖਧਾਰਾ ਤੋਂ ਕੋਹਾਂ ਦੂਰ ਹੈ। ਅਣਦੇਖੀ, ਬੇਇਜ਼ਤੀ, ਬੇਰੁਜ਼ਗਾਰੀ ਤੇ ਖਾਨਾਬਦੋਸ਼ੀ ਉਸ ਦੀ ਨਿਯਤੀ ਹੈ। ਇਸ ਨਜ਼ਰੀਏ ਤੋਂ ਵੇਖੀਏ ਤਾਂ ਸਿੰਮੀ ਦੇ ਬਿਊਟੀ ਪਾਰਲਰ ਦਾ ਮਹੱਤਵ ਕਈ ਗੁਣਾ ਵਧ ਗਿਆ ਹੈ। ਸਿੰਮੀ ਦੇ ਸੁਪਨੇ ਨੂੰ ਪੂਰਾ ਕਰਨ ਵਿੱਚ ਗੈਰ-ਸਰਕਾਰੀ ਸੰਸਥਾਂ 'ਪਹਿਲ ਫਾਊਂਡੇਸ਼ਨ' ਦੀ ਮੁਖ ਭੂਮਿਕਾ ਹੈ। ਇਹ ਜਥੇਬੰਦੀ ਪਿਛਲੇ ਛੇ ਸਾਲਾਂ ਤੋਂ ਦਿੱਲੀ ਅਤੇ ਆਸ-ਪਾਸ ਦੇ ਇਲਾਕਿਆਂ 'ਚ ਖੁਸਰਿਆਂ ਤੇ ਸਮਲਿੰਗਕਾਂ ਦੇ ਕਲਿਆਣ ਤੇ ਰੁਜ਼ਗਾਰ ਦੇ ਲਈ ਤਰ੍ਹਾਂ-ਤਰ੍ਹਾਂ ਦਾ ਪ੍ਰੋਗ੍ਰਾਮ ਚਲਾ ਰਹੀ ਹੈ। 'ਪਹਿਲ ਫਾਊਂਡੇਸ਼ਨ' ਦੇ ਮੁਖੀ ਯਾਦਵੇਂਦਰ ਸਿੰਘ ਕਹਿੰਦੇ ਹਨ ਕਿ 'ਜੇ ਕੋਈ ਖੁਸਰਾ ਲੜਕੀਆਂ ਵਾਗੂੰ ਰਹਿਣਾ ਤੇ ਦਿਸਣਾ ਚਾਹੇ, ਨਾਲ ਹੀ ਸਜਣ

ਸੰਵਰਨ ਲਈ ਕਿਸੇ ਬਿਊਟੀ ਪਾਰਲਰ 'ਚ ਜਾਣਾ ਚਾਹੇ ਤਾਂ ਦਿੱਲੀ ਵਰਗੇ ਵੱਡੇ ਸ਼ਹਿਰ 'ਚ ਵੀ ਉਹਨਾਂ ਨੂੰ ਇਕ-ਅੱਧਾ ਪਾਰਲਰ ਵੀ ਨਹੀਂ ਮਿਲੇਗਾ। ਔਰਤ ਬਿਊਟੀ ਪਾਰਲਰ ਵਾਲੇ ਉਹਨਾਂ ਨੂੰ ਨੇੜੇ ਵੀ ਫਟਕਣ ਨਹੀਂ ਦਿੰਦੇ, ਜਦ ਕਿ ਮਰਦ ਬਿਊਟੀ ਪਾਰਲਰ ਉਹਨਾਂ ਦਾ ਮਖੌਲ ਉਡਾਉਂਦੇ ਹਨ। ਇਸ ਕਮੀ ਨੂੰ ਦੂਰ ਕਰਨ ਲਈ ਸਾਡੀ ਸੰਸਥਾ ਨੇ 'ਖੁਸਰਾ ਬਿਊਟੀ ਪਾਰਲਰ ਦੀ ਸ਼ੁਰੂਆਤ ਕੀਤੀ।' ਸ਼ੁਰੂ-ਸ਼ੁਰੂ 'ਚ ਕਈ ਤਰ੍ਹਾਂ ਦੇ ਅੜਿਕੇ ਆਏ। ਬਕੌਲ ਸਿੰਮੀ 'ਸਾਨੂੰ ਕਿਹਾ ਗਿਅ ਕਿ ਇਹ ਸਭਿਅਕ ਲੋਕਾਂ ਦੀ ਬਸਤੀ ਹੈ। ਇੱਥੇ ਕੌਣ ਆਊਂਗਾ? ਪਰ ਹੁਣ ਸਾਡਾ ਪਾਰਲਰ ਦਿੱਲੀ ਅਤੇ ਫਰੀਦਾਬਾਦ ਦੇ ਖੁਸਰਿਆਂ ਦਾ ਆਸਰਾ ਸਥਾਨ ਬਣ ਗਿਆ ਹੈ। ਸਾਡੇ ਫਿਰਕੇ ਦੇ ਦਰਜਨਾਂ ਲੋਕ ਇੱਥੇ ਸਮਾਂ ਪਾਸ ਕਰਨ ਜਾਂ ਸੈਲੂਨ ਦਾ ਕੰਮ ਸਿੱਖਣ ਆਉਂਦੇ ਹਨ। ਕੁਝ ਦਿਨ ਪਹਿਲਾਂ ਇੱਕ ਲੜਕੇ ਨੂੰ ਉਸ ਦੇ ਪ੍ਰੀਵਾਰ ਵਾਲਿਆਂ ਨੇ ਮਾਰ ਕੁਟ ਕੇ ਘਰੋਂ ਕੱਢ ਦਿੱਤਾ ਕਿਉਂਕਿ ਉਹ ਸਮਲਿੰਗਕ ਸੀ। ਅਸੀਂ ਉਸ ਨੂੰ ਸ਼ਰਨ ਦਿੱਤੀ। ਉਸ ਨੂੰ ਪਾਰਲਰ ਦਾ ਕੰਮ ਸਿਖਾਇਆ। ਹੁਣ ਉਹ ਲੜਕਾ ਇੱਕ ਹਜ਼ਾਰ ਰੁਪਏ ਦੀ ਦਿਹਾੜੀ ਪਾ ਲੈਂਦਾ ਹੈ।' ਸਿੰਮੀ ਅੱਗੇ ਕਹਿੰਦਾ ਹੈ। 'ਸਾਡੇ ਇੱਥੇ ਦੂਜੇ ਬਿਊਟੀ ਪਾਰਲਰਾਂ ਵਾਗੂੰ ਵੈਕਸਿੰਗ, ਥ੍ਰੇਡਿੰਗ, ਫੇਸ਼ਿਆਲ, ਵਾਲਾਂ ਦੀ ਕਟਾਈ, ਸਮੇਤ ਹੋਰ ਸਾਰੀਆਂ ਬਿਊਟੀ-ਸਹੂਲਤਾਂ ਮੁਹਈਆ ਹਨ। ਅਸੀਂ ਬਹੁਤ ਘੱਟ ਪੈਸੇ 'ਚ ਸੇਵਾਵਾਂ ਮੁਹਈਆਂ ਕਰਵਾਉਂਦੇ ਹਾਂ।' ਹਾਲਾਂਕਿ ਸਿੰਮੀ ਦੇ ਪਾਰਲਰ 'ਚ ਆਮ ਲੋਕ ਨਹੀਂ ਜਾਂਦੇ, ਪਰ ਇਸ ਨਾਲ ਇਲਾਕੇ ਦੇ ਖੁਸਰਿਆਂ ਨੂੰ ਸੁੰਦਰਤਾ ਕਰਮੀ ਵਜੋਂ ਹੌਲੀ-ਹੌਲੀ ਪਹਿਚਾਣ ਮਿਲਣ ਲੱਗੀ ਹੈ। ਪਾਰਲਰ ਦੇ ਹੋਰਾਂ ਉਦੇਸ਼ਾਂ ਬਾਰੇ ਯਾਦਵਿੰਦਰ ਸਿੰਘ ਕਹਿੰਦੇ ਹਨ, 'ਇਹ ਵੱਖਰੀਆਂ-ਵੱਖਰੀਆਂ ਯੋਜਨਾਵਾਂ ਦਾ ਇੱਕ ਹਿੱਸਾ ਹੈ। ਅਸੀਂ ਉਹਨਾਂ 'ਚ ਚੇਤੰਨਤਾ ਲਿਆਉਣ, ਉਹਨਾਂ ਨੂੰ ਰੋਟੀ-ਰੋਜ਼ੀ ਤੇ ਪਹਿਚਾਣ ਦਿਵਾਉਣ ਲਈ ਸੰਘਰਸ਼ ਕਰ ਰਹੇ ਹਾਂ। ਸਾਡੀ ਸੰਸਥਾ ਕਈ ਸਾਲਾਂ ਤੋਂ ਖੁਸਰਿਆਂ 'ਚ ਏਡਜ਼ ਤੋਂ ਬਚਣ ਲਈ ਤਰ੍ਹਾਂ-ਤਰ੍ਹਾਂ ਦੇ ਜਾਗਰੂਕਤਾ ਮੁਹਿੰਮ ਚਲਾ ਰਹੀ ਹੈ। ਅਸੀਂ ਹਰਿਆਣਾ, ਦਿੱਲੀ, ਪੰਜਾਬ, ਉਤਰਾਖੰਡ, ਜੰਮੂ-ਕਸ਼ਮੀਰ, ਰਾਜਸਥਾਨ ਆਦਿ ਰਾਜਾਂ 'ਚ ਕਈ ਪ੍ਰੋਗ੍ਰਾਮਾਂ ਦਾ ਆਯੋਜਨ ਕੀਤਾ ਹੈ! ਇਹਨਾਂ ਪ੍ਰੋਗ੍ਰਾਮਾਂ 'ਚ ਅਸੀਂ ਉਹਨਾਂ ਦੀਆਂ ਸਮੱਸਿਆਵਾਂ ਸੁਣਦੇ ਹਾਂ ਤੇ ਹੱਲ ਦੇ ਰਾਹ ਦੱਸਦੇ ਹਾਂ। ਸੰਸਥਾ ਦੇਸ਼ 'ਚ ਖੁਸਰਿਆਂ ਦੇ ਨਾਲ ਹੋਣ ਵਾਲੇ ਭੇਦ-ਭਾਵ, ਉਸ ਦੀ ਆਬਾਦੀ, ਸਮਾਜਿਕ-ਆਰਥਕ ਸਥਿਤੀ 'ਤੇ ਵਿਆਪਕ ਖੋਜ ਕਰ ਰਹੀ ਹੈ। ਅਸੀਂ ਖੁਸਰਿਆਂ ਤੇ ਸਮਲਿੰਗਕਾਂ ਦੇ ਕਾਨੂੰਨੀ ਹੱਕ ਸਬੰਧੀ ਵੀ ਲਗਾਤਾਰ ਜਾਗਰੂਕਤਾ ਮੁਹਿੰਮ ਚਲਾ ਰਹੇ ਹਾਂ।'

ਖੁਸਰਿਆਂ ਦੇ ਆਤਮ ਵਿਸਵਾਸ਼ ਨੂੰ ਵਧਾਉਣ ਤੇ ਉਹਨਾਂ ਪ੍ਰਤੀ ਸਮਾਜ ਦਾ ਨਜ਼ਰੀਆਂ ਬਦਲਣ ਲਈ ਪੁਣੇ 'ਚ ਵੀ ਅਜਿਹਾ ਇਕ ਤਜਰਬਾ ਕਾਫੀ ਸਫਲ ਰਿਹਾ ਹੈ। ਕੁਝ ਸਾਲ ਪਹਿਲਾਂ ਪੁਣੇ ਦੀ ਇਕ ਐਨ. ਜੀ. ਓ. ਨਾਲ ਜੁੜੀ ਸਵਪਿਨਲ ਸੀਕਚੀ ਦੀ ਕੋਸ਼ਿਸ਼ ਨਾਲ ਬੁੱਧਵਾਰ ਪੇਠ ਸਥਿਤ ਰਾਮੇਸ਼ਵਰ ਮਾਰਕਿਟ 'ਚ 'ਪਰਪਲ ਲੋਟਜ ਬਿਊਟੀ ਸੈਲੂਨ ਐਂਡ ਟੇਨਿੰਗ ਅਕਾਦਮੀ' ਖੋਹਲਿਆ ਗਿਆ ਹੈ, ਜਿਥੇ ਖੁਸਰਿਆਂ ਨੂੰ ਬਿਊਟੀਸ਼ੀਅਨ ਦੀ ਸਿਖਲਾਈ ਦੇ ਕੇ ਉਹਨਾਂ ਨੂੰ ਪਾਰਲਰ 'ਚ ਲਾਇਆ ਜਾਂਦਾ ਹੈ। ਇਸ ਪਾਰਲਰ 'ਚ ਸਿਰਫ ਖੁਸਰਿਆਂ ਦੀ ਸੁੰਦਰਤਾ ਨਿਖਾਰੀ ਜਾਂਦੀ ਹੈ। ਦੂਜੇ ਪਾਸੇ ਚੇਨਈ 'ਚ ਇਕ ਬਿਊਟੀਸ਼ੀਅਨ ਐਮ ਨਿਕਿਲਾ ਨੇ ਵੀ ਖੁਸਰਿਆਂ ਲਈ ਇਕ ਬਿਊਟੀ ਪਾਰਲਰ ਖੋਹਲਿਆ ਹੈ। ਚਾਰ ਸਾਲ ਪਹਿਲਾਂ ਉਹਨਾਂ ਨੇ ਇੱਕ ਖੁਸਰੇ ਨੂੰ ਭੀਖ

ਮੰਗਦਿਆਂ ਲੋਕਾਂ ਵੱਲੋਂ ਜਦ ਉਸ ਨੂੰ ਬੁਰੀ ਤਰ੍ਹਾਂ ਦੁਰਕਾਰਦੇ ਹੋਏ ਵੇਖਿਆ, ਤਾਂ ਉਦੋਂ ਉਸ ਦੇ ਮਨ 'ਚ ਖੁਸਰਿਆਂ ਲਈ ਕੁਝ ਕਰਨ ਦਾ ਵਿਚਾਰ ਆਇਆ। ਇਸ ਬਿਊਟੀ ਪਾਰਲਰ ਵਿੱਚ ਵੀ ਖੁਸਰਿਆਂ ਨੂੰ ਸਿਖਲਾਈ ਦੇ ਕੇ ਉਹਨਾਂ ਨੂੰ ਆਪਣੀ ਰੋਟੀ-ਰੋਜ਼ੀ ਦੇ ਲਿਹਾਜ ਨਾਲ ਆਤਮਨਿਰਭਰ ਬਣਾਉਣ ਦਾ ਕੰਮ ਹੋ ਰਿਹਾ ਹੈ। ਚੇਨਈ 'ਚ ਲਗਭਗ ਡੇਢ ਲੱਖ ਖੁਸਰੇ ਰਹਿੰਦੇ ਹਨ। ਉਹਨਾਂ 'ਚੋਂ ਬਹੁਤ ਮੰਗਤੇ ਹਨ ਜਾਂ ਫਿਰ ਸੈਕਸ ਵਰਕਰ ਬਣੇ ਹੋਏ ਹਨ। 'ਪਹਿਲ ਫਾਊਂਡੇਸ਼ਨ' ਆਪਣੇ ਮਕਸਦ 'ਚ ਕਿੰਨੀ ਸਫਲ ਹੋਈ ਹੈ, ਇਹ ਤਾਂ ਉਨ੍ਹਾਂ ਦੇ ਦਾਅਵਿਆਂ ਦੇ ਮੂਲ ਅੰਕਣ ਤੋਂ ਹੀ ਸਪੱਸ਼ਟ ਹੋਵੇਗਾ, ਪਰ ਆਮ ਨਾਗਰਿਕ ਅਧਿਕਾਰਾਂ ਤੋਂ ਵਾਂਝੇ ਖੁਸਰੇ ਤੇ ਸਮਲਿੰਗਕ ਫਿਰਕੇ ਦੇ ਲਈ ਖੁਦ ਇੱਕ ਸੌਖਾ ਸੁਆਲ ਹੈ। ਪਿੱਛੇ ਦੇ ਸਾਲਾਂ 'ਚ ਲਿੰਗਕ ਘਟ ਗਿਣਤੀ ਨੂੰ ਉਚਾ ਚੁਕਣ ਸਬੰਧੀ ਕੁਝ ਸਕਾਰਾਤਮਕ ਕੋਸ਼ਿਸ਼ਾਂ ਹੋਈਆਂ। ਸੰਨ 1994 'ਚ ਸਰਕਾਰ ਨੇ ਖੁਸਰਿਆਂ ਨੂੰ ਵੋਟ ਦਾ ਅਧਿਕਾਰ ਦੇ ਕੇ ਉਹਨਾਂ ਨੂੰ ਸ਼ਹਿਰੀ ਪਹਿਚਾਣ ਦਿਵਾਉਣ ਦੀ ਦਿਸ਼ਾ 'ਚ ਵੱਡੀ ਪਹਿਲ ਕੀਤੀ ਸੀ। ਤਿੰਨ ਸਾਲ ਪਹਿਲਾਂ ਸੁਪ੍ਰੀਮ ਕੋਰਟ ਨੇ ਵੀ ਸਮਲਿੰਗਕ ਵਿਆਹ ਨੂੰ ਮੰਜੂਰੀ ਦੇ ਕੇ ਖੁਸਰਿਆਂ ਲਈ ਮਿਸਾਲ ਕਾਇਮ ਕੀਤੀ। ਸੁਬਨਮ ਮੌਸੀ ਨੇ 1998 'ਚ ਵਿਧਾਨ ਸਭਾ ਚੋਣ ਜਿੱਤ ਕੇ ਇਤਿਹਾਸ ਹੀ ਰਚ ਦਿੱਤਾ। ਪਰ ਕੌੜੀ ਸੱਚਾਈ ਇਹ ਹੈ ਕਿ ਅੱਜ ਵੀ ਖੁਸਰਾ ਬਰਾਦਰੀ ਦੋਮ ਦਰਜੇ ਦੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਹੈ। ਅਜਿਹੇ 'ਚ ਰੁਜ਼ਗਾਰ ਤੇ ਮਾਨ-ਸਨਮਾਨ ਦੀ ਤਲਾਸ਼ 'ਚ ਸਦੀਆਂ ਤੋਂ ਭੜਕਦੇ ਖੁਸਰਿਆਂ ਲਈ ਸਿੰਮੀ ਦਾ ਬਿਊਟੀ ਪਾਰਲਰ ਮੀਲ ਦੇ ਕਿਸੇ ਪੱਥਰ ਤੋਂ ਘੱਟ ਨਹੀਂ ਹੈ।

# ਜੀ-20 ਸੰਮੇਲਨ-ਯੂਰੋਜੋਨ ਦਾ ਸੰਕਟ ਤੇ ਭਾਰਤੀ ਆਰਥਕ ਮੰਦੀ

ਖਸਤਾਹਾਲ ਅਰਥਚਾਰੇ ਨੂੰ ਸੁਧਾਰਨ ਲਈ ਪਿਛਲੇ ਦਿਨੀਂ ਰਿਜ਼ਰਵ ਬੈਂਕ ਵੱਲੋਂ ਕੀਤੇ ਗਏ ਐਲਾਨਾਂ ਕਰਕੇ ਮਹਿੰਗਾਈ ਨਾਲ ਜੂਝ ਰਹੇ ਆਮ ਆਦਮੀ ਨੂੰ ਕਿਸੇ ਤਰ੍ਹਾਂ ਦੀ ਰਾਹਤ ਨਹੀਂ ਮਿਲੀ। ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਦੀ ਨਿਵੇਸ਼ ਛੋਟ ਨੂੰ 15 ਤੋਂ ਵਧਾ ਕੇ 20 ਹਜ਼ਾਰ ਡਾਲਰ ਕਰ ਦਿੱਤਾ ਗਿਆ। ਨਾਲ ਹੀ ਬੁਨਿਆਦੀ ਢਾਂਚੇ ਦੇ ਵਿਕਾਸ ਸਬੰਧੀ ਨਿਵੇਸ਼ 'ਤੇ ਵੀ ਛੋਟ ਦੇ ਦਿੱਤੀ ਗਈ। ਪਰ ਸਾਰੇ ਐਲਾਨ ਬਾਜ਼ਾਰ ਦੀ ਉਮੀਦ ਅਨੁਸਾਰ ਨਹੀਂ ਰਹੇ। ਵਿਸਲੇਸ਼ਕ ਮੰਨਦੇ ਹਨ ਕਿ ਰਿਜ਼ਰਵ ਬੈਂਕ ਦੀ ਇਹ ਕੋਸ਼ਿਸ਼ ਅਧੂਰੀ ਹੈ ਅਤੇ ਅਰਥਚਾਰੇ ਨੂੰ ਪਟੜੀ 'ਤੇ ਲਿਆਉਣ ਵਿੱਚ ਜ਼ਿਆਦਾ ਮਦਦਗਾਰ ਸਾਬਿਤ ਨਹੀਂ ਹੋਇਆ। ਆਰਥਕ ਮਾਮਲਿਆਂ ਦੇ ਜਾਣਗਾਰ ਰਮੇਸ਼ ਸ਼ਰਨ ਵੀ ਇਹਨਾਂ ਐਲਾਨਾਂ ਨੂੰ ਅਧੂਰਾ ਸਮਝਦੇ ਹਨ। ਉਹਨਾਂ ਅਨੁਸਾਰ, ਸਰਕਾਰ ਵਿਦੇਸ਼ 'ਚ ਆਰਥਕ ਸਹਾਇਤਾ ਦੇਣ ਸਬੰਧੀ ਤਾਂ ਫੌਰੀ ਨਿਰਣਾ ਲੈ ਲੈਂਦੀ ਹੈ, ਪਰ ਉਨੀ ਜਲਦਬਾਜ਼ੀ ਆਪਣੇ ਦੇਸ਼ 'ਚ ਨਹੀਂ ਵਿਖਾਉਂਦੀ। ਯੂਰੋ ਜੋਨ ਦੇ ਸੰਕਟ ਤੋਂ ਉਭਰਨ ਲਈ ਕੀਤੀ ਗਏ ਆਰਥਕ ਪੈਕੇਜ ਦੇ ਐਲਾਨ ਆਪਣੇ ਪੈਰਾਂ 'ਤੇ ਖੁਦ ਕੁਹਾੜੀ ਮਾਰਨ ਵਾਂਗ ਹੈ। ਵਿਕਸਤ ਦੇਸ਼ਾਂ ਦਾ ਪੂੰਜੀਵਾਦੀ ਜਹਾਜ਼ ਡੁੱਬ ਰਿਹਾ ਹੈ। ਸਰਕਾਰ ਨੂੰ ਉਹਨਾਂ ਦੇ ਜਹਾਜ਼ ਨਾਲ ਬੰਨ੍ਹ ਕੇ ਆਪਣੀ ਕਿਸ਼ਤੀ ਬਿਨਾਂ ਮਤਲਬ ਨਹੀਂ ਡੋਬਣੀ ਚਾਹੀਦੀ। ਦੇਸ਼ ਦੇ ਆਰਥਕ ਮੋਰਚੇ 'ਤੇ  ਕਈ ਸਮੱਸਿਆਵਾਂ ਮੂੰਹ ਅੱਡੀ ਖੜ੍ਹੀਆਂ ਹਨ।

ਸਰਕਾਰ ਨੂੰ ਪਹਿਲਾਂ ਇਸ ਦਾ ਹੱਲ ਕੱਢਣਾ ਚਾਹੀਦਾ ਹੈ। ਇਹਨਾਂ ਗੱਲਾਂ ਦੀ ਹਮਾਇਤ ਕਰਦੇ ਹੋਇਆਂ ਐਸੋਚਮ ਦੇ ਮੁਖੀ ਰਾਜਕੁਮਾਰ ਧੂਤ ਕਹਿੰਦੇ ਹਨ ਕਿ ਯੂਰੋਜੋਨ ਦੇ ਸੰਕਟ ਦੇ ਹੱਲ ਦੇ ਨਾਲ ਹੀ ਦੇਸ਼ 'ਚ ਜਾਰੀ ਸੰਕਟ ਦਾ ਹੱਲ ਜ਼ਰੂਰੀ ਹੈ। ਅਜਿਹਾ ਨਹੀਂ ਹੈ ਕਿ ਯੂਰਪੀ ਸੰਕਟ ਦੇ ਖਤਮ ਹੋਣ ਨਾਲ ਭਾਰਤੀ ਅਰਥਚਾਰਾ ਪਟੜੀ 'ਤੇ ਆ ਜਾਵੇਗਾ। ਦੇਸ਼ ਦੀਆਂ ਕੁਝ ਨੀਤੀਗਤ ਸਮੱਸਿਆਵਾਂ ਹਨ ਜਿਹਨਾਂ ਦਾ ਹੱਲ ਕੱਢੇ ਬਿਨਾਂ ਆਰਥਕ ਮੋਰਚੇ 'ਤੇ ਕੁਝ ਵੀ ਅੱਛਾ ਹੋਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਜ਼ਿਕਰਯੋਗ ਹੈ ਕਿ ਮੈਕਸੀਕੋ ਦੇ ਲਾਸ ਕਾਬੋਸ਼ 'ਚ ਸਿਰੇ ਚੜ੍ਹੀ ਸੱਤਵੀਂ ਜੀ-20 ਬੈਠਕ 'ਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਯੂਰੋਜੋਨ ਨੂੰ ਸੰਕਟ ਤੋਂ ਉਭਾਰਨ ਲਈ ਦਸ ਬਿਲੀਅਨ ਡਾਲਰ (55000 ਕਰੋੜ ਰੁਪਏ) ਦੇਣ ਦਾ ਐਲਾਨ ਕੀਤਾ ਹੈ। ਪਰ ਇਸ ਬੈਠਕ 'ਚ ਵਿਕਾਸਸ਼ੀਲ ਦੇਸ਼ਾਂ 'ਚ ਬੁਨਿਆਦੀ ਢਾਂਚੇ ਦੇ ਨਿਵੇਸ਼ ਸਬੰਧੀ ਜੁਬਾਨੀ ਜਮ੍ਹਾਂ ਖਰਚੀ ਤੋਂ ਇਲਾਵਾ ਹੋਰ ਕੁਝ ਠੋਸ ਨਹੀਂ ਨਿਕਲਿਆ। ਜਦ ਦੇਸ਼ ਦੀ ਆਰਥਕ ਵਾਧਾ ਦਰ 'ਚ ਲਗਾਤਾਰ ਗਿਰਾਵਟ ਦੇਖੀ ਜਾ ਰਹੀ ਹੈ ਅਤੇ ਰਾਜਕੋਸ਼ੀ ਘਾਟਾ ਲਗਾਤਾਰ ਵਧਦਾ ਜਾ ਰਿਹਾ ਹੈ। ਅਜਿਹੇ 'ਚ ਏਨੀ ਵੱਡੀ ਰਾਸ਼ੀ ਦਾ ਯੋਗਦਾਨ ਬਾਰੇ ਯਕੀਨ ਨਹੀਂ ਆਉਂਦਾ। ਲਗਾਤਾਰ ਡਿਗਦੀ ਆਰਥਕ ਵਾਧਾ ਦਰ ਕਾਰਨ ਹੀ ਤਿੰਨ ਵੱਡੀਆਂ ਰੇਟਿੰਗ ਏਜੰਸੀਆਂ ਸਟੈਂਡਰਡ ਐਂਡ ਪੂਅਰਸ, "ਫਿਚ" ਤੇ "ਮੂਡਿਜ਼" ਨੇ ਭਾਰਤ ਦੀ ਰੇਟਿੰਗ ਘਟਾਉਣ ਦੀ ਚੇਤਾਵਨੀ ਦਿੱਤੀ ਹੈ। "ਸਟੈਂਡਰਡ ਐਂਡ

ਪੂਅਰਸ" ਨੇ ਇਸ ਲਈ ਸੋਨੀਆ ਗਾਂਧੀ ਦੇ ਹੱਥ 'ਚ ਸੱਤਾ ਹੋਣ ਤੇ ਮਨਮੋਹਨ ਸਿੰਘ ਦੀ ਰਾਜਸੀ ਸਥਿਤੀ ਨੂੰ ਜਿੰਮੇਵਾਰ ਠਹਿਰਾਇਆ ਹੈ। ਫਿਲਹਾਲ, ਨਿਵੇਸ਼ ਗ੍ਰੇਡ ਕੈਟੇਗਰੀ 'ਚ ਭਾਰਤ ਸਭ ਤੋਂ ਹੇਠਲੇ ਪੱਧਰ ਬੀ. ਬੀ. ਬੀ. ਮਾਈਨਸ 'ਤੇ ਹੈ। ਹੁਣ ਇਸ ਨੇ ਚੇਤਾਵਨੀ ਦਿੱਤੀ ਹੈ ਕਿ ਜਲਦੀ ਹੀ ਭਾਰਤ ਦੀ ਨਿਵੇਸ਼ ਸ਼ਾਖ ਘਟਾਈ ਜਾ ਸਕਦੀ ਹੈ। ਐਸ. ਐਡ. ਪੀ. ਨੇ ਲਗਾਤਾਰ ਚਾਰ ਸਾਲਾਂ ਤੱਕ ਨੌ ਫੀਸਦੀ ਦੀ ਆਰਥਕ ਵਾਧਾ ਦਰ ਪਿੱਛੋਂ ਭਾਰਤ ਦੀ ਰੇਟਿੰਗ ਨੂੰ ਜਨਵਰੀ 2007 'ਚ ਵਧਾ ਕੇ ਬੀ. ਬੀ ਬੀ. ਦੀ ਸੀ ਜੋ ਨਿਵੇਸ਼ ਗ੍ਰੇਡ ਦੀ ਰੇਟਿੰਗ ਮੰਨੀ ਜਾਂਦੀ ਹੈ। ਇਸ ਦਾ ਅਰਥ ਹੈ ਕਿ ਭਾਰਤ ਸਰਕਾਰ ਦੇ ਕਰਜਾ ਪੱਤਰਾਂ 'ਚ ਨਿਵੇਸ਼ ਸੁਰੱਖਿਅਤ ਹੈ। ਪਰ ਮੌਜੂਦਾ ਸਥਿਤੀ 'ਚ ਭਾਰਤ 'ਚ ਹੋਣ ਵਾਲੇ ਨਿਵੇਸ਼ 'ਤੇ ਸੰਕਟ ਦੇ ਬੱਦਲ ਮੰਡਰਾ ਰਹੇ ਹਨ। ਕਰਜਾ ਵਿਸਲੇਸ਼ਕ ਜੈ ਦੀਪ ਮੁਕਰਜੀ ਅਨੁਸਾਰ ਭਾਰਤੀ ਅਰਥਚਾਰੇ ਦੇ ਉਦਾਰੀਕਰਨ ਦੇ ਰਾਹ ਵਿੱਚ ਜਾਂ ਅੜਿਕੇ ਜਾਂ ਧੱਕੇ ਲੱਗ ਰਹੇ ਹਨ, ਉਹਨਾਂ ਨਾਲ ਉਸ ਦੇ ਲੰਮੇ ਸਮੇਂ ਦੇ ਵਿਕਾਸ ਦੀਆਂ ਸੰਭਾਵਨਾਵਾਂ ਅਤੇ ਕ੍ਰੇਡਿਟ ਕਵਾਲਟੀ ਯਾਨੀ ਕਰਜਾ ਵਾਪਸ ਮੋੜ ਸਕਣ ਦੀ ਸਮਰਥਾ 'ਤੇ ਨਾਕਾਰਤਾਮਕ ਅਸਰ ਹੋਵੇਗਾ। ਯਾਦ ਰਹੇ ਕਿ ਦੇਸ਼ ਦੀ ਕੁਲ ਘਰੇਲੂ ਪੈਦਾਵਾਰ (GDP) ਘੱਟ ਕੇ 5-3 ਫੀਸਦੀ ਦੀ ਹੇਠਲੀ ਪੱਧਰ 'ਤੇ ਚਲੀ ਗਈ ਹੈ। ਖੇਤੀ ਖੇਤਰ 'ਚ ਸਿਰਫ 0.3 ਵਿਕਾਸ ਹੋਇਆ ਹੈ। ਲਗਾਤਾਰ ਵਧ ਰਹੇ ਰਾਜਕੋਸ਼ੀ ਘਾਟੇ ਦਾ ਅਸਰ ਦੇਸ਼ 'ਚ ਹੋਣ ਵਾਲੇ ਨਿਵੇਸ਼ 'ਤੇ ਪੈ ਰਿਹਾ ਹੈ। ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ (FDI) ਨੇ ਪਿਛਲੇ ਤਿੰਨ ਮਹੀਨਿਆਂ ਵਿਚ ਭਾਰਤੀ ਬਾਜ਼ਾਰ ਤੋਂ ਇਕ ਲੱਖ ਕਰੋੜ ਰੁਪਏ ਦਾ ਨਿਵੇਸ਼ ਖਿੱਚ ਲਿਆ ਹੈ। ਟੈਕਸ ਦੇ ਸਖਤ ਕਾਨੂੰਨਾਂ ਤੇ ਕਾਲੇ ਧਨ ਦੇ ਖਿਲਾਫ ਮੁਹਿੰਮ ਵੀ ਇਸ ਦਾ ਕਾਰਣ ਹੈ। ਐਸ. ਐਡ. ਪੀ. ਨੇ ਆਪਣੀ ਰੀਪੋਟ ਵਿੱਚ ਕਿਹਾ ਹੈ ਕਿ ਸਰਕਾਰੀ ਫੈਸਲੇ ਲੈਣ 'ਚ ਹੋ ਰਹੀ ਦੇਰੀ ਤੇ ਕਈ ਮੁੱਖ ਸੈਕਟਰਾਂ 'ਚ ਰਾਜਸੀ ਅੜਿਕਿਆਂ (ਜਿਨ੍ਹਾਂ 'ਚ ਪੁਰਾਣੇ ਜਮੀਨ ਹਥਿਆਉਣ ਕਾਨੂੰਨ 'ਚ ਸੁਧਾਰ ਵੀ ਸ਼ਾਮਲ ਹਨ) ਕਾਰਨ ਵਪਾਰੀਆਂ ਦਾ ਭਰੋਸਾ ਘੱਟ ਹੋਇਆ ਹੈ। ਅਜਿਹੇ 'ਚ ਸਿਰਫ ਨਿਵੇਸ਼ 'ਚ ਛੋਟ ਦੇ ਕੇ ਵਿਦੇਸ਼ੀ ਨਿਵੇਸ਼ਕੀ ਨੂੰ ਨਹੀਂ ਖਿਚਿਆ ਜਾ ਸਕਦਾ।

ਦੇਸ਼ ਦੀ ਖਸਤਾ ਆਰਥਕ ਹਾਲਤ ਦਾ ਅੰਦਾਜਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸਰਕਾਰ ਦੇ ਖਰਚ ਦਾ ਇੱਕ ਵੱਡਾ ਹਿੱਸਾ ਲਏ ਗਏ ਕਰਜੇ 'ਚ ਵਿਆਜ ਮੋੜਨ (28 ਅਰਬ ਰੁਪਏ) 'ਚ ਜਾ ਰਿਹਾ ਹੈ। 2.2 ਅਰਬ ਰੁਪਏ ਬਤੌਰ ਸਬਸਿਡੀ ਦਿੱਤੀ ਜਾ ਰਹੀ ਹੈ। ਵਿਤੀ ਸਾਲ 2010-12 'ਚ ਰਾਜਕੀ ਘਾਟਾ 5.9 ਫੀਸਦੀ ਰਿਹਾ ਹੈ। ਬੀਤੇ ਮਾਰਚ ਮਹੀਨੇ 'ਚ ਮਹਿੰਗਾਈ ਦਰ ਵੀ ਵਧ ਕੇ 8.22 ਫੀਸਦੀ ਤੱਕ ਪਹੁੰਚ ਗਈ ਹੈ। ਨਾ ਸਿਰਫ ਨਿਵੇਸ਼ ਦੇ ਖੇਤਰ ਵਿੱਚ ਆਈ ਗਿਰਾਵਟ ਦਾ ਅਸਰ ਰੁਜ਼ਗਾਰ ਦੇ ਖੇਤਰ 'ਚ ਵੀ ਦੇਖਣ ਨੂੰ ਮਿਲ ਰਿਹਾ ਹੈ। ਆਰਥਕ ਸੁਧਾਰ ਸਬੰਧੀ ਨੀਤੀਆਂ ਦੇ ਤਹਿਤ ਸਰਕਾਰ ਨੇ ਇਹ ਐਲਾਨ ਕੀਤਾ ਹੈ ਕਿ ਕੁਝ ਸਮੇਂ ਤਕ ਨਵੀਆਂ ਨੌਕਰੀਆਂ ਤੋਂ ਲੋਕਾਂ ਨੂੰ ਵਾਂਝੇ ਰਹਿਣਾ ਪਵੇਗਾ। ਲਿਹਾਜ਼ਾ ਨੌਕਰੀਆਂ 'ਚ ਕਮੀ ਤੇ ਛਾਂਟੀ ਨਾਲ ਆਮ ਆਦਮੀ ਸਿੱਧੇ ਤੌਰ 'ਤੇ ਪ੍ਰਭਾਵਿਤ ਹੋ ਰਿਹਾ ਹੈ। ਸਨਅਤੀ ਜਗਤ ਲਈ ਨਿਰਾਸ਼ਾਜਨਕ ਮਹੌਲ ਦੇ ਕਾਰਨ ਕਰਮਚਾਰੀਆਂ ਦੀ ਛਾਂਟੀ ਹੋ ਰਹੀ ਹੈ। ਜਿਹਨਾਂ ਲੱਖਾਂ ਲੋਕਾਂ ਦੀਆਂ ਨੌਕਰੀਆਂ ਤੇ ਸੰਕਟ ਦੇ ਬੱਦਲ ਛਾਏ ਹੋਣ, ਉਹਨਾਂ 'ਚ ਜਥੇਬੰਦ ਤੇ ਗੈਰ ਜਥੇਬੰਦ ਖੇਤਰ ਦੇ ਲੋਕ ਸ਼ਾਮਲ ਹਨ। ਖਾਸ ਗੱਲ ਇਹ ਹੈ ਕਿ ਮੰਦੀ ਦਾ ਅਸਰ

ਰੋਟੀ-ਰੋਜ਼ੀ ਲਈ ਕਿਸੇ ਤਰ੍ਹਾਂ ਜੁਗਾੜ ਕਰਨ ਵਾਲਿਆਂ ਤੋਂ ਲੈ ਕੇ ਉਚ ਅਹੁਦਿਆਂ ’ਤੇ ਕੰਮ ਕਰ ਰਹੇ ਐਗਜ਼ੀਕੂਟਿਵ ਤਕ ਹੋਵੇਗਾ। ਨੌਕਰੀਆਂ ਦਾ ਸੰਕਟ ਟੈਕਸਟਾਈਲ ਵਰਗੇ ਉਦਯੋਗਾਂ ’ਚ ਸਾਫ ਝਲਕ ਰਿਹਾ ਹੈ। ਖੇਤੀ ਪਿੱਛੋਂ ਦੇਸ਼ ’ਚ ਸਭ ਤੋਂ ਵੱਧ ਰੁਜ਼ਗਾਰ ਦੇਣ ਵਾਲੇ ਟੈਕਸਟਾਈਲ ਸੈਕਟਰ ਵਿੱਚ ਮੁਸ਼ਕਿਲ ਹਾਲਾਤ ਦਾ ਅੰਦਾਜਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਬੀਤੇ ਤਿੰਨ ਸਾਲਾਂ ’ਚ ਜਥੇਬੰਦ ਖੇਤਰ ’ਚ ਕੰਮ ਕਰ ਰਹੀਆਂ 123 ਕਪਾਹ ਮਿਲਾਂ ਬੰਦ ਹੋ ਗਈਆਂ ਜਿਹਨਾਂ ’ਚ 44 681 ਲੋਕ ਕੰਮ ਕਰ ਰਹੇ ਸਨ। ਅਮਰੀਕਾ ਤੇ ਯੂਰਪ ’ਚ ਜਿਹਨਾਂ ’ਚ ਆਰਥਕ ਸੰਕਟ ਦੇ ਮਾਮਲੇ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਯਾਦ ਰਹੇ ਕਿ ਦੇਸ਼ ਦੀ 65 ਫੀਸਦੀ ਬਰਾਮਦ ਅਮਰੀਕਾ ਤੇ ਯੂਰਪ ’ਚ ਹੁੰਦੀ ਹੈ। ਫਿਕੀ ਦੇ ਮੁਖੀ ਆਰਵੀ ਕਨੋਰਿਆ ਦਾ ਮੰਨਣਾ ਹੈ ਕਿ ਦੇਸ਼ ਬਹੁਤ ਹੱਦ ਤਕ ਘਰੇਲੂ ਸਮੱਸਿਆਵਾਂ ਦਾ ਹੱਲ ਕਰਕੇ ਇਸ ਦਾ ਹੱਲ ਕੱਢ ਸਕਦਾ ਹੈ। ਉਹਨਾਂ ਅਨੁਸਾਰ ਸਰਕਾਰ ਨੂੰ ਕੁਝ ਉਪਾਵਾਂ ਨੂੰ ਤੇਜੀ ਨਾਲ ਲਾਗੂ ਕਰਨਾ ਪਵੇਗਾ। ਮਲਟੀਬ੍ਰਾਂਡ ਰੀਟੇਲ ਤੇ ਸਿਵਲ ਏਵੀਏਸ਼ਨ ’ਚ ਐਫ. ਡੀ. ਆਈ. ਲਾਗੂ ਕਰਨਾ, ਭੂਮੀ ਹਥਿਆਉਣ ਬਿੱਲ ਨੂੰ ਮੌਜੂਦਾ ਰੂਪ ’ਚ ਪਾਸ ਕਰਨਾ, ਜੀ. ਐਸ. ਟੀ. ਲਾਗੂ ਕਰਨਾ, ਕੌਮੀ ਪੈਦਾਵਾਰ ਨੀਤੀ ਤੇ ਪ੍ਰੋਜੈਕਟਾਂ ਨੂੰ ਜਲਦੀ ਤੋਂ ਜਲਦੀ ਸ਼ੁਰੂ ਕਰਨਾ, ਕੋਲ ਸੈਕਟਰ ’ਚ ਮੁਕਾਬਲੇ ਦਾ ਮਹੌਲ ਤਿਆਰ ਕਰਨਾ ਤੇ ਕਾਲੇ ਧਨ ਦੇ ਵਾਪਸ ਲਿਆਉਣ ਦੀ ਵਿਵਸਥਾ ਕਰਨਾ ਕੁਝ ਅਜਿਹੇ ਉਪਾਅ ਹਨ ਜਿਸ ਨਾਲ ਅਰਥਚਾਰੇ ’ਚ ਨਵੀਂ ਜਾਨ ਫੂਕੀ ਜਾ ਸਕਦੀ ਹੈ ਤੇ ਮੌਜੂਦਾ ਸੰਕਟ ਨੂੰ ਘੱਟ ਕੀਤਾ ਜਾ ਸਕਦਾ ਹੈ।

# ਰਾਸ਼ਟਪਤੀ ਚੋਣਾਂ ’ਚ ਰੌਲਾ ਕਾਹਦਾ?

ਜੁਲਾਈ ’ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ’ਚ ਵਿਰੋਧੀ ਧਿਰ ਦੇ ਉਮੀਦਵਾਰ ਪੀ. ਏ. ਸੰਗਮਾ ਨੂੰ ਆਪਣੇ ਆਦੀਵਾਸੀ ਹੋਣ ਅਤੇ ਇਸ ਨਾਤੇ ਆਪਣੇ ਆਪ ਨੂੰ ਦੇਸ਼ ਦਾ ਰਾਸ਼ਟਰਪਤੀ ਹੋਣ ਲਈ ਸਹੀ ਉਮੀਦਵਾਰ ਦੱਸਿਆ ਹੈ। ਭਾਰਤ ਦੇ ਰਾਸ਼ਟਰਪਤੀ ਲਈ ਉਮੀਦਵਾਰੀ ਦੀਆਂ ਜੋ ਸ਼ਰਤਾਂ ਹਨ, ਉਹਨਾਂ ’ਚ ਪੀ. ਏ. ਸੰਗਮਾ ਦਾ ਅਜਿਹੀਆਂ ਗੱਲਾਂ ਕਰਨਾ ਲਾਜ਼ਮੀ ਹੈ। ਪੂੰਜੀਵਾਦੀ ਰਾਜਨੀਤੀ ਦੀ ਵਧਦੀ ਸੜਾਂਦ ਨੂੰ ਇਸ ਚੋਣ ਵਿੱਚ ਵੀ ਉਸ ਤਰ੍ਹਾਂ ਨਾਲ ਮਹਿਸੂਸ ਕੀਤਾ ਜਾਂਦਾ ਹੈ ਜਿਵੇਂ ਪਿੰਡ ਪੰਚਾਇਤ ਤੋਂ ਲੈ ਕੇ ਲੋਕ ਸਭਾ ਦੀਆਂ ਚੋਣਾਂ ’ਚ ਕੀਤਾ ਜਾਂਦਾ ਹੈ। ਅਕਸਰ ਉਹਨਾਂ ਚੋਣਾਂ ’ਚ ਦੋਸ਼ ਲਾਇਆ ਜਾਂਦਾ ਹੈ ਕਿ ਵੋਟਰ ਜਾਹਲ ਤੇ ਪੈਸੇ ਜਾਂ ਸ਼ਰਾਬ ਪਿੱਛੇ ਵਿਕਣ ਵਾਲੇ ਹੁੰਦੇ ਹਨ। ਇਸ ਚੋਣ ’ਚ ਵੋਟਰ ਭਾਰਤ ਦੇ ਆਮ ਨਹੀਂ ਬਲਕਿ ਖਾਸ ਸ਼ਹਿਰੀ ਹਨ ਭਾਵ ਸਾਂਸਦ ਤੇ ਵਿਧਾਇਕ। ਯਾਨੀ ਭਾਰਤ ਵੋਟਰਾਂ ਦੇ ਸੰਸਦ ਤੇ ਵਿਧਾਨ ਸਭਾ ਦੇ ਚੁਣੇ ਗਏ ਤੇ ਕਹੇ ਜਾਂਦੇ ਨੁਮਾਇੰਦੇ। ਹੁਣ ਨੁਮਾਇੰਦੇ ਮਿਲ ਕੇ ਭਾਰਤੀ ਗਣਤੰਤਰ ਦੇ ਰਾਸ਼ਟਰਪਤੀ ਦੀ ਚੋਣ ਕਰਨਗੇ। ਉਹ ਕੀ ਕਰਨਗੇ, ਕਿਵੇਂ ਕਰਨਗੇ ਇਸ ਦੀ ਪਟਕਥਾ ਪਹਿਲਾਂ ਹੀ ਲਿਖੀ ਜਾ ਚੁੱਕੀ ਹੈ। ਬਸ ਉਹ ਵੀ ਹੁਣ ਆਮ ਵੋਟਰਾਂ ਵਾਗੂੰ ਚੋਣਾਂ ’ਚ ਆਪਣੀ ਵੋਟ ਪਾਉਣਗੇ ਤੇ ਇਹ ਕਰਦਿਆਂ ਉਹਨਾਂ ਨੂੰ ਕੋਈ ਜਾਹਲ ਜਾਂ ਵਿਕਾਊ ਵੀ ਨਹੀਂ ਆਖਗੇ।

ਇੱਥੇ ਸੁਆਲ ਇਹ ਉਠਦਾ ਹੈ ਕਿ ਪੀ. ਏ. ਸੰਗਮਾ ਨੂੰ ਆਪਣਾ ਆਦੀਵਾਸੀ ਹੋਣਾ ਰਾਸ਼ਟਰਪਤੀ ਚੋਣਾਂ ਵੇਲੇ ਹੀ ਕਿਉਂ ਯਾਦ ਆਇਆ? ਕੀ ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਉਹਨਾਂ ਦਾ ਨਾਂ ਉਛਾਲਿਆ ਤੇ ਕਿਉਂ ਐਨ. ਡੀ. ਏ. ਨੇ ਉਹਨਾਂ ਦੇ ਨਾਂ ਦੀ ਹਮਾਇਤ ਕੀਤੀ। ਨਵੀਨ ਪਟਨਾਇਕ ਉੜੀਸਾ ’ਚ ਪਿਛਲੇ ਕਈ ਸਾਲਾਂ ਤੋਂ ਆਦੀਵਾਸੀਆਂ ਖਿਲਾਫ ਸਾਜਿਸ਼ਾਂ ਕਰ ਰਹੇ ਹਨ। ਸੈਂਕੜੇ ਆਦੀਵਾਸੀ ਜੇਹਲਾਂ ’ਚ ਬੰਦ ਹਨ ਤੇ ਮਰਨ ਵਾਲਿਆਂ ਦੀ ਗਿਣਤੀ ਵੀ ਦਰਜਨਾਂ ਵਿੱਚ ਹੈ। ਉੜੀਸਾ ਦੇ ਵਿਸ਼ਾਲ ਕੁਦਰਤੀ ਭੰਡਾਰਾਂ ਦੀ ਲੁਟ ਕਰਨ ਲਈ ਉਹਨਾਂ ਨੇ ਸਾਮਰਾਜੀ ਖੂੰਖਾਰ ਦੇਸ਼ੀ-ਵਿਦੇਸ਼ੀ ਸਰਮਾਏਦਾਰਾਂ ਨਾਲ ਹਜ਼ਾਰਾਂ ਕਰੋੜ ਦੇ ਨਿਵੇਸ਼ ਦੇ ਸਮਝੌਤੇ ਕੀਤੇ ਹੋਏ ਹਨ। ਆਦੀਵਾਸੀਆਂ ਨੂੰ ਉਹਨਾਂ ਦੀ ਜਮੀਨ ਤੋਂ ਖਦੇੜਿਆ ਜਾ ਰਿਹਾ ਹੈ। ਅਜਿਹੇ ਘ੍ਰਿਣਿਤ ਕਾਰਨਾਮਿਆਂ ’ਚ ਲਿਪਤ ਵਿਅਕਤੀ ਆਦੀਵਾਸੀਆਂ ਦੇ ਹਿੱਤਾਂ ਨੂੰ ਅੱਗੇ ਵਧਾਉਣ ਦੇ ਨਾਂ ਹੇਠ ਇੱਕ ਆਦੀਵਾਸੀ ਪੀ. ਏ. ਸੰਗਮਾ ਦਾ ਨਾਂ ਪ੍ਰਸਤਾਵਿਤ ਕਰਦਾ ਹੈ। ਪੀ. ਏ. ਸੰਗਮਾ ਨੇ ਆਪਣੇ ਪੂਰੇ ਰਾਜਸੀ ਜੀਵਨ ’ਚ ਆਦੀਵਾਸੀ ਹੋਣ ਦਾ ਖੂਬ ਫਾਇਦਾ ਉਠਾਇਆ। ਆਦੀਵਾਸੀ ਇਸਾਈ, ਪੂਰਬੋਉਤਰ ਰਾਜ ਦਾ ਹੋਣਾ ਆਦਿ ਆਦਿ ਦੇ ਬਹਾਨੇ ਉਹ ਆਪਣੀ ਜ਼ਿੰਦਗੀ ਦਾ ਆਖਰੀ ਸਭ ਤੋਂ ਵੱਡਾ ਦਾਅ ਖੇਡ ਰਹੇ ਹਨ ਤੇ ਹੁਣ ਉਹ ਚਮਤਕਾਰੀ ਕਾਰਨਾਂ ਕਰਕੇ ਜੇਤੂ ਹੋਣ ਦਾ ਵੀ ਭਰਮਪਾਲ ਰਹੇ ਹਨ।

ਨਵੀਨ ਪਟਨਾਇਕ, ਜੈ ਲਲਿਤਾ ਪਿੱਛੋਂ ਸੰਗਮਾ ਨੂੰ ਭਾਵੇਂ ਹੀ ਆਪਣੀ ਪਾਰਟੀ ਰਾਸ਼ਟਰਵਾਦੀ ਕਾਂਗਰਸ ਪਾਰਟੀ (NCP) ਦੀ ਹਮਾਇਤ ਨਾ ਮਿਲੀ ਹੋਵੇ ਪਰ

ਭਾਜਪਾ ਦੀ ਅਗਵਾਈ ਵਾਲੇ ਐਨ. ਡੀ. ਏ. ਨੇ ਉਹਨਾਂ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ। ਰਾਜਸੀ ਗਣਿਤ ਇਹ ਹੈ ਕਿ ਇਸ ਨਾਲ ਭਾਜਪਾ ਦੀ ਦਿਖ ਇਸਾਈਆਂ, ਆਦੀਵਾਸੀਆਂ ਆਦਿ 'ਚ ਅੱਛੀ ਜਾਵੇਗੀ ਅਤੇ 2014 ਦੀਆਂ ਲੋਕ ਸਭਾ ਚੋਣਾਂ 'ਚ ਪਟਨਾਇਕ, ਜੈ ਲਲਿਤਾ ਆਦਿ ਨੂੰ ਨਾਲ ਲਾਇਆ ਜਾ ਸਕੇਗਾ। ਘ੍ਰਿਣਿਤ ਸਰਮਾਏਦਾਰਾ ਰਾਜਨੀਤੀ ਇਉਂ ਹੀ ਕੰਮ ਕਰਦੀ ਹੈ ਅਤੇ ਇਸ ਦੇ ਨੇਤਾ ਐਸਾ ਹੀ ਸੋਚਦੇ ਹਨ ਤੇ ਉਸ ਦੀ ਪ੍ਰਣਾਲੀ ਅਜਿਹੇ ਹੀ ਘ੍ਰਿਣਿਤ ਸਮੀਕਰਣਾਂ ਨਾਲ ਚਲਦੀ ਹੈ। ਪ੍ਰਣਾਬਮੁਕਰਜੀ ਪਿੱਛੇ ਵੀ ਕਿਸੇ ਕਿਸਮ ਦੇ ਮਹਾਨ ਆਦਰਸ਼ ਕੰਮ ਨਹੀਂ ਕਰ ਰਹੇ ਹਨ। ਇਸ ਆਦਮੀ ਨੇ ਜ਼ਿੰਦਗੀ ਭਰ ਅੰਬਾਨੀ ਟਾਟਾ ਆਦਿ ਦੀ ਸੇਵਾ ਕੀਤੀ ਹੈ। ਪ੍ਰਧਾਨ ਮੰਤਰੀ ਬਣਨ ਦੀ ਇਹਨਾਂ ਦੀ ਇੱਛਾ ਅਡਵਾਨੀ ਵਾਗੂੰ ਕਦੀ ਪੂਰੀ ਨਹੀਂ ਹੋ ਸਕੀ। 'ਜਾਂਦੇ ਚੋਰ ਦੀ ਲੰਗੋਟੀ ਹੀ ਸਹੀ' ਦੀ ਤਰਜ਼ 'ਤੇ ਉਹ ਸਮਝ ਗਏ ਕਿ ਰਾਸ਼ਟਰਪਤੀ ਬਣਨਾ ਹੀ ਠੀਕ ਹੈ, ਇਹੀ ਸੰਭਵ ਹੈ, ਰਾਸ਼ਟਰਪਤੀ ਭਵਨ ਦੀ ਸ਼ੋਭਾ ਵਧਾਉਣ ਤੇ ਲੁਤਫ ਉਠਾਉਣ 'ਚ ਹੀ ਪ੍ਰਣਾਬ ਮੁਕਰਜੀ ਦੀ ਸਾਰਥਕਤਾ ਹੈ। ਬਸ ਏਨਾ ਹੀ ਨਹੀਂ ਉਹਨਾਂ ਨੂੰ 2014 'ਚ ਉਹਨਾਂ ਨੇ ਆਪਣੇ ਕਾਂਗਰਸੀ ਹੋਣ ਦਾ ਸਬੂਤ ਵੀ ਦੇਣਾ ਹੈ। ਜਦ ਚੋਣਾਂ ਦੇ ਨਤੀਜੇ ਕਾਂਗਰਸ ਦੀ ਮਨਮਰਜ਼ੀ ਦੇ ਨਾ ਹੋਣ ਕਰਕੇ ਵੀ ਸਰਕਾਰ ਬਣਾਵੇ। ਉਹਨਾਂ ਦਾ ਬੰਗਾਲੀ ਹੋਣਾ ਮਮਤਾ ਦੇ ਬੰਗਾਲ ਦੀ ਮਹਾਂ ਨਾਇਕਾ ਦੇ ਸੁਪਨਿਆਂ ਮੂਹਰੇ ਆਉਂਦਾ ਹੈ। ਮਮਤਾ ਬੈਨਰਜੀ ਦਾ ਪ੍ਰਣਾਬ ਮੁਕਰਜੀ ਨੂੰ ਹਮਾਇਤ ਦੇਣਾ ਗਲੇ ਦੀ ਹੱਡੀ ਬਣਦਾ ਜਾ ਰਿਹਾ ਹੈ। 'ਉਗਲੇ ਕਿ ਨਿਗਲੇ' ਦੇ ਵਿਚਕਾਰ 'ਸੱਪ ਦੇ ਮੂੰਹ ਕੋਹੜ ਕਿਰਲੀ' ਵਾਂਗ ਫਸੀ ਮਮਤਾ ਦੀ ਉਲਝਣ ਨੂੰ ਮਾਰਕਸਵਾਦੀ ਕਮਿਊਨਿਸਟ ਪਾਰਟੀ ਨੇ ਹੋਰ ਵਧਾ ਦਿੱਤਾ ਹੈ ਕਿਉਂਕਿ ਇਸ ਪਾਰਟੀ ਨੇ ਕਾਰਪੋਰੇਟ ਜਗਤ ਦੇ ਲਾਡਲੇ ਪ੍ਰਣਾਬ ਮੁਕਰਜੀ ਦੀ ਹਮਾਇਤ ਕਰ ਦਿੱਤੀ ਹੈ। ਇਸ ਨਾਲ ਪ੍ਰਕਾਸ਼ ਕਰਤ ਮਮਤਾ ਤੋਂ ਵੱਡੇ ਬੰਗਾਲੀ ਸਾਬਤ ਹੋ ਗਏ ਹਨ।

ਪੂੰਜੀਵਾਦੀ ਰਾਜਨੀਤੀ ਦੀ ਸੜਾਂਦ ਦੀ ਇਕ ਅਨੂਠੀ ਮਿਸਾਲ ਸਮਾਜਵਾਦੀ ਪਾਰਟੀ ਦੇ ਨੇਤਾ ਮੁਲਾਇਮ ਸਿੰਘ ਯਾਦਵ ਹਨ। ਉਹਨਾਂ ਦੀਆਂ ਉਲਟ ਕਲਾਬਾਜੀਆਂ ਉਹਨਾਂ ਦੀ ਸਮਾਜਵਾਦ ਦੇ ਆਦਰਸ਼ ਦੇ ਅਨੁਕੂਲ ਹੀ ਹਨ। ਅੰਬਾਨੀ ਨਾਲ ਉਠਣ ਬੈਠਣ ਵਾਲੇ ਮੁਲਾਇਮ ਉਹਨਾਂ ਦੇ ਆਦਮੀ ਦਾ ਵਿਰੋਧ ਕਿਵੇਂ ਕਰਦੇ। ਰਾਸ਼ਟਰਪਤੀ ਚੋਣਾਂ ਦੇ ਬਹਾਨੇ ਸਭ ਸਰਮਾਏਦਾਰ ਪਾਰਟੀਆਂ ਬੇਹੱਦ ਘ੍ਰਿਣਿਤ ਢੰਗ ਨਾਲ ਮੌਜੂਦਾ ਤੇ ਖਾਸ ਕਰਕੇ ਭਾਵੀ ਲੋਕ ਸਭਾ ਚੋਣਾਂ ਦੇ ਸਮੀਕਰਣਾਂ ਦਾ ਗਣਿਤ ਬਿਠਾ ਰਹੀਆਂ ਹਨ। ਇੱਥੇ 'ਨਿਗਾਹ ਕਿਧਰੇ, ਨਿਸ਼ਾਨਾ ਕਿਧਰੇ' ਸਾਧਿਆ ਜਾ ਰਿਹਾ ਹੈ। ਕਾਂਗਰਸ ਪਾਰਟੀ ਇਸ ਮਾਮਲੇ 'ਚ ਪੁਰਾਣੀ ਖਿਡਾਰਣ ਹੈ। ਉਹ ਸ਼ਾਤਰਾਂ ਵਿਚ ਸ਼ਾਤਰ ਹਨ। ਉਹ ਭਾਰਤ ਦੇ ਹੀ ਨਹੀਂ ਸਾਮਰਾਜੀ ਪੂੰਜੀ ਦੇ ਦਲਾਲ ਨੌਕਰਸ਼ਾਹ ਹਨ। ਉਹ ਦਹਾਕਿਆਂ ਤੋਂ ਕੁਲ ਹਿੰਦ ਪੱਧਰ 'ਤੇ ਪੂੰਜੀਵਾਦੀਆਂ ਦੇ ਚਹੇਤੇ ਰਹੇ ਹਨ। ਉਹਨਾਂ ਦੀ ਥਾਂ ਪਾਉਣ ਨੂੰ ਬੇਤਾਬ ਰਹੀ ਭਾਜਪਾ ਅੱਜ ਘੱਟੋ-ਘੱਟ ਇਸ ਹਾਲਤ 'ਚ ਨਹੀਂ ਹੈ। ਜਿੱਥੇ ਉਹ 2014 'ਚ ਉਸ ਨੂੰ ਕੇਂਦਰ ਦੀ ਹਕੂਮਤ ਤੋਂ ਬੇਦਖਲ ਕਰ ਦੇਵੇ। ਭਾਜਪਾ ਦੀ ਨਿਰਾਸ਼ਾ ਰਾਸ਼ਟਰਪਤੀ ਚੋਣਾਂ 'ਚ ਆਪਣਾ ਉਮੀਦਵਾਰ ਨਾ ਖੜਾ ਕਰ ਸਕਣ 'ਚ ਵੇਖੀ ਜਾ ਸਕਦੀ ਹੈ। ਪੀ. ਏ. ਸੰਗਮਾ ਵਰਗੇ ਲਾਦੂ ਘੋੜੇ 'ਤੇ ਦਾਅ ਲਾ ਕੇ ਉਸ ਨੇ ਆਪਣੀ ਹੈਸੀਅਤ ਵਿਖਾ ਦਿੱਤੀ ਹੈ। ਰਾਸ਼ਟਰਪਤੀ ਚੋਣਾਂ ਬਹਾਨੇ ਅਜਾਦੀ

ਦੇ ਬਾਅਦ ਤੋਂ ਹੀ ਭਾਰਤੀ ਪੂੰਜੀਵਾਦੀ ਦਲਾਲ ਹਕੂਮਤ ਅਜਿਹੇ ਕਰਤਬ ਕਰਦੀ ਰਹੀ ਹੈ ਕਿ ਕੋਈ ਕਹਿ ਸਕਦਾ ਹੈ ਕਿ ਇਸ ਅਹੁਦੇ ਸਬੰਧੀ ਜੋ ਮਹਿਜ ਰਵਾਇਤ ਹੈ ਕਿਉਂ ਏਨਾ ਹੰਗਾਮਾ ਕੀਤਾ ਜਾ ਰਿਹਾ ਹੈ। ਇਸ ਦਿਖਾਵਟੀ, ਸਜਾਵਟੀ ਅਹੁਦੇ ਰਾਹੀਂ ਭਾਰਤੀ ਰਾਜ ਘੱਟ ਗਿਣਤੀਆਂ, ਦਲਿਤਾਂ, ਔਰਤਾਂ ਆਦਿ ਆਦਿ ਨੂੰ ਬਿਠਾ ਕੇ ਸਬੂਤ ਕਰਨਾ ਚਾਹੁੰਦਾ ਹੈ ਕਿ ਉਹ ਕਿੰਨਾ ਫਿਕਰਮੰਦ ਹੈ। ਹਾਲਾਂਕਿ ਇਹ ਸੱਚ ਹੈ ਕਿ ਉਹ ਸਾਰੇ ਸ਼ੁੱਧ ਪੂੰਜੀਵਾਦੀ ਹੁੰਦੇ ਹਨ। ਸਰਮਾਏਦਾਰੀ ਰਾਜ ਦੇ ਚਾਕਰ ਰਹੇ ਹੁੰਦੇ ਹਨ। ਬੱਸ ਇਹਨਾਂ ਦਾ ਘੱਟ-ਗਿਣਤੀ, ਦਲਿਤ ਆਦਿ ਹੋਣਾ ਇਹਨਾਂ ਦੇ ਲੁਟੇ ਜਾਂਦੇ ਤਬਕਿਆਂ 'ਚ ਜਨਮ ਲੈਣਾ ਸੰਯੋਗ ਭਰਿਆ ਹੁੰਦਾ ਹੈ ਅਤੇ ਕਈ ਤਾਂ ਡਾ. ਰਜੇਂਦੇਰ ਪ੍ਰਸਾਦ ਵਰਗੇ ਤਾਂ ਉਹ ਵੀ ਨਹੀਂ ਸਨ। ਰਾਸ਼ਟਰਪਤੀ ਬਣਦੇ ਸਮੇਂ ਉਹ ਅਰਧਜਾਗੀਰੂ, ਭੋਇੰ ਮਾਲਕ ਜਮਾਤ ਦੇ ਨੁਮਾਇੰਦਿਆਂ ਨਹਿਰੂ-ਪ੍ਰਸਾਦ ਦਾ ਇਹ ਯੁੱਗ 'ਆਜਾਦੀ' ਸਮੇਂ ਸਰਮਾਏਦਾਰ -ਭੋਇੰ ਮਾਲਕ ਜਮਾਤ ਹਕੂਮਤੀ ਜਮਾਤ ਦੀ ਪ੍ਰਤੀਕ ਸੀ।

# ਆਈ-ਪੀ-ਐਲ 'ਚ ਪਾਪ ਦਾ ਇਜ਼ਹਾਰ ਕਿਵੇਂ?

ਕ੍ਰਿਕਟ ਦੀ ਵਧਦੀ ਸ਼ਾਖ ਨੂੰ ਬਚਾਉਣ ਲਈ ਖੇਡ, ਪੈਸਾ, ਗਲੈਮਰ, ਕਾਰਪੋਰੇਟ ਜਗਤ ਤੇ ਰਾਜਨੀਤੀ ਨੂੰ ਮਿਲਾ ਕੇ ਇੰਡੀਅਨ ਪ੍ਰੀਮੀਅਮ ਲੀਗ (IPL) ਦਾ ਅਜੇਹਾ ਕਾਕਟੇਲ ਬਣਾਇਆ ਗਿਆ ਹੈ ਕਿ ਇਸ ਦੇ ਨਸ਼ੇ ਨਾਲ ਹਰ ਕਿਸੇ ਦੇ ਕਦਮ ਬਹਿਕ ਰਹੇ ਹਨ। ਆਪਣੇ ਪਹਿਲੇ ਸੀਜ਼ਨ 'ਚ ਹੀ ਵਿਵਾਦਾਂ 'ਚ ਘਿਰੇ ਰਹਿਣ ਦੇ ਬਾਵਜੂਦ ਆਈ.ਪੀ.ਐਲ ਪੰਜਵੇਂ ਸੀਜ਼ਨ ਤਕ ਜਨੂਨ ਦੀ ਸ਼ਿਖਰ ਛੂਹ ਰਹੀ ਹੈ ਤਾਂ ਇਸ ਦੀ ਸਭ ਤੋਂ ਵੱਡੀ ਵਜਾਹ ਮਨੋਰੰਜ਼ਨ ਨੂੰ ਇਕ ਖਿਚ ਪਾਊ ਵਸਤੂ ਵਜੋਂ ਬਾਜ਼ਾਰ ਸਾਹਮਣੇ ਪੇਸ਼ ਕਰਨਾ ਹੈ। ਪਰ ਦੂਜੇ ਸੀਜ਼ਨ 2009 'ਚ ਸ੍ਰੀ ਸ਼ਾਂਤ ਨੂੰ ਲਾਈ ਗਈ ਹਰਭਜਨ ਸਿੰਘ ਦੀ ਚਪੇੜ ਦੀ ਗੂੰਜ ਹੁਣ ਏਨੀ ਦੂਰ ਪਹੁੰਚ ਚੁੱਕੀ ਹੈ ਕਿ ਆਈ.ਪੀ.ਐਲ ਨੂੰ ਸ਼ੁਰੂ ਕਰਨ ਤੋਂ ਲੈ ਕੇ ਉਤਸ਼ਾਹਿਤ ਲੋਕ ਹੀ ਹੁਣ ਇਸ ਨੂੰ ਬੰਦ ਕਰਨ ਦੀ ਸੋਚ ਰਹੇ ਹਨ। ਇਕ ਥਪੜ ਠੋਕਣ ਦੀ ਅਨੁਸਾਸ਼ਨਹੀਣਤਾ ਹੁਣ ਸੁਰਖਿਆ ਕਰਮੀਆਂ ਨਾਲ ਬਦਤਮੀਜ਼ੀ, ਲੜਕੀਆਂ ਦੇ ਨਾਲ ਛੇੜ-ਛਾੜ-ਮਾਰਕੁੱਟ ਤੇ ਰੇਵ ਪਾਰਟੀ 'ਚ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਤੋਂ ਲੈ ਕੇ ਟੀਮ ਮਾਲਕਾਂ ਦੀ ਬਦਮਿਜਾਜੀ ਤਕ ਪਹੁੰਚ ਚੁੱਕੀ ਹੈ। ਕਾਲੇ ਧਨ ਤੇ ਮਾੜੇ ਸਭਿਆਚਾਰ ਨੂੰ ਹੱਲਾਸ਼ੇਰੀ ਦੇਣ ਦੇ ਦੋਸ਼ ਵਿਚ ਘਿਰੀ ਆਈ. ਪੀ. ਐਲ 'ਤੇ ਹੁਣ ਕ੍ਰਿਕਟ ਨੂੰ ਹੀ ਕਲੰਕਿਤ ਕਰਨ ਤੇ ਤਬਾਹ ਕਰਨ ਦਾ ਦੋਸ਼ ਲੱਗਣ ਲੱਗਿਆ ਹੈ। ਪਰ ਵੱਡਾ ਸੁਆਲ ਇਹ ਹੈ ਕਿ ਕਾਲਾ ਧਨ ਤੇ ਗਲੈਮਰ ਦੀ ਚਕਾਚੌਂਧ 'ਚ ਪਰੋਸੇ ਜਾ ਰਹੇ ਇਸ ਮਸਾਲਾ ਮਨੋਰੰਜ਼ਨ ਨੂੰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਜਾਵੇ ਜਾਂ ਨਾਮਾਤਰ ਦੇ ਕ੍ਰਿਕਟ ਭਰਪੂਰ ਮਨੋਰੰਜ਼ਨ ਤੇ ਇਕ ਕੌਮਾਂਤਰੀ ਆਯੋਜਨ ਬਣ ਚੁਕੇ ਆਈ.ਪੀ.ਐਲ ਦੇ ਢਾਂਚੇ 'ਚ ਸੁਧਾਰ ਕਰਦਿਆ ਬੀ.ਸੀ.ਆਈ ਲਈ ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ ਬਣੇ ਇਸ ਮਨੋਰੰਜ਼ਨ ਨੂੰ ਚਲਣ ਦਿੱਤਾ ਜਾਵੇ। ਇਸ ਸੀਜ਼ਨ 'ਚ ਰਫੜ ਸਪਾਟ ਫਿਕਸਿੰਗ ਤੋਂ ਸ਼ੁਰੂ ਹੋਇਆ। ਇਕ ਟੀ.ਵੀ. ਚੈਨਲ ਨੇ ਸਟਿੰਗ ਅਪ੍ਰੇਸ਼ਨ ਰਾਹੀਂ ਪੰਜ ਖਿਡਾਰੀਆਂ 'ਤੇ ਮੈਚ ਫਿਕਸਿੰਗ ਦਾ ਦੋਸ਼ ਲਾਇਆ। ਇਹਨਾਂ ਖਿਡਾਰੀਆਂ 'ਚ ਦਿੱਲੀ ਡੇਅਰ ਡੇਵਿਲਸ ਦੇ ਅਮਿਨਵ ਬਾਲੀ, ਕਿੰਗਸ ਇਲੇਵਨ, ਪੰਜਾਬ ਦੇ ਅਮਿਤ ਯਾਦਵ ਤੇ ਸੁਲਭ ਸ੍ਰੀ ਵਾਸਤਾਵ, ਪੁਣੇ ਵਾਰਿਅਰਸ ਦੇ ਮੋਹਨੀਸ਼ ਮਿਸ਼ਰਾ ਤੇ ਡੇਕਨ ਚਾਰਜਰਸ ਦੀ ਟੀ.ਪੀ. ਸੁਘੀਂਰਦ ਸ਼ਾਮਲ ਹਨ। ਹਾਲਾਂਕਿ ਕੁਝ ਦਿਨ ਪਹਿਲਾਂ ਹੀ ਆਈ.ਸੀ.ਸੀ ਨੇ ਬੀ.ਸੀ.ਸੀ.ਆਈ ਨੂੰ ਚੌਕੰਨਾ ਕੀਤਾ ਸੀ ਕਿ ਆਈ.ਪੀ.ਐਲ ਮੈਚਾਂ ਪਿਛੋਂ ਹੋਣ ਵਾਲੀਆਂ ਪਾਰਟੀਆਂ 'ਚ ਖਿਡਾਰੀਆਂ ਦੀ ਐਸੀ ਭੀੜ ਦੇ ਨਾਲ ਘੁਲਦਾ-ਮਿਲਦਾ ਜਾ ਰਿਹਾ ਦੇਖਿਆ ਜਾ ਸਕਦਾ ਹੈ ਜਿਸ 'ਚ ਹਰ ਤਰ੍ਹਾਂ ਦੇ ਲੋਕ ਹਨ। ਇਸ 'ਚ ਸਪਾਟ ਫਿਕਸਿੰਗ ਤੇ ਮੈਚ ਫਿਕਸਿੰਗ ਦਾ ਖਤਰਾ ਵੱਧ ਜਾਂਦਾ ਹੈ। ਸਟਿੰਗ ਅਪ੍ਰੇਸ਼ਨ ਦੇ ਖੁਲਾਸੇ ਪਿਛੋਂ ਹੀ ਬੀ. ਸੀ. ਸੀ. ਆਈ ਤੇ ਆਈ. ਪੀ. ਐਲ ਪ੍ਰਸ਼ਾਸਨ ਨੂੰ ਐਮਰਜੈਂਸੀ ਬੈਠਕ ਬੁਲਾ ਕੇ ਇਹਨਾਂ ਪੰਜਾਂ ਖਿਡਾਰੀਆਂ ਨੂੰ ਫੌਰੀ ਮੁਅੱਤਲ ਕਰਨ ਦਾ ਫੈਸਲਾ ਸੁਣਾਉਣਾ ਪਿਆ। ਇਹ ਕਵਾਇਤ ਆਈ.ਪੀ.ਐਲ ਨੂੰ ਕਲੰਕਿਤ ਹੋਣ ਤੋਂ ਬਚਾਉਣ ਲਈ ਹੀ ਸੀ। ਪਰ 16 ਮਈ ਦੀ ਰਾਤ ਕਲਕੱਤਾ ਨਾਈਟ-ਰਾਈਡਰਸ ਦੇ

ਮਾਲਕ ਤੇ ਫਿਲਮ ਅਭਿਨੇਤਾ ਸ਼ਾਹਰੁਖ ਖ਼ਾਨ ਵੱਲੋਂ ਮੁੰਬਈ ਦੇ ਵਾਨਖੇੜੇ ਸਟੇਡੀਅਮ 'ਚ ਮੁੰਬਈ ਕ੍ਰਿਕਟ ਐਸੋਸੀਏਸ਼ਨ (MCA) ਅਧਿਕਾਰੀਆਂ ਤੇ ਸੁਰਖਿਆ ਅਧਿਕਾਰੀਆਂ ਦੇ ਨਾਲ ਮਾਰਕੁਟ ਤੇ ਗਾਲੀ-ਗਲੋਚ ਦਾ ਰੂਪ ਲੈ ਚੁਕੀ ਇਸ ਖੇਡ 'ਚ ਅਨੁਸਾਸ਼ਨਹੀਣਤਾ ਦੀ ਵੀ ਪੋਲ ਖੋਹਲ ਦਿੱਤੀ। ਬੇਸ਼ੱਕ ਸ਼ਾਹਰੁਖ ਤੇ ਵਾਨਖੇੜੇ ਸਟੇਡੀਅਮ ਵਿਚ ਪੰਜ ਸਾਲ ਦੇ ਲਈ ਪਾਬੰਦੀ ਲਾ ਦਿਤੀ ਗਈ ਹੋਵੇ ਪਰ ਇਸ ਆਈ.ਪੀ.ਐਲ 'ਚ ਐਸੀ ਖੁਮਾਰੀ ਤਾਂ ਹੈ ਜੋ ਖਿਡਾਰੀਆਂ ਨੂੰ ਲੈ ਕੇ ਸਨਅਤਕਾਰਾਂ, ਕਲਾਕਾਰਾਂ ਤੇ ਚਰਚਿਤ ਹਸ਼ਤੀਆਂ ਤਕ ਦੇ ਕਦਮ ਬਹਿਕਾ ਰਹੀਆਂ ਹਨ। ਚਾਹੇ ਉਹ ਇਕ ਅਮਰੀਕੀ ਔਰਤ ਨਾਲ ਛੇੜ-ਛਾੜ ਕਰਨ ਦਾ ਦੋਸ਼ੀ ਰਾਇਲ ਚੈਲੇਂਜਰ ਬੇਂਗਲੁਰੂ ਤਾਂ ਲਿਯੂਸ਼ ਪੋਮਰ ਸ਼ਬੈਕ ਹੋਵੇ ਜਾਂ ਇਸ ਟੀਮ ਦੇ ਨਿਦੇਸ਼ਕ ਤੇ ਸਨਅਤਕਾਰ ਵਿਜੇ ਮਾਅਲੇ ਦੇ ਬੇਟੇ ਸਿਧਾਰਥ ਮਾਅਲੇ ਦਾ ਬਚਕਾਨਾ ਬਿਆਨਾ। ਕੀ ਮੁੰਬਈ 'ਚ ਲੰਮੇ ਸਮੇਂ ਤੋਂ ਰਹਿ ਰਹੇ ਸ਼ਾਹਰੁਖ ਖ਼ਾਨ ਵਰਗੇ ਸਨਮਾਨਿਤ ਨਾਗਰਿਕ ਵਾਨਖੇੜੇ ਸਟੇਡੀਅਮ ਦੇ ਨਿਸਮਾਂ ਤੋਂ ਵਾਕਿਫ਼ ਨਹੀਂ ਸਨ? ਜਾਂ ਉਹਨਾਂ ਨੂੰ ਇਹ ਨਹੀਂ ਪਤਾ ਸੀ ਕਿ ਜਨਤਕ ਥਾਵਾਂ 'ਤੇ ਸਿਗਰਟਨੋਸ਼ੀ ਗੈਰ ਕਾਨੂੰਨੀ ਹੈ? ਬੇਸ਼ਕ ਸ਼ਾਹਰੁਖ ਖ਼ਾਨ ਦੀ ਹਮਾਇਤ ਤੇ ਵਿਰੋਧ 'ਚ ਕਈ ਪਾਰਟੀਆਂ ਖੜ੍ਹੀਆਂ ਹੋ ਗਈਆਂ ਹਨ ਪਰ ਆਪਣੀ ਆਕੜ ਤੇ ਬਦਤਮੀਜ਼ੀ ਕਰਕੇ ਨਿਤ ਨਵੀਆਂ ਪ੍ਰੇਸ਼ਾਨੀਆਂ 'ਚ ਘਿਰਦੇ ਸ਼ਾਹਰੁਖ ਖ਼ਾਨ ਅਮਰੀਕੀ ਹਵਾਈ ਅੱਡੇ 'ਤੇ ਆਪਣੇ ਨਾਲ ਹੋਈ ਬਦਸਲੂਕੀ ਦਾ ਇਸੇ ਅੰਦਾਜ਼ 'ਚ ਜੁਆਬ ਕਿਉਂ ਨਹੀਂ ਦੇ ਸਕੇ? ਹੁਣ ਇਸ ਸਿਗਰਟਨੋਸ਼ੀ ਦੀ ਲੱਤ ਦੇ ਕਾਰਨ ਰਾਜਸਥਾਨ ਦੀ ਇਕ ਅਦਾਲਤ ਨੇ ਉਨ੍ਹਾਂ ਨੂੰ ਸਮਨ ਜਾਰੀ ਕਰ ਦਿੱਤਾ ਹੈ। ਵਾਨਖੇੜੇ ਸਟੇਡੀਅਮ 'ਚ ਦਾਖਲੇ 'ਤੇ ਪੰਜ ਸਾਲ ਦੀ ਪਾਬੰਦੀ ਲੱਗ ਚੁੱਕੀ ਹੈ। ਪਰ ਉਹਨਾਂ ਦਾ ਬਚਾਅ ਕਰਨ ਵਾਲੀ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਕੀ ਇਕ ਆਮ ਨਾਗਰਿਕ ਹੋਣ ਦੇ ਨਾਤੇ (ਜਿਹੋ ਜਿਹਾ ਕਿ ਉਹਨਾਂ ਨੇ ਕੋਲਕਾਤਾ-ਨਾਈਟ ਰਾਈਡਰਸ ਨੂੰ ਮੁੰਬਈ ਇਡੀਅੰਸ 'ਤੇ ਜਿੱਤ ਦਰਜ ਕਰਨ ਪਿਛੋਂ ਸ਼ਾਹਰੁਖ ਨੂੰ ਵਧਾਈ ਦੇਣ ਸਮੇਂ ਕਿਹਾ) ਆਮ ਦਰਸ਼ਕਾਂ ਨੂੰ ਜੁੱਤਾ ਵਿਖਾਉਣ ਵਾਲੇ ਇਸ ਅਭਿਨੇਤਾ ਮੂਹਰੇ ਕਿਸੇ ਅਸਲੀ ਆਮ ਨਾਗਰਿਕ ਦੀ ਔਕਾਤ ਵੇਖ ਸਕੇਗੀ?

ਮਜ਼ੇ ਦੀ ਗੱਲ ਹੈ ਕਿ ਆਈ.ਪੀ.ਐਲ ਦੀ ਪ੍ਰੀਕਲਪਨਾ ਕਰਨ ਵਾਲੇ ਸਾਬਕਾ ਕਮਿਸ਼ਨਰ ਲਲਿਤ ਮੋਦੀ ਵੀ ਮੰਨਣ ਲੱਗੇ ਹਨ ਕਿ ਸਭ ਖਿਡਾਰੀਆਂ ਨੂੰ ਨਿਲਾਮੀ 'ਚ ਸ਼ਾਮਲ ਨਾ ਕੀਤੇ ਜਾਣ ਕਰਕੇ ਭ੍ਰਿਸ਼ਟਾਚਾਰ ਤੇ ਕਾਲੇਧਨ ਦੇ ਸੌਦੇ ਵਧੇ ਹਨ। ਇਹ ਉਹੀ ਲਲਿਤ ਮੋਦੀ ਹੈ ਜਿਸ ਦੀ ਆਈ. ਪੀ. ਐਲ ਦੀ ਫ੍ਰੈਂਚਾਈਜੀ ਮਾਲਕਾਂ ਦੇ ਨਾਲ ਵਧਦੀਆਂ ਨਜ਼ਦੀਕੀਆਂ ਤੇ ਕਈ ਹੋਰ ਬੇਨਿਯਮੀਆਂ ਕਾਰਨ ਬੀ. ਸੀ. ਸੀ. ਆਈ ਨੇ ਖੰਭ ਕਤਰ ਦਿੱਤੇ ਸਨ। ਜਾਹਿਰ ਜਿਹੀ ਗੱਲ ਹੈ ਕਿ ਬੀ. ਸੀ. ਸੀ. ਆਈ ਨੂੰ ਮੋਦੀ ਦੇ ਹਾਵ-ਭਾਵ ਨਾਲ ਦਾਲ 'ਚ ਕੁਝ ਕਾਲਾ ਨਜ਼ਰ ਆਇਆ ਹੋਵੇਗਾ। ਪਰ ਹੁਣ ਉਹ ਕਹਿੰਦੇ ਹਨ ਕਿ ਖਿਡਾਰੀਆਂ ਦੀ ਖਰੀਦੋ ਫਰੋਖਤ ਵਾਜਿਬ ਅਮਲ ਤੋਂ ਬਾਹਰ ਵੀ ਹੁੰਦੀ ਹੈ। ਇਕਰਾਰ ਦੇ ਮੁਤਾਬਕ ਭੁਗਤਾਨ ਕੁਝ ਹੋਰ ਕੀਤਾ ਜਾਂਦਾ ਹੈ। ਆਈ.ਪੀ.ਐਲ 'ਚ ਕਾਲੇ ਧਨ ਦਾ ਮਾਮਲਾ ਏਨਾ ਤੂਲ ਫੜ੍ਹ ਚੁਕਿਆ ਹੈ ਕਿ ਖੇਡ ਮੰਤਰੀ ਅਜੈ ਮਾਕਨ ਤਕ ਨੇ ਸਪਾਟ ਫਿਕਸਿੰਗ ਦੇ ਦੋਸ਼ਾਂ ਦੀ ਜਾਂਚ ਪ੍ਰਵਰਤਨ ਡਾਇਰੈਕਟੋਰੇਟ ਤੇ ਆਮਦਨ ਟੈਕਸ ਵਿਭਾਗ ਤੋਂ ਕਰਾਉਣ ਦੀ ਮੰਗ ਕਰ ਦਿੱਤੀ ਹੈ।

ਮਾਕਨ ਨੂੰ ਸ਼ੱਕ ਹੈ ਕਿ ਖਿਡਾਰੀਆਂ ਨੂੰ ਹੋਰ ਪਾਸਿਆਂ ਤੋਂ ਵੀ ਪੈਸੇ ਦਿਤੇ ਗਏ ਹਨ ਕਿਉਂਕਿ ਵਿਦੇਸ਼ੀ ਮੁਦਰਾ ਮਾਨਦੰਡ ਤੇ ਕਾਲੇਧਨ ਰਾਹੀਂ ਨਿਯਮ-ਕਾਨੂੰਨ ਦੀ ਖੁੱਲ੍ਹ ਕੇ ਉਲੰਘਣਾ ਹੋ ਰਹੀ ਹੈ। ਆਈ.ਪੀ.ਐਲ ਸੰਚਾਲਨ ਪ੍ਰੀਸ਼ਦ ਦੇ ਉੱਚ ਮੈਂਬਰ ਵੀ ਮੰਨਦੇ ਹਨ ਕਿ ਪੰਜਵਾਂ ਸੀਜ਼ਨ ਮੈਦਾਨੀ ਸਰਗਰਮੀਆਂ ਦੀ ਬਜਾਏ ਮੈਦਾਨ ਤੋਂ ਬਾਹਰ ਦੀਆਂ ਚੀਜ਼ਾਂ ਲਈ ਵੱਧ ਸੁਰਖ਼ੀਆਂ 'ਚ ਰਿਹਾ ਹੈ। ਆਈ.ਪੀ.ਐਲ-4 ਦਾ ਹੀ ਇਕ ਹੋਰ ਦਿਲਚਸਪ ਵਾਕਿਆ। ਉਸ ਵੇਲੇ ਦੇ ਕੇਂਦਰੀ ਮੰਤਰੀ ਸਸ਼ੀ ਥਰੂਰ ਨੇ ਆਪਣੀ ਉਸ ਵੇਲੇ ਦੀ ਔਰਤ ਦੋਸਤ ਤੇ ਹੁਣ ਪਤਨੀ ਸੁਨੰਦਾ ਪੁਸ਼ਕਰ ਨੂੰ ਫਾਇਦਾ ਪਹੁੰਚਾਉਣ ਲਈ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ। ਇਸ ਗੱਲ ਦਾ ਖ਼ੁਲਾਸਾ ਲਲਿਤ ਮੋਦੀ ਨੇ ਕੀਤਾ ਸੀ ਕਿ ਥਰੂਰ ਦੀ ਔਰਤ ਦੋਸਤ ਦੀ ਕੋਚਿੰਗ ਟੀਮ ਰਾਂਦੇਵ ਸਪੋਰਟਸ ਵਰਲਡ 'ਚ 70 ਕਰੋੜ ਰੁਪਏ ਦੀ ਹਿੱਸੇਦਾਰੀ ਹੈ। ਅੰਦਾਜ਼ਾ ਲਾਇਆ ਜਾ ਸਕਦਾ ਹੈ। ਕਿ ਇਸ ਨਾਲ ਕਿੰਨੀ ਮੋਟੀ ਕਮਾਈ ਕੀਤੀ ਜਾ ਸਕਦੀ ਹੈ। ਵੈਸੇ ਵੀ ਵੱਡੀਆਂ ਵਿਤੀ ਕੰਪਨੀਆਂ ਆਈ.ਪੀ.ਐਲ ਨੂੰ ਵਿਸ਼ਵ ਦਾ ਛੇਵਾਂ ਸਭ ਤੋਂ ਮਹਿੰਗਾ ਟੂਰਨਾਮੈਂਟ ਮੰਨਦੀਆਂ ਹਨ।

# ਇਸ਼ਤਿਹਾਰਬਾਜ਼ੀ 'ਚ ਵਧਦਾ ਨਿਗੇਜ਼ ਕਿਉਂ?

ਪਿਛਲੇ 25 ਸਾਲਾਂ 'ਚ ਜਵਾਨ ਹੋਏ ਭਾਰਤੀ ਟੀ.ਵੀ ਦਰਸ਼ਕਾਂ ਦੀਆਂ ਯੌਨ ਪਸੰਦਾਂ ਦੀ ਬਾਜ਼ਾਰ ਤੇ ਇਸ਼ਤਿਹਾਰ ਜਗਤ ਦੱਬ ਕੇ ਲੁੱਟ ਕਰਨ ਲੱਗਿਆ ਹੈ। ਹੁਣ ਪਾਂਡਰਸ ਡ੍ਰੀਮਫਲਾਰ ਟੇਲਕ ਦੇ ਬਦਲੇ ਉਸ ਨੂੰ ਵੇਟ ਸੇਟ (ਇਕ ਔਰਤ ਜਾਂ ਮਰਦ ਅੱਧ ਨੰਗੀ ਹਾਲਤ 'ਚ) ਮਫਤ ਲਾਲ ਦੇ ਸੂਟ ਲੈਂਥ ਬਦਲੇ ਲੇਟਾਈਸ ਲੋ ਵੇਸਟ ਜੀਨਸ (ਕਈ ਮਾਡਲਾਂ ਦੀ ਕਮਰ ਤੋਂ ਢਿਲਕਦੀ ਜੀਨਸ) ਇਮਾਮੀ ਜਾਂ ਬੋਰੋਲੀਨ ਦੀ ਕਰੀਮ ਬਦਲੇ ਵੈਸਲੀਨ ਬਾਡੀ ਲੋਸ਼ਨ (ਪਤਨੀ ਨੇ ਆਪਣੀ ਗੋਰੀ ਚਿਕਨੀ ਕਮਰ ਦੁਆਲੇ ਚਾਬੀ ਲਟਕਾਈ ਹੈ। ਗਰਮੀ 'ਚ ਵੀ ਹੋਗੀ ਸ਼ਰਾਰਤ ਟੈਗ ਲਾਈਨ ਦੇ ਨਾਲ) ਚਾਹੀਦਾ ਹੈ। ਇਸ ਲਈ ਵੱਧ ਤੋਂ ਵੱਧ ਮੁਨਾਫ਼ੇ ਦੇ ਚੱਕਰ ਵਿਚ ਬਾਜ਼ਾਰ ਸਭ ਚੀਜ਼ਾਂ ਨੂੰ ਸਿੱਧੇ ਸਾਦੇ ਢੰਗ ਨਾਲ ਨਹੀਂ, ਸੈਕਸ ਦੀ ਸ਼ਰਾਰਤੀ ਗੁਦਗਦੀ ਦੇ ਨਾਲ ਵੇਚਣ ਲੱਗਿਆ ਹੈ। ਚਾਹੇ ਸਾਬਣ ਹੋਵੇ, ਟੂੱਥ ਪੇਸਟ ਹੋਵੇ, ਠੰਡੇ ਦੀ ਬੋਤਲ ਜਾਂ ਕੋਈ ਹੋਰ ਵਸਤ, ਯੌਨ ਪ੍ਰਸੰਗ ਵਾਲੇ ਇਸ਼ਤਿਹਾਰਾਂ 'ਚ ਥਾਂ-ਕੁਥਾਂ, ਮੌਕੇ-ਬੇਮੌਕੇ ਦਾ ਵੀ ਖਿਆਲ ਨਹੀਂ ਰਖਿਆ ਜਾ ਰਿਹਾ ਹੈ। ਇਸ਼ਤਿਹਾਰਾਂ 'ਤੇ ਨਜ਼ਰ ਰਖਣ ਵਾਲੀ ਸਵੈ ਸੇਵੀ, ਸਵੈਕੰਟਰੋਲ ਸੰਸਥਾ ਐਡਵਰਟਾਈਜਿੰਗ ਕਾਉਂਸਿਲ ਆਫ ਇੰਡੀਆ (ਏ.ਐਸ.ਸੀ.ਆਈ) ਦੇ ਜਨਰਲ ਸਕੱਤਰ ਏਲਨ ਕੋਲਾਸੋ ਦੀ ਮੰਨੀਏ ਤਾਂ ਪ੍ਰੀਸ਼ਦ ਕੋਲ ਹਰ ਦਿਨ ਇਸ਼ਤਿਹਾਰਾਂ ਸਬੰਧੀ ਅਨੇਕਾਂ ਸ਼ਿਕਾਇਤਾਂ ਆਉਂਦੀਆਂ ਹਨ। ਪਿਛਲੇ ਸਾਲਾਂ 'ਚ ਸ਼ਕਾਇਤਾਂ ਦੀ ਗਿਣਤੀ 'ਚ ਵਾਧਾ ਹੋਇਆ ਹੈ। ਪਹਿਲਾਂ ਪ੍ਰੋਗਰਾਮ ਦੇ ਵਿਚਕਾਰ ਇਸ਼ਤਿਹਾਰ ਆਉਣ ਦੀ ਉਡੀਕ ਰਹਿੰਦੀ ਸੀ ਤੇ ਹੁਣ ਇਸ ਦੇ ਆਉਂਦੇ ਹੀ ਟੀ.ਵੀ. ਦੇ ਰਿਮੋਟ ਦਾ ਬਟਨ ਪ੍ਰੀਵਾਰ ਦੇ ਵੱਡੇ-ਵੱਡੇ ਬਜ਼ੁਰਗ ਵੀ ਜਲਦੀ ਨਾਲ ਦਬਾ ਦਿੰਦੇ ਹਨ। 'ਜਦ ਮੈਂ ਬੁੱਢਾ ਬੱਚਾ ਸੀ, ਬੜੀ ਸ਼ਰਾਰਤ ਕਰਦਾ ਸੀ' 'ਨਿਰਮਾ ਵਾਸ਼ਿੰਗ ਪਾਊਡਰ ਨਿਰਮਾ, ਦੁੱਧ ਵਰਗੀ ਸਫੈਦੀ ਨਿਰਮਾ ਤੋਂ ਆਏ।' ਥੋੜਾ ਕੈਚਪ ਟ੍ਰਾਈ ਕਰੋ, ਕੈਚ ਅੱਪ ਹੁੰਦਾ ਕੱਦੂ ਭਰਿਆ, ਇਸ ਵਿਚ ਕੱਦੂ ਨਹੀਂ ਜ਼ਰਾ' ਵਰਗੇ ਸੰਗੀਤਮਈ ਚੁਟਕਲੇ ਬੱਚਿਆਂ ਦੇ ਹੀ ਨਹੀਂ, ਵੱਡਿਆਂ ਦੀ ਵੀ ਜੁਬਾਨ 'ਤੇ ਹੁੰਦੇ ਸਨ, ਉਦੋਂ ਦੇ ਦਿਨ ਯਾਦ ਕਰੋ ਮੁੰਬਈ ਸਥਿਤ ਇਕ ਬਹੁਕੌਮੀ ਇਸ਼ਤਿਹਾਰ ਕੰਪਨੀ ਦੇ ਮੁੱਖ ਯੋਜਨਾ ਕਾਰਜਕਾਰੀ ਅਧਿਕਾਰੀ ਨਾ ਛੁਪਾਉਣ ਦੀ ਸ਼ਰਤ 'ਤੇ ਕਹਿੰਦੇ ਹਨ: 'ਮੈਂ ਖੁਦ ਅਜੇਹੇ ਅਮਲ ਦਾ ਹਿੱਸਾ ਹਾਂ, ਦਰਅਸਲ ਹੁਣ ਗਲਤ ਤੇ ਠੀਕ ਵਿਚਾਲੇ ਬਹੁਤ ਬਰੀਕ ਫਰਕ ਰਹਿ ਗਿਆ ਹੈ। ਹੁਣ ਜਨਤਕ ਗਲਤ 'ਤੇ ਕੋਈ ਗੱਲ ਨਹੀਂ ਕਰਨਾ ਚਾਹੁੰਦਾ। ਜੋ ਕਿਸੇ ਲਈ ਠੀਕ ਹੈ, ਉਹ ਦੂਜੇ ਲਈ ਗਲਤ ਹੋ ਸਕਦਾ ਹੈ।' ਕੀ ਵਾਕਿਆ ਹੀ ਇਕ ਸਹੀ ਜਾਂ ਜਾਇਜ਼ ਗੱਲ ਨੂੰ ਦੂਜਾ ਗਲਤ ਠਹਿਰਾ ਰਿਹਾ ਹੈ? ਦਰਅਸਲ ਉਤਪਾਦਨ ਕਰਤਾ ਇਸ਼ਤਿਹਾਰੀ ਕੰਪਨੀਆਂ 'ਚ ਮੁਨਾਫੇ ਦੀ ਦੌੜ ਇਸ ਹੱਦ ਤਕ ਵੱਧ ਗਈ ਹੈ ਕਿ ਇਕ ਨੇ ਕੁਝ ਵਿਖਾਉਣਾ ਸ਼ੁਰੂ ਕੀਤਾ ਤਾਂ ਸਾਰੇ ਭੇਡਚਾਲ ਸ਼ੁਰੂ ਹੋ ਜਾਂਦੀ ਹੈ। ਮੁਕਾਬਲੇ ਦੀ ਭਾਵਨਾ ਏਨੀ ਜ਼ਬਰਦਸਤ ਹੁੰਦੀ ਹੈ ਕਿ ਇਹ ਸੋਚਣ ਦਾ ਵਕਤ ਹੀ ਨਹੀਂ ਹੁੰਦਾ ਕਿ ਕੰਪਨੀਆਂ ਵਸਤਾਂ ਕਿਸ ਲਈ ਬਣਾ ਰਹੀਆਂ ਹਨ, ਕਿਉਂ ਬਣਾ ਰਹੀਆਂ ਹਨ ਜਾਂ ਉਸ ਇਸ਼ਤਿਹਾਰ ਨਾਲ ਉਹਨਾਂ ਦਾ ਮਕਸਦ ਹੱਲ ਹੋਵੇਗਾ ਜਾਂ ਨਹੀਂ। ਯੂਟੋਪੀਆ ਕੰਸਲਟਿੰਗ

ਦੇ ਸੀ.ਈ.ਓ ਨਿਸ਼ੀਥ ਸ਼ਰਨ ਕਹਿੰਦੇ ਹਨ 'ਇਸ਼ਤਿਹਾਰ ਬਣਾਉਣ ਵਾਲੀਆਂ ਏਜੰਸੀਆਂ ਜਾਂ ਉਹਨਾਂ ਦੀਆਂ ਬੁਨਿਆਦੀ ਪੈਦਾਵਾਰ ਕਰਨ ਵਾਲੀਆਂ ਕੰਪਨੀਆਂ ਇਸ ਨੂੰ ਸਿਰਫ ਵਪਾਰ ਮੰਨਦੀਆਂ ਹਨ।' ਇਸ਼ਤਿਹਾਰ ਦੀ ਭਾਸ਼ਾ 'ਚ ਜਿਸ ਨੂੰ ਮਕਸਦ ਕਿਹਾ ਜਾਂਦਾ ਹੈ ਉਸ ਬਾਰੇ ਸੋਚਣ ਦਾ ਦਰਅਸਲ ਕਿਸੇ ਕੋਲ ਵਕਤ ਹੀ ਨਹੀਂ ਹੈ। ਜਿਸ ਵੀ ਤਰੀਕੇ ਨਾਲ ਵਿਕੇ, ਵਸਤ (ਜਿਣਸ) ਵਿਕਣੀ ਚਾਹੀਦੀ ਹੈ।

ਇਸ਼ਤਿਹਾਰਾਂ 'ਚ ਬੁਲਾਰੇ ਦੇ ਨਾਂ 'ਤੇ ਅੱਧ ਕੱਚਾ ਲੜਕਪਣ ਇਸ ਕਦਰ ਹਾਵੀ ਹੋ ਗਿਆ ਹੈ ਕਿ ਏ.ਐਸ.ਸੀ.ਆਈ ਨੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਨੂੰ ਇਸ ਪ੍ਰਭਾਵ ਭੇਜਿਆ ਹੈ ਕਿ ਅਜਿਹੇ ਇਸ਼ਤਿਹਾਰਾਂ ਦਾ ਸਮਾਂ ਰਾਤ ਗਿਆਰਾਂ ਤੋਂ ਸੁਬਾਹ 6 ਵਜੇ ਦੇ ਵਿਚਾਲੇ ਕਰ ਦਿਤਾ ਜਾਵੇ ਤਾਂ ਕਿ ਬੱਚਿਆਂ ਨੂੰ ਕਾਮੁਕ ਛਵੀਆਂ ਤੇ ਸੰਵਾਦਾਂ ਦੇ ਦੁਰਪ੍ਰਭਾਵਾਂ ਤੋਂ ਬਚਾਇਆ ਜਾ ਸਕੇ। ਪ੍ਰੀਸ਼ਦ ਨੇ ਬਕਾਇਦਾ ਅਜੇਹੇ ਟੀ.ਵੀ ਇਸ਼ਤਿਹਾਰਾਂ ਦੀ ਸੂਚੀ ਵੀ ਮੰਤਰਾਲੇ ਨੂੰ ਭੇਜੀ ਹੈ। ਕਲਾਸੋ ਕਹਿੰਦੇ ਹਨ 'ਇਹ ਸਮਝਣਾ ਜ਼ਰੂਰੀ ਹੈ ਕਿ ਹਰ ਉਸ ਇਸ਼ਤਿਹਾਰ ਨੂੰ ਨਹੀਂ ਹਟਾਇਆ ਜਾ ਸਕਦਾ ਜਿਸ ਤੇ ਇਤਰਾਜ਼ ਹੈ ਕਿਉਂਕਿ ਜੇ ਕਿੰਗਫਿਸ਼ਰ ਕੰਪਨੀ ਏਅਰ ਲਾਈਨਜ਼ ਦੀ ਇਸ਼ਤਿਹਾਰਬਾਜ਼ੀ ਕਰੇ ਤਾਂ ਉਸ ਨੂੰ ਰੋਕਿਆ ਨਹੀਂ ਜਾ ਸਕਦਾ। ਸਭ ਜਾਣਦੇ ਹਨ ਕਿ ਕਿੰਗਫਿਸ਼ਰ ਬਰਾਂਡ ਤੇ ਕਿਸ ਚੀਜ਼ (ਬੀਅਰ) ਲਈ ਪ੍ਰਸਿੱਧ ਹੈ ਅਜੇਹੇ ਇਸ਼ਤਿਹਾਰ ਨੂੰ ਸਰੋਗੇਟ ਇਸ਼ਤਿਹਾਰ ਕਿਹਾ ਜਾਂਦਾ ਹੈ ਅਤੇ ਇਹ ਧੜੱਲੇ ਨਾਲ ਛਪਦੇ ਹਨ ਤੇ ਦਿਸਦੇ ਹਨ। ਹਾਲ ਹੀ 'ਚ ਆਮ ਆਦਮੀ ਦੇ ਹੌਂਸਲੇ ਨੂੰ ਸਲਾਮ ਕਰਨਾ ਇਕ ਬਰਾਂਡ ਦਾ ਇਸ਼ਤਿਹਾਰ ਬਹੁਤ ਹੀ ਚਰਚਿਤ ਹੈ। ਇਹਨਾਂ ਇਸ਼ਤਿਹਾਰਾਂ 'ਤੇ ਵੀ ਸਖਤ ਕਾਰਵਾਈ ਦੀ ਲੋੜ ਹੈ। ਪਰ ਇਸ ਵਿਚ ਏਨੇ ਪੇਚ ਹਨ ਕਿ ਸਾਬਤ ਕਰਨਾ ਮੁਸ਼ਕਲ ਹੁੰਦਾ ਹੈ ਕਿ ਦਰਅਸਲ ਇਸ਼ਤਿਹਾਰ ਦੇਣ ਵਾਲਾ ਦੋਸ਼ੀ ਹੈ। ਅਸ਼ਲੀਲ, ਗੁੰਮਰਾਹ ਕਰਨ ਵਾਲੇ, ਕਿਸੇ ਹੋਰ ਵਸਤ ਦੇ ਬਹਾਨੇ ਸ਼ਰਾਬ ਦੀ ਇਸ਼ਤਿਹਾਰ ਬਾਜ਼ੀ ਕਰਨ ਵਾਲੀਆਂ ਕੰਪਨੀਆਂ ਖਿਲਾਫ ਜੰਗ ਲੜ ਰਹੇ ਮੰਗੇਸ਼ ਵਿਘਾਨੀ ਨੇ ਏ.ਐਸ.ਸੀ.ਆਈ 'ਚ ਸ਼ਕਾਇਤ ਦਰਜ ਕਰਵਾਈ। ਨਾਲ ਹੀ ਉਹਨਾਂ ਨੇ ਪ੍ਰਸਤਾਵ ਰਖਿਆ ਕਿ ਕੋਈ ਐਸੀ ਜੂਰੀ ਤਹਿ ਕਰ ਦਿਤੀ ਜਾਵੇ ਜੋ ਸਾਰੇ ਇਸ਼ਤਿਹਾਰਾਂ ਨੂੰ ਪਹਿਲਾਂ ਵੇਖੇ ਤੇ ਫਿਰ ਪ੍ਰਕਾਸ਼ਨ ਜਾਂ ਪ੍ਰਸਾਰਣ ਦੀ ਇਜਾਜ਼ਤ ਦੇਵੇ। ਮੰਗੇਸ਼ ਨੂੰ ਤਦ ਬਹੁਤ ਧੱਕਾ ਪਹੁੰਚਿਆ ਜਦ ਉਹਨਾਂ ਨੂੰ ਪਤਾ ਲੱਗਿਆ ਕਿ ਭਾਰਤ 'ਚ ਇਹ ਅਸਲ ਰੂਪ 'ਚ ਸੰਭਵ ਨਹੀਂ ਹੈ ਕਿਉਂਕਿ ਇਥੇ ਲਗਭਗ 4-5 ਲੱਖ ਇਸ਼ਤਿਹਾਰ ਹਰ ਸਾਲ ਬਣਦੇ ਹਨ ਜਦ ਕਿ ਨਿਊਜ਼ੀਲੈਂਡ 'ਚ ਠੀਕ ਐਸੀ ਹੀ ਵਿਵਸਥਾ ਹੈ ਕਿਉਂਕਿ ਉਥੇ ਬਣਨ ਵਾਲੇ ਇਸ਼ਤਿਹਾਰਾਂ ਦੀ ਗਿਣਤੀ ਸਿਰਫ 300 ਹੈ। ਫਿਰ ਵੀ ਏ.ਐਸ.ਸੀ.ਆਈ ਆਪਣੇ ਵੱਲੋਂ ਸਾਰੀਆਂ ਕੋਸ਼ਿਸ਼ਾਂ ਕਰਦਾ ਰਹਿੰਦਾ ਹੈ। ਪ੍ਰੀਸ਼ਦ ਨੇ ਡਿਓਡਰੈਂਟ, ਕੁਝ ਪ੍ਰਫ਼ੂਮ, ਅੰਡਰ-ਵਸਤਰ, ਕੰਡੋਮ ਆਦਿ ਬਣਾਉਣ ਵਾਲੀਆਂ ਕੰਪਨੀਆਂ ਨੂੰ ਨੋਟਿਸ ਦਿਤਾ ਹੈ ਕਿ ਇਸ਼ਤਿਹਾਰਾਂ 'ਚ ਸੁਧਾਰ ਕਰਨ।

ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ। ਵਿਭਾਗ ਦੀ ਮੰਤਰੀ ਅੰਬਿਕਾ ਸੋਨੀ ਨੇ ਪਿਛੇ ਜਿਹੇ ਲੋਕ ਸਭਾ ਦੇ ਪ੍ਰਸ਼ਨ ਕਾਲ 'ਚ ਦੱਸਿਆ ਸੀ ਕਿ ਇਸ਼ਤਿਹਾਰਾਂ ਦੀ ਨੀਤੀ ਨਿਰਧਾਰਨ ਲਈ ਮੰਤਰੀਆਂ ਦਾ ਇਕ ਸਮੂਹ ਬਣਾਇਆ ਗਿਆ ਹੈ। ਇਹ ਸਮੂਹ ਜਲਦੀ ਹੀ ਇਸ ਮਾਮਲੇ ਸਬੰਧੀ ਰਾਇ

ਦੇਵੇਗਾ। ਸ਼ਰਣ ਕਹਿੰਦੇ ਹਨ “ਇਸ਼ਤਿਹਾਰਬਾਜ਼ੀ ਨਾਲ ਜੁੜੀਆਂ ਕਈ ਹਸ਼ਤੀਆਂ ਵੱਖ-ਵੱਖ ਢੰਗ ਨਾਲ ਮੰਨਦੀਆਂ ਹਨ ਕਿ ਕੋਈ ਵੀ ਨਹੀਂ ਚਾਹੁੰਦਾ ਕਿ ਬੇਕਾਰ ਹੀ ਝਮੇਲਾ ਖੜਾ ਹੋਵੇ ਤੇ ਉਸ ਦੀ ਵਸਤ ਨਾ ਵਿਕੇ। ਏ.ਐਸ.ਸੀ.ਆਈ ਨੇ ਆਪਣੀ ਵੈਬਸਾਈਟ ’ਤੇ ਵੀ ਇਸ਼ਤਿਹਾਰਬਾਜ਼ੀ ਨਾਲ ਸਬੰਧਤ ਪੈਮਾਨੇ ਦਿਤੇ ਹਨ ਤਾਂ ਕਿ ਗਾਹਕ ਤੇ ਦਰਸ਼ਕ ਜਾਣ ਸਕਣ ਕਿ ਇਸ਼ਤਿਹਾਰ ਦੀ ਸੀਮਾ ਕੀ ਹੈ। ਅਨੇਕਾਂ ‘ਸਮਝਾਈਸ਼ਾਂ’ ਵੈਬਸਾਈਟ ’ਤੇ ਹਨ ਜੋ ਦੱਸਦੀਆਂ ਹਨ ਕਿ ‘ਅੱਛੇ’ ਇਸ਼ਤਿਹਾਰ ਨੂੰ ਕਿਹੋ ਜਿਹਾ ਹੋਣਾ ਚਾਹੀਦਾ ਹੈ ਤਾਂ ਕਿ ਅਸੀਂ ਉਮੀਦ ਕਰੀਏ ਕਿ ਆਉਣ ਵਾਲੇ ਦਿਨਾਂ ’ਚ ਇਸ਼ਤਿਹਾਰਾਂ ਨੂੰ ਵੀ ਹੁਣ ‘ਯੂ’ ‘ਏ’ ਜਾਂ ‘ਯੂਏ’ ਸਰਟੀਫਿਕੇਟ ਮਿਲਣਗੇ ਅਤੇ ਅਸੀਂ ਬੱਚਿਆਂ ਨੂੰ ਕਹਾਂਗੇ ‘ਸਾਡੇ ਬੱਚੇ ਗੰਦੇ ਇਸ਼ਤਿਹਾਰ ਨਹੀਂ ਵੇਖਦੇ’।

# ਕਟਿਹਰੇ ’ਚ ਭਾਰਤੀ ਨਿਆਂ ਪ੍ਰਣਾਲੀ ਕਿਵੇਂ?

2 ਦਸਬੰਰ 1984 ਨੂੰ ਭੁਪਾਲ ’ਚ ਇਕ ਅਮਰੀਕੀ ਬਹੁਕੌਮੀ ਕੰਪਨੀ ਯੂਨੀਅਨ ਕਾਰਬਾਈਡ ’ਚ ਹੋਏ ਗੈਸ-ਰਿਸਾਅ ਨਾਲ 20,000 ਲੋਕ ਮਾਰੇ ਗਏ ਸਨ ਤੇ ਹਜ਼ਾਰਾਂ ਹੋਰ ਜ਼ਖ਼ਮੀ ਹੋਏ ਸਨ। ਲੱਖਾਂ ਲੋਕ ਅੱਜ ਵੀ ਉਸ ਦੇ ਮਾੜੇ ਅਸਰ ਝੱਲ ਰਹੇ ਹਨ ਅਤੇ ਅਪਾਹਜਾਂ ਦੀ ਜ਼ਿੰਦਗੀ ਜਿਉਣ ਲਈ ਸਰਾਪੇ ਗਏ ਹਨ। ਇਸ ‘ਕਤਲੇਆਮ’ ਦੇ ਖਿਲਾਫ ਫੈਸਲਾ ਕਰਨ ’ਚ ਭਾਰਤੀ ਨਿਆਂ ਪਾਲਿਕਾ ਨੂੰ 26 ਸਾਲ ਲੱਗੇ ਤੇ ਫੈਸਲਾ ਵੀ ਕੀ ਦਿੱਤਾ। ਦੋ ਸਾਲ ਜੇਲ੍ਹ ਦੀ ਸਜ਼ਾ ਜੋ ਕਿਸੇ ਸੜਕ ਦੁਰਘਟਨਾ ’ਚ ਦਿਤੀ ਗਈ ਸਜ਼ਾ ਦੇ ਬਰਾਬਰ ਹੈ। ਸਮਾਜ ਦੇ ਬੌਧਿਕ, ਜਾਗਰੂਕ ਤੇ ਸੰਵੇਦਨਸ਼ੀਲ ਲੋਕ ‘ਨਿਆਂਇਕ ਚੌਕਸੀ’ ਦੇ ਨਾਂ ਹੇਠ ਕਦੀ ਭਾਰਤੀ ਨਿਆਂ ਪ੍ਰਣਾਲੀ ਦੀ ਪ੍ਰਸੰਸਾ ਕਰਦੇ ਹਨ ਤਾਂ ਕਦੀ ਭੁਪਾਲ ਗੈਸ ਤਰਾਸਦੀ ਵਰਗੀਆਂ ਘਟਨਾਵਾਂ ’ਤੇ ਨਿਆਂ ਦੇ ਰੁਖ ਨਾਲ ਦੁਖੀ ਹੁੰਦੇ ਹਨ। ਇਸ ਤਰ੍ਹਾਂ ਉਹ ਭਾਰਤੀ ਲੋਕਤੰਤਰ ਦੇ ਤਾਣੇ-ਬਾਣੇ ਤੋਂ ਹੀ ਨਿਰਾਸ਼ ਹੋ ਜਾਂਦੇ ਹਨ। ਕਈ ਲੋਕਾਂ ਨੇ ਭਾਰਤੀ ਭੁਪਾਲ ਗੈਸ ਤਰਾਸਦੀ ਨੂੰ ਭਿਆਨਕ ਹਾਦਸਾ ਮੰਨਦਿਆਂ ਇਸ ਮਾਮਲੇ ’ਚ ਅਦਾਲਤ ਦੇ ਵਿਹਾਰ ਦੀ ਨਿੰਦਾ ਕੀਤੀ ਹੈ, ਜਿਥੇ ਕਈ ਲੋਕ ਲੋਕਰਾਜ ਨੂੰ ਬਚਾਉਣ ਤੇ ਨਿਆਂਪਾਲਿਕਾ ’ਚ ਲੋਕਾਂ ਦਾ ਵਿਸਵਾਸ਼ ਬਹਾਲ ਕਰਨ ਲਈ ਥੋਕ ਦੇ ਭਾਅ ਨੀਮ-ਹਕੀਮੀ ਨੁਸਖੇ ਸੁਝਾਅ ਰਹੇ ਹਨ, ਉਥੇ ਕੁਝ ਲੋਕਾਂ ਨੇ ਭਾਰਤੀ ਨਿਆਂ ਪ੍ਰਣਾਲੀ ਤੇ ਭਾਰਤੀ ਨਿਆਂ ਵਿਵਸਥਾ ਉਪਰ ਹੀ ਉਂਗਲੀ ਉਠਾਈ ਹੈ ਅਤੇ ਇਸ ਦੀ ਨਿਰਪਖਤਾ ’ਤੇ ਸੁਆਲ ਖੜੇ ਕੀਤੇ ਹਨ। ਪਿਛਲੇ ਕੁਝ ਸਾਲਾਂ ਤੋਂ ਭਾਰਤੀ ਨਿਆਂ ਪ੍ਰਣਾਲੀ ’ਚ ਲੋਕਾਂ ਦਾ ਵਿਸਵਾਸ਼ ਘੱਟ ਹੋ ਗਿਆ ਹੈ। 9 ਰਾਜਾਂ ਦੇ 29 ਸ਼ਹਿਰਾਂ ’ਚ ਸਵਾ ਲੱਖ ਲੋਕਾਂ ’ਚ ਕੀਤੇ ਗਏ ਇਕ ਸਰਵੇਖਣ ’ਚ 75 ਫ਼ੀ ਸਦੀ ਲੋਕਾਂ ਨੇ ਕਿਹਾ ਕਿ ਭਾਰਤੀ ਨਿਆਂ ਪ੍ਰਣਾਲੀ ’ਤੇ ਉਹਨਾਂ ਨੂੰ ਕੋਈ ਭਰੋਸਾ ਨਹੀਂ ਰਹਿ ਗਿਆ ਹੈ। 1947 ਪਿਛੋਂ ਨਿਆਂ ਪਾਲਿਕਾ ਦੀ ਅਜ਼ਾਦ ਹਸਤੀ ਦੀ ਵਕਾਲਤ ਸਿਰਫ ਇਸ ਲਈ ਕੀਤੀ ਗਈ ਸੀ ਕਿ ਇਹ ਆਮ ਲੋਕਾਂ ਦੇ ਹੱਕਾਂ ਦੀ ਰਾਖੀ ਕਰੇਗੀ ਪਰ ਇਸ ਸਬੰਧੀ ਨਿਆਂ ਪਾਲਿਕਾ ਨੇ ਲੋਕਾਂ ਨੂੰ ਨਿਰਾਸ਼ ਕੀਤਾ ਹੈ। ਮਸ਼ਹੂਰ ਵਕੀਲ ਪ੍ਰਸ਼ਾਂਤ ਭੂਸ਼ਣ ਅਨੁਸਾਰ ਸਾਡੇ ਦੇਸ਼ ਦੇ ਸਿਰਫ 2 ਫ਼ੀ ਸਦੀ ਲੋਕਾਂ ਨੂੰ ਹੀ ਅਦਾਲਤਾਂ ਤੋਂ ਨਿਆਂ ਦੀ ਉਮੀਦ ਹੈ। ਬਾਕੀ 98 ਫ਼ੀ ਸਦੀ ਘੇਰੇ ਤੋਂ ਬਾਹਰ ਹਨ।

ਲੰਮੇ ਸਮੇਂ ਤਕ ਮੁਕਦਮਿਆਂ ਦਾ ਫੈਸਲਾ ਨਹੀਂ ਹੁੰਦਾ। ਤਰੀਕ ਤੇ ਤਰੀਕ ਮਿਲਣ ਕਰਕੇ ਨਿਆਂ ਕਾਫੀ ਮਹਿੰਗਾ ਹੋ ਗਿਆ ਹੈ। ਕਈ ਮੁਕਦਮੇ ਤਾਂ ਕਈ-ਕਈ ਪੀੜ੍ਹੀਆਂ ਤਕ ਜਾਰੀ ਰਹਿੰਦੇ ਹਨ। ਆਮ ਕਰਕੇ ਦੇਖਿਆ ਗਿਆ ਹੈ ਕਿ ਪੈਸੇ ਵਾਲੇ ਤੇ ਸਮਰੱਥ ਲੋਕ ਮੁਕੱਦਮਾ ਜਿੱਤ ਜਾਂਦੇ ਹਨ। ਗਰੀਬ ਤੇ ਨਿਰਬਲ ਹੱਥ ਮਲਦੇ ਰਹਿ ਜਾਂਦੇ ਹਨ, ਅਜੇਹੇ ’ਚ ਨਿਆਂ ਪ੍ਰਣਾਲੀ ’ਤੇ ਆਮ ਆਦਮੀ ਦਾ ਭਰੋਸਾ ਕਿਵੇਂ ਸੰਭਵ ਹੈ।

ਭੁਪਾਲ ਗੈਸ ਕਾਂਡ ਦਾ ਮੁਕੱਦਮਾ 26 ਸਾਲ ਚਲਿਆ। ਅਯੋਧਿਆ ਦੀ ਬਾਬਰੀ ਮਸਜਿਦ ਢਾਹੇ ਜਾਣ ਵਾਲਾ ਮੁਕਦਮਾ 18 ਸਾਲ ਚਲਿਆ ਅਜੇ ਵੀ ਜਾਰੀ

ਹੈ। 1984 ’ਚ ਸਿੱਖ ਭਾਈਚਾਰੇ ’ਤੇ ਹੋਏ ਭਿਆਨਕ ਹਮਲੇ ਲਈ ਦੋਸ਼ੀ ਲੱਭਣ ਦਾ ਕੰਮ ਅਜੇ ਵੀ ਜਾਰੀ ਹੈ। ਬੈਡਮਿੰਟਨ ਖਿਡਾਰੀ ਰੁਚਿਕਾ ਨੂੰ ਆਤਮ ਹੱਤਿਆ ਲਈ ਮਜ਼ਬੂਰ ਕਰਨ ਵਾਲੇ ਅਧਿਕਾਰੀ ਰਠੌੜ ਤੇ 19 ਸਾਲ ਮੁਕੱਦਮਾ ਚਲਿਆ। ਗੁਜਰਾਤ ਦੰਗਿਆਂ ਦੇ ਦੋਸ਼ੀਆਂ ਦਾ ਅਜੇ ਕੁਝ ਨਹੀਂ ਵਿਗੜਿਆ। ਸੁਪਰੀਮ ਕੋਰਟ ਨੇ ਖੁਦ ਮੰਨਿਆ ਹੈ ਕਿ 3 ਕਰੋੜ 7 ਲੱਖ ਤੋਂ ਵੱਧ ਮੁਕਦਮੇ ਮੁਲਤਵੀ ਹਨ ਜਿਹਨਾਂ ਨੂੰ ਨਿਪਟਾਉਣ ਲਈ 464 ਸਾਲ ਲਗਣਗੇ। ਅਜੇਹੇ ’ਚ ਨਿਆਂ ਮਿਲੂ ਕਿਵੇਂ? ਕੇਸ ਲੜਦਿਆਂ ਹੌਂਸਲੇ ਢਹਿ ਢੇਰੀ ਹੋ ਜਾਂਦੇ ਹਨ। ਲੋਕ ਟੁੱਟ ਜਾਂਦੇ ਹਨ, ਉਹਨਾਂ ਦੇ ਘਰ, ਖੇਤ, ਜ਼ਮੀਨ-ਜਾਇਦਾਦ ਸਭ ਵਿਕ ਜਾਂਦੇ ਹਨ। ਸਾਲ ਦਰ ਸਾਲ ਨਿਆਂ ਲਈ ਭਟਕਦਾ, ਤਰੀਕ ਦਰ ਤਰੀਕ ਕੋਰਟ ਕਚਹਿਰੀ ਦਾ ਚੱਕਰ ਲਾਉਂਦਾ ਆਮ ਆਦਮੀ ਨਿਆਂ ਪ੍ਰਣਾਲੀ ਤੋਂ ਭਲਾ ਕਿਉਂ ਨਿਰਾਸ਼ ਨਾ ਹੋਵੇ?

ਨਿਆਂ ਪਾਲਿਕਾ ’ਚ ਭ੍ਰਿਸ਼ਟਾਚਾਰ ਵੀ ਹੈ। ਰਾਜ ਸਭਾ ਦੇ 75 ਮੈਂਬਰਾਂ ਨੇ ਕਰਨਾਟਕ ਹਾਈਕੋਰਟ ਦੇ ਚੀਫ ਜਸਟਿਸ ਵਿਰੁੱਧ 55 ਸਫਿਆਂ ਦਾ ਇਕ ਮਹਾਂਭਿਯੋਗ ਪ੍ਰਸਤਾਵ ਪੇਸ਼ ਕੀਤਾ। 13 ਅਗਸਤ 2008 ਨੂੰ ਪੰਜਾਬ-ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਦੀ ਚੰਡੀਗੜ੍ਹ ਸਥਿਤ ਰਿਹਾਇਸ਼ ’ਤੇ ਹਰਿਆਣਾ ਦੇ ਉਸ ਵੇਲੇ ਦੇ ਐਡਵੋਕੇਟ ਜਨਰਲ ਨੇ ਕਲਰਕ ਰਾਹੀਂ ਇਕ ਪੈਕਟ ਭੇਜਿਆ ਜਿਸ ਨੂੰ ਸੁਰਖਿਆ ਕਰਮੀਆਂ ਨੇ ਖੋਲ੍ਹ ਕੇ ਦੇਖਿਆ ਤਾਂ ਉਸ ’ਚ 15 ਲੱਖ ਰੁਪਏ ਮਿਲੇ। ਮਾਮਲਾ ਸੀ.ਬੀ.ਆਈ ਕੋਲ ਹੈ। ਬਹੁਚਰਚਿਤ ਪੀ.ਐਫ ਘਪਲਾ ਤਦ ਸਾਹਮਣੇ ਆਇਆ ਜਦ ਸੀ.ਬੀ.ਆਈ ਕੋਰਟ ਦੇ ਵਿਸ਼ੇਸ਼ ਜੱਜ ਵਲੋਂ ਫਰਵਰੀ 2008 ’ਚ ਗਾਜੀਆਬਾਦ ਦੇ ਕਵਿ ਨਗਰ ਥਾਣੇ ’ਚ ਲਿਖਾਈ ਗਈ ਰਪਟ ’ਚ 78 ਬੰਦਿਆਂ ਨੂੰ ਦੋਸ਼ੀਆਂ ਵਜੋਂ ਦਰਜ ਕੀਤਾ ਗਿਆ। ਇਸ ’ਚ ਤੀਜੇ ਤੇ ਚੌਥੇ ਦਰਜੇ ਦੇ ਕਰਮਚਾਰੀਆਂ ਦੇ ਪੀ.ਐਫ ਖਾਤਿਆਂ ’ਚੋਂ ਕਰੀਬ 23 ਕਰੋੜ ਰੁਪਏ ਕਢਵਾਏ ਗਏ। ਇਸ ਅਮਲ ’ਚ ਮੁਖ ਦੋਸ਼ੀ ਗਾਜੀਆਬਾਦ ਨਜਾਰਤ ਦੇ ਸੈਂਟਰਲ ਨਾਜਰ ਆਸ਼ੁਤੋਸ਼ ਅਸਥਾਨਾ ਨੇ ਅਦਾਲਤ ’ਚ ਦਿਤੇ 29 ਸਫਿਆਂ ਦੇ ਬਿਆਨ ’ਚ 36 ਜੱਜਾਂ ਖਿਲਾਫ਼ ਗੰਭੀਰ ਦੋਸ਼ ਲਾਏ। ਇਹਨਾਂ ’ਚੋਂ ਇਕ ਜੱਜ ਸੁਪਰੀਮ ਕੋਰਟ ਦੇ ਅਤੇ ਬਾਕੀ ਹਾਈਕੋਰਟਾਂ ਦੇ ਜੱਜ ਦੱਸੇ ਜਾ ਰਹੇ ਹਨ। ਮਾਮਲਾ ਸੀ.ਬੀ.ਆਈ ਕੋਲ ਹੈ। ਪਿਛਲੇ ਸਾਲ ਰਾਜ ਸਭਾ ਦੇ 58 ਮੈਂਬਰਾਂ ਨੇ ਕੋਲਕਾਤਾ ਹਾਈਕੋਰਟ ਦੇ ਇਕ ਜੱਜ ਖਿਲਾਫ਼ ਮਹਾਂਭਿਯੋਗ ਪ੍ਰਸਤਾਵ ਸਭਾਪਤੀ ਕੋਲ ਭੇਜਿਆ ਸੀ। ਉਹਨਾਂ ’ਤੇ ਇਕ ਕੰਪਨੀ ਦੇ ਖਾਤੇ ਤੋਂ ਜਿਸ ਦੇ ਉਹ ਰਸੀਵਰ ਸਨ ਤੇ ਜਿਸ ਦਾ ਕੇਸ ਕੋਰਟ ’ਚ ਚਲ ਰਿਹਾ ਸੀ, 32 ਲੱਖ ਰੁਪਏ ਆਪਣੇ ਨਿਜੀ ਖਾਤੇ ’ਚ ਜਮ੍ਹਾਂ ਕਰਾਉਣ ਦਾ ਦੋਸ਼ ਹੈ। ਦਿਲੀ ’ਚ ਕੀਤੀ ਗਈ ਸੀਲਿੰਗ ਸਬੰਧੀ ਸੁਪਰੀਮ ਕੋਰਟ ਦੇ ਇਕ ਜੱਜ ’ਤੇ ਆਪਣੇ ਦੋ ਬੇਟਿਆਂ ਤੇ ਪ੍ਰਚੂਨ ਵਪਾਰ ’ਚ ਲੱਗੀਆਂ ਬਹੁਕੌਮੀ ਕੰਪਨੀਆਂ ਨੂੰ ਫਾਇਦਾ ਪਹੁੰਚਾਉਣ ਦਾ ਦੋਸ਼ ਹੈ। ਨੋਇਡਾ ’ਚ ਜ਼ਮੀਨ ਅਲਾਟਮੈਂਟ ਦੌਰਾਨ ਹੋਏ ਘਪਲੇ ’ਚ ਵੀ ਇਕ ਜੱਜ ਦਾ ਨਾਂ ਆਇਆ। ਨਿਆਂ ਪਾਲਿਕਾ ’ਚ ਵਿਆਪਕ ਭ੍ਰਿਸ਼ਟਾਚਾਰ ਦੀਆਂ ਕੁਝ ਚਰਚਿਤ ਮਿਸਾਲਾਂ ਹਨ। ਇਹ ਸਮੁੰਦਰ ’ਚ ਤੈਰਦੀ ਬਰਫ਼ ਦੀ ਚਟਾਨ ਵਾਗੂੰ ਉਪਰ ਚਮਕਦਾ ਛੋਟਾ ਹਿਸਾ ਹੈ। 2007 ’ਚ ਜਾਰੀ ‘ਟਰਾਂਸ ਪੇਰੈਂਸੀ ਇੰਟਰਨੈਸ਼ਨਲ’ ਦੀ ਰਿਪੋਟ ’ਚ ਕਿਹਾ ਗਿਆ ਹੈ ਕਿ ਭਾਰਤ ਦੀਆਂ ਹੇਠਲੀਆਂ ਅਦਾਲਤਾਂ ਵਿਚ 2500 ਕਰੋੜ ਰੁਪਏ ਤੋਂ ਵੀ ਵੱਧ ਰਿਸ਼ਵਤ ਦਾ ਲੈਣ-

ਦੇਣ ਹੁੰਦਾ ਹੈ ਜਿਸ ਨੂੰ ਵਕੀਲਾਂ, ਜੱਜਾਂ ਤੇ ਦਲਾਲਾਂ 'ਚ ਹੈਸ਼ੀਅਤ ਦੇ ਹਿਸਾਬ ਨਾਲ ਵੰਡਿਆ ਜਾਂਦਾ ਹੈ। ਸੁਪਰੀਮ ਕੋਰਟ ਦੇ ਸਾਬਕਾ ਜੱਜ ਵੀ ਐਨ ਖਰੇ ਨੇ ਇਕ ਇੰਟਰਵਿਊ 'ਚ ਕਿਹਾ ਹੈ ਕਿ "ਪਿਛਲੇ 10 ਸਾਲਾਂ 'ਚ ਨਿਆਂਪ੍ਰਣਾਲੀ 'ਚ ਤੇਜ਼ੀ ਨਾਲ ਪਤਨ ਵੇਖਣ ਨੂੰ ਮਿਲਿਆ ਹੈ। ਇਸ ਨਾਲ ਜੁੜੇ ਲੋਕਾਂ ਦੀ ਜਾਇਦਾਦ 'ਚ ਬੇਤਹਾਸ਼ਾ ਵਾਧਾ ਹੋਇਆ ਹੈ" ਆਖਰ ਕਿਥੋਂ ਆਉਂਦੀ ਹੈ ਇਹ ਜਾਇਦਾਦ? ਸੁਪਰੀਮ ਕੋਰਟ ਦੇ ਇਕ ਹੋਰ ਸਾਬਕਾ ਜੱਜ ਐਮ.ਪੀ ਭਰੂਚਾ ਨੇ ਮੰਨਿਆ ਹੈ ਕਿ ਭਾਰਤ ਦੀ ਸੁਪਰੀਮ ਕੋਰਟ ਤੇ ਸੂਬਿਆਂ ਦੀਆਂ ਕੁਲ ਅਦਾਲਤਾਂ 'ਚ 20 ਫ਼ੀ ਸਦੀ ਜੱਜ ਭ੍ਰਿਸ਼ਟ ਹਨ। ਸੁਪਰੀਮ ਕੋਰਟ ਦੇ ਹੀ ਸਾਬਕਾ ਚੀਫ਼ ਜਸਟਿਸ ਜੇ.ਐਸ. ਵਰਮਾ ਨੇ ਮੰਨਿਆ ਹੈ ਕਿ "ਨਿਆਇਕ ਭ੍ਰਿਸ਼ਟਾਚਾਰ ਦੀਆਂ ਗੱਲਾਂ ਹੁਣ ਸਾਨੂੰ ਹੈਰਾਨ ਨਹੀਂ ਕਰਦੀਆਂ ਹਨ" ਸੁਪਰੀਮ ਕੋਰਟ ਦੇ ਉਸ ਵੇਲੇ ਦੇ ਚੀਫ ਜਸਟਿਸ ਕੇ.ਜੀ ਬਾਲਾ ਕ੍ਰਿਸ਼ਨਣ ਨੂੰ ਇਕ ਰੂ-ਬ-ਰੂ 'ਚ ਮੰਨਣਾ ਹੀ ਪਿਆ ਕਿ "ਅਦਾਲਤਾਂ 'ਚ ਭ੍ਰਿਸ਼ਟਾਚਾਰ ਬਦਕਿਸਮਤੀ ਵਾਲਾ ਭ੍ਰਿਸ਼ਟਾਚਾਰ ਹੈ"। ਜਾਇਦਾਦ ਦੇ ਵੇਰਵੇ ਐਲਾਨਣ 'ਚ ਇਸ ਕਰਕੇ ਨਿਆਂਪਾਲਿਕਾ ਕਤਰਾਉਂਦੀ ਹੈ। ਸੁਪਰੀਮ ਕੋਰਟ ਵੀ ਵੇਰਵੇ ਜਨਤਕ ਕਰਨ ਦੇ ਹੱਕ ਵਿਚ ਨਹੀਂ ਸੀ। ਸਰਕਾਰ ਨੇ ਇਸ ਸਬੰਧੀ ਜੋ ਬਿੱਲ ਰਾਜ ਸਭਾ 'ਚ ਪੇਸ਼ ਕੀਤਾ ਸੀ, ਜਿਸ ਨੂੰ ਭਾਰੀ ਵਿਰੋਧ ਕਾਰਨ ਵਾਪਸ ਲੈ ਲਿਆ ਗਿਆ। ਇਸ ਬਿੱਲ ਦੇ ਉਪ ਨਿਯਮ-6 'ਚ ਇਹ ਕਿਹਾ ਗਿਆ ਸੀ ਕਿ 'ਸੁਪਰੀਮ ਕੋਰਟ ਤੇ ਹਾਈ ਕੋਰਟ ਦੇ ਜੱਜ ਆਪਣੀ ਜਾਇਦਾਦ ਦੀ ਜਾਣਕਾਰੀ ਸਰਕਾਰ ਨੂੰ ਦੇਣ, ਜਨਤਕ ਨਾ ਕਰਨ। ਇਹ ਸੂਚਨਾ ਦੇ ਅਧਿਕਾਰ ਦੀ ਹੱਦ ਤੋਂ ਬਾਹਰ ਰਹੇਗਾ।

ਚੀਫ ਜਸਟਿਸ ਬਾਲਾ ਕ੍ਰਿਸ਼ਨਣ ਨੇ ਕਿਹਾ ਸੀ 'ਮੇਰੇ ਲਈ ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਮੈਂ ਆਪਣੀ ਜਾਇਦਾਦ ਦਾ ਐਲਾਨ ਕਰਨ ਲਈ ਤਿਆਰ ਹਾਂ' ਕਾਫੀ ਵਿਰੋਧੀ ਮਾਹੌਲ ਪੈਦਾ ਹੋ ਗਿਆ ਸੀ। ਮਾਮਲਾ ਸੁਪਰੀਮ ਕੋਰਟ 'ਚ ਵਿਚਾਰਧੀਨ ਰਿਹਾ ਹੈ। ਸਾਬਕਾ ਜੱਜ ਕ੍ਰਿਸ਼ਨ ਅਈਅਰ ਦਾ ਕਹਿਣਾ ਹੈ ਕਿ 'ਮੈਨੂੰ ਇਸ ਗੱਲ ਨਾਲ ਕਾਫੀ ਕੌਫ਼ਤ ਹੋਈ ਕਿ ਦੇਸ਼ ਦਾ ਇਕ ਚੀਫ ਜਸਟਿਸ ਨੇ ਕਿਹਾ ਕਿ ਉਹ ਜਨ ਸੇਵਕ (Public Servant) ਨਹੀਂ ਹੈ। ਕੀ ਇਥੇ ਕੋਈ ਅਜੇਹਾ ਅਦਾਰਾ ਹੈ ਜੋ ਜਨਤਾ ਪ੍ਰਤੀ ਜੁਆਬਦੇਹ ਨਾ ਹੋਵੇ। ਦਰਅਸਲ ਨਿਆਂਪਾਲਿਕਾ 'ਚ ਇਕ ਕਿਸਮ ਦੀ ਕੁਲੀਨਤਾ ਆਉਂਦੀ ਜਾ ਰਹੀ ਹੈ। ਨਿਆਂਮੂਰਤੀਆਂ ਦੇ ਕੰਮ ਦਾ ਕੋਈ ਆਡਿਟ ਨਾ ਹੋਣ ਕਰਕੇ ਸਮਸਿਆ ਕਾਫੀ ਵਿਗੜੀ ਹੈ'।

ਨਿਆਂ ਪ੍ਰਣਾਲੀ ਦਾ ਜਮਾਤੀ ਕਿਰਦਾਰ ਕੀ ਹੈ? ਪ੍ਰਸਿੱਧ ਵਕੀਲ ਤੇ ਲੇਖਕ ਅਰਵਿੰਦ ਜੈਨ ਨੇ ਆਪਣੀ ਪੁਸਤਕ 'ਔਰਤ ਹੋਣ ਦੀ ਸਜ਼ਾ' 'ਚ ਵਿਸਥਾਰ ਨਾਲ ਦੱਸਿਆ ਹੈ ਕਿ ਕਿਵੇਂ ਭਾਰਤੀ ਨਿਆਂ ਪ੍ਰੀਕ੍ਰਿਆ ਔਰਤਾਂ ਦੇ ਅਧਿਕਾਰਾਂ ਨੂੰ ਸੁਰਖਿਅਤ ਰੱਖਣ ਤੋਂ ਦੂਰ, ਉਸ ਦੀ ਸਹਾਇਤਾ ਦਾ ਯਤਨ ਕਰਨ ਦੀ ਸਥਿਤੀ ਵਿਚ ਨਹੀਂ ਹੈ। ਭੰਵਰੀ ਦੇਵੀ ਦੇ ਮੁਕਦਮੇ ਦਾ ਫੈਸਲਾ ਕਰਦਿਆਂ ਜੱਜ ਨੇ ਟਿੱਪਣੀ ਕੀਤੀ ਸੀ ਕਿ ਸਵਰਣ ਜਾਤੀ ਦਾ ਅੱਧਖੜ ਉਮਰ ਦਾ ਬੰਦਾ, ਜਿਸ ਦੀ ਆਪਣੀ ਇਕ ਮਹਿਮਾ ਤੇ ਮਾਨ-ਸਨਮਾਨ ਹੈ, ਦਲਿਤ ਜਾਤੀ ਦੀ ਔਰਤ ਨਾਲ ਬਲਾਤਕਾਰ ਕਰ ਹੀ ਨਹੀਂ ਸਕਦਾ। ਅੱਜ ਸੁਪਰੀਮ ਕੋਰਟ 'ਚ ਇਕ ਵੀ ਔਰਤ ਜੱਜ ਨਹੀਂ ਹੈ। ਕੱਲ ਸਾਰੀਆਂ ਹਾਈਕੋਰਟਾਂ ਦੇ 617 ਜੱਜਾਂ 'ਚੋਂ ਸਿਰਫ 45 ਔਰਤ ਜੱਜ ਹਨ। ਮਤਲਬ ਸਿਰਫ 7

ਫ਼ੀ ਸਦੀ। ਭੁਪਾਲ ਗੈਸ ਤਰਾਸਦੀ ਦੇ ਫੈਸਲੇ ਨੇ ਸਾਬਤ ਕਰ ਦਿੱਤਾ ਹੈ ਕਿ ਸਾਡੀ ਨਿਆਂ ਪ੍ਰਣਾਲੀ ਕਿੰਨੀ ਆਮ ਆਦਮੀ ਦੀ ਹਿਤੈਸ਼ੀ ਹੈ। ਕਰੋੜਾਂ ਗਰੀਬਾਂ ਦੇ ਮੁਲਤਵੀ ਮਾਮਲੇ ਆਖਰ ਕੀ ਇਸ਼ਾਰਾ ਕਰਦੇ ਹਨ? ਕੇਂਦਰੀ ਨਿਆਂ ਮੰਤਰੀ ਨੇ ਇਕ ਮੈਗਜ਼ੀਨ ਨੂੰ ਦਿਤੀ ਇੰਟਰਵਿਊ 'ਚ ਮੰਨਿਆ ਹੈ ਕਿ 'ਮੇਰੀ ਜਾਣਕਾਰੀ 'ਚ ਇਕ ਅਜਿਹਾ ਬੰਦਾ ਹੈ ਜਿਸ ਨੇ ਆਪਣੇ ਬੀਮਾਰ ਪਿਤਾ ਦੀ ਦਵਾਈ ਲਈ ਕੁਝ ਪੈਸੇ ਚੋਰੀ ਕਰ ਲਏ, ਜਿਸ ਦੀ ਸਜ਼ਾ ਮਸਾਂ 10 ਦਿਨ ਦੀ ਜੇਲ੍ਹ ਹੋਣੀ ਚਾਹੀਦੀ ਸੀ, ਪਰ ਉਹ ਬਿਨ੍ਹਾਂ ਮੁਕਦਮਾ ਚਲੇ ਤਿੰਨ ਸਾਲਾਂ ਤੋਂ ਜੇਲ੍ਹ ਵਿਚ ਹੈ। ਦੂਜੇ ਪਾਸੇ ਗੰਭੀਰ ਅਪਰਾਧੀ ਜ਼ਮਾਨਤ ਲੈ ਕੇ ਸ਼ਰੇਆਮ ਘੁੰਮਦੇ ਹਨ ਜਾਂ ਚੋਣ ਜਿੱਤ ਕੇ ਸਾਂਸਦ ਤੇ ਵਿਧਾਇਕ ਲੋਕ ਸਭਾ ਤੇ ਵਿਧਾਨ ਸਭਾਵਾਂ ਦੀ ਸ਼ੋਭਾ ਵਧਾਉਂਦੇ ਹਨ।

1990 ਪਿਛੋਂ ਆਰਥਕ ਨੀਤੀਆਂ 'ਚ ਹੋਏ ਬਦਲਾਅ ਅਨੁਸਾਰ ਨਿਆਂਪਾਲਿਕਾ ਦੇ ਕਿਰਦਾਰ 'ਚ ਵੀ ਕਾਫੀ ਤਬਦੀਲੀ ਆਈ ਹੈ। ਉਦਾਰੀਕਰਣ, ਨਿਜੀਕਰਣ ਤੇ ਵਿਸ਼ਵੀਕਰਣ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਅੱਕੇ ਲੋਕਾਂ ਨੇ ਜਦ ਨਿਆਂਪਾਲਿਕਾ ਦਾ ਦਰਵਾਜ਼ਾ ਖੜਕਾਇਆ ਤਾਂ ਕੁਝ ਅਪਵਾਦਾਂ ਨੂੰ ਛੱਡ ਕੇ ਬਹੁਤੇ ਮਾਮਲਿਆਂ 'ਚ ਉਹਨਾਂ ਨੂੰ ਨਿਰਾਸ਼ਾ ਹੀ ਹੱਥ ਲੱਗੀ ਹੈ। ਮਜ਼ਦੂਰਾਂ ਤੇ ਉਹਨਾਂ ਦੀਆਂ ਯੂਨੀਅਨਾਂ ਪ੍ਰਤੀ ਨਿਆਂਪਾਲਿਕਾ ਦੀ ਪਹਿਲਾਂ ਜੋ ਹਮਦਰਦੀ ਹੁੰਦੀ ਸੀ, ਉਹ ਬੀਤੇ ਸਮੇਂ ਦੀ ਗੱਲ ਹੋ ਗਈ ਹੈ। ਜ਼ਿਆਦਾ ਫੈਸਲੇ, ਮਾਲਿਕਾਂ ਦੇ ਪੱਖ 'ਚ ਆਉਂਦੇ ਹਨ ਚਾਹੇ ਉਹ ਸਰਕਾਰ ਹੋਵੇ ਜਾਂ ਨਿਜੀ ਪੂੰਜੀਪਤੀ। ਤਾਂ ਫਿਰ ਨਿਆਂ ਪ੍ਰਣਾਲੀ ਕਿਸ ਬਿਨਾਂ ਤੇ ਖੜੀ ਹੈ? 15 ਅਗਸਤ 1947 ਦੀ ਸੱਤਾ ਬਦਲੀ ਪਿਛੋਂ ਬਸਤੀ ਵਾਦੀ ਪ੍ਰਬੰਧ ਤੋਂ ਮੁਕਤੀ ਪਿਛੋਂ ਸੰਵਿਧਾਨ ਘੜਨਾ ਇਕ ਮੁੱਖ ਕੰਮ ਸੀ। ਚਾਹੀਦਾ ਤਾਂ ਸੀ ਕਿ ਹਰ ਜਾਤੀ, ਧਰਮ, ਵਰਗ, ਲਿੰਗ ਸਾਰੇ ਦੇਸ਼ ਵਾਸੀ ਇਕ ਸੰਵਿਧਾਨ ਸਭਾ ਦੀ ਚੋਣ ਕਰਦੇ, ਇਸ 'ਚ ਵਿਆਪਕ ਜਨਤਾ ਦਾ ਬਹੁਮਤ ਦੀ ਨੁਮਾਇੰਦਗੀ ਹੁੰਦੀ ਤੇ ਇਹੀ ਸਭਾ ਦੇਸ਼ ਦੀਆਂ ਲੋੜਾਂ ਤੇ ਵਿਸ਼ੇਸ਼ਤਾਵਾਂ ਮੁਤਾਬਕ ਬਿਲਕੁਲ ਨਿਆਰਾ ਸੰਵਿਧਾਨ ਘੜਦੀ। ਪਰ ਅਜੇਹਾ ਨਹੀਂ ਹੋਇਆ। 13 ਫ਼ੀ ਸਦੀ ਵਿਚਾਰ-ਵਾਦਿਕਾਂ ਵਲੋਂ ਚੁਣੀ ਗਈ, ਅੰਗਰੇਜਾਂ ਦੀ ਮਤਾਹਿਤੀ 'ਚ ਬਣੀ 1935 ਦੀ ਵਿਧਾਨ ਸਭਾ ਨੂੰ ਹੀ ਸੰਵਿਧਾਨ ਸਭਾ ਦਾ ਰੂਪ ਦੇ ਦਿੱਤਾ ਗਿਆ। ਉਹਨਾਂ ਨੇ ਆਪਣੀਆਂ ਜਮਾਤੀ ਲੋੜਾਂ ਮੁਤਾਬਕ ਸੰਵਿਧਾਨ ਘੜਿਆ। ਸਾਡੀ ਅੱਜ ਦੀ ਨਿਆਂਪ੍ਰਣਾਲੀ ਦੇ ਕਿਰਦਾਰ ਦੀਆਂ ਜੜ੍ਹਾਂ ਇਥੇ ਹੀ ਹਨ। ਸਾਡੀ ਨਿਆਂਪ੍ਰਣਾਲੀ ਦਾ ਆਧਾਰ ਬਣਾਇਆ ਗਿਆ, 1862 ਦੀ ਬਸਤੀਵਾਦੀ ਭਾਰਤੀ ਦੰਡ ਕੋਡ। ਬ੍ਰਿਟਿਸ਼ ਸੰਸਦ ਨੇ ਭਾਰਤ ਤੇ ਹਕੂਮਤ ਕਰਨ ਲਈ 1858 'ਚ ਭਾਰਤ ਹਕੂਮਤੀ ਕਾਨੂੰਨ ਬਣਾਇਆ। ਫਿਰ 1861 ਵਿਚ ਭਾਰਤੀ ਪ੍ਰੀਸ਼ਦ ਕਨੂੰਨ ਬਣਿਆ। ਇਸ ਪਿਛੋਂ 1892, 1901, 1919, 1935 ਦਾ ਕਨੂੰਨ ਬਣਿਆ। ਇਹ ਸਭ ਕਨੂੰਨ ਭਾਰਤ ਤੇ ਅੰਗਰੇਜੀ ਹਕੂਮਤ ਦੀ ਪਕੜ ਮਜ਼ਬੂਤ ਕਰਨ ਲਈ ਬਣਾਏ ਗਏ। ਭਲਾ ਇਸ ਆਧਾਰ 'ਤੇ ਬਣੀ ਨਿਆਂਪ੍ਰਣਾਲੀ ਕਿੰਨੀ ਕੁ ਭਾਰਤੀ ਹਿੱਤਾਂ ਦੀ ਰਾਖੀ ਕਰਦੀ? 1862 'ਚ ਸਭ ਤੋਂ ਪਹਿਲਾਂ ਬੰਬੇ ਕਲਕੱਤਾ, ਮਦਰਾਸ ਹਾਈਕੋਰਟ ਦੀ ਸਥਾਪਨਾ ਕੀਤੀ ਗਈ, ਫਿਰ 1866 'ਚ ਅਲਾਹਾਬਾਦ, 1884 'ਚ ਬੰਗਲੌਰ, 1916 'ਚ ਪਟਨਾ, 1928 'ਚ ਦੀਨਾਨਗਰ ਤੇ ਜੰਮੂ 'ਚ ਹਾਈਕੋਰਟ ਦੀ ਸਥਾਪਨਾ ਕੀਤੀ ਗਈ। ਧਿਆਨ ਰਹੇ ਇਹਨਾਂ ਅਦਾਲਤਾਂ ਨੇ ਸ਼ਹੀਦੇ ਆਜ਼ਮ ਭਗਤ ਸਿੰਘ,

ਚੰਦਰ ਸ਼ੇਖਰ ਅਜ਼ਾਦ, ਰਾਮ ਪ੍ਰਸ਼ਾਦ ਬਿਸਮਿਲ ਅਤੇ ਅਸ਼ਫ਼ਾਕ ਉੱਲਾ ਖ਼ਾਨ ਵਰਗੇ ਅਨੇਕਾਂ ਇਨਕਲਾਬੀਆਂ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਸੀ। ਇਸ ਲਈ ਇਹਨਾਂ ਦਾ ਰੁਝਾਣ, ਜਮਾਤੀ ਰੂਪ, ਪੱਖ ਤੇ ਹਿੱਤ, ਅੰਗਰੇਜ ਵੱਲੋਂ ਉਹਨਾਂ ਦੀ ਸਥਾਪਨਾ ਦੇ ਮਕਸਦ ’ਤੇ ਕੋਈ ਝਮੇਲਾ ਨਹੀਂ ਹੈ। ਅਜ਼ਾਦੀ (1947 ਦੀ ਸੱਤਾ ਬਦਲੀ) ਪਿਛੋਂ ਠੀਕ ਉਸੇ ਢਰੇ ’ਤੇ ਨਿਆਂਪ੍ਰਣਾਲੀ ਦੀ ਸਥਾਪਨਾ ਕੀਤੀ ਗਈ।

ਅਦਾਲਤਾਂ ਦਾ ਸੰਪੂਰਨ ਪ੍ਰੀਵੇਸ਼ ਅਜੇ ਵੀ ਬਸਤੀਵਾਦੀ ਦਾਸਤਾਨ ਦੀ ਯਾਦ ਦਿਵਾਉਂਦਾ ਹੈ। ਅੰਗਰੇਜਾਂ ਨੇ ਜਿਸ ਤਰ੍ਹਾਂ ਆਪਣਾ ਸਾਮਰਾਜ ਚਲਾਉਣ ਲਈ ਹਕੂਮਤ ਦੇ ਵੱਖ-ਵੱਖ ਅੰਗਾਂ ਸਿਖਿਆ, ਪੁਲਸ, ਫੌਜ, ਰੇਲਵੇ ਆਦਿ ਨੂੰ ਉਸਾਰਿਆ, ਉਸੇ ਤਰ੍ਹਾਂ ਨਿਆਂਪਾਲਿਕਾ ਵੀ ਬਣਾਈ। ਸਾਨੂੰ ਕਿਹੋ ਜਿਹੀ ਨਿਆਂਪਾਲਿਕਾ ਚਾਹੀਦੀ ਹੈ? ਇਹ ਅਗਲਾ ਸੁਆਲ ਹੈ। ਸੱਤ ਸਾਲ ਪਹਿਲਾਂ ਨਿਆਂ ਮੂਰਤੀ ਮਲੀਥਮ ਕਮੇਟੀ ਦੀ ਰੀਪੋਟ ’ਚ ਮੰਨਿਆ ਗਿਆ ਸੀ ਕਿ ਸਾਡਾ ਨਿਆਂ ਤੰਤਰ ਤਬਾਹ ਹੋ ਗਿਆ ਹੈ। ਅੱਜ ਜ਼ੁਰਮ ਨਾਲ ਜੁੜਿਆ ਜ਼ੋਖਮ ਖਤਮ ਹੋ ਗਿਆ ਹੈ। 93 ਫ਼ੀ ਸਦੀ ਦੋਸ਼ੀ ਛੁੱਟ ਜਾਂਦੇ ਹਨ ਤੇ ਬੇਲਗਾਮ ਘੁੰਮਦੇ ਰਹਿੰਦੇ ਹਨ। ਸੰਨ 2000 ’ਚ ਸਵਰਣਿਮ ਚਤਰਭੁਜ ਸੜਕ ਯੋਜਨਾ ’ਚ ਭ੍ਰਿਸ਼ਟਾਚਾਰ ਦੀ ਪੋਲ ਖੋਹਲਣ ਵਾਲੇ ਨੌਜਵਾਨ ਇੰਜਨੀਅਰ ਸਤੇਂਦਰ ਦੂਬੇ ਦਾ ਅਸਲੀ ਦੋਸ਼ੀ ਫੜਿਆ ਨਹੀਂ ਗਿਆ। ਕਿਸੇ ਵੀ ਮੰਤਰੀ, ਸਨਅਤਕਾਰ, ਅਸਰ ਰਸੂਖ ਵਾਲੇ ਨੂੰ ਸ਼ਾਇਦ ਹੀ ਕਦੇ ਸਜ਼ਾ ਹੁੰਦੀ ਹੋਵੇ। ਦਰਅਸਲ ਨਿਆਂਪ੍ਰਣਾਲੀ ਵੀ, ਕਾਰਜਪਾਲਿਕਾ ਵਾਗੂੰ ਭਾਰਤੀ ਰਾਜ ਸਤੱਾ ਦਾ ਅੰਗ ਹੀ ਹੈ। ਇਹ ਹਕੂਮਤ ਚਲਾਉਣ ਲਈ ਉਸਰੀ ਸੰਸਥਾ ਹੈ। ਜਦੋਂ ਬਾਕੀ ਅੰਗ ਭ੍ਰਿਸ਼ਟ ਹੋਣ ਤਾਂ ਸੱਤਾ ਦਾ ਇਹ ਅੰਗ (ਨਿਆਂਪ੍ਰਣਾਲੀ) ਕਿਵੇਂ ਪਾਕ-ਪਵਿਤਰ ਰਹਿ ਸਕਦੀ ਹੈ। ਜਦਕਿ ਸਾਰੇ ਅੰਗ ਮਿਲ ਕੇ ਹੀ ਆਰਥਕ ਰਾਜਸੀ ਤੇ ਸਮਾਜਕ ਢਾਂਚੇ ਨੂੰ ਚਲਾਉਂਦੇ ਹਨ। ਸਾਡੇ ਦੇਸ਼ ’ਚ ਅੱਜ ਦਲਾਲ ਨੌਕਰਸ਼ਾਹ ਸ਼ਰਮਾਏਦਾਰੀ ਅਰਧ ਜਾਗੀਰੂ, ਅਰਧ ਬਸਤੀਵਾਦੀ ਹਕੂਮਤ ’ਤੇ ਕਾਬਜ਼ ਹਨ। ਜਨ ਪੱਖੀ ਸੁਧਾਰ ਤਾਂ ਹੀ ਸੰਭਵ ਹੈ ਜੇ ਪੂਰੇ ਸਮਾਜ ’ਚ ਬੁਨਿਆਦੀ ਤਬਦੀਲੀ ਹੋਵੇ। ਇਕ ਸਿਹਤਮੰਦ ਸਮਤਾ ਮੂਲਕ, ਮਨੁਖ ਕੇਂਦਰਿਤ ਤੇ ਨਿਆਂਪੂਰਨ ਸਮਾਜ ’ਚ ਹੀ ਸਭ ਲਈ ਨਿਆਂ ਸੰਭਵ ਹੈ।

# ਕੀ ਹੈ ਸਮਾਜਕ ਡਾਰਵਿਨਵਾਦ ਤੇ ਨਵ-ਉਦਾਰਵਾਦ ਦਾ ਰਿਸ਼ਤਾ?

ਨਵ-ਉਦਾਰਵਾਦ ਦੇ ਸਮਰਥਕਾਂ ਨੇ ਉਸ ਦੀਆਂ ਨੀਤੀਆਂ ਤੇ ਸਿਟਿਆਂ ਨੂੰ ਸਹੀ ਦਰਸਾਉਣ ਲਈ ਸਮਾਜਕ ਡਾਰਵਨਵਾਦ ਦਾ ਸ਼ਹਾਰਾ ਲਿਆ ਹੈ। ਪਰ ਇਹ ਕਿੰਨਾ ਤਰਕ ਸੰਗਤ ਹੈ, ਆਓ ਦੇਖੀਏ ਸਮਾਜਕ ਡਾਰਵਨਵਾਦ ਹੈ ਕੀ? ਇਸ ਸਿਧਾਂਤ ਦਾ ਜਨਮ ਉਨੀਵੀਂ ਸਦੀ ਦੇ ਉਤਰਾਅ 'ਚ ਇੰਗਲੈਂਡ ਵਿਚ ਹੋਇਆ ਤੇ ਇਹ ਵੱਧ ਤਾਕਤਵਰ ਦੀ ਹੋਂਦ (ਸਰਵਾਈਵਲ ਆਫ ਦ ਫਿਟੈਸਟ) ਦੀ ਧਾਰਣਾ 'ਤੇ ਅਧਾਰਤ ਹੈ। ਇਸ ਨੂੰ ਬ੍ਰਿਟਿਸ਼ ਫਿਲਾਸਫਰ ਹਰਬਰਟ ਸਪੈਂਸਰ ਨੇ ਆਪਣੀ ਪੁਸਤਕ 'ਪ੍ਰਿੰਸੀਪਲਸ ਆਫ ਬਾਇਓਲੋਜ਼ੀ' 'ਚ 1864 'ਚ ਰਖਿਆ ਤੇ ਉਸ ਦੇ ਨਾਲ ਹੀ ਇਹ ਭਰਮ ਪੈਂਦਾ ਹੋ ਗਿਆ ਕਿ ਇਸ ਦਾ ਅਧਾਰ ਚਾਰਲਸ ਡਾਰਵਿਨ ਦਾ ਕ੍ਰਮਕ ਵਿਕਾਸ ਦਾ ਅਧਾਰ ਹੈ। ਜਦਕਿ ਇਹ ਕਹਿਣਾ ਜਾਂ ਮੰਨਣਾ ਸੱਚ ਤੋਂ ਕੋਹਾਂ ਦੂਰ ਹੈ। ਅੱਜ ਵੀ ਇਸ ਧਾਰਣਾਂ ਨੂੰ ਸਮਾਜਕ ਡਾਰਵਿਨਵਾਦ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜੋ ਵੀ ਹੋਵੇ ਇਸ ਧਾਰਨਾ ਦੇ ਅਨੁਸਾਰ ਉਹ ਹੀ ਬੰਦਾ ਤੇ ਉਹਨਾਂ ਦੀ ਵੰਸ਼ ਵਧਦਾ ਫੂਲਦਾ ਹੈ ਜੋ ਆਪਣੀ ਆਪ ਨੂੰ ਹਾਲਤਾਂ ਦੇ ਅਨੁਕੂਲ ਢਾਲਦੇ ਹਨ। ਸਮਾਜਕ ਡਾਰਵਿਨਵਾਦ ਨੂੰ ਉਨੀਵੀਂ ਸਦੀ ਦੌਰਾਨ 'ਗਿਲਡੇਡ ਏਜ਼' ਜਾਂ 'ਸੁਨਹਿਰੇ ਯੁੱਗ' ਦੌਰਾਨ ਅਨੇਕਾਂ ਅਮਰੀਕੀ ਲੇਖਕਾਂ ਨੇ ਹੱਲਾਸ਼ੇਰੀ ਦਿਤੀ ਅਤੇ ਇਸ 'ਤੇ ਅਧਾਰਤ ਨਵੇਂ ਸਿਰਜੇ ਪੂੰਜੀਪਤੀਆਂ ਨੂੰ ਸ਼ਹਾਰਾ 'ਤੇ ਉਹਨਾਂ ਦੀਆਂ ਕੋਸ਼ਿਸ਼ਾਂ ਦੀ ਤਰੀਫ ਕੀਤੀ ਭਾਵੇਂ ਆਮ ਧਾਰਨਾ ਸੀ ਕਿ ਉਹ 'ਰਾਬਰ ਬਰੇਸ' ਯਾਨੀ ਲੁਟੇਰੇ ਸਰਦਾਰ ਹਨ। ਜਿਹਨਾਂ ਨੇ ਕਿਵੇਂ ਨਾ ਕਿਵੇਂ ਆਪਣੇ ਕਾਰੋਬਾਰ ਦਾ ਵਿਸਥਾਰ ਕੀਤਾ ਤੇ ਨੈਤਿਕ ਮੁੱਲਾਂ ਦਾ ਨਾਸ਼ ਕਰਕੇ ਅਥਾਹ ਧਨ ਕਮਾਇਆ। ਸਮਾਜਕ ਡਾਰਵਨਵਾਦ ਦੇ ਅਧਾਰ 'ਤੇ ਉਹਨਾਂ ਵੱਲੋਂ ਵੱਧ ਤੋਂ ਵੱਧ ਪੈਸਾ ਇੱਕਠਾ ਕਰਨ ਅਤੇ ਸੱਤਾ ਉਪਰ ਹਾਵੀ ਹੋਣ ਨੂੰ ਠੀਕ ਦੱਸਦਿਆਂ ਉਹਨਾਂ ਵੱਲੋਂ ਅਪਣਾਏ ਤੌਰ ਤਰੀਕਿਆਂ 'ਤੇ ਉਪਰ ਕੋਈ ਵਿਰੋਧੀ ਟਿਪਣੀ ਨਹੀਂ ਕੀਤੀ। ਏਨਾ ਹੀ ਨਹੀਂ ਉਹਨਾਂ ਦੇ ਕੰਮਾਂ 'ਚ ਹਰ ਪ੍ਰਕਾਰ ਦੀ ਰਾਜਸੀ ਦਖਲ ਅੰਦਾਜ਼ੀ ਨੂੰ ਸਹੀ ਦੱਸਿਆ ਗਿਆ ਕਿਉਂਕਿ ਅੱਗੇ ਵਧ ਰਹੇ ਬੰਦੇ ਸਮਾਜ ਦੇ ਹੋਰ ਲੋਕਾਂ ਦੀ ਤੁਲਨਾ 'ਚ ਵੱਧ ਯੋਗ ਤੇ ਪ੍ਰਤਿਭਾਸ਼ਾਲੀ ਤੇ ਕੌਸ਼ਲ ਹਨ। ਸਮਾਜਕ ਨਿਆਂ ਦੇ ਨਾਂ ਹੇਠ ਪਿਛੜਣ ਵਾਲਿਆਂ ਨੂੰ ਉਪਰ ਉਠਣ ਤੇ ਮਦਦ ਦੇਣ ਨੂੰ ਬਿਲਕੁਲ ਗਲਤ ਦੱਸਿਆ ਗਿਆ ਕਿਉਂਕਿ ਅਜਿਹਾ ਕਰਨਾ ਕੁਦਰਤੀ ਨਿਆਂ ਦੇ ਉਲਟ ਹੈ। ਭਾਰਤ 'ਚ ਅੰਗਰੇਜੀ ਹਕੂਮਤ ਨੂੰ ਇਸ ਤਰਕ ਅਨੁਸਾਰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਇਕ ਲੰਮੇ ਸਮੇਂ ਤਕ ਚੱਲੀ। ਭਾਵੇਂ ਇਹ ਇਕ 'ਅੱਧਮਰੇ' ਰੂਪ 'ਚ ਇਹ ਸਿਧਾਂਤ ਲਗਾਤਾਰ ਮੌਜੂਦ ਰਿਹਾ ਹੈ। ਪਰ ਫਿਰ ਵੀ ਨਵਉਦਾਰਵਾਦ ਦਾ ਦਬਦਬਾ ਵਧਣ ਦੇ ਨਾਲ ਇਹ ਬੜੇ ਜ਼ੋਰ-ਸ਼ੋਰ ਨਾਲ ਆ ਧਮਕਿਆ ਹੈ। ਅਮਰੀਕਾ 'ਚ ਇਸ ਨੂੰ ਮੁੜ ਸੁਰਜੀਤ ਕਰਨ ਵਾਲਿਆਂ 'ਚ ਰੀਪਬਲੀਕਨ ਪਾਰਟੀ 'ਚ ਜੁੜੇ ਲੋਕ ਮੋਹਰੀ ਰਹੇ ਹਨ। ਭਾਰਤ 'ਚ ਇਸ ਨੂੰ ਹੱਲਾਸ਼ੇਰੀ ਦਿਤੀ ਗਈ ਹੈ। ਭਾਰਤ 'ਚ ਵਿਆਪਕ ਅਥਾਹ ਗਰੀਬ

ਤੇ ਪਿਛੜੇ ਲੋਕਾਂ ਤੇ ਜਮਾਤਾਂ ਦੀ ਵੰਡ ਤੇ ਖੇਤਰੀ ਅਸੁੰਤਲਨ ਨੂੰ ਸਮਾਜਕ ਡਾਰਵਿਨਵਾਦ ਦੇ ਅਧਾਰ ’ਤੇ ਸਹੀ ਠਹਿਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਜੋ ਕਰਮਤ, ਪ੍ਰਤਿਭਾਵਾਨ ਤੇ ਉਦਮੀ ਹਨ, ਉਹੀ ਅੱਗੇ ਵੱਧਦੇ ਹਨ। ਪੰਜਾਬ, ਪੱਛਮੀ ਉਤਰ ਪ੍ਰਦੇਸ਼ ਤੇ ਹਰਿਆਣਾ ਦੇ ਅੱਗੇ ਵਧਣ ਅਤੇ ਸਤੀਸ਼ਗੜ੍ਹ, ਮੱਧ ਪ੍ਰਦੇਸ਼, ਪੂਰਬੀ ਉਤਰ ਪ੍ਰਦੇਸ਼, ਬਿਹਾਰ, ਝਾਰਖੰਡ ਤੇ ਉੜੀਸਾ ਦੇ ਪਿਛੜਨ ਪਿਛੇ ਇਹ ਹੀ ਮੁੱਖ ਕਾਰਨ ਹਨ।

ਨਵਉਦਾਰਵਾਦਃ- ਕਹਿਣ ਨੂੰ ਤਾਂ 1991 ਦੇ ਸ਼ੁਰੂ ਤੋਂ ਜਦ ਭਾਰਤ ਨੇ ਨਵ-ਉਦਾਰਵਾਦ ਅਪਣਾਇਆ, ਉਦੋਂ ਤੋਂ ਜੋ ਕਦਮ ਚੁਕੇ ਗਏ, ਉਹਨਾਂ ਦਾ ਉਦੇਸ਼ ਸਾਰੇ ਕ੍ਰਿਆ ਕਲਪਾਂ (ਆਰਥਕ) ਨੂੰ ਬਾਜ਼ਾਰ ਦੇ ਹਵਾਲੇ ਕਰਨਾ ਸੀ। ਜਨਤਕ ਖੇਤਰ ਦੇ ਵਿਸਥਾਰ ਨੂੰ ਰੋਕਿਆ ਹੀ ਨਹੀਂ ਗਿਆ ਬਲਕਿ ਉਸ ਦੇ ਅਦਾਰਿਆਂ ਨੂੰ ਧੜੱਲੇ ਨਾਲ ਵੇਚਿਆ ਗਿਆ ਹੈ। ਸਿੱਟੇ ਵਜੋਂ ਦੇਸ਼ ’ਚ ਲੋੜੀਂਦਾ ਖੇਤਰੀ ਅਸੰਤੁਲਨ ਖਤਮ ਕਰਨ ਦੀ ਦਿਸ਼ਾ ’ਚ ਉਠਾਏ ਜਾ ਰਹੇ ਕਦਮਾਂ ’ਤੇ ਰੋਕ ਲਾ ਦਿਤੀ ਗਈ। ਹੁਣ ਨੀਤੀਕਾਰਾਂ ਤੇ ਪ੍ਰਸੰਸਕਾਂ ਦਾ ਇਕੋ-ਇਕ ਉਦੇਸ਼ ਵਿਦੇਸ਼ੀ-ਦੇਸ਼ੀ ਨਿਵੇਸ਼ ਨੂੰ ਅਧਿਕਾਰਿਤ ਮਾਤਰਾ ’ਚ ਖਿਚਣਾ ਹੋਵੇਗਾ। ਨਿਵੇਸ਼ਕਾਂ ਦੀ ਦਿਲਚਸਪੀ ਵੱਧ ਤੋਂ ਵੱਧ ਮੁਨਾਫ਼ਾ ਤੇ ਘਟੋ ਘੱਟ ਲਾਗਤ ਬਟੋਰਨ ਵਿਚ ਹੈ। ਇਸ ਲਈ ਉਹ ਉਹਨਾਂ ਹੀ ਇਲਾਕਿਆਂ ਵੱਲ ਰੁਖ ਕਰ ਰਹੇ ਹਨ, ਜਿਥੇ ਬੁਨਿਆਦੀ ਢਾਂਚਾ ਵਿਕਸਤ ਹੈ। ਸਿਟੇ ਵਜੋਂ ਖੇਤਰੀ ਅਸੰਤੁਲਨ ਤੇਜ਼ੀ ਨਾਲ ਵੱਧ ਰਿਹਾ ਹੈ ਜੋ ਕੌਮ ਦੀ ਅਖੰਡਤਾ ਲਈ ਖਤਰੇ ਦਾ ਸੰਕੇਤ ਹੈ। ਅੱਜ ਨਵ-ਉਦਾਰਵਾਦੀਆਂ ਦੀ ਇਕ ਟੀਮ ਸੱਤਾ ਦੇ ਗਲਿਹਿਰਿਆਂ ’ਚ ਬੈਠੀ ਹੈ ਤਾਂ ਉਸ ਦੇ ਪੱਖੀਆਂ ਦੀ ਇਕ ਦੂਜੀ ਫੌਜ ਮੀਡੀਆ ਤੇ ਵੱਖ-ਵੱਖ ਅਦਾਰਿਆਂ ’ਚ ਬਿਰਾਜਮਾਨ ਹੈ। ਪਹਿਲੇ ਪੜਾਅ ਤੇ ਮੋਨਟੇਕ ਸਿੰਘ ਆਹਲੂਵਾਲੀਆ, ਪ੍ਰਧਾਨ ਮੰਤਰੀ ਦੇ ਮਾਨਵ ਸਲਾਹਕਾਰ ਰਘੂ ਰਾਮ ਜੀ ਰਾਜਨ ਅਤੇ ਸਰਕਾਰ ਦੇ ਮੁਖ ਆਰਥਕ ਸਲਾਹਕਾਰ ਕੌਸ਼ਿਕ ਬਸੂ ਮੁੱਖ ਹਨ। ਆਹਲੂਵਾਲੀਆਂ ਦਾ ਇਕ ਹੀ ‘ਸੁਭਾਸ਼ਿਤ’ ਜੋ ਅਕਤੂਬਰ 2007 ਦਾ ਹੈ, ਉਸ ਨੂੰ ਇਥੇ ਪੇਸ਼ ਕੀਤਾ ਜਾ ਸਕਦਾ ਹੈ। ਜਦੋਂ ਵਿਸ਼ਵ ਅਤੀ ਮੰਦੀ ਦੇ ਦਰਵਾਜੇ ’ਤੇ ਖੜ੍ਹਾ ਸੀ। ਇਸ ਅਨੁਸਾਰ ਭਾਰਤ ਆਰਥਕ ਖੁਸ਼ਹਾਲੀ ਦੇ ਰਾਹ ’ਤੇ ਵੱਧ ਰਿਹਾ ਹੈ ਅਤੇ 2012 ਤਕ ਔਸਤ ਸਲਾਨਾ ਖੁਸ਼ਹਾਲੀ ਦਰ 9 ਫੀ ਸਦੀ ਹੋ ਜਾਵੇਗੀ।

ਖੇਤ ਮਜ਼ਦੂਰਾਂ ਦਾ ਹਾਲਃ- ਹੁਣ ਰਘੂ ਰਾਮ ਜੀ ਰਾਜਨ ਦੇ ‘ਸੁਭਾਸ਼ਿਤ’ ਤੇ ਨਜ਼ਰ ਮਾਰੀਏ। ਪਿਛਲੇ ਕਈ ਦਹਾਕਿਆਂ ਤੋਂ ਕਿਸਾਨ ਦੀ ਤਬਦੀਲੀ ਮਜ਼ਦੂਰਾਂ ’ਚ ਹੋਈ ਹੈ। ਜੋ ਮੁੱਖ ਤੌਰ ’ਤੇ ਆਪਣੇ ਪ੍ਰੀਵਾਰ ਲਈ ਨਹੀਂ ਬਲਕਿ ਬਜ਼ਾਰ ’ਚ ਵੇਚਣ ਲਈ ਪੈਦਾਵਾਰ ਕਰਕੇ ਮੁਨਾਫ਼ਾ ਕਮਾਉਣਾ ਹੀ ਮਕਸਦ ਹੋ ਗਿਆ ਹੈ। ਉਹ ਖਾਦਾਂ, ਉਤਮ ਬੀਜ, ਸਿੰਚਾਈ, ਕੀਟਨਾਸ਼ਕ ਦਵਾਈਆਂ ਆਦਿ ਦੀ ਭਰਪੂਰ ਵਰਤੋਂ ਕਰਦੇ ਹਨ। ਜਿਸ ਲਈ ਉਹ ਕਰਜੇ ਲੈਂਦੇ ਹਨ। ਕਈ ਵਾਰੀ ਬਾਜ਼ਾਰ ’ਚ ਅਨੇਕਾਂ ਵਸਤਾਂ ਦੀ ਕੀਮਤ ਘਟ ਜਾਂਦੀ ਹੈ, ਜਿਸ ਨਾਲ ਉਹ ਕਰਜੇ ’ਚ ਡੁੱਬ ਜਾਂਦੇ ਹਨ। ਇਸ ਬੋਝ ਕਾਰਨ ਆਤਮ ਹੱਤਿਆਵਾਂ ਦੀਆਂ ਘਟਨਾਵਾਂ ਨੇ ਦੇਸ਼ਾਂ ’ਚ ਕਾਫੀ ਅੰਦੋਲਨ ਚਲ ਰਹੇ ਹਨ। ਰਘੂ ਰਾਜ ਜੀ ਰਾਜਨ ਨੇ 14 ਜੂਨ 2008 ਨੂੰ ਸਰਕਾਰ ਦੀ ਕਰਜਾ ਮੁਆਫੀ ਦੀ ਯੋਜਨਾ ਦੀ ਸਖਤ ਅਲੋਚਨਾ ਕੀਤੀ। ਉਹਨਾਂ ਨੇ ਇਸ ਨੂੰ ਵਿਨਾਸ਼ਕਾਰੀ ਕਿਹਾ।

ਇਸ ਨਾਲ ਦੇਸ਼ ਦਾ 'ਕਰਜਾ ਸਭਿਆਚਾਰ' ਬਰਬਾਦ ਹੋ ਜਾਵੇਗਾ। ਇਸ ਨਾਲ ਉਨਾਂ ਇਮਾਨਦਾਰ ਲੋਕਾਂ ਨੂੰ ਧੱਕਾ ਲੱਗੇਗਾ ਜੋ ਇਮਾਨਦਾਰੀ ਨਾਲ ਕਰਜਾ ਉਤਾਰਦੇ ਹਨ, ਇਸ ਨਾਲ ਨਿਕੰਮੇ ਲੋਕਾਂ ਨੂੰ ਹੱਲਾਸ਼ੇਰੀ ਮਿਲੂ ਜੋ ਕਰਜਾ ਲੈ ਕੇ ਉਸ ਨੂੰ ਮੋੜਨ ਦਾ ਨਾਂ ਨਹੀਂ ਲੈਣਗੇ। ਸਪਸ਼ਟ ਹੈ ਕਿ ਕਰਜਾਈ ਲੋਕਾਂ ਨੂੰ ਵਿਨਾਸ਼ ਵੱਲ ਜਾਣ ਦੇਣਾ ਚਾਹੀਦਾ ਹੈ। ਭਾਰਤ ਸਰਕਾਰ ਦਾ ਮੁੱਖ ਸਲਾਹਕਾਰ ਕੌਸ਼ਿਕ ਬਸੂ ਮਜ਼ਦੂਰਾਂ ਨੂੰ ਰੁਜ਼ਗਾਰ ਦੀ ਸੁਰਖਿਆ ਦੇਣ ਦੇ ਵਿਰੁਧ ਹਨ। ਉਹਨਾਂ ਦਾ ਮੰਨਣਾ ਹੈ ਕਿ ਸਾਡੇ ਕਿਰਤ ਕਾਨੂੰਨਾਂ ਕਰਕੇ ਹੀ ਸੰਗਠਿਤ ਸਨਅਤੀ ਖੇਤਰ ਮੱਠੀ ਰਫ਼ਤਾਰ ਨਾਲ ਅੱਗੇ ਵੱਧ ਰਿਹਾ ਹੈ। ਉਹਨਾਂ ਨੂੰ ਦੁੱਖ ਹੈ ਕਿ ਇਸ ਦਿਸ਼ਾ 'ਚ ਕੁਝ ਵੀ ਕਰ ਸਕਣਾ ਸੌਖਾ ਨਹੀਂ ਹੈ ਕਿਉਂਕਿ ਸੰਵਿਧਾਨ ਨੇ ਮਜ਼ਦੂਰਾਂ ਨੂੰ ਯੂਨੀਅਨ ਬਣਾਉਣ ਦਾ ਅਧਿਕਾਰ ਦੇ ਰਖਿਆ ਹੈ। ਉਹਨਾਂ ਦਾ ਸੁਝਾਅ ਹੈ ਕਿ ਮਜ਼ਦੂਰਾਂ ਦੀ ਭਰਤੀ ਪੱਕੇ ਤੌਰ 'ਤੇ ਨਾ ਕੀਤੀ ਜਾਵੇ ਉਹਨਾਂ ਨੂੰ ਠੇਕੇ 'ਤੇ ਰਖਿਆ ਜਾਵੇ ਤੇ ਜਦੋਂ ਮਰਜੀ ਬਾਹਰ ਕਰ ਦਿੱਤਾ ਜਾਵੇ। ਸਾਲ 2008, 12 ਅਪ੍ਰੈਲ ਨੂੰ 'ਹਿੰਦੁਸਤਾਨ ਟਾਈਮਜ਼' 'ਚ ਸਾਲ 2006 ਤੋਂ ਚਲ ਰਹੀ ਕੌਮੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ ਉਪਰ ਲੇਖ ਲਿਖਿਆ ਸੀ, ਜਿਸ ਉਹ ਚਿੰਤਤ ਦਿਸੇ ਕਿ 200 ਜ਼ਿਲ੍ਹਿਆਂ 'ਚ ਚਲ ਰਹੇ ਇਸ ਪ੍ਰੋਗਰਾਮ ਨੂੰ 600 ਜ਼ਿਲ੍ਹਿਆਂ ਤੋਂ ਵੱਧ 'ਚ ਲਾਗੂ ਕੀਤਾ ਜਾਣਾ ਹੈ। ਦੂਜਾ ਪੂਰਾ ਦੇਸ਼ ਇਸ ਦੇ ਘੇਰੇ 'ਚ ਆਉਣ ਵਾਲਾ ਹੈ। ਇਸ 'ਚ ਸਰਕਾਰ ਦੀ ਜਿੰਮੇਵਾਰੀ ਹੈ ਕਿ ਉਹ ਰੁਜ਼ਗਾਰ ਚਾਹੁਣ ਵਾਲੇ ਪੇਂਡੂਆਂ ਨੂੰ ਮੌਕੇ ਮੁਹੱਈਆ ਕਰਾਉਣ ਜਾਂ ਭੱਤਾ ਦੇਣ।

ਬਸੂ ਨੇ ਇਸ ਨੂੰ ਨਿਰਾਸ਼ਜਨਕ ਦੱਸਿਆ। ਉਸ ਅਨੁਸਾਰ ਇਸ ਪ੍ਰੋਗਰਾਮ ਦੇ ਪੂਰੀ ਤਰ੍ਹਾਂ ਲਾਗੂ ਹੋਣ 'ਤੇ 50 ਹਜ਼ਾਰ ਕਰੋੜ ਤੋਂ ਵੱਧ ਰੁਪਏ ਖਰਚ ਹੋਣਗੇ। ਜੇ ਇਹ ਪੈਸਾ ਕਿਤੇ ਹੋਰ ਲਾਈਏ ਤਾਂ ਦੇਸ਼ ਦਾ ਕਿਤੇ ਵੱਧ ਭਲਾ ਹੋਵੇਗਾ। ਉਹਨਾਂ ਕਿਹਾ ਦੁਨੀਆਂ 'ਚ ਕੋਈ ਵੀ ਦੇਸ਼ ਪੂਰਨ ਰੁਜ਼ਗਾਰ ਦੇਣ 'ਚ ਸਫਲ ਨਹੀਂ ਹੋਇਆ ਹੈ। ਭਾਰਤ ਵਰਗੇ ਦੇਸ਼ ਵਿਚ ਜਿਥੇ ਹਕੂਮਤ ਹੀ ਘਟੀਆ ਕਿਸਮ ਦੀ ਹੈ ਅਤੇ ਭ੍ਰਿਸ਼ਟਾਚਾਰ ਆਮ ਹੈ ਇਹ ਪ੍ਰੋਗਰਾਮ ਸ਼ਾਇਦ ਹੀ ਸਫਲ ਹੋ ਸਕੇ। ਅਜੇਹੀ ਹਾਲਤ 'ਚ ਰੁਜ਼ਗਾਰ ਦਾ ਅਧਿਕਾਰ ਦੇਣਾ, 'ਅਧਿਕਾਰ' ਸ਼ਬਦ ਦੀ ਕਦਰ ਘਟਾਈ ਕਰਨਾ ਹੈ। ਇਸ ਨਾਲ ਨਿਕੰਮੇਪਣ ਨੂੰ ਹੁਲਾਰਾ ਮਿਲੇਗਾ ਤੇ ਮਜ਼ਦੂਰ ਦਾ ਰੁਝਾਣ ਪੈਦਾਵਾਰ ਤੋਂ ਬਾਹਰ ਰਹਿਣ ਦਾ ਹੋ ਜਾਵੇਗਾ। ਨਵਉਦਾਰਵਾਦੀ 'ਟ੍ਰਿਕਲਡਾਊਨ' ਰਣਨੀਤੀ ਦੇ ਸਮਰਥਕ ਸਬਸਿਡੀ ਆਦਿ ਦੇ ਸਖਤ ਵਿਰੋਧੀ ਹਨ। ਉਹ ਸਿਖਿਆ, ਸਮਾਜਕ ਸੁਰਖਿਆ ਤੇ ਭੋਜਨ ਦੇ ਅਧਿਕਾਰ, ਬੇਰੁਜ਼ਗਾਰੀ ਭੱਤਾ, ਕਿਰਤ ਕਾਨੂੰਨਾਂ ਘਟੋ-ਘੱਟ ਮਜ਼ਦੂਰੀ, ਮਨਰੇਗਾ, ਖੇਤ ਮਜ਼ਦੂਰਾਂ ਦੀ ਕਰਜਾ ਮੁਆਫੀ, ਵਾਤਾਵਰਣ ਸੁਰਖਿਆ, ਜਨਤਕ ਸਿਖਿਆ ਤੇ ਸਿਹਤ ਸੇਵਾਵਾਂ ਦੇ ਵਿਸਥਾਰ ਆਦਿ ਦੇ ਸਖਤ ਵਿਰੋਧੀ ਹੈ। ਉਹ ਨਹੀਂ ਚਾਹੁੰਦੇ ਕਿ ਅਸਮਰਥ ਤੇ ਨਿਕੰਮੇ ਲੋਕਾਂ ਨੂੰ ਸੁਰਖਿਆ ਦਿਤੀ ਜਾਵੇ ਤੇ ਕੁਦਰਤ ਦੇ ਨਿਯਮਾਂ ਦੇ ਸਾਹਮਣੇ ਖੜੇ ਹੋਣ। ਉਹਨਾਂ ਦੇ ਮੋੜਵੇਂ ਵਿਰੋਧ ਦੀ ਨਾਕਾਮ ਕੋਸ਼ਿਸ਼ ਕੀਤੀ ਜਾਵੇ। ਉਹ ਚਾਹੁੰਦੇ ਹਨ ਕਿ 1930 'ਚ ਯਾਨੀ ਰੂਜ਼ਵੇਲਟ ਤੋਂ ਪਹਿਲਾਂ ਹਰਬਰਟ ਹੂਪਰ ਦੇ ਟ੍ਰੈਜਰੀ ਸੈਕਟਰੀ ਏਡਿਊ ਮੇਲਨ ਵਾਗੂੰ ਸਮਾਜ 'ਚ ਸੜਨ ਪੈਦਾ ਕਰਨ ਵਾਲੇ ਤੱਤਾਂ ਨੂੰ ਬੇਕਿਰਕ ਕੱਢ ਕੇ ਬਾਹਰ ਕੀਤਾ ਜਾਵੇ। ਉਹ ਚਾਹੁੰਦੇ ਹਨ ਕਿ ਸਮਾਜ ਦੇ ਦੂਰਦਰਸ਼ੀ ਤੇ ਪ੍ਰਤਿਭਾਸ਼ਾਲੀ ਵਪਾਰੀਆਂ ਨੂੰ ਅੱਗੇ ਵਧਣ ਲਈ ਪੂਰੀ ਛੋਟ ਦਿਤੀ ਜਾਵੇ। ਦੂਜੇ ਸ਼ਬਦਾਂ 'ਚ ਸਮਾਜਕ

ਡਾਰਵਨਵਾਦ ਨੂੰ ਰਾਹ ਦਰਸ਼ਾਵਾ ਬਣਾਇਆ ਜਾਵੇ। ਜੋ ਲੋਕ ਗਰੀਬ, ਅਨਪੜ੍ਹ, ਰੋਗ ਗ੍ਰਸਤ ਤੇ ਬੇਰੁਜ਼ਗਾਰ ਹਨ ਉਹ ਆਪਣੇ ਕਰਮਾਂ ਦਾ ਫਲ ਭੋਗ ਰਹੇ ਹਨ ਜੇ ਉਹ ਹਿੰਮਤੀ ਹੁੰਦੇ ਤਾਂ ਉਹਨਾਂ ਦੀ ਹਾਲਤ ਇਹ ਨਾ ਹੁੰਦੀ। ਅੱਜ ਜੇ ਸਰਕਾਰ ਅਜੇਹੇ ਲੋਕਾਂ ਦੀ ਮਦਦ ਲਈ ਅੱਗੇ ਆਉਂਦੀ ਹੈ ਤਾਂ ਉਸ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਕਿਉਂਕਿ ਇਸ ਨਾਲ ਆਲਸ ਨੂੰ ਹੱਲਾਸ਼ੇਰੀ ਮਿਲੇਗੀ। ਬਾਸ਼ੂ, ਕੌਸ਼ਿਕ, ਭੱਲਾ, ਰਘੂਰਾਮ, ਜੀ ਰਾਜਨ ਆਦਿ ਨਵ-ਉਦਾਰਵਾਦ ਦਾ ਝੰਡਾ ਬਰਕਰਾਰ ਚਾਹੁੰਦੇ ਹਨ ਕਿ ਖੇਤ ਮਜ਼ਦੂਰਾਂ ਦੀ ਕਰਜ਼ਾ ਮੁਆਫੀ ਕਰਕੇ ਉਹਨਾਂ ਨੂੰ ਆਤਮ ਹੱਤਿਆ ਕਰਨ ਤੋਂ ਨਾ ਰੋਕਿਆ ਜਾਵੇ ਤੇ ਨਾ ਹੀ ਮਨਰੇਗਾ ਨੂੰ ਹੱਲਾਸ਼ੇਰੀ ਦਿਤੀ ਜਾਵੇ। ਅਜੇਹੇ ਲੋਕ ਚਾਹੁੰਦੇ ਹਨ ਕਿ ਅਮੀਰਾਂ ਨੂੰ ਸਨਮਾਨਿਤ ਕੀਤਾ ਜਾਵੇ ਤੇ ਵੰਚਿਤਾਂ ਨੂੰ ਸਜ਼ਾ ਵਜੋਂ ਮਰਨ ਲਈ ਉਹਨਾਂ ਦੇ ਰਹਿਮ ’ਤੇ ਛੱਡ ਦਿੱਤਾ ਜਾਵੇ।

# ਜਿਸ ਦਾ ਮੀਡੀਆ, ਉਸ ਦੀ ਆਰਥਕ ਪ੍ਰਣਾਲੀ

ਭਾਰਤ ਤੇ ਹਾਕਮ ਜਮਾਤ (ਜੋ ਬ੍ਰਾਹਮਣਵਾਦੀ ਹੈ) ਦਾ ਮੀਡੀਆ ’ਤੇ ਏਕਾਧਿਕਾਰ ਏਨਾ ਵਧਿਆ ਹੋਇਆ ਹੈ ਕਿ ਇਸ ਨੂੰ ਹੋਰ ਵੱਧ ਵਧਾਉਣ ਦੀ ਗੁੰਜਾਇਸ਼ ਨਹੀਂ ਹੈ। ਵਿਕਲਪਿਤ ਪੱਤਰਕਾਰਿਤਾ ਇਸ ਦਾ ਹੱਲ ਹੈ ਕਿਉਂਕਿ ਸਾਨੂੰ ਆਪਣੇ ਮੀਡੀਆ ਦਾ ਵਿਕਾਸ ਕਰਨਾ ਪਵੇਗਾ। ਅਸੀਂ ਨੌਕਰਸ਼ਾਹੀ ਮੀਡੀਆ ਨੂੰ ਜਥੇਬੰਦੀ ਦੇ ਤਾਣੇ-ਬਾਣੇ, ਵਿਚਾਰਧਾਰਾ ਤੇ ਜਨਤਕ ਅਧਾਰ ਰਾਹੀਂ ਹੀ ਮਾਤ ਦੇ ਸਕਦੇ ਹਾਂ। ਪੂੰਜੀ ਦੇ ਰਾਜ ਦੀ ਸਥਾਪਨਾ ਪਿਛੋਂ ਇਥੇ ਭਾਰਤ ’ਚ ਬ੍ਰਾਹਮਣਵਾਦ ਦੀ ਹਕੂਮਤ ਦੇ ਅਰਥਚਾਰੇ ਦੀ ਸਥਾਪਨਾ ਹੋਈ। ਇਸ ਦੇਸ਼ ’ਚ ਕੋਈ ਲੋਕ ਪੱਖੀ ਵਿਤੀ ਨੀਤੀ ਨਹੀਂ ਹੈ। ਭਾਰਤ ’ਚ ਓਬੀਸੀ ਤੇ ਦਲਿਤਾਂ (ਮਜ਼ਦੂਰਾਂ) ਉਪਰ ਕਰਜੇ ਦਾ ਬੋਝ ਟੈਕਸਾਂ ਰਾਹੀ ਲੱਦ ਦਿੱਤਾ ਜਾਂਦਾ ਹੈ ਤੇ ਉਪਰਲੇ ਵਰਗਾਂ ਨੂੰ ਟੈਕਸਾਂ ਤੋਂ ਛੋਟ ਦੇ ਦਿਤੀ ਜਾਂਦੀ ਹੈ। ਇਹ ਜੋ ਖੁੱਲ੍ਹੀ ਬਜਾਰਵਾਦੀ ਇਕਾਨਮੀ ਹੈ, ਇਹ 1991 ਤੋਂ ਹੀ ਨਹੀਂ ਆਈ ਬਲਕਿ ਇਹ ਤਾਂ ਸ਼ੁਰੂ ਤੋਂ ਚਲਦੀ ਆ ਰਹੀ ਹੈ। 1947 ਪਿਛੋਂ ਭਾਰਤ ’ਚ ਮੀਡੀਆ ਦੇ ਪੂੰਜੀਵਾਦੀ ਕਿਰਦਾਰ ਦਾ ਵਿਕਾਸ ਹੋਇਆ। ਭਾਰਤ ’ਚ ਮੀਡੀਆ ਅੰਦਰ ਬ੍ਰਾਹਮਣਵਾਦੀਆਂ ਦੇ ਕੰਟਰੋਲ ਦੀ ਸ਼ੁਰੂਆਤ ਜਵਾਹਰ ਲਾਲ ਨਹਿਰੂ ਵੱਲੋਂ ‘ਪ੍ਰੈਸ ਐਕਟ’ ਲਾਗੂ ਕਰਨ ਪਿਛੋਂ ਹੋਈ। ਅਖਬਾਰ ਚਲਾਉਣ ਲਈ ਇਸ਼ਤਿਹਾਰਬਾਜ਼ੀ ਦੀ ਨੀਤੀ ’ਤੇ ਨਿਊਜ਼ ਪ੍ਰਿੰਟ ਦੀ ਨੀਤੀ ਨਾਲ ਕੰਟਰੋਲ ਕੀਤਾ ਜਾਂਦਾ ਹੈ। 1991 ਤੋਂ ਪਹਿਲਾਂ ਪੱਤਰਕਾਰ ਅਖਬਾਰਾਂ ’ਚ ਰੋਜ਼ਾਨਾ ਦੋ-ਦੋ ਪੇਜ ਤਕ ਲਿਖ ਸਕਦੇ ਸਨ। ਪੂਰੀ ਦੀ ਪੂਰੀ ਸੀਰੀਜ਼ ਨੂੰ ਅਖਬਾਰ ’ਚ ਚਲਾ ਸਕਦੇ ਸਨ। ਯਾਨੀ ਪੱਤਰਕਾਰਾਂ ਨੂੰ ਆਪਣੀ ਇੱਛਾ ਅਨੁਸਾਰ ਲਿਖਣ ਦੀ ਅਜ਼ਾਦੀ ਸੀ। ਪਰ ਅੱਜ ਪੱਤਰਕਾਰ ਅਜ਼ਾਦ ਨਹੀਂ ਰਹੇ। ਅੱਜ ਅਖਬਾਰ ’ਚ ਸੰਪਾਦਕ ਨਾਂ ਦਾ ਕੋਈ ਸੰਸਥਾਗਤ ਅਹੁਦਾ ਨਹੀਂ ਹੈ। ਅੱਜ ਵੱਡੇ-ਵੱਡੇ ਅਖਬਾਰਾਂ ਦੇ ਰੋਜ਼ਾਨਾ 50-50 ਐਡੀਸ਼ਨ ਨਿਕਲ ਰਹੇ ਹਨ। ਪਰ ਉਥੇ ਸੰਪਾਦਕੀ ਹੈ ਹੀ ਨਹੀਂ। ਇੰਡੀਅਨ ਐਕਸਪ੍ਰੈਸ ਗਰੁੱਪ ਦੇ ਦੋ ਅਖਬਾਰਾਂ ’ਚ ਸੰਪਾਦਕੀ ਨਹੀਂ ਹੈ। ਉਹ ਦਿੱਲੀ ਤੋਂ ਸੰਪਾਦਕੀ ਹੁੰਦਾ ਹੈ, ਦਿੱਲੀ ਤੋਂ ਇਸ਼ਤਿਹਾਰਬਾਜ਼ੀ ਸੈਟ ਹੁੰਦੀ ਹੈ ਤੇ ਦਿੱਲੀ ਤੋਂ ਛਪਦਾ ਹੈ। ਇੰਜਨੀਅਰ ਇਸ ਅਖਬਾਰ ਨੂੰ ਕੱਢਦੇ ਹਨ। ਲਖਨਊ ਤੇ ਕਾਨਪੁਰ ਦੇ ਐਡੀਸ਼ਨ ’ਚ ਕੋਈ ਸੰਪਾਦਕੀ ਹੈ ਹੀ ਨਹੀਂ। ਪਰ ਅਖਬਾਰ ਦਾ ਸੰਪਾਦਕ ਹੈ। ਪਰ ਉਹ ਅਖਬਾਰ ਦੀ ਸੰਪਾਦਕੀ ਨੀਤੀ ਤਿਆਰ ਨਹੀਂ ਕਰਦਾ ਹੈ। ਰੀਪੋਰਟਰਾਂ ਨੂੰ ਰਿਪੋਰਟਿੰਗ ਕਰਨ ਦੀ ਅਜ਼ਾਦੀ ਨਹੀਂ ਹੈ। ਪੱਤਰਕਾਰ ਨੂੰ ਅਸਾਈਨਮੈਂਟ ਨਹੀਂ ਦਿੱਤਾ ਜਾਂਦਾ। ਅਖਬਾਰਾਂ ਨੂੰ ਇਨਫਾਰਮੇਸ਼ਨ ਟੈਕਨੋਲੋਜੀ ਨਾਲ ਜੋੜਿਆ ਗਿਆ ਹੈ। ਇਨਫਾਰਮੇਸ਼ਨ ਟੈਕਨੋਲੋਜੀ ਉਦਯੋਗ ਦਾ ਬਹੁਤ ਵੱਡਾ ਰੋਲ ਹੈ। ਇਸ ਬਿਨਾਂ ਤਾਂ ਅਖਬਾਰ ਚੱਲ ਨਹੀਂ ਸਕਦਾ। ਵੱਡੇ-ਵੱਡੇ ਅਖਬਾਰਾਂ ਦੇ ਦੇਸ਼ ਭਰ ’ਚ ਕਰੋੜਾਂ ਸਰਕੂਲੇਸ਼ਨ (ਵੰਡ) ਹੈ। ਇਹਨਾਂ ਦਾ ਆਡਿਟ ਕੰਟਰੋਲ ਦਿੱਲੀ ਜਾਂ ਹੋਰ ਕਿਸੇ ਇਕ ਜਾਂ ਦੋ ਸੈਂਟਰਾਂ ਵਿਚ ਹੁੰਦਾ ਹੈ। ਇਹ ਕੰਟਰੋਲ ਇਨਫਾਰਮੇਸ਼ਨ ਟੈਕਨੋਲੋਜੀ ਬਿਨ੍ਹਾਂ ਸੰਭਵ ਨਹੀਂ।

ਇਹਨਾਂ ਸਾਰੇ ਅਖਬਾਰਾਂ ਨੇ ਇਨਫਾਰਮੇਸ਼ਨ ਟੈਕਨੋਲੋਜੀ ’ਚ ਬ੍ਰੇਨ ਪਾਵਰ ਤੇ

ਮੈਨ ਪਾਵਰ 'ਚ ਬਹੁਤੇ ਪਿਛੜੇ ਵਰਗਾਂ ਦੇ ਲੋਕ ਹਨ। ਇਸ ਬ੍ਰੇਨ ਪਾਵਰ ਤੇ ਮੈਨ ਪਾਵਰ ਨੂੰ ਵਿਕਲਪਿਤ ਮੀਡੀਆ 'ਚ ਆਕ੍ਰਿਸ਼ਤ ਕਰਨਾ ਪਵੇਗਾ। ਬੰਗਾਲ 'ਚ 30 ਫੀ ਸਦੀ ਤੋਂ ਵੱਧ ਪੱਤਰਕਾਰ ਦਲਿਤ ਹਨ। ਅੱਛੇ-ਅੱਛੇ ਪੱਤਰਕਾਰ ਹਨ। ਸ਼ੁਰੂਆਤ 'ਚ ਅਨੰਦ ਬਾਜ਼ਾਰ ਪਤ੍ਰਿਕਾ (ਬੰਗਾਲੀ) 'ਚ ਨਿਰੰਜਨ ਹਲਦਾਰ ਨਾਮਕ ਅਨੁਸੂਚਿਤ ਜਾਤੀ ਦੇ ਪੱਤਰਕਾਰ ਸਨ। ਜੋ ਅਮਤਿਆ ਸੇਨ ਦੇ ਜਮਾਤੀ ਸਨ। ਉਹ ਇਕਠੇ ਅਰਥ ਸਾਸ਼ਤਰ ਪੜ੍ਹੇ, ਉਹ ਵਧੀਆ ਉਚ ਪਾਏ ਦੇ ਪੱਤਰਕਾਰ ਸਨ ਪਰ ਉਹਨਾਂ ਦੀ ਯੋਗਤਾ ਨੂੰ ਪ੍ਰਮੋਟ ਨਹੀਂ ਕੀਤਾ ਗਿਆ। ਜਦੋਂ ਉਹ ਉਤਰ ਪ੍ਰਦੇਸ਼ 'ਚ ਸਨ ਤਾਂ ਉਹ ਸੰਪਾਦਕਾਂ ਦੀ ਨਿਯੁਕਤੀ ਕਰਦੇ ਸਨ। ਅੱਜ ਭਾਰਤ 'ਚ ਟਾਪ ਦੇ 200-250 ਪੱਤਰਕਾਰ ਹਨ। ਉਹਨਾਂ ਨੂੰ ਨਿਰੰਜਨ ਹਲਦਾਰ ਨੇ ਨਿਯੁਕਤ ਕੀਤਾ ਤੇ ਸਿਖਲਾਈ ਵੀ ਦਿਤੀ। ਪਰ ਇੰਡੀਅਨ ਐਕਸਪ੍ਰੈਸ ਗਰੁੱਪ 'ਚ ਮੈਨੂੰ ਸਬ-ਐਡੀਟਰ ਬਣਾ ਦਿਤਾ ਗਿਆ, ਅਜੇ ਤਕ ਕੋਈ ਪ੍ਰੋਮੋਸ਼ਨ ਨਹੀਂ ਮਿਲੀ ਕਿਉਂਕਿ ਪਿਛਲੇ 21 ਸਾਲਾਂ ਤੋਂ ਮੇਰਾ ਕੋਈ ਆਰਟੀਕਲ ਉਹਨਾਂ ਨਹੀਂ ਛਾਪਿਆ ਕਿਉਂਕਿ ਚੰਡਾਲ ਜਾਤੀ ਨਮੋਸ਼ੂਦਾਰ ਕਹੀ ਜਾਂਦੀ ਹੈ ਤੇ ਪ੍ਰਭਾਸ ਜੋਸ਼ੀ ਨੇ ਮੈਨੂੰ ਐਡੀਟਰ ਬਣਾ ਕੇ ਭੇਜਿਆ ਸੀ। ਬ੍ਰਾਹਮਣਵਾਦੀ ਨੂੰ ਇਹ ਮੰਜੂਰ ਨਹੀਂ ਸੀ। ਬੰਗਾਲ 'ਚ 30 ਫੀ ਸਦੀ ਤੋਂ ਵੱਧ ਪੱਤਰਕਾਰ ਅਨੁਸੂਚਿਤ ਜਾਤੀ ਦੇ ਹਨ। ਪਰ ਬੰਗਾਲ ਇਕ ਐਸੀ ਥਾਂ ਹੈ ਜਿਥੇ ਅਨੁਸੂਚਿਤ ਜਾਤੀ, ਜਨਜਾਤੀ ਤੇ ਓਬੀਸੀ ਦੀ ਕੋਈ ਖਬਰ ਨਹੀਂ ਛਪਦੀ। ਵੱਡੀ ਤੋਂ ਵੱਡੀ ਰੈਲੀ ਦੀ ਵੀ ਉਹਨਾਂ ਦੀ ਕੋਈ ਖਬਰ ਨਹੀਂ ਛਾਪਦਾ। ਬੰਗਾਲ 'ਚ ਜ਼ਹਿਰੀਲੀ ਸ਼ਰਾਬ ਨਾਲ 250 ਬੰਦੇ ਮਰੇ। ਅਨੰਦ ਬਾਜ਼ਾਰ ਪਤ੍ਰਿਕਾ ਨੇ ਇਸ ਬਾਰੇ ਸੰਪਾਦਕੀ ਲਿਖਿਆ ਕਿ ਲੋਕਾਂ ਨੂੰ ਸ਼ੁੱਧ ਸ਼ਰਾਬ ਨਹੀਂ ਮਿਲਦੀ, ਇਸ ਲਈ ਲੋਕ ਮਰ ਰਹੇ ਹਨ, ਸਰਕਾਰ ਨੂੰ ਲੋਕਾਂ ਨੂੰ ਸ਼ੁੱਧ ਸ਼ਰਾਬ ਮੁਹੱਈਆ ਕਰਵਾਉਣੀ ਚਾਹੀਦੀ ਹੈ। ਪਿੰਡਾਂ, ਕਸਬਿਆਂ 'ਚ ਸ਼ੁੱਧ ਸ਼ਰਾਬ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਉਥੇ ਸੰਪਾਦਕੀ ਲਿਖਿਆ ਜਾਂਦਾ ਹੈ ਕਿ ਸਿਖਿਆ ਦਾ ਨਿਜੀਕਰਣ ਹੋਣਾ ਚਾਹੀਦਾ ਹੈ। ਏਅਰ ਇੰਡੀਆ ਦਾ ਅਪਨਿਵੇਸ਼ ਕਰ ਦਿਉ, ਕੋਲ ਇੰਡੀਆ ਨੂੰ ਵੇਚ ਦਿਉ, ਇਹ ਉਥੋਂ ਦੀ ਸੰਪਾਦਕੀ ਨੀਤੀ ਹੈ। ਜਿਸ ਨੂੰ ਬ੍ਰਾਂਡ ਮੈਨੇਜਰ ਤਿਆਰ ਕਰਦੇ ਹਨ। ਉਥੇ ਸੰਪਾਦਕ ਦੇ ਨਾਂ ਪੱਤਰ 'ਚ ਵੀ ਥੋਡਾ ਕੁਝ ਨਹੀਂ ਛਪਦਾ। ਅੱਜ ਕੋਈ ਵੀ ਸਵੈਮਾਨੀ ਪੱਤਰਕਾਰ ਅਖਬਾਰ ਦਾ ਸੰਪਾਦਕ ਨਹੀਂ ਬਣਨਾ ਚਾਹੁੰਦਾ। ਅੱਜ ਸੰਪਾਦਕ ਨੂੰ ਟਾਈ ਬੰਨ੍ਹ ਕੇ ਕਾਰਪੋਰੇਟ ਮੈਨੇਜਰ ਦੀ ਉਡੀਕ ਕਰਨੀ ਪੈਂਦੀ ਹੈ। ਸੰਪਾਦਕੀ ਟੀਮ ਹੈ ਹੀ ਨਹੀਂ। ਤਿੰਨ-ਚਾਰ ਜਾਂ ਸੱਤ ਦਿਨਾਂ ਪਿਛੋਂ ਕਾਰਪੋਰੇਟ ਮੈਨੇਜਮੈਂਟ ਦੀ ਮੀਟਿੰਗ ਹੁੰਦੀ ਹੈ। ਸੰਪਾਦਕ ਲੋਕ ਉਸ ਕਾਰਪੋਰੇਟ ਮੈਨੇਜਰ ਦੀ ਮੀਟਿੰਗ 'ਚ ਹੁਕਮ ਲੈ ਕੇ ਉਹਨਾਂ ਹੁਕਮਾਂ ਦੀ ਪਾਲਣਾ ਕਰਦੇ ਹਨ। ਇਹ ਹੈ ਕਾਰਪੋਰੇਟ ਦੀ ਬ੍ਰਾਹਮਣੀ ਕੰਟਰੋਲ। ਇਹ ਕਾਰਪੋਰੇਟ ਦਾਬਾ ਅਚਾਨਕ ਵਿਕਸਤ ਨਹੀਂ ਹੋਇਆ। ਅੱਜ ਕਲ੍ਹ ਜਸਟਿਸ ਕਾਟਜੂ ਦੇ ਬਿਆਨ ਬਾਰੇ ਬੜਾ ਰੌਲਾ ਰੱਪਾ ਪਿਆ ਹੋਇਆ। ਉਹਨਾਂ ਅਨੁਸਾਰ ਮੀਡੀਆ ਨੌਨ ਇਸ਼ੂਜ ਨੂੰ ਇਸ਼ੂਜ ਬਣਾਉਂਦਾ ਹੈ ਤੇ ਇਸ਼ੂਜ਼ ਨੂੰ ਨਾਨ-ਇਸ਼ੂਜ਼। ਕਦੀ ਵੀ ਬੰਬ ਵਿਸਫੋਟ ਦੀ ਘਟਨਾ ਹੁੰਦੀ ਹੈ ਤਾਂ ਫੌਰਨ ਮੀਡੀਆ 'ਚ ਕਿਸੇ ਮੁਸਲਿਮ ਦਹਿਸ਼ਤਗਰਦ ਦਾ ਨਾਂ ਲੈ ਕੇ ਕਿਹਾ ਜਾਂਦੈ ਕਿ ਉਸ ਨੇ ਬੰਬ ਧਮਾਕੇ ਦੀ ਜ਼ਿੰਮੇਵਾਰੀ ਲਈ ਹੈ ਅਤੇ ਮੁਸਲਮਾਨਾਂ ਵਿਰੋਧੀ ਮੁਹਿੰਮ ਸ਼ੁਰੂ ਹੋ ਜਾਂਦੀ ਹੈ। ਇਹ ਗੱਲ ਜਸਟਿਸ ਕਾਟਜ਼ੂ ਨੇ ਕਹੀ। ਪਰ ਉਹਨਾਂ ਅਸਲੀ ਗੱਲ ਨਹੀਂ ਦੱਸੀ ਕਿ ਆਮ ਲੋਕਾਂ

ਨੂੰ ਪਾਰਲੀਮੈਂਟ 'ਚ ਪਾਸ ਕਾਨੂੰਨ ਬਾਰੇ ਨਹੀਂ ਦੱਸਿਆ ਜਾਂਦਾ।

ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਦੇ ਵਿਰੁਧ ਭੁੱਖ ਹੜਤਾਲ ਦੌਰਾਨ ਆਰਥਕ ਸੁਧਾਰ ਦੇ ਵੱਡੇ-ਵੱਡੇ ਕਾਨੂੰਨ ਪਾਸ ਹੋਏ ਪਰ ਇਸ ਬਾਰੇ ਕੋਈ ਖਬਰ ਨਹੀਂ ਛਪੀ। ਕਿਸੇ ਵੀ ਮੀਡੀਆ 'ਚ ਵਿਧਾਇਕਾਂ ਤੇ ਨੀਤੀ ਘੜਨ ਬਾਰੇ ਕੋਈ ਖਬਰ ਨਹੀਂ ਆਉਂਦੀ ਹੈ। ਜਸਟਿਸ ਕਾਟਜੂ ਨੇ ਇਹ ਗੱਲ ਨਹੀਂ ਦੱਸੀ। ਲੋਕ ਰਾਜ 'ਚ ਹਿਸੇਦਾਰੀ ਲਈ ਸੂਚਨਾਵਾਂ ਹੋਣੀਆਂ ਜ਼ਰੂਰੀ ਹਨ, ਪਾਰਦਰਸ਼ਿਤਾ ਜ਼ਰੂਰੀ ਹੈ, ਲੋਕਾਂ ਨੂੰ ਨੀਤੀ ਘੜਨ, ਗਵਰਨੈਂਸ ਤੇ ਵਿਧਾਇਕਾਂ 'ਚ ਹਿਸੇਦਾਰੀ ਮਿਲਣੀ ਚਾਹੀਦੀ ਹੈ। ਜਨਤਾ ਦੀ ਗੱਲ ਤਾਂ ਦੂਰ ਦੀ ਬਾਤ ਹੈ। ਸਿਟੀਜ਼ਨਸ਼ਿਪ ਅਮੈਂਡਮਿੰਟ ਐਕਟ 2003 ਬਾਰੇ ਮੰਤਰੀ ਲੋਕਾਂ ਤੋਂ ਪੁੱਛਿਆ ਕਿ ਇਹ ਐਕਟ ਹੈ ਕੀ? ਤਾਂ ਉਹਨਾਂ ਕਿਹਾ ਪਤਾ ਨਹੀਂ। ਐਮ.ਪੀ ਨੂੰ ਨਹੀਂ ਪਤਾ ਕਿ ਕਦੋਂ ਕਿਹੜਾ ਕਾਨੂੰਨ, ਕਿਉਂ ਪਾਸ ਹੋ ਰਿਹਾ ਹੈ? ਉਹਨਾਂ ਨੂੰ ਵਿਪ ਜਾਰੀ ਹੁੰਦਾ ਹੈ ਕਿ ਤੇ ਉਹ ਆਪਣੀ ਹਮਾਇਤ ਦੇ ਦਿੰਦਾ ਹੈ। ਗਰਵਨੈਂਸ ਵਿਧਾਇਕਾਂ ਤੇ ਕਾਰਜਪਾਲਕਾਂ 'ਚ ਲੋਕਾਂ ਦੀ ਸ਼ਮੂਲੀਅਤ ਹੋਣੀ ਚਾਹੀਦੀ ਹੈ, ਇਹ ਤਾਂ ਦੂਰ ਦੀ ਗੱਲ ਹੈ ਬਲਕਿ ਅਖੌਤੀ ਲੋਕ ਨੁਮਾਇੰਦਿਆਂ ਦੀ ਵੀ ਸ਼ਮੂਲੀਅਤ ਨਹੀਂ ਕਰਵਾਈ ਜਾਂਦੀ। ਯੋਜਨਾ ਬਣਾਉਣ ਦਾ ਸਾਰਾ ਕੰਮ ਮੋਨਟੇਕ ਸਿੰਘ ਆਹਲੂਵਾਲੀਆ ਕਰਦਾ ਹੈ। ਵਿੱਤ ਮੰਤਰਾਲੇ ਦਾ ਕੰਮ ਵੀ ਉਹੀ ਕਰਦਾ ਹੈ ਤੇ ਉਸ ਉਪਰ ਰਬੜ ਦੀ ਮੋਹਰ ਪ੍ਰਣਬ ਮੁਖਰਜੀ ਦੀ ਲਗਦੀ ਹੈ। ਸੈਮ ਪਿਤ੍ਰੋਦਾ ਟੈਕਨੋਲੋਜੀ ਦਾ ਕੰਮ ਕਰਦੇ ਹਨ। ਮੰਤਰੀ ਨੂੰ ਤਾਂ ਖੁਦ ਪਤਾ ਨਹੀਂ ਹੁੰਦਾ ਕਿ ਮਨਮੋਹਨ ਸਿੰਘ ਨੇ ਕੀ ਕੀ ਫੈਸਲਾ ਲਿਆ ਹੈ। ਪ੍ਰੈਸ ਕਾਨਫਰੰਸ 'ਚ ਵਿਭਾਗ ਬਾਰੇ ਉਹ ਸਹੀ ਜੁਆਬ ਨਹੀਂ ਦੇ ਸਕਦੇ। ਮਨਮੋਹਨ ਸਿੰਘ ਦੇ ਨਾਲ ਇਕ ਸੁਪਰੀਅਰ ਮੰਤਰਾਲੇ ਹੈ ਜਿਸ ਬਾਰੇ ਲੋਕਾਂ ਨੂੰ ਪਤਾ ਨਹੀਂ ਹੈ ਕਿ ਅਸਲੀ ਰਾਜ ਕਰਦਾ ਕੌਣ ਹੈ। ਮਨਮੋਹਨ ਸਿੰਘ ਦੇ ਨਾਂ ਹੇਠ ਫੈਸਲੇ ਲੈ ਲਏ ਜਾਂਦੇ ਹਨ ਪਰ ਮਨਮੋਹਨ ਸਿੰਘ ਨੂੰ ਪਤਾ ਨਹੀਂ ਹੁੰਦਾ। ਜਸਟਿਸ ਕਾਟਜੂ ਨੇ ਕਿਹਾ ਕਿ ਜੋ ਏਰਿੰਗ ਮੀਡੀਆ ਹੈ, ਉਸ ਦੇ ਲਾਇਸੰਸ ਰੱਦ ਕੀਤੇ ਜਾਣਗੇ। ਅਸਲ 'ਚ ਹੋਵੇਗਾ ਕੀ? ਅਸਲ 'ਚ ਏਰਿੰਗ ਮੀਡੀਆ ਦਾ ਲਾਇਸੰਸ ਰੱਦ ਨਹੀਂ ਹੋਣਾ, ਜੋ ਮੀਡੀਆ ਲੋਕਾਂ ਦਾ ਦਿਮਾਗ ਕੰਟਰੋਲ ਕਰ ਰਿਹਾ ਹੈ। ਜੋ ਮੀਡੀਆ ਲੋਕਾਂ ਨੂੰ ਅਸਲੀਅਤ ਤੋਂ ਬੇਖਬਰ ਕਰ ਰਿਹਾ ਹੈ, ਜੋ ਲੋਕਾਂ ਨੂੰ ਵਿਵਸਥਾ ਤੋਂ ਬੇਦਖਲ ਕਰਨ ਦਾ ਕੰਮ ਕਰ ਰਿਹਾ ਹੈ, ਜੋ ਕੰਪਨੀਆਂ ਨੂੰ ਅਪਨਿਵੇਸ਼ ਤੇ ਨਿਜੀਕਰਨ ਕਰਨ 'ਚ ਮਦਦ ਕਰੇਗਾ, ਉਹੋ ਜਿਹੇ ਮੀਡੀਆ 'ਤੇ ਕੋਈ ਕਾਰਵਾਈ ਨਹੀਂ ਹੋਵੇਗੀ। ਜੋ ਇਸ ਦਾ ਵਿਰੋਧ ਕਰੇਗਾ, ਉਸ 'ਤੇ ਕਾਰਵਾਈ ਹੋਵੇਗੀ।

ਪ੍ਰਚੂਨ ਵਪਾਰ 'ਚ ਰੀਟੇਲ ਮਲਟੀ ਬ੍ਰਾਂਡ ਦੀ ਗੱਲ ਆਈ। ਰੀਟੇਲ ਮਲਟੀ ਬ੍ਰਾਂਡ 'ਚ ਐਫ.ਡੀ.ਆਈ ਭਾਰਤ 'ਚ ਪਹਿਲਾਂ ਹੀ ਹਾਜ਼ਰ ਹੈ। ਇਸ ਦੀ ਫ੍ਰੈਂਚਾਈਜ਼ੀ ਭਾਰਤੀ ਮਿੱਤਲ ਕਰ ਰਿਹਾ ਹੈ। ਜਿਹਨਾਂ ਨੂੰ ਛੋਟ ਦੇਣੀ ਹੈ ਉਹਨਾਂ ਨੂੰ ਛੋਟ ਪਹਿਲਾਂ ਤੋਂ ਹੀ ਦਿਤੀ ਹੋਈ ਹੈ। ਰੀਟੇਲ ਮਲਟੀ ਬ੍ਰਾਂਡ ਐਫ.ਡੀ.ਆਈ 'ਚ ਹਿਸੇਦਾਰੀ 51 ਫੀ ਸਦੀ ਤੇ ਉਸ ਤੋਂ ਵੱਧ ਕਰਨ ਦੀ ਗੱਲ ਹੋ ਰਹੀ ਸੀ ਤਾਂ ਕਿ ਪ੍ਰਚੂਨ ਬਾਜ਼ਾਰ ਦੀ ਮਾਲਕੀ ਮਲਟੀ ਨੈਸ਼ਨਲ ਕੰਪਨੀਆਂ ਕੋਲ ਚਲੀ ਜਾਵੇ ਪਰ ਸਿੰਗਲ ਬ੍ਰਾਂਡ ਐਫ.ਡੀ.ਆਈ ਨੂੰ 51 ਫੀ ਸਦੀ ਤੋਂ 100 ਫੀ ਸਦੀ ਕਰ ਦਿੱਤਾ ਗਿਆ ਹੈ। ਪਰ ਕਿਸੇ ਨੂੰ ਪਤਾ ਵੀ ਨਹੀਂ ਹੈ। ਕਿਸੇ ਪਾਰਟੀ ਨੇ ਇਸ ਦਾ ਵਿਰੋਧ ਨਹੀਂ ਕੀਤਾ। ਮਲਟੀ ਬ੍ਰਾਂਡ

ਐਫ.ਡੀ.ਆਈ ਅੱਛੀ ਹੈ ਜਾਂ ਬੁਰੀ, ਇਸ ਬਾਰੇ ਬਹਿਸ ਕੀਤੀ ਜਾ ਸਕਦੀ ਹੈ ਪਰ ਇਸ ਬਾਰੇ ਬਹਿਸ ਨੂੰ ਪੂਰੀ ਤਰ੍ਹਾਂ ਬੰਦ ਹੀ ਕਰ ਦਿੱਤਾ ਗਿਆ ਹੈ। ਹੁਣ ਬੈਂਕਿੰਗ ਰੇਗੂਲੇਸ਼ਨ ਐਕਟ ਆ ਰਿਹਾ ਹੈ, ਇਸ 'ਚ ਪੂੰਜੀਪਤੀ ਲੋਕ ਨਿਜੀ ਬੈਂਕ ਬਣਾਉਣਗੇ, ਉਸ 'ਚ ਸਾਰੀ ਜਮ੍ਹਾਂ ਪੂੰਜੀ ਇਹ ਪੂੰਜੀਪਤੀ ਲੋਕ ਬੈਂਕ ਰਾਹੀਂ ਸ਼ੇਅਰ ਮਾਰਕਿਟ 'ਚ ਲੈ ਜਾਣਗੇ। ਐਲ.ਆਈ.ਸੀ 'ਚ ਇੰਸ਼ੂਰੈਂਸ ਲੈਜਿਸਲੇਸ਼ਨ ਐਕਟ ਆਉਣ ਵਾਲਾ ਹੈ, ਜਿਸ ਨਾਲ ਆਪ ਦੀ ਪ੍ਰੀਮੀਅਮ (ਜਮ੍ਹਾਂ ਪੂੰਜੀ) ਦਾ ਪੈਸਾ ਡਾਇਰੈਕਟ ਸ਼ੇਅਰ ਮਾਰਕਿਟ 'ਚ ਆ ਰਿਹਾ ਹੈ। ਪੈਨਸ਼ਨ ਸਕੀਮ 'ਚ ਪ੍ਰੋਵੀਡੈਂਟ ਫੰਡ ਦਾ 50 ਫੀ ਸਦੀ ਪੈਸਾ ਸ਼ੇਅਰ ਮਾਰਕਿਟ 'ਚ ਆ ਰਿਹਾ ਹੈ। ਇਹ ਸਾਰੇ ਪੈਸੇ ਜਿਸ ਤਰੀਕੇ ਨਾਲ ਸ਼ੇਅਰ ਮਾਰਕਿਟ 'ਚ ਜਾ ਰਹੇ ਹਨ, ਉਸ ਦੇ ਰਿਟਰਨ ਦੀ ਕੋਈ ਗਰੰਟੀ ਨਹੀਂ ਦਿਤੀ ਜਾ ਰਹੀ ਜੋ ਸਭ ਤੋਂ ਭਿਆਨਕ ਗੱਲ ਹੈ। ਆਪ ਦਾ ਬੈਂਕ ਦਾ ਪੈਸਾ, ਆਪ ਦੇ ਪੀ.ਐਫ ਦਾ ਪੈਸਾ ਤੇ ਬੀਮਾ 'ਚ ਜਮ੍ਹਾਂ ਕੀਤਾ ਗਿਆ ਪੈਸਾ ਸ਼ੇਅਰ ਮਾਰਕਿਟ 'ਚ ਡੁੱਬ ਗਿਆ ਤਾਂ ਆਪ ਉਸ 'ਤੇ ਦਾਅਵਾ ਨਹੀਂ ਕਰ ਸਕਦੇ। ਪਾਰਲੀਮੈਂਟ 'ਚ ਜੋ ਕਾਨੂੰਨ ਬਣੇ ਹਨ, ਪਾਰਲੀਮੈਂਟ 'ਚ ਵਿਰੋਧੀ ਧਿਰ ਇਸ 'ਤੇ ਵਾਕ ਆਊਟ ਕਰਕੇ ਸਦਨ ਤੋਂ ਬਾਹਰ ਚਲਾ ਜਾਂਦਾ ਹੈ। ਸੰਸਦ 'ਚ ਟੇਬਲ 'ਤੇ ਕਾਨੂੰਨ ਦੀ ਕਾਪੀ ਰੱਖ ਦਿਤੀ ਜਾਂਦੀ ਹੈ ਪਰ ਇਸ ਦੇ ਵੇਰਵੇ ਤਕ ਨਹੀਂ ਰੱਖਦੇ। ਉਸ ਦੀ ਰਿਕਾਰਡਿੰਗ ਤਕ ਨਹੀਂ ਹੁੰਦੀ। ਇਸ ਦੀ ਰਿਪੋਰਟਿੰਗ ਤਕ ਨਹੀਂ ਹੁੰਦੀ ਹੈ। ਲੋਕਾਂ ਤੋਂ ਇਹਨਾਂ ਖਬਰਾਂ ਨੂੰ ਪੂਰੀ ਤਰ੍ਹਾਂ ਲੁਕੋ ਕੇ ਰਖਿਆ ਜਾਂਦਾ ਹੈ। ਖਾਦ ਸੁਰਖਿਆ ਬਿੱਲ 'ਚ ਅਨਾਜ (ਖੁਰਾਕ) ਦੇਣ ਦੀ ਗੱਲ ਹੋ ਰਹੀ ਹੈ। ਪਰ ਖੁਰਾਕ ਦੀ ਸੁਰਖਿਆ ਉਹਨਾਂ ਨੂੰ ਹੀ ਦਿਤੀ ਜਾਊ, ਜੋ ਆਰਥਕ ਤੌਰ 'ਤੇ ਅਪਾਹਜ਼ ਹੋ ਜਾਂਦੇ ਹਨ ਤੇ ਇਸ ਲਈ ਆਰਥਕ ਪੈਮਾਨਾ ਤਿਆਰ ਹੋ ਚੁਕਿਆ ਹੈ। ਸਾਰੇ ਰਾਜਾਂ ਦੇ ਸ਼ਹਿਰਾਂ ਵਿਚ ਜਿਹਨਾਂ ਦੀ ਆਮਦਨ ਰੋਜ਼ਾਨਾ 32 ਰੁਪਏ ਅਤੇ ਪਿੰਡਾਂ 'ਚ 24 ਰੁਪਏ ਹੈ। ਉਹਨਾਂ ਨੂੰ ਖੁਰਾਕ ਸੁਰਖਿਆ ਦੀ ਗਰੰਟੀ ਦਿਤੀ ਜਾਂਦੀ ਹੈ। ਇਸ ਸਾਜਿਸ਼ ਵਿਚ ਮੀਡੀਆ ਦਾ ਸਭ ਤੋਂ ਵੱਧ ਖਤਰਨਾਕ ਰੋਲ ਹੈ। ਇਸ ਨੂੰ ਕੰਟਰੋਲ ਕਰਨ ਦੀ ਗੱਲ ਨਹੀਂ ਹੋ ਰਹੀ ਹੈ। ਅਜੇ ਕਾਰਪੋਰੇਟ (ਬ੍ਰਾਹਮਣੀ) ਮੀਡੀਆ ਦਾ ਵਿਰੋਧ ਕਰਨ ਵਾਲੇ ਬਦਲਵੇਂ ਮੀਡੀਆ 'ਤੇ ਪਾਬੰਦੀ ਲਾਈ ਜਾਵੇਗੀ। ਇੰਟਰਨੈਟ 'ਚ ਸੋਸ਼ਲ ਨੈਟਵਰਕਿੰਗ 'ਤੇ ਰੋਕ ਲਾਉਣ ਦੀ ਗੱਲ ਹੋ ਰਹੀ ਹੈ। ਮੱਧ ਪੂਰਬੀ ਏਸੀਆ 'ਚ ਵੀ ਸੋਸ਼ਲ ਨੈਟਵਰਕਿੰਗ ਤੇ ਪਾਬੰਧ ਲਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਦੁਨੀਆਂ ਭਰ 'ਚ ਵਾਲ ਸਟਰੀਟ ਅੰਦੋਲਨ ਸੋਸ਼ਿਲ ਨੈਟਵਰਕਿੰਗ ਜ਼ਰੀਏ ਹੋ ਰਿਹਾ ਹੈ। ਪ੍ਰੈਸ 'ਚ ਸੈਂਸਰਸ਼ਿਪ ਹੈ, ਅਖਬਾਰ 'ਚ ਖਬਰ ਨਹੀਂ ਛਪ ਰਹੀ ਪਰ ਸੋਸ਼ਿਲ ਮੀਡੀਆ ਦੀ ਮਾਰਫ਼ਤ ਤੇ ਫੇਸਬੁੱਕ ਜ਼ਰੀਏ ਸੰਘਰਸ਼ ਵਿਢੇ ਜਾ ਰਹੇ ਹਨ। ਸਰਕਾਰ ਇਸ ਸੋਸ਼ਲ ਮੀਡੀਆ ਨੂੰ ਕੰਟਰੋਲ ਕਰਨ ਦੀ ਗੱਲ ਕਰ ਰਹੀ ਹੈ। ਇੰਟਰਨੈਟ ਸਰਚ ਇੰਜਣ ਜਿਵੇਂ ਗੂਗਲ, ਯਾਹੂ ਤੇ ਫੇਸਬੁੱਕ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ ਕਿ ਉਹਨਾਂ ਦੇ ਵਿਰੋਧ ਦਾ ਜੋ ਮੈਟਰ ਹੈ, ਉਹ ਨੂੰ ਕੰਟਰੋਲ ਕਰਨ। ਸਾਡੇ ਮੂਹਰੇ ਸਭ ਤੋਂ ਵੱਡੀ ਚਣੌਤੀ ਹੈ ਕਿ ਇਹ ਪੂੰਜੀਪਤੀ (ਬ੍ਰਾਹਮਣਵਾਦੀ) ਸਾਮਰਾਜ ਦੀ ਦਲਾਲ ਨੌਕਰਸ਼ਾਹੀ ਜੋ ਕਾਨੂੰਨ ਬਣਾ ਰਹੀ ਹੈ, ਉਹਨਾਂ ਦਾ ਮੁਕਾਬਲਾ ਕਿਵੇਂ ਕੀਤਾ ਜਾਵੇ। ਸਾਡੇ ਵੈਬਸਾਈਟ ਵੀ ਬੰਦ ਜਦ ਕੀਤੇ ਜਾਣਗੇ ਤਾਂ ਫੇਰ ਅਸੀਂ ਕੀ ਕਰਾਂਗੇ?

ਇੰਟਰਨੈਟ 'ਚ ਬ੍ਰਾਹਮਣਾਂ ਦੇ ਪ੍ਰੋਫ਼ੈਸ਼ਨਲ ਹੈਕਰਜ਼ ਹਨ ਜੋ ਵੈਬਸਾਈਟ ਨੂੰ ਹੈਕ

ਕਰਕੇ ਉਸ ਨੂੰ ਬਲਾਕ ਕਰ ਦਿੰਦੇ ਹਨ। ਇੰਟਰਨੈਟ ਤੋਂ ਬਲਾ ਨੂੰ ਹਟਾ ਦਿੰਦੇ ਹਨ। ਆਉਣ ਵਾਲੇ ਸਮੇਂ 'ਚ ਸਾਨੂੰ ਵੀ ਹੈਕਰਜ਼ ਦੀ ਟੀਮ ਬਣਾਉਣੀ ਪਵੇਗੀ ਜੋ ਉਸ ਦਾ ਮੂੰਹ ਤੋੜ ਜੁਆਬ ਦੇਵੇ। ਸਾਨੂੰ ਆਈ.ਟੀ ਮਾਹਰ ਲੱਭਣੇ ਪੈਣਗੇ ਜੋ ਸਾਫ਼ਟ ਵੇਅਰ ਤਿਆਰ ਕਰਨਗੇ ਤੇ ਚਿਪਸ ਬਣਾਉਣਗੇ। ਦੂਰ-ਦੁਰਾਡੇ ਦੇ ਸੰਘਰਸ਼ ਦਾ ਵੀ.ਡੀ.ਓ ਕਲਿਪ ਦਾ ਚਿਪ ਵੀ ਤਿਆਰ ਕਰਕੇ ਉਹ ਭੇਜ ਸਕਣ। ਅਜੇਹੇ ਲੋਕਾਂ ਦੀ ਸਾਨੂੰ ਲੋੜ ਹੈ। ਪ੍ਰੈਸ ਕਾਨਫ਼ਰੰਸ 'ਚ ਪੱਤਰਕਾਰ ਗਿਫਟ ਲੈਣ ਲਈ ਜਾਂਦੇ ਹਨ। ਬੰਗਾਲ 'ਚ ਇਹਨਾਂ ਨੂੰ ਪਾਸਕੋ ਪੱਤਰਕਾਰ ਕਿਹਾ ਜਾਂਦਾ ਹੈ। ਜਤਿੰਦਰ ਮਰਾਂਡੀ ਜੋ ਲੋਕ ਸਭਿਆਚਾਰ ਦਾ ਕਲਾਕਾਰ ਹੈ, ਉਹ ਗਿਰੀਹਿਡ 'ਚ ਕੰਮ ਕਰ ਰਿਹਾ ਸੀ, ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪ੍ਰਭਾਤ ਅਖਬਾਰ ਨੇ ਖਬਰ ਛਾਪ ਦਿਤੀ ਕਿ ਜਤਿੰਦਰ ਮਰਾਂਡੀ ਮਾਓਵਾਦੀ ਪੱਤਰਕਾਰ ਗ੍ਰਿਫ਼ਤਾਰ ਤੇ ਉਸ ਨੂੰ ਫਾਂਸੀ ਦੀ ਸਜ਼ਾ ਦੇ ਦਿਤੀ ਗਈ। ਅਜੇਹਾ ਰੋਲ ਅੱਜ ਕੱਲ੍ਹ ਮੀਡੀਆ ਕਰ ਰਿਹਾ ਹੈ। ਕੀ ਅਸੀਂ ਇਸ ਮੀਡੀਆ ਦੀ ਲੜਾਈ ਲੜਾਂਗੇ, ਜਿਥੇ ਪੂੰਜੀਪਤੀ ਬ੍ਰਾਹਮਣ ਸਾਡੇ ਉਪਰ ਹੋਰ ਗੁਲਾਮੀ ਠੋਸ ਰਿਹਾ ਹੈ। ਅਜ਼ਾਦ ਮੀਡੀਆ ਤਿਆਰ ਕਰਨਾ ਸਾਡਾ ਕੰਮ ਹੈ ਤੇ ਮੌਜੂਦਾ ਪੂੰਜੀਪਤੀ ਮੀਡੀਆ ਨੂੰ ਦਬਾਅ ਮੁਕਤ ਕਰਨਾ ਹੈ। ਟੈਲੀਵਿਜ਼ਨ ਖੋਹਲਣ ਲਈ ਲਾਇਸੰਸ ਇਕ ਕਰੋੜ ਦਾ ਹੁੰਦਾ ਸੀ ਜਦ ਉਹਨਾਂ ਨੂੰ ਪਤਾ ਲਗਿਆ ਕਿ ਅਸੀਂ ਵੀ ਟੈਲੀਵਿਜ਼ਨ ਚੈਨਲ ਖੋਹਲਣ ਦੀ ਸੋਚ ਰਹੇ ਤਾਂ ਫੀਸ ਉਹਨਾਂ 20 ਕਰੋੜ ਕਰ ਦਿੱਤੀ। ਐਨ.ਡੀ.ਟੀ.ਵੀ 'ਚ ਜੋਤਿਸ਼ ਨਹੀਂ ਵਿਖਾਇਆ ਜਾਂਦਾ, ਕੋਈ ਮਨੋਰੰਜ਼ਨ ਨਹੀਂ ਕੀਤਾ ਜਾਂਦਾ। ਪਰ ਉਹ ਮਨੂੰ ਸਮਰਿਤੀ ਦੀ ਵਿਵਸਥਾ ਦਾ ਪ੍ਰਚਾਰ ਕਰਦੇ ਹਨ, ਉਹ ਆਰ.ਐਸ.ਐਸ ਦਾ ਪ੍ਰਚਾਰ ਕਰਦੇ ਹਨ। ਆਈ.ਬੀ.ਐਨ, ਟਾਈਮਜ਼ ਨਿਊਜ਼, ਸੀ.ਐਨ.ਬੀ.ਸੀ ਤੇ ਐਨ.ਡੀ.ਟੀ.ਵੀ ਨੂੰ ਸੀਰੀਅਲ ਚੈਨਲ ਕਹਿੰਦੇ ਹਨ ਪਰ ਇਹ ਸਭ ਬ੍ਰਾਹਮਣਵਾਦੀ ਪ੍ਰਬੰਧਾਂ ਤੇ ਸੰਸਕਾਰਾਂ ਨੂੰ ਮਜ਼ਬੂਤ ਕਰਨ ਵਾਲਾ ਸਭਿਆਚਾਰ ਪ੍ਰੋਸਦੇ ਹਨ। ਪਰ ਜਸਟਿਸ ਕਾਟਜੂ ਨੇ ਇਸ ਬਾਰੇ ਨਹੀਂ ਦੱਸਿਆ। ਦੰਡ ਕਾਰਣੀਆਂ 'ਚ 5 ਕਰੋੜ ਪਿਛੜੇ ਸ਼੍ਰੇਣੀ ਦੇ ਲੋਕ ਹਨ, ਉਹਨਾਂ ਨੂੰ ਮਾਓਵਾਦੀਆਂ ਨਾਲ ਜੋੜ ਦਿਤਾ ਜਾਂਦਾ ਹੈ। ਰਾਤ ਨੂੰ ਉਥੇ ਕਰਫਿਊ ਹੁੰਦਾ ਹੈ ਆਰਮਡ ਫੋਰਸਿਸ ਸਪੈਸ਼ਲ ਪਾਵਰ ਐਕਟ 1958 ਤੋਂ ਲਾਗੂ ਹੈ ਜੋ ਐਲਾਨਿਆਂ ਨਾਰਥ ਈਸਟ ਤੇ ਜੰਮੂ ਕਸ਼ਮੀਰ 'ਚ ਲਾਗੂ ਹੈ। ਦਾਂਤੇਵਾੜਾ, ਮਲਕਾਨਗਿਰੀ, ਗੜਚਿਰੌਲੀ, ਚੰਦਰਪੁਰ ਤੇ ਲਾਲਗੜ 'ਚ ਆਰਮਡ ਫੋਰਸਿਸ ਸਪੈਸ਼ਲ ਪਾਵਰ ਐਕਟ ਲਾਗੂ ਹੈ ਪਰ ਉਥੇ ਇਸ ਦਾ ਨਾਂ ਅਪ੍ਰੇਸ਼ਨ ਕਾਵੇਰੀ ਤੇ ਅਪ੍ਰੇਸ਼ਨ ਮਾਨਸੂਨ ਹੈ। ਨਿਆਂਪਾਲਿਕਾ ਦੇ ਜੱਜ ਪਿਛੜਿਆਂ ਤੇ ਮੇਹਨਤਕਸ਼ਾਂ ਦੇ ਹੱਕ ਵਿਚ ਨਹੀਂ ਹਨ। ਉਹ ਉਹਨਾਂ ਖਿਲਾਫ ਸੰਵਿਧਾਨ ਦਾ ਵਿਸਲੇਸ਼ਣ ਕਰਦੇ ਹਨ। ਮੇਹਨਤਕਸ਼ਾਂ ਤੇ ਪਿਛੜਿਆਂ ਦੀਆਂ ਲੋੜਾਂ ਨੂੰ ਧਿਆਨ 'ਚ ਰੱਖ ਕੇ ਬਜ਼ਟ ਨਹੀਂ ਬਣਾਇਆ ਜਾਂਦਾ। ਰਾਜ ਕਰਨ ਵਿਵਸਥਾ ਦੀ ਨੀਤੀ ਲੋਕ ਵਿਰੋਧੀ ਬਣਾਈ ਜਾਂਦੀ ਹੈ। ਭਾਰਤੀ ਮੀਡੀਆ ਬਹੁਜਨ ਲੋਕਾਂ 'ਤੇ ਹੁੰਦੇ ਅਤਿਆਚਾਰਾਂ ਨੂੰ ਜਾਇਜ਼ ਠਹਿਰਾਉਣ ਦਾ ਕੰਮ ਕਰਦਾ ਹੈ। ਬ੍ਰਾਹਮਣਵਾਦੀ ਸੋਚ ਦਾ ਕੰਮ ਆਪਣੀ ਹਕੂਮਤ ਬਚਾਉਣਾ ਹੈ। ਭਗਵਤ ਗੀਤਾ 'ਤੇ ਹਮਲੇ ਸਬੰਧੀ ਉਹਨਾਂ ਨੇ ਗੀਤਾ ਦੀ ਰਾਖੀ ਲਈ ਉਹਨਾਂ ਸਾਰੇ ਸਾਧਨ ਝੋਕ ਦਿੱਤੇ ਪਰ ਪਿਛੜੇ ਲੋਕ ਅਜੇਹਾ ਕਰਦੇ ਹੀ ਨਹੀਂ।

# ਹਾਕਮ ਜਮਾਤਾਂ ਦੇ ਨਾਪਾਕ ਇਰਾਦੇ ਬਨਾਮ ਬਿਰਲਾ-ਅੰਬਾਨੀ ਰੀਪੋਰਟ

ਬਿੰਡਲਾ–ਅੰਬਾਨੀ ਟਾਸਕ ਫੋਰਸ ਨੇ 2002 'ਚ ਆਪਣੀ ਰੀਪੋਰਟ ਪੇਸ਼ ਕੀਤੀ ਜਿਸ ਦਾ ਸਿਰਲੇਖ ਸੀ "ਸਿੱਖਿਆ 'ਚ ਪੂੰਜੀ ਨਿਵੇਸ਼ ਲਈ ਨੀਤੀਗਤ ਫ੍ਰੇਸਵਰਕ।" ਪਹਿਲਾਂ ਸਿੱਖਿਆ ਦੇ ਵਧਾਰੀਕਰਨ ਨਾਲ ਸਬੰਧਤ ਸੁਝਾਵਾਂ ਨੂੰ ਅਕਾਦ ਮਿਕ, ਤਕਨੀਨੀ ਜਾਂ ਲੱਛੇਦਾਰ ਭਾਸ਼ਾ 'ਚ ਪੇਸ਼ ਕੀਤਾ ਜਾਂਦਾ ਸੀ, ਜਦ ਕਿ ਇਸ ਮੰਪੋਟ 'ਚ ਅਜੇਹੀ ਕੋਈ ਪਰਦਾਪੋਸ਼ੀ ਨਹੀਂ ਹੈ। ਇਨ੍ਹਾਂ ਦੋਹਾਂ ਸਰਮਾਏਦਾਰਾਂ ਨੇ ਬੜੇ ਹੀ ਸਾਫ–ਸਾਫ ਤੇ ਦੋ–ਟੁੱਕ ਸ਼ਬਦਾਂ ਵਿਚ ਉਚ ਸਿੱਖਿਆ ਨੂੰ ਪੂਰੀ ਤਰਾਂ ਬਜ਼ਾਰ ਦੇ ਹਵਾਲੇ ਕਰਨ ਤੇ ਮੁਨਾਫੇ ਦਾ ਸਾਧਨ ਬਣਾਉਣ ਦੀ ਮੰਗ ਕੀਤੀ ਹੈ। 1947 'ਚ ਦੇਸ਼ ਦੀਆਂ ਹਾਕਮ ਜਮਾਤਾਂ ਨੇ ਇਕ ਜਨਤਕ ਦੌਲਤ ਵਜੋਂ ਸਿੱਖਿਆਂ ਪ੍ਰਣਾਲੀ ਦੀ ਨੀਂਹ ਰਖੀ ਸੀ। ਪਰ ਬਿਡਲਾ ਤੇ ਅੰਬਾਨੀ ਨੇ ਇਸ ਬੁਨਿਆਦ ਦੀ ਆਖਰੀ ਇੱਟ ਤਕ ਉਖੇੜ ਸੁਟਣ ਤੇ ਸਿੱਖਿਆ ਖੇਤਰ ਨੂੰ ਪੂਰੀ ਤਰ੍ਹਾਂ ਸਰਮਾਏਦਾਰਾਂ ਦੇ ਸਪੁਰਦ ਕਰਨ ਦੀ ਸਿਫਾਰਸ਼ ਕੀਤੀ ਹੈ। ਇਸ ਅਰਥ 'ਚ ਇਹ ਰੀਪੋਟ ਸਭ ਪਹਿਲੀਆਂ ਰੀਪੋਟਾਂ ਦੇ ਸੁਝਾਵਾਂ, ਸਲਾਹਾਂ 'ਤੇ ਨਿਰਦੇਸਾਂ ਨੂੰ ਇਕੋ ਵੇਲੇ ਪੇਸ਼ ਕਰਦੀ ਹੈ ਅਤੇ ਸਿੱਖਿਆ ਦੇ ਨਿਜੀਕਰਣ ਦੇ ਠੋਸ ਤਰੀਕੇ ਵੀ ਦਸਦੀ ਹੈ। ਅੰਬਾਨੀ ਦੇ ਬਿਡਲਾ ਦੀ ਨਿਗਾਹ 'ਚ ਸਿੱਖਿਆ ਖੇਤਰ ਇਕ ਲਾਭਦਾਇਕ ਬਾਜ਼ਾਰ ਹੈ ਜਿਸ ਤੇ ਨਿਜੀ ਸਰਮਾਏਦਾਰਾਂ ਦਾ ਪੂਰਾ ਕੰਟਰੋਲ ਹੋਣਾ ਚਾਹੀਦਾ ਹੈ। ਸਿੱਖਿਆ ਦਾ ਉਦੇਸ਼ "ਹਰ ਨਵੀਂ ਹਾਲਤ 'ਚ ਢਲ ਜਾਣਯੋਗ ਕੁਸ਼ਲ ਮਜਦੂਰਾਂ ਨੂੰ ਤਿਆਰ ਕਰਨਾ ਹੋਣਾ ਚਾਹੀਦਾ ਹੈ। ਜੋ ਨਵੇਂ ਕੌਸ਼ਲ ਨੂੰ ਸਿਖਣ ਅਤੇ ਨਵੇਂ ਤਰੀਕੇ ਖੋਜਣ 'ਚ ਨਿਪੁੰਨ ਹੋਣ।" ਇਸ ਲਈ ਉਹ ਜਰੂਰੀ ਸਮਝਦੇ ਹਨ ਕਿ ਅਸੀਂ ਆਪਣੀ ਪਹਿਲਾਂ ਤੋਂ ਚਲਦੀ ਇਸ "ਮਾਨ ਸਿਕਤਾ 'ਚ ਬੁਨਿਆਦੀ ਬਦਲਾਅ ਲਿਆਈਏ।" ਜਿਸ ਕਾਰਨ ਅਸੀਂ "ਸਿੱਖਿਆ ਨੂੰ ਸਮਾਜਿਕ ਵਿਕਾਸ ਦਾ ਅੰਗ ਮੰਨਦੇ ਰਹੇ ਹਾਂ।" ਉਹ ਇਸ ਗੱਲ 'ਤੇ ਵੀ ਨਾਰਾਜ਼ਗੀ ਜਾਹਰ ਕਰਦੇ ਹਨ ਕਿ "ਭਾਰਤ 'ਚ ਸਿੱਖਿਆ ਦੇ ਖੇਤਰ ਵਿਚ ਸੰਭਾਵਿਤ ਹੋਰ ਸਭ ਖੇਤਰਾਂ ਤੋਂ ਵੱਧ ਸਰਕਾਰੀ ਕੰਟਰੋਲ ਹੈ। ਹਰ ਚੀਜ ਕਾਇਦੇ ਕਨੂੰਨ 'ਚ ਚਲਾਈ ਜਾਂਦੀ ਹੈ, ਚਾਹੇ ਥਾਂ ਦੀ ਚੋਣ ਹੋਵੇ ਜਾਂ ਵਿਦਿਆਰਥੀਆਂ ਦੀ ਗਿਣਤੀ ਸਲੇਬਸ ਦੀ ਅੰਤਰ ਵਸਤੂ ਹੋਵੇ ਜਾਂ ਫੀਸ ਦਾ ਢਾਂਚਾ, ਨਿਯੁਕਤੀਆਂ ਹੋਣ ਜਾਂ ਸਿੱਖਿਅਕਾਂ ਨੂੰ ਮਿਲਣ ਵਾਲੇ ਮੁਆਵਜੇ" ਉਹ ਸਿੱਖਿਆ ਦੇ ਇਸ "ਵਾਧੂ ਕੰਟਰੋਲ" ਦੇ ਖਿਲਾਫ ਹਨ ਕਿਉਂਕਿ ਇਹ ਸਿੱਖਿਆ 'ਚ "ਨਿਜੀ ਪੂੰਜੀ ਲਾਉਣ ਵਾਲਿਆਂ ਦੇ ਰਾਹ 'ਚ ਰੋੜਾ" ਬਣੇਗਾ। ਉਹ ਸਿੱਖਿਆਂ ਅਦਾਰਿਆਂ ਦੇ "ਸੰਚਾਲਨ ਦੀ ਅਜ਼ਾਦੀ ਤੇ ਨਵੇਂ ਨਵੇਂ ਬਦਲਾਅ ਲਾਉਣ ਸਬੰਧੀ ਲਚੀਲਾਪਣ ਚਾਹੁੰਦੇ ਹਨ। ਰੀਪੋਟ 'ਚ ਇਹ ਵੀ ਸ਼ਿਫਾਰਸ ਕੀਤੀ ਗਈ ਹੈ ਕਿ "ਸਰਕਾਰ ਨੂੰ ਚਾਹੀਂਦਾ ਹੈ ਕਿ ਉਹ ਨਿਜੀ ਖੇਤਰ ਨੂੰ ਸਿੱਖਿਆ 'ਚ ਨਿਵੇਸ਼ ਕਰਨ ਲਈ ਹੱਲਾਸੇਰੀ ਦੇਵੇ ਤੇ ਉਹ ਅਜਿਹੇ ਜੋਖਮਾ ਦੀ ਜਿੰਮੇਵਾਰੀ ਖੁਦ ਲਵੇ ਇਸ ਕਾਰਨ ਨਿਜੀ ਸੰਸਥਾਵਾਂ ਉਚ ਸਿੱਖਿਆ ਦੇ ਨਾਂ ਹੇਠ ਕਰਜਾ ਨਹੀਂ ਦੇਣਾ ਚਾਹੁੰਦੀ ਹੈ।" ਜ਼ਾਹਿਰ ਹੈ ਕਿ ਬਿਰਲਾ

ਤੇ ਅੰਬਾਨੀ ਸਰਮਾਏਦਾਰਾਂ ਲਈ ਪੂਰੀ ਅਜ਼ਾਦੀ ਚਾਹੁੰਦੇ ਹਨ ਜਿਸ 'ਚ ਜਦ ਚਾਹੇ ਨੌਕਰੀ 'ਤੇ ਰੱਖਣ ਤੇ ਜਦ ਚਾਹੇ ਬਾਹਰ ਕੱਢਣ ਦੀ ਅਜ਼ਾਦੀ ਵੀ ਸ਼ਾਮਲ ਹੈ। ਦੂਜੇ ਪਾਸੇ ਉਹ ਐਸੇ ਕਿਸੇ ਵੀ ਕਨੂੰਨ ਦੇ ਖਿਲਾਫ ਹਨ ਜੋ ਵਿਦਿਆਰਥੀਆਂ ਅਧਿਆਪਕਾਂ ਤੇ ਕਰਮਚਾਰੀਆਂ ਦੇ ਜਮਹੂਰੀ ਹੱਕ। ਤੇ ਸੱਟ ਮਾਰਦਿਆਂ ਉਨ੍ਹਾਂ ਨੂੰ" ਯੂਨੀਵਰਸਿਟੀਆਂ ਤੇ ਸਿੱਖਿਆ ਸੰਸਥਾਵਾਂ ਦੇ ਕੈਂਪਸਾਂ 'ਚ ਚਲਣ ਵਾਲੀ ਹਰ ਤਰ੍ਹਾਂ ਦੀ ਰਾਜਨੀਤੀ 'ਤੇ ਅਧਾਰਤ ਸਰਗਰਮੀ 'ਤੇ ਪਬੰਦੀ ਲਾਉਣ ਦੀ ਸਿਫਾਰਸ਼ ਕੀਤੀ ਹੈ। "ਭਾਰਤ 'ਚ ਯੂਨੀਵਰਸਿਟੀ ਪੱਧਰ ਦੀ ਸਿੱਖਿਆ ਦਾ ਵੱਡੇ ਪੈਮਾਨੇ 'ਤੇ ਨਿਜੀਕਰਣ" ਕਰਨ ਦੀ ਸਿਫਾਰਸ਼ ਕਰਦਿਆਂ ਰਿਪੋਟ 'ਚ ਕਿਹਾ ਗਿਆ ਹੈ ਕਿ ਇਸ ਮਾਮਲੇ 'ਚ ਸਰਕਾਰ ਦੀ ਭੂਮਿਕਾ ਸਿਰਫ ਸਹੂਲਤ ਮੁਹਈਆ ਕਰੌਣ ਵਾਲੇ ਸਹਾਇਕ ਵਜੋਂ ਹੋਣੀ ਚਾਹੀਦੀ ਹੈ। ਅਤੇ ਉਸ ਦੀ" ਵਿਗਿਆਨ, ਤਕ ਨੋਲੋਜੀ ਮੈਨੇਜਮੈਂਟ, ਅਰਥਸਾਸ਼ਤਰ, ਵਿਤੀ ਪ੍ਰਬੰਦ ਤੇ ਵਪਾਰ 'ਚ ਕੰਮ ਕਰਨ ਬਾਲੇ ਹੋਰ ਮੱਹਤਵਪੂਰਨ ਖੇਤਰਾਂ 'ਚ ਨਵੀਆਂ ਯੂਨੀਵਰਸਿਟੀਆਂ ਦੀ ਸਥਾਪਨਾ ਲਈ ਵੱਡੇ ਸਰਮਾਏਦਾਰ ਘਰਾਣਿਆਂ (ਜਿਵੇਂ ਖੁਦ ਅੰਬਾਨੀ ਤੇ ਬਿਡਲਾ) ਨੂੰ ਹੱਲਾਸੇਰੀ ਦੇਣ ਦਾ ਸੁਝਾਅ ਵਾ ਦਿਤਾ ਗਿਆ ਹੈ।

ਭਾਰਤ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਲਈ ਉਚ ਸਿੱਖਿਆ ਨੂੰ ਵਪਾਰ ਤੇ ਮੁਨਾਫੇ ਦਾ ਧੰਦਾ ਬਣਾਉਣ ਦੇ ਨਾਲ ਨਾਲ "ਸਿੱਖਿਆ ਖੇਤਰ 'ਚ ਪ੍ਰਤਖ ਵਿਦੇਸ਼ੀ ਨਿਵੇਸ਼" ਦੀ ਵੀ ਇਸ ਰੀਪੋਟ 'ਚ ਵਕਾਲਤ ਕੀਤੀ ਗਈ ਹੈ ਅਤੇ ਇਹ ਸੁਝਾਅ ਦਿੱਤਾ ਗਿਆ ਹੈ ਕਿ "ਸਸਤੀਆਂ ਦਰਾਂ 'ਤੇ ਉਤਮ ਕੋਟੀ ਦੀ ਸਿੱਖਿਆ ਦੇ ਇਕ ਉਚਿਤ ਸਥਾਨ ਵਜੋਂ ਪਚਾਰਦਿਆਂ ਭਾਰਤ ਨੂੰ ਬਾਜ਼ਾਰ 'ਚ ਉਤਾਰਿਆ ਜਾਵੇ। "ਜੋ, ਵੀ ਖਪਤ ਕਰੇ, ਉਹ ਖਰਚਾ ਦੇਵੇ" ਦੇ ਸਿਧਾਂਤ ਨੂੰ ਉਚ ਸਿੱਖਿਆ ਤੇ ਸਖਤੀ ਨਾਲ ਲਾਗੂ ਕਰਨ ਦੀ ਸਿਫਾਰਸ਼ ਕਰਦੇ ਹੋਇਆਂ ਰੀਪੋਟ 'ਚ ਕਿਹਾ ਗਿਆ ਹੈ ਕਿ" ਉਚ ਸਿੱਖਿਆ 'ਚ ਪੂਰੇ ਖਰਚੇ ਦੀ ਦੀ ਵਸੂਲੀ ਵੱਲ ਕ੍ਰਮਵਾਰ ਵਧਿਆ ਜਾਵੇ ਤੇ ਆਪਣਾ ਖਰਚ ਆਪ ਚਲਾਉਣ ਵਾਲੇ (ਸਵੈ ਨਿਰਭਰ) ਨਿਜੀ ਖੇਤਰ ਨੂੰ ਅੱਗੇ ਆਉਣ ਲਈ ਹੱਲਾਸ਼ੇਰੀ ਦਿੱਤੀ ਜਾਵੇ।"

ਜਿਹੜੇ ਸਲੇਬਸਾਂ ਤੋਂ ਭਰਪੂਰ ਮੁਨਾਫਾ ਕਮਾਉਣ ਦੀ ਸੰਭਾਵਨਾ ਹੈ ਉਨ੍ਹਾਂ ਨੂੰ ਨਿਜੀ ਖੇਤਰਾਂ ਨੂੰ ਸੌਂਪਣ ਦੀ ਸਿਫਾਰਸ਼ ਕੀਤੀ ਗਈ ਹੈ। ਜਦ ਕਿ 'ਪ੍ਰਚੀਨ ਭਾਸ਼ਾਵਾਂ ਪੁਰਾਤਤਵ, ਜੀਵਸ਼ਮ ਵਿਗਿਆਨ, ਧਰਮ ਤੇ ਦਰਸ਼ਨੈ ਵਰਗੇ ਵਿਸ਼ਿਆਂ ਨੂੰ ਬਾਜ਼ਾਰ ਤੇ ਮੁਨਾਫੇ ਲਈ ਬੇਕਾਰ ਦਸਦਿਆਂ ਇਨ੍ਹਾਂ ਨੂੰ ਸਰਕਾਰ ਦੇ ਸਿਰ ਮੜ ਦਿੱਤਾ ਗਿਆ ਹੈ ਅਤੇ ਸਾਫ ਤੌਰ ਤੇ ਇਹ ਕਿਹਾ ਗਿਆ ਹੈ ਕਿ "ਸਰਕਾਰ ਉਨ੍ਹਾਂ ਵਿਸਿਆਂ 'ਚ ਸਰਗਰਮ ਭੂਮਿਕਾ ਨਿਭਾਵੇ ਤੇ ਉਹਨਾਂ ਦੀ ਸਹਾਇਤਾ ਕਰੇ ਜਿਹਨਾਂ ਦੇ ਵਿਦਵਾਨਾ ਦਾ ਬਾਜ਼ਾਰ 'ਤੇ ਕੋਈ ਅਸਰ ਨਹੀਂ ਹੈ।" ਉਹ ਸਿੱਖਿਆ ਦੇ ਉਦੇਸ਼ ਨੂੰ ਗਿਆਨ-ਵਿਗਿਆਨ ਦੇ ਪ੍ਰਸਾਰ ਦੀ ਥਾਂ ਆਪਣੇ ਮੁਨਾਫੇ ਦੀ ਮਸ਼ੀਨ ਦਾ ਕਲ ਪੁਰਜਾ ਤਿਆਰ ਕਰਨ ਤਕ ਸੀਮਤ ਕਰ ਦੇਣਾ ਚਾਹੁੰਦੇ ਹਨ। ਸੂਚਨਾ ਤਕਨੋਲੋਜੀ ਤੇ ਗਿਆਨ ਅਧਾਰਿਤ ਸੇਵਾ ਖੇਤਰ ਦੇ ਵਿਕਾਸ ਨੂੰ ਧਿਆਨ 'ਚ ਰਖਦਿਆਂ ਉਹਨਾਂ ਦੀ ਸਿਫਾਰਸ਼ ਹੈ ਕਿ" ਸਿੱਖਿਆ ਪ੍ਰਣਾਲੀ ਪੁਰਾਨੀ ਕਿਸਮਾਂ ਦੇ ਸਨਅਤੀ ਮਜਦੂਰ ਨਾ ਪੈਦਾ ਕਰੇ, ਬਲਕਿ ਗਿਆਨ ਅਧਾਰਤ ਮਜ਼ਦੂਰ ਤਿਆਰ ਕਰੇ।" ਸਿੱਖਿਆਂ ਦੇ ਜ਼ਰੀਏ ਵਿਦਿਆਰਥੀਆਂ ਨੂੰ ਦੇਸ਼ ਦਾ ਅਜ਼ਾਦ ਤੇ ਅਧਿਕਾਰ ਹਾਸਲ ਨਾਗਰਿਕ ਬਣਾਉਣ ਦੀ ਬਜਾਏ ਉਹ

ਉਹਨਾਂ ਨੂੰ ਗੈਰ-ਰਾਜਸੀ, ਆਗਿਆਕਾਰੀ ਤੇ ਅਨੁਸਾਸ਼ਿਤ ਮਜ਼ਦੂਰਾਂ ਤੇ ਕਰਮਚਾਰੀਆਂ ਵਜੋਂ ਤਿਆਰ ਕਰਨ ਦੇ ਹਮਾਇਤੀ ਹਨ। ਇਹ ਸੁਝਾਅ ਦਿੱਤਾ ਗਿਆ ਹੈ ਕਿ “ਜਿਸ ਤਰ੍ਹਾਂ ਵਿਤੀ ਖੇਤਰ ’ਚ ਸਟੈਂਡਰਡ ਐਂਡ ਪੂਅਰ ਤੇ ਕ੍ਰਿਸਿਲ ਵਰਗੀਆਂ ਸੰਸਥਾਵਾਂ ਇਹ ਤਹਿ ਕਰਦੀਆਂ ਹਨ ਕਿ ਬਾਜ਼ਾਰ ’ਚ ਕਿਸ ਕੰਪਨੀ ਦਾ ਕੀ ਮੁੱਲ ਹੈ, ਉਸ ਤਰ੍ਹਾਂ ਹੀ ਅਜਾਦ ਸੰਸਥਾਵਾਂ ਭਾਰਤ ਦੀਆਂ ਸਭ ਸਿੱਖਿਆ ਸੰਸਥਾਵਾਂ-ਸਕੂਲਾਂ-ਕਾਲਜਾਂ ਤੇ ਯੂਨੀਵਰਸਿਟੀਆਂ ਦਾ ਪੱਕੇ ਤੌਰ ’ਤੇ ਦਰਜਾ ਤਹਿ ਕਰੇ।” ਅਤੇ ਇਸ ਮੁਲਅੰਕਨ ਦੇ ਅਧਾਰ ’ਤੇ ਸੰਸਥਾਵਾਂ ਨੂੰ ਵਿਤੀ ਸਹਾਇਤਾ ਦੇਣ ਜਾਂ ਨਾ ਦੇਣ ਦਾ ਫੈਸਲਾ ਹੋਵੇ। “ਨਿਰਧਾਰਿਤ ਮਾਨਦੰਡ ਨਾਲ ਘੱਟ ਸ਼ੇਣੀ ਵਾਲੀਆਂ ਸੰਸਥਾਵਾਂ ’ਚ ਫੀਸਦਾ ਢਾਂਚਾ ਵੱਖ-ਵੱਖ ਹੋਵੇ। ਨਿਜੀ ਯੂਨੀਵਰਸਿਟੀ ਕਨੂੰਨ ਵਾਗੂ ਬਿਡਲਾ-ਅੰਬਾਨੀ ਰੀਪੋਟ ਨੂੰ ਵੀ ਸਰਕਾਰ ਨੇ ਰਵਾਇਤੀ ਤੌਰ ’ਤੇ ਨਹੀਂ ਮੰਨਿਆਂ ਹੈ ਪਰ ਇਸ ਰੀਪੋਟ ਦੇ ਸਾਰੇ ਸੁਝਾਵਾਂ ਨੂੰ ਲਾਗੂ ਕੀਤਾ ਜਾ ਰਿਹਾ ਹੈ।

## *ਮਨੁੱਖੀ ਅਧਿਕਾਰ*

# ਮਛੇਰਿਆਂ 'ਤੇ ਪੁਲਸ ਗੋਲਾਬਾਰੀ ਕਿਉ?

ਪੇਂਚ ਬੰਨ੍ਹ ਦਾ ਪਾਣੀ ਜੰਗਲ ਦੀ 7700 ਹੇਕਟੇਅਰ ਘੇਰੇ 'ਚ ਫੈਲਿਆ ਹੋਇਆ ਹੈ। ਇਸ ਬੰਨ੍ਹ ਦੀ ਉਸਾਰੀ 1970-80 ਵਿਚਕਾਰ ਮਹਾਂਰਾਸ਼ਟਰ ਤੇ ਮੱਧਪ੍ਰਦੇਸ਼ ਦੀ ਸਰਹੱਦ ਦੇ ਨਾਗਪੁਰ ਤੇ ਛਿੰਦਵਾੜਾ ਜ਼ਿਲ੍ਹੇ ਨਾਲ ਲੱਗ ਰਹੇ ਖੇਤਰ ਵਿਚ ਕੀਤੀ ਗਈ ਸੀ। ਬੰਨ੍ਹਾ ਨੂੰ ਬਣਾਉਣ ਦਾ ਮਕਸਦ ਪਣ ਬਿਜਲੀ ਦੀ ਪੈਦਾਵਾਰ ਤੇ ਸਿੰਚਾਈ ਲਈ ਪਾਣੀ ਦੀ ਵਿਵਸਥਾ ਕਰਨਾ ਸੀ। ਬੰਨ੍ਹ ਨੂੰ ਬਣਾਉਣ ਲਈ ਵਣ ਵਿਭਾਗ ਵੱਲੋਂ 124 ਹੇਕਟੇਅਰ ਜੰਗਲ ਦੀ ਜ਼ਮੀਨ ਮਹਾਂਰਾਸ਼ਟਰ ਸਿੰਚਾਈ ਵਿਭਾਗ ਨੂੰ ਬੰਨ੍ਹ ਦੀ ਉਸਾਰੀ, ਉਹਨਾਂ ਦੇ ਮੁਲਾਜਮਾਂ ਦੀਆਂ ਰਿਹਾਇਸ਼ਾਂ ਅਤੇ ਮੱਧ ਪ੍ਰਦੇਸ਼ ਬਿਜਲੀ ਵਿਭਾਗ ਨੂੰ ਬਿਜਲੀ ਪੈਦਾਵਾਰ ਲਈ ਦਿੱਤੀ ਗਈ ਸੀ। ਇਸ ਬੰਨ੍ਹ ਨਾਲ ਉਜਾੜੇ ਗਏ ਆਦੀਵਾਸੀ ਤੇ ਉਸ ਇਲਾਕੇ ਦੇ ਦਲਿਤ ਮਜ਼ਦੂਰ ਵੀ ਬੰਨ੍ਹ ਦੇ ਉਸਾਰੀ ਕੰਮ 'ਚ ਮਜ਼ਦੂਰੀ ਕਰਨ ਲੱਗੇ ਸਨ। ਹੌਲੀ-ਹੌਲੀ ਉਥੇ ਟੈਲੀਫੋਨ ਕੇਂਦਰ, ਬੈਂਕ, ਦੁਕਾਨਾਂ, ਸਪਤਾਹਿਕ ਬਾਜ਼ਾਰ, ਸਕੂਲ ਆਦਿ ਸਥਾਪਤ ਹੋ ਗਏ। ਤੋਤਲਾਹੋੜ ਇੱਕ ਪੂਰਾ ਪਿੰਡ ਵਿੱਚ ਤਬਦੀਲ ਹੋ ਗਿਆ ਹੈ। ਨਾਗਪੁਰ ਤੇ ਰਾਮਟੇਕ ਤੋਂ ਮਹਾਂਰਾਸ਼ਟਰ ਹਕੂਮਤ ਦੀਆਂ ਬੱਸਾਂ ਲਗਾਤਾਰ ਚਲਣ ਲੱਗੀਆਂ। ਉਹ ਲੋਕ ਵੋਟਾਂ ਪਾਉਣ ਲਈ ਗੁਆਂਢੀ ਪਿੰਡ ਪਿਪਰੀਆ ਵਿੱਚ ਜਾਂਦੇ। ਰੁਜ਼ਗਾਰ ਦਾ ਕੋਈ ਸਾਧਨ ਨਾ ਹੋਣ 'ਤੇ ਉਥੋਂ ਦੇ ਬਸ਼ਿੰਦੇ ਬੰਨ੍ਹਦੇ ਪਾਣੀ 'ਚੋਂ ਮੱਛੀਆਂ ਫੜ ਕੇ ਆਪਣੀ ਰੋਟੀ-ਰੋਜ਼ੀ ਚਲਾਉਂਦੇ ਸਨ। ਮੱਧ ਪ੍ਰਦੇਸ਼ ਮਤਸਅ ਨਿਗਮ, ਉਹਨਾਂ ਦੇ ਇਸ ਕੰਮ ਨੂੰ ਗਿਣਤੀ 'ਚ ਲੈ ਕੇ ਇਹਨਾਂ ਮਛੇਰਿਆਂ ਤੋਂ ਟੈਕਸ ਜਾਂ ਰਾਇਲਟੀ ਵਸੂਲ ਕਰਨ ਲੱਗਿਆ। ਇਹਨਾਂ ਮਛੇਰਿਆਂ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਉਹ ਵੱਡੇ ਲੋਕ ਵੱਡੇ ਵਪਾਰੀਆਂ ਵੱਲੋਂ ਲੁੱਟੇ ਜਾ ਰਹੇ ਹਨ। ਇਸ ਲਈ ਉਹਨਾਂ ਨੇ 'ਨਹਿਰੂ' ਯੁਵਾ ਕਾਰੋਬਾਰੀ ਸਹਿਕਾਰੀ ਸੰਸਥਾ ਬਣਾਈ ਅਤੇ ਪਹਿਲਾਂ ਤੋਂ ਵੱਧ ਰਾਇਲਟੀ ਮੱਧ ਪ੍ਰਦੇਸ਼ ਨਗਰ ਨਿਗਮ ਨੂੰ ਅਦਾ ਕਰਨ ਲੱਗੇ। ਇਸ ਸੰਸਥਾ ਰਾਹੀਂ ਮਛੇਰਿਆਂ ਨੂੰ ਬੇੜੀ ਤੇ ਜਾਲ ਮੱਛੀ ਫੜਨ ਲਈ ਦਿੱਤੇ ਗਏ। ਇਸ ਤੋਂ ਇਲਾਵਾ ਉਹਨਾਂ ਨੂੰ ਅਡਵਾਂਸ ਪੈਸੇ ਵੀ ਦਿੱਤੇ ਗਏ। ਇਸ ਕਾਰਨ ਇਹਨਾਂ ਮਛੇਰਿਆਂ ਦੀ ਆਮਦਨ 'ਚ ਵਾਧਾ ਵੀ ਹੋਇਆ ਪਰ ਯਾਦ ਰੱਖਣ ਵਾਲੀ ਗੱਲ ਇਹ ਸੀ ਕਿ ਸੰਸਥਾ ਨੇ ਇਹਨਾਂ ਮਛੇਰਿਆਂ ਨੂੰ ਜੰਗਲ ਤੇ ਜਾਨਵਰਾਂ ਦੀ ਰਾਖੀ ਤੇ ਹਿਫਾਜਤ, ਗਰਮੀ ਦੇ ਦਿਨਾਂ 'ਚ ਅੱਗ ਤੋਂ ਜੰਗਲ ਤੇ ਸ਼ਿਕਾਰੀ ਦੇ ਚੁੰਗਲ ਤੋਂ ਜਾਨਵਰਾਂ ਨੂੰ ਕਿਵੇਂ ਬਚਾਉਣਾ ਹੈ, ਆਦਿ ਬਾਰੇ ਸਿਖਲਾਈ ਦਿੱਤੀ। ਇਸ ਤੋਂ ਵੱਡੀ ਗੱਲ ਇਹ ਸੀ ਕਿ ਇਹਨਾਂ ਲੋਕਾਂ ਨੂੰ ਗੈਰ ਕਾਨੂੰਨੀ ਤਰੀਕਿਆਂ ਨਾਲ ਜੰਗਲ ਦੇ ਦਰੱਖਤਾਂ ਦੀ ਕਟਾਈ ਕਰਨ ਦੀ ਵੀ ਮਨਾਹੀ ਕੀਤੀ ਗਈ। ਪਰ ਵਣਾਂ ਦਾ ਵਿਨਾਸ਼ ਕਰ ਰਹੀਆਂ ਸ਼ਕਤੀਆਂ ਨੂੰ ਇਹ ਦਲੀਲ ਕਿ ਮਨੁੱਖਾਂ ਤੇ ਮਵੇਸ਼ੀਆਂ ਦੀ ਅਬਾਦੀ ਵਧਣ ਕਾਰਨ "ਜੈਵ ਦਬਾਅ" ਤੇ ਜੈਵ ਵਿਵਧਤਾ ਜੰਗਲ ਦੇ ਵਿਨਾਸ਼ ਲਈ ਜਿੰਮੇਵਾਰ ਹੈ, ਸੱਚਾਈ ਤੋਂ ਪਰ੍ਹਾਂ ਹੈ। ਜੰਗਲ ਵਾਸੀਆਂ ਦਾ ਜੰਗਲ ਤੇ ਜਾਨਵਰਾਂ ਨਾਲ ਇੱਕ ਮਜ਼ਬੂਤ ਸਭਿਆਚਾਰਕ ਤੇ ਅਧਿਆਤਮਕ ਰਿਸ਼ਤਾ ਸਦੀਆਂ ਤੋਂ ਹੈ। ਉਹਨਾਂ ਨੇ ਇਸ ਅਟੁੱਟ ਰਿਸ਼ਤੇ ਦੀ ਵਜਾਹ

ਕਰਕੇ ਉਹਨਾਂ ਲੋਕਾਂ ਨੇ ਜੰਗਲ ਦੀ ਲੁੱਟ ਨਹੀਂ ਕੀਤੀ। ਤੋਤਲਾ ਛੋਹ 'ਚ ਸਭ ਕੁਝ ਠੀਕ ਠਾਕ ਚਲ ਰਿਹਾ ਸੀ ਕਿ ਅਚਾਨਕ ਵਣ ਵਿਭਾਗ ਨੇ 1995 'ਚ ਮੱਛੀ ਮਾਰਨ 'ਤੇ ਪਾਬੰਦੀ ਲਾ ਦਿੱਤੀ। ਇਸ ਪਿੱਛੇ ਕਾਰਨ ਇਹ ਸੀ ਕਿ 1992 'ਚ ਪੇਂਚ ਕੌਮੀ ਪਾਰਕ ਨੂੰ ਬਾਘ ਰਾਖਵਾਂਕਰਣ ਖੇਤਰ ਐਲਾਨ ਦਿੱਤਾ ਗਿਆ। ਵਣ ਅਧਿਕਾਰੀਆਂ ਨੇ ਇਸ ਪਾਰਕ ਤੋਂ ਪਿੰਡ ਵਾਲਿਆਂ ਨੂੰ ਦਵਾਈ-ਯੁਕਤ ਪੌਦੇ, ਜੜੀ-ਬੂਟੀ ਤੇ ਜਲਾਊ ਲੱਕੜੀ ਲੈ ਜਾਣ 'ਤੇ ਪਬੰਦੀ ਲਾ ਦਿੱਤੀ। ਉਥੋਂ ਦੇ ਲੋਕਾਂ ਦਾ ਜੀਵਨ ਇਕ ਦਮ ਰੁਕ ਗਿਆ ਸੀ। ਹਜ਼ਾਰਾਂ ਲੋਕਾਂ 'ਤੇ ਭੁਖ ਦੀ ਛਾਂ ਮੰਡਰਾਉਣ ਲੱਗੀ ਸੀ। ਜੀਵਨ ਜਿਉਣ ਦਾ ਉਹਨਾਂ ਦਾ ਇਕੋ ਸਾਧਨ ਮੱਛੀ ਮਾਰੀ ਸੀ। ਇਸ ਹੱਕ ਤੋਂ ਉਹਨਾਂ ਲੋਕਾਂ ਨੂੰ ਵਾਂਝਾ ਕਰ ਦਿੱਤਾ ਗਿਆ। ਮਰਦੇ ਕੀ ਨਾ ਕਰਦੇ ਵਾਲੀ ਕਹਾਵਤ ਵਾਗੂੰ ਉਹ ਲੋਕ ਮਜ਼ਬੂਰ ਹੋ ਕੇ ਚੋਰੀ ਛੁਪੇ ਮੱਛੀ ਮਾਰਨ ਲੱਗੇ। ਇਸ ਜਿਉਣ ਮਰਨ ਦੀ ਲੜਾਈ ਦਾ ਸਿੱਟਾ ਹਰ ਆਏ ਦਿਨ ਵਣ ਵਿਭਾਗ ਤੇ ਪਿੰਡ ਵਾਲਿਆਂ ਵਿਚਕਾਰ ਟੱਕਰ ਵਜੋਂ ਦਿਖਾਈ ਦਿੰਦਾ।

ਦੇਸ਼ 'ਚ ਸੋਚੀ ਸਮਝੀ ਸਾਜਿਸ਼ ਦੇ ਤਹਿਤ ਹੀ ਵਣਾਂ ਤੋਂ ਬੇਦਖਲੀ ਦੀ ਕਾਰਵਾਈ ਜਾਬਰ ਢੰਗ ਨਾਲ ਕੀਤੀ ਗਈ। ਉਹਨਾਂ ਦੇ ਨਾਲ ਘੁਸ-ਪੈਠੀਆਂ, ਹਮਲਾਵਰਾਂ ਤੇ ਜੰਗਲ ਦੇ ਵਣਜੀਵਾਂ ਦੇ ਦੁਸ਼ਮਣਾਂ ਵਰਗਾ ਵਰਤਾਅ ਕੀਤਾ ਗਿਆ। ਇਹਨਾਂ ਜੰਗਲ ਅਧਿਕਾਰੀਆਂ ਵੱਲੋਂ ਮਾਰ-ਕੁੱਟ, ਯੌਨ-ਵਾਰ ਤੇ ਹੱਤਿਆਵਾਂ ਦਾ ਸਿਲਸਿਲਾ ਤਾਂ ਆਮ ਗੱਲ ਹੋ ਗਈ। ਇਸ ਕਾਰਵਾਈ ਦਾ ਵਿਰੋਧ ਕਰਨ 'ਤੇ ਇਹਨਾਂ ਲੋਕਾਂ ਨੂੰ ਦੇਸ਼-ਧ੍ਰੋਹੀ ਜਾਂ ਨਕਸਲੀ ਹੋਣ ਦਾ ਦੋਸ਼ ਲਾਕੇ ਅੰਦੋਲਨ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਦਾ ਤਰੀਕਾ ਆਮ ਗੱਲ ਹੋ ਗਈ। ਪ੍ਰਧਾਨ ਮੰਤਰੀ ਵੱਲੋਂ ਵਿਗਿਆਨ ਤੇ ਵਾਤਾਵਰਣ ਦੀ ਨਿਰਦੇਸ਼ਕ ਸੁਨੀਤਾ ਨਰਾਇਣ ਦੀ ਪ੍ਰਧਾਨਗੀ 'ਚ ਬਾਘ ਰਾਖਵੇਂਕਰਨ 'ਚ ਬਾਘਾਂ (ਸ਼ੇਰਾਂ) ਦੀਆਂ ਮੌਤਾਂ ਦੀ ਜਾਂਚ ਲਈ 2005 'ਚ ਕਮੇਟੀ ਗਠਿਤ ਕੀਤੀ ਗਈ। ਦੇਸ਼ ਦੇ 17 ਰਾਜਾਂ ਦੇ 28 ਸ਼ੇਰ ਰਾਖਵੇਂਕਰਨ ਇਲਾਕੇ 'ਚ ਨਿਰੀਖਣ ਕੀਤਾ ਗਿਆ। ਨਿਰੀਖਣ ਪਿੱਛੋਂ ਬਹੁਤ ਮਹੱਤਵਪੂਰਨ ਜਾਣਕਾਰੀ ਤੇ ਮੂਲ ਅੰਕਣ ਦੇ ਅਧਾਰ 'ਤੇ ਇਕ ਰੀਪੋਟ ਤਿਆਰ ਕੀਤੀ ਗਈ। ਇਸ ਰੀਪੋਟ 'ਚ ਬੇਦਖਲੀਆਂ ਬਾਰੇ ਸਾਫ ਸ਼ਬਦਾਂ 'ਚ ਲਿਖਿਆ ਕਿ 'ਹਾਲਤ ਸਚਮੁੱਚ ਘਰੇਲੂ ਜੰਗ ਵਰਗੇ ਹਨ।' ਸੁਪਰੀਮ ਕੋਰਟ ਨੇ ਇਕ ਕੇਂਦਰੀ ਕਮੇਟੀ ਬਣਾਈ। ਉਸ 'ਚ ਸ਼ਾਮਲ ਵਣ ਪ੍ਰੇਮੀਆਂ ਤੇ ਰਾਖਵਾਂਕਰਨ ਵਾਦੀਆਂ ਨੇ ਬੇਦਖਲੀ ਦੇ ਮਾਮਲੇ 'ਚ ਕਹਿਰ ਢਾਹ ਦਿੱਤਾ। 16 ਅਕਤੂਬਰ 2003 ਨੂੰ 'ਵਿਸ਼ਵ ਖੁਰਾਕ ਦਿਵਸ' ਮੌਕੇ ਪੱਛਮੀ ਬੰਗਾਲ ਦੇ ਸੁੰਦਰਵਣ ਦੀਪ 'ਚ ਦਸ ਹਜ਼ਾਰ ਮਛੇਰਿਆਂ ਨੇ ਮੱਛੀ ਸੁਕਾਈ। ਇਹਨਾਂ ਮਛੇਰਿਆਂ 'ਤੇ ਪੁਲਸ ਨੇ ਬੇਰਹਿਮੀ ਨਾਲ ਲਾਠੀਚਾਰਜ ਕਰਕੇ ਇਹਨਾਂ ਨੂੰ ਬੇਦਖਲ ਕਰ ਦਿੱਤਾ। ਇਸ ਤਰ੍ਹਾਂ ਕੇਰਲਾ ਦੇ ਵਾਇਨਾਡ ਜ਼ਿਲ੍ਹੇ ਵਿੱਚ ਮੁਤੰਗਾ 'ਚ ਵਣ-ਆਸ਼ਰਮ ਵਿੱਚ ਬੇਜਮੀਨੇ ਆਦੀਵਾਸੀਆਂ ਦੇ ਕਤਲੇਆਮ ਵਿੱਚ ਇਸ ਕਮੇਟੀ ਦਾ ਹੱਥ ਸੀ। ਸਿੱਟੇ ਵਜੋਂ ਲੱਖਾਂ ਲੋਕ ਇਸ ਕਮੇਟੀ ਦੇ ਸ਼ਿਕਾਰ ਹੋਏ ਸਨ ਤੋਤਲਾ ਡੋਹ ਦੇ ਪੇਂਡੂਆਂ ਨੇ ਹਾਲਾਤ ਨਾਲ ਨਿਪਟਣ ਲਈ 'ਜਨ-ਵਣ ਅੰਦੋਲਨ ਸੰਮਤੀ' ਬਣਾਈ। ਇਸ ਸੰਮਤੀ ਦਾ ਕੰਮਕਾਜ ਕਾਮਰੇਡ ਹਰਣ, ਵਿਨੋਣ ਗਜਦਿਐ ਰੰਗੋਤਰੀ ਆਸਿਸ਼ ਘੋਸ਼, ਐਡਵੋਕੇਟ ਗਜਭਿਐ, ਆਦਿ ਦੀ ਦੇਖਰੇਖ 'ਚ ਚਲ ਰਿਹਾ ਸੀ। ਲੋਕ ਲਗਾਤਾਰ ਸੰਘਰਸ਼ ਕਰ ਰਹੇ ਸਨ। ਇਸ ਸੁਆਲ 'ਤੇ ਦੇਸ਼

ਦੇ ਵੱਖ-ਵੱਖ ਹਿੱਸਿਆਂ ਤੋਂ ਸਮਾਜਕ-ਰਾਜਸੀ ਕਾਰਕੁੰਨ ਮੇਘਾ ਪਾਟੇਕਰ, ਡਾ. ਬੀਡੀ ਸ਼ਰਮਾ ਆਦਿ ਨੇ ਵੀ ਸਮੇਂ-ਸਮੇਂ 'ਤੇ ਸ਼ਮੂਲੀਅਤ ਕੀਤੀ। ਇਸ ਪ੍ਰਸੰਗ 'ਚ ਸ਼ੇਰ ਪ੍ਰੇਮੀ ਤੇ ਰਾਖਵਾਂਕਰਨਵਾਦੀ ਬਿੱਟੂ ਸਹਿਗਲ, ਮੇਘਾ, ਪਾਟੇਕਰ ਦੇ ਨਾਲ ਇੱਥੇ ਆਏ ਸਨ। ਸਹਿਗਲ ਆਪਣੀ ਗੱਲ 'ਤੇ ਅੜੇ ਹੋਏ ਸਨ। ਉਥੇ ਪਿੰਡ ਵਾਲਿਆਂ ਨੇ ਤਰਕ ਦਿੱਤਾ ਕਿ ਸਦੀਆਂ ਤੋਂ ਅਸੀਂ ਤੇ ਸਾਡੇ ਵੱਡ ਵਡੇਰੇ ਸ਼ੇਰ ਤੇ ਹੋਰ ਜਾਨਵਰਾਂ ਦੇ ਨਾਲ ਰਹਿ ਰਹੇ ਸਨ ਪਰ ਕਦੇ ਕੁਝ ਮਾੜੀ ਘਟਨਾ ਨਹੀਂ ਹੋਈ। ਇਹ ਸਭ ਤਾਂ ਅੱਜ ਦੇ ਦੌਰ ਵਿੱਚ ਲਾਲਚੀ ਤਾਕਤਾਂ ਤੇ ਵਣ ਵਿਭਾਗ ਦੀ ਮਿਲੀਭੁਗਤ ਕਾਰਨ ਜੰਗਲ ਤੇ ਜਾਨਵਰਾਂ ਨੂੰ ਮਾਰਿਆ ਜਾ ਰਿਹਾ ਹੈ। ਇਸ ਸੁਆਲ ਦਾ ਜੁਆਬ ਸਹਿਗਲ ਨਹੀਂ ਦੇ ਸਕੇ।

ਸਭ ਤੋਂ ਬੁਰਾ ਜੋ ਹੋ ਸਕਦਾ ਸੀ। ਉਹ 2000 ਸਾਲ 'ਚ ਹੋਇਆ। ਮਾਲ ਵਿਭਾਗ ਨੇ ਇਹਨਾਂ ਮਛੇਰਿਆਂ ਤੇ ਪਿੰਡ ਵਾਲਿਆਂ ਨੇ ਦੂਜੀ ਥਾਂ ਮੁੜ ਵਸਾਉਣ ਲਈ ਇਕ ਸਕੀਮ ਬਣਾਈ। ਇਸ ਬਾਰੇ ਮਾਲ ਤੇ ਹੋਰ ਵਿਭਾਗ ਨੇ ਅਧਿਕਾਰੀਆਂ ਨਾਲ ਕਈ ਵਾਰੀ ਜਥੇਬੰਦੀ ਦੇ ਕਾਰਕੁੰਨਾਂ ਵਿੱਚ ਚਰਚਾ ਹੋਈ ਪਰ ਸਿੱਟਾ ਕੁਝ ਨਹੀਂ ਨਿਕਲ ਸਕਿਆ। ਵਣ ਵਿਭਾਗ ਨੇ ਤੋਤਲਾਡੋਹ ਦੇ ਲੋਕਾਂ ਨੂੰ ਹਮਲਾਵਰ ਐਲਾਨ ਦਿੱਤਾ ਤੇ ਪਿੰਡ ਛੱਡਣ ਦਾ ਨੋਟਿਸ ਦੇ ਦਿੱਤਾ। ਵਣ ਵਿਭਾਗ ਦੇ ਇਸ ਗੈਰ ਮਨੁੱਖੀ ਕਾਰਨਾਮੇ ਖਿਲਾਫ ਪਿੰਡ ਵਾਲੇ ਨਾਗਪੁਰ ਹਾਈਕੋਰਟ ਗਏ। ਕੋਰਟ ਨੇ ਇਹਨਾਂ ਪਿੰਡ ਵਾਲਿਆਂ ਨੂੰ ਸਹੀ ਢੰਗ ਨਾਲ ਵਸਾਉਣ ਤਕ ਤੋਤਲਾਡੋਹ ਪਿੰਡ ਤੋ ਨਾ ਹਟਾਉਣ ਦਾ ਹੁਕਮ ਦਿੱਤਾ। ਉਥੇ ਲਗਾਤਾਰ ਵਣ ਵਿਭਾਗ ਦੇ ਅਧਿਕਾਰੀ ਪਿੰਡਾਂ ਵਾਲਿਆਂ ਖਿਲਾਫ ਗੁੰਡਾਗਰਦੀ ਤੇ ਗੈਰ ਕਾਨੂੰਨੀ ਤਰੀਕੇ ਨਾਲ ਮੱਛੀ ਦਾ ਸ਼ਿਕਾਰ ਵਰਗੇ ਝੂਠੇ ਦਾ ਪ੍ਰਚਾਰ ਮੀਡੀਆ ਤੇ ਹੋਰ ਸਰਕਾਰੀ ਅਧਿਕਾਰੀ ਦਫਤਰਾਂ 'ਚ ਕਰਨ ਲੱਗੇ ਸਨ। ਵਣ ਵਿਭਾਗ ਨੇ ਉਥੋਂ ਦੀ ਜਨਤਾ ਤੇ ਉਸ ਦੀ ਰੋਟੀ ਰੋਜ਼ੀ ਦੀ ਪੂਰੀ ਅਣਦੇਖੀ ਤੇ ਉਲੰਘਣਾ ਕਰਨ ਦੀ ਧਾਰ ਲਈ। ਇਸ ਲਈ ਮਹਾਂਰਾਸ਼ਟਰ ਸਰਕਾਰ ਦਾ ਰਵੱਈਆ ਗੈਰ-ਜਮਹੂਰੀ ਤੇ ਅਤਿਆਚਾਰੀ ਹੋ ਗਿਆ ਸੀ। ਆਖਰਕਾਰ ਕੋਰਟ ਨੇ ਦੋ ਸਾਲ ਪਿੱਛੋਂ 22 ਅਪ੍ਰੈਲ 2002 ਨੂੰ ਹੁਕਮ ਦਿੱਤਾ ਕਿ ਪਿੰਡ ਨੂੰ ਖਾਲੀ ਕਰਵਾ ਦਿੱਤਾ ਜਾਵੇ। ਨਾਲ ਹੀ ਅਦਲਾਤ ਨੇ ਸਟੇਨੋ ਕਾਪੀ 'ਚ ਇਹ ਵੀ ਕਿਹਾ ਕਿ ਰਾਜ ਸਰਕਾਰ ਵਣ ਵਿਭਾਗ ਨੂੰ ਪਿੰਡ ਖਾਲੀ ਕਰਾਉਣ ਲਈ ਲੋੜੀਂਦੀ ਪੁਲਸ ਤੇ ਹੋਰ ਸਹੂਲਤਾਂ ਮੁਹਈਆ ਕਰਵਾਏ। ਪਰ ਉਜੜੇ ਲੋਕਾਂ ਨੂੰ ਇਸ ਫੈਸਲੇ ਦੀ ਕਾਪੀ ਨਹੀਂ ਦਿੱਤੀ ਗਈ। ਅਦਾਲਤ ਦੇ ਇਸ ਫੈਸਲੇ 'ਤੇ ਅਧਿਕਾਰੀਆਂ ਨੇ ਕਾਰਵਾਈ ਕਰਕੇ ਦੋ ਦਿਨਾਂ ਅੰਦਰ ਪੂਰੇ ਪਿੰਡ ਨੂੰ ਤਹਿਸ-ਨਹਿਸ ਕਰ ਦਿੱਤਾ ਸੀ। 350 ਪ੍ਰੀਵਾਰਾਂ ਦਾ ਸਭ ਕੁਝ ਬਰਬਾਦ ਹੋ ਗਿਆ ਤੇ ਉਹ ਲੋਕ ਜੀ. ਟੀ. ਰੋਡ ਨੰਬਰ ਸੱਤ ਦੇ ਕਿਨਾਰੇ ਤਪਦੀ ਧੁੱਪ 'ਚ ਤੜਪਣ ਲਈ ਮਜ਼ਬੂਰ ਹੋ ਗਏ। ਬਰਬਾਦੀ ਦਾ ਇਹ ਆਲਮ ਕਿਸੇ ਯੁੱਧ ਵਰਗਾ ਸੀ। ਭੁੱਖ ਨਾਲ ਰੋਂਦੇ ਵਿਲਕਦੇ ਮਾਸੂਮ ਬੱਚਿਆਂ, ਔਰਤਾਂ ਤੇ ਮਰਦਾਂ ਦੀਆਂ ਅੱਖਾਂ 'ਚ ਇੱਕ ਹੀ ਸੁਆਲ ਸੀ ਕਿ ਉਹ ਕਿੱਥੇ ਜਾਣ? ਕਿਥੋਂ ਖਵਾਉਣ ਬੱਚਿਆਂ ਨੂੰ? ਬੇਦਖਲ ਹੋਏ ਲੋਕ ਆਉਣ ਵਾਲੇ ਸਮੇਂ ਵਿੱਚ ਆਪਣੀ ਬੇਦਖਲੀ ਨਾਲ ਦੋ-ਦੋ ਹੱਥ ਕਰਕੇ ਨਿਕਲ ਜਾਣਗੇ, ਪਰ ਅਦਾਲਤ ਦੇ ਇਕ ਤਰਫਾ ਫੈਸਲੇ ਪਿੱਛੇ ਛੁਪੇ ਕਈ ਸੁਆਲ ਇਤਿਹਾਸ 'ਚ ਘਿਰਣਾ ਤੇ ਗੈਰ ਮਨੁੱਖਤਾ ਵਜੋਂ ਯਾਦ ਕੀਤੇ ਜਾਣਗੇ। ਅਦਾਲਤ ਨੇ ਫੈਸਲਾ ਦਿੰਦੇ ਸਮੇਂ ਹੇਠਾਂ ਲਿਖੇ

ਵਰਨਣਯੋਗ ਸੁਆਲਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜੋ ਕਿ ਪੇਂਡੂਆਂ ਦੇ ਪੱਖ ਵਿੱਚ ਸਨ :-

1975 'ਚ ਪੇਂਚ ਜੰਗ ਨੂੰ ਕੌਮੀ ਪਾਰਕ ਐਲਾਨ ਦਿੱਤਾ ਗਿਆ ਪਰ ਜੰਗਲ ਦੀ ਮੂਲ ਥਾਂ ਵਿੱਚ 7700 ਏਕੜ ਇਲਾਕੇ 'ਚ ਪਣ-ਬਿਜਲੀ ਸਟੇਸ਼ਨ ਤੇ ਬੰਨ੍ਹ ਦੀ ਉਸਾਰੀ ਕੀਤੀ ਗਈ। ਮੱਧ ਪ੍ਰਦੇਸ਼ ਦੇ ਬਿਜਲੀ ਤੇ ਮਹਾਂਰਾਸ਼ਟਰ ਹਕੂਮਤ ਦੇ ਸਿੰਚਾਈ ਵਿਭਾਗ ਦੇ ਕਰਮਚਾਰੀਆਂ ਲਈ ਰਿਹਾਇਸ਼ੀ ਵਿਵਸਥਾ ਕੀਤੀ ਗਈ। ਦਸ ਸਾਲ ਤੋਂ ਵੱਧ ਬੰਨ੍ਹ ਬਣਨ ਦੇ ਅਮਲ ਦੌਰਾਨ ਆਂਢ-ਗੁਆਂਢ ਦੇ ਉਜੜੇ ਤੇ ਹੋਰ ਮਜ਼ਦੂਰ ਵੀ ਉਥੇ ਘਰ ਬਣਾ ਕੇ ਰਹਿਣ ਲੱਗੇ ਸਨ। ਵੀਹ ਕਿਲੋਮੀਟਰ 'ਤੇ ਸਥਿਤ ਪਿੰਡ ਪਵਨੀ ਤੋਂ ਲੋਕ ਬਾਹਰ ਰੋਜ ਮਰਾ ਦੀਆਂ ਚੀਜ਼ਾਂ ਖਰੀਦਣ-ਵੇਚਣ ਸੰਘਣੇ ਜੰਗਲ ਵਿੱਚੋਂ ਤੋਤਲਾਡੋਹ ਆਉਂਦੇ ਜਾਂਦੇ ਸਨ। ਇਹਨਾਂ ਚੀਜਾਂ ਦੀ ਉਪਲੱਭਤਾ ਪਵਨੀ ਪਿੰਡ ਵਿੱਚ ਹੀ ਸੀ। ਇਸ ਤਰ੍ਹਾਂ ਸਰਕਾਰੀ ਕਲੌਨੀ ਇਕ ਪੂਰੇ ਪਿੰਡ ਵਜੋਂ ਵਿਕਸਤ ਹੋ ਗਈ ਸੀ। ਇਹ ਸਮਾਜ ਦੀ ਲੋੜ ਹੈ ਤੇ ਉਥੇ ਰਹਿੰਦੇ ਸਰਕਾਰੀ ਕਰਮਚਾਰੀਆਂ ਨੂੰ ਵੀ ਇਹਨਾਂ ਸਾਰੀਆਂ ਚੀਜਾਂ ਦੀ ਗਰਜ ਸੀ। ਇਸ ਲਈ ਤੋਤਲਾਡੋਹ ਪਿੰਡ ਪਣ ਬਿਜਲੀ ਤੇ ਸਿੰਚਾਈ ਵਿਭਾਗ ਲਈ ਪ੍ਰਾਣ-ਹਵਾ (ਆਕਸੀਜਨ) ਦਾ ਕੰਮ ਕਰ ਰਿਹਾ ਸੀ। ਇਹ ਵੀ ਸੁਆਲ ਸੀ ਕਿ ਇੱਕ ਵਾਰੀ ਜਮੀਨ ਸਿੰਚਾਈ ਵਿਭਾਗ ਨੂੰ ਤਬਦੀਲ ਕਰ ਦਿੱਤੀ ਗਈ ਸੀ ਤਾਂ ਬੰਨ੍ਹ ਦਾ ਡੁੱਬ-ਖੇਤਰ, ਬਿਜਲੀ ਪੈਦਾਵਾਰ, ਉਹਨਾਂ ਦੇ ਕਰਮਚਾਰੀਆਂ ਦੇ ਘਰ ਤੇ ਜਮੀਨ ਕੌਮੀਪਾਰਕ ਦੇ ਅਧੀਨ ਹੈ ਤਾਂ ਫਿਰ ਕਿਉਂ ਪਣ ਬਿਜਲੀ ਤੇ ਏਨੀ ਰੌਣਕ ਕਰਨ ਦੀ ਇਜਾਜ਼ਤ ਦਿੱਤੀ ਗਈ। ਇਸ ਸਾਰੇ ਢਾਂਚੇ ਨੂੰ ਵੀ ਤਹਿਸ-ਨਹਿਸ ਕਰਨਾ ਚਾਹੀਦਾ ਸੀ ਪਰ ਇਸ ਢਾਂਚੇ ਨੂੰ ਬਰਕਰਾਰ ਰੱਖਿਆ ਗਿਆ। ਜੰਗਲੀ ਜਾਨਵਰਾਂ ਤੇ ਵਾਤਾਵਰਣ ਵਿਵਸਥਾ ਨੂੰ ਮੱਛੀ ਮਾਰਨ ਤੋਂ ਖਤਰਾ ਕਿਵੇਂ ਹੈ? ਜਦੋਂ ਉਥੇ ਮੱਛੀ ਮਾਰਨ ਦੀ ਮਨਾਹੀ ਨਹੀਂ ਸੀ ਤਾਂ ਰੋਜਾਨਾ ਇਕ ਟਨ ਮੱਛੀ ਮਾਰੀ ਜਾਂਦੀ ਸੀ। ਮੱਛੀ ਨਾ ਮਰਨ ਨਾਲ ਪਾਣੀ ਵਨਸਪਤੀ, ਪਾਣੀ 'ਚ ਰਹਿਣ ਵਾਲੇ ਜੀਵਾਂ ਦੇ ਜਿਉਂਦੇ ਰਹਿ ਸਕਣਾ ਦਾ ਖਤਰਾ ਵੱਧ ਹੈ ਅਤੇ ਏਨੇ ਲੰਮੇ ਸਮੇਂ ਤੋਂ ਉਹ ਲੋਕ ਮੱਛੀ ਮਾਰ ਰਹੇ ਹਨ। ਪਰ ਅੱਜ ਤਕ ਉਹਨਾਂ ਲੋਕਾਂ ਤੇ ਜਾਨਵਰਾਂ ਦੇ ਸ਼ਿਕਾਰ ਦਾ ਦੋਸ਼ ਕਿਤੇ ਵੀ ਦਰਜ ਨਹੀਂ ਹੈ। ਸ਼ੇਰ ਰਾਖਵਾਂਕਰਣ ਨੂੰ ਸੈਰ ਸਪਾਟੇ ਦਾ ਦਰਜਾ ਦੇ ਦਿੱਤਾ ਗਿਆ। ਉਥੇ ਬਹੁਕੌਮੀ ਤੇ ਸਰਮਾਏਦਾਰਾਂ ਦੀ ਲੁੱਟ ਲਈ ਰਿਜ਼ਾਰਟ ਬਣਾਉਣ ਲਈ ਰਾਹ ਖੋਹਲ ਦਿੱਤੇ ਗਏ। ਇਸ ਨਾਲ ਜੰਗਲੀ ਜਾਨਵਰਾਂ ਨੂੰ ਕੋਈ ਪ੍ਰੇਸ਼ਾਨੀ ਤੇ ਵਾਤਾਵਰਣ ਨੂੰ ਖਤਰਾ ਨਹੀਂ ਹੈ ਤਾਂ ਰੋਟੀ-ਰੋਜ਼ੀ ਚਲਾਉਣ ਲਈ ਮੱਛੀ ਮਾਰਨਾ ਕਿਵੇਂ ਜਾਨਵਰਾਂ ਅਤੇ ਜੰਗਲ ਲਈ ਖਤਰਨਾਕ ਹੋ ਜਾਵੇਗਾ। ਉਲਟਾ ਮੱਛੀ ਨਾ ਮਾਰਨ ਨਾਲ ਮੱਛੀਆਂ ਨਾਲ ਨੱਕੋ ਨੱਕ ਭਰ ਜਾਣਗੇ ਤੇ ਇਹਨਾਂ ਕਾਰਨ ਪਾਣੀ ਦੀ ਵਨਸਪਤੀ ਪਾਣੀ ਜੀਵਾਂ ਨੂੰ ਖਤਰਾ ਖੜ੍ਹਾ ਹੋ ਜਾਵੇਗਾ। ਤੋਤਲਾਡੋਹ ਪੂਰੀ ਤਰ੍ਹਾਂ ਆਤਮ ਨਿਰਭਰ ਪਿੰਡ ਸੀ। ਮਾਲ ਵਿਭਾਗ ਦੇ 2/141 ਅਨੁਸਾਰ ਇਹ ਪਿੰਡ ਰਾਮਟੇਕ ਵਿਧਾਨ ਸਭਾ ਦਾ ਇੱਕ ਹਿੱਸਾ ਸੀ ਪਰ ਅਦਾਲਤ ਨੇ ਇਹ ਵੀ ਨਹੀਂ ਵਿਚਾਰਿਆ।

ਜਨਵਣ ਅੰਦੋਲਨ ਸੰਮਤੀ ਦੀ ਅਗਵਾਈ 'ਚ ਉਜੜੇ ਲੋਕਾਂ ਦੇ ਮੁੜ-ਬਸੇਵੇ ਲਈ ਲਗਾਤਾਰ ਸੰਘਰਸ਼ ਚਲਾਇਆ ਗਿਆ। ਸੰਘਰਸ਼ਸ਼ੀਲ ਲੋਕਾਂ 'ਤੇ ਕਈ ਝੂਠੇ ਕੇਸ ਮੜ੍ਹੇ ਗਏ। ਕਈ ਦੇ ਹੱਥ ਪੈਰ ਟੁੱਟੇ। ਸੰਮਤੀ ਨੂੰ ਇਕ ਵੱਡੀ ਸਫਲਤਾ ਮਿਲੀ। ਦੇਵਲਪਾਰ

ਬਲਾਕ ਦੇ ਅਤਵਾੜੀ ਵਡੰਬਾ ਪਿੰਡ 'ਚ ਹਰੇਕ ਪ੍ਰੀਵਾਰ ਨੂੰ 30 ਗੁਣਾਂ 30 ਫੁੱਟ ਦੇ ਪਲਾਟ ਰਾਮਟੇਕ ਦੇ ਐਸ. ਡੀ. ਓ. ਦੀ ਦੇਖਰੇਖ 'ਚ ਦਿੱਤੇ ਗਏ। ਪਰ ਇਹ ਇੱਕ ਆਦਰਸ਼ ਪੁਨਰਵਾਸ ਨਹੀਂ ਸੀ। ਜੀਵਨ ਚਲਾਉਣ ਲਈ ਕੋਈ ਬੰਦੋਬਸਤ ਨਹੀਂ ਸੀ। ਇਹ ਪਿੰਡ ਸਾਲ ਭਰ ਅੱਧਾ ਖਾਲੀ ਰਹਿੰਦਾ ਹੈ। ਲੋਕਾਂ ਦੇ ਬੱਚਿਆਂ ਦੀ ਦੇਖਭਾਲ ਉੱਥੇ ਦੇ ਬਚੇ ਖੁਚੇ ਲੋਕ ਕਰਦੇ ਹਨ। ਬਾਹਰ ਗਏ ਲੋਕ ਜਦ ਮੁੜਦੇ ਹਨ ਤਾਂ ਹੋਰ ਲੋਕ ਕੰਮ ਦੀ ਤਲਾਸ ਲਈ ਬਾਹਰ ਨਿਕਲ ਜਾਂਦੇ ਹਨ। ਇਹ ਸਿਲਸਿਲਾ ਵਾਰੀ-ਵਾਰੀ ਨਾਲ ਅਜੇ ਚਲ ਰਿਹਾ ਹੈ। ਮੰਗਪ੍ਰਤ 8 ਜੁਲਾਈ 2010 ਨੂੰ ਵਣ ਕਾਨੂੰਨ 2006 ਦੇ ਤਹਿਤ ਉਥੋਂ ਦੇ ਮਛੇਰਿਆਂ ਤੇ ਪੇਂਡੂਆਂ ਨੇ ਆਪਣੇ ਹੱਕ ਦੀ ਜਮੀਨ ਤੇ ਰੋਟੀ-ਰੋਜ਼ੀ ਦੇ ਸਾਧਨ ਲਈ ਐਡੀਓ ਰਾਮਟੇਕ ਤਹਿਸੀਲ ਨੂੰ ਸੌਂਪਿਆ। ਬਾਵਜੂਦ ਇਸ ਦੇ 7 ਤੇ 8 ਜਨਵਰੀ 2012 ਨੂੰ ਤੋਤਲਾਡੋਹ ਦੇ ਮਛੇਰਿਆਂ 'ਤੇ ਗੋਲੀਆਂ ਦਾਗੀਆਂ ਗਈਆਂ। ਇਸ ਘਟਨਾ 'ਚ 20 ਮਛੇਰੇ ਗੰਭੀਰ ਜ਼ਖਮੀ ਹੋਏ ਸਨ। ਕਈਆਂ ਦੇ ਸਰੀਰ ਅੰਦਰ 10-12 ਗੋਲੀਆਂ ਧਸ ਗਈਆਂ। ਇਹ ਹਮਲਾ ਬਿਲਕੁਲ ਗੈਰਵਾਜਬ ਸੀ। ਪੁਲਸ ਨੇ ਵਣ ਅਧਿਕਾਰੀਆਂ ਵਿਰੁੱਧ ਇਸ ਸੰਬੰਧੀ ਕੋਈ ਕਾਰਵਾਈ ਕੀਤੀ ਹੀ ਨਹੀਂ। ਪੇਂਡੂਆਂ ਨੇ ਦੇਵਲਾਪੁਰ ਥਾਣੇ ਦਾ ਘੇਰਾਓ ਕੀਤਾ ਤੇ ਜਿਲਾ ਪ੍ਰੀਸ਼ਦ ਚੋਣਾਂ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ। ਇਸ ਘਟਨਾ ਸਬੰਧੀ ਇਕ ਜਾਂਚ ਸੰਮਤੀ ਬਿਠਾਈ ਗਈ। ਜੇ ਆਜ਼ਾਦੀ ਪਿਛੋਂ ਜਮੀਨ ਦੀ ਕਾਣੀਵੰਡ ਨਾ ਹੋਈ ਹੁੰਦੀ ਤਾਂ ਇਹ ਵਰਤਾਰਾ ਨਾ ਵਾਪਰਦਾ। ਜਮੀਨਾਂ ਪਹਿਲਾਂ ਵੀ ਅਮੀਰਾਂ ਕੋਲ ਸੀ ਤੇ ਵਿਸ਼ਵੀਕਰਨ ਦੇ ਦੌਰ 'ਚ ਗਰੀਬੀ ਅਮੀਰੀ ਦਾ ਅੰਤਰ ਪੂਰੇ ਸ਼ਬਾਬ 'ਤੇ ਹੈ। ਜੰਗਲ ਜ਼ਮੀਨ ਤੇ ਜਾਲ ਤੇ ਅਧੁਨਿਕ ਜਿੰਮੀਦਾਰ ਕਬਜਾ ਕਰ ਰਹੇ ਹਨ। ਭਾਰਤ ਸਰਕਾਰ ਬਹੁਕੌਮੀ ਕੰਪਨੀਆਂ ਦੀ ਪਿੱਠ ਠੋਕ ਰਹੀ ਹੈ। ਇਸ ਬਦਹਾਲੀ 'ਚ ਜਮੀਨ ਤੇ ਆਦਵਾਸੀ ਪਿਸਦੇ ਜਾ ਰਹੇ ਹਨ। ਵਣ ਵਿਭਾਗ ਦੇ ਜੁਲਮ ਦੀ ਦਾਸਤਾਨ ਜਾਰੀ ਹੈ। ਪੰਜਾਹ ਪਿੰਡ ਨੂੰ ਹਟਾਉਣ ਲਈ ਵਣ ਵਿਭਾਗ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਅਪਣਾ ਰਿਹਾ ਹੈ। ਇਹ ਜਾਣ ਦੇ ਹੋਵੇ ਵੀ 2006 'ਚ ਬਣੇ ਵਣ ਕਾਨੂੰਨ ਦੇ ਤਹਿਤ ਇਸ ਇਲਾਕੇ 'ਚ ਰਹਿ ਰਹੇ ਪਿੰਡ ਵਾਲਿਆਂ ਨੂੰ ਹਟਾਇਆ ਨਹੀਂ ਜਾ ਸਕਦਾ। ਲੋਕ ਮਜ਼ਬੂਰੀ ਵਸ ਸੰਘਰਸ਼ ਕਰ ਰਹੇ ਹਨ।

# ਕੀ ਫੌਜ 'ਚ ਭ੍ਰਿਸ਼ਟਾਚਾਰ ਨਾਲ ਦੇਸ਼ ਸ਼ਰਮਸਾਰ ਹੋਇਐ?

ਪਿਛੇ ਜਿਹੇ ਉਜਾਗਰ ਹੋਏ ਘਪਲਿਆਂ ਤੋਂ ਪਤਾ ਲੱਗਦਾ ਹੈ ਕਿ ਫੌਜ ਵੀ ਭ੍ਰਿਸ਼ਟਾਚਾਰ ਤੋਂ ਅਛੂਤ ਨਹੀਂ ਹੈ। ਖੁਦ ਫੌਜ ਮੁਖੀ ਵੱਲੋਂ ਰਿਸ਼ਵਤ ਦੇ ਦੋਸ਼ਾਂ ਨੇ ਭਾਨੂਮਤੀ ਦਾ ਪਿਟਾਰਾ ਖੋਹਲ ਦਿੱਤਾ ਹੈ। ਦੋਸ਼ ਲੱਗ ਰਹੇ ਹਨ ਕਿ ਵਿਸ਼ਵ ਦੀ ਦੂਜੀ ਸਭ ਤੋਂ ਵੱਡੀ ਫੌਜ ਦੀ ਹਾਲਤ ਖਰਾਬ ਹੋ ਰਹੀ ਹੈ। ਕਿਉਂਕ ਉਹਨਾਂ ਕੋਲ ਤਾਂ ਹਥਿਆਰਾਂ ਦੀ ਵੀ ਘਾਟ ਹੈ। ਸੰਭਵ ਹੈ ਕਿ ਫੌਜ ਦੇ ਅਧਿਕਾਰੀਆਂ ਦਰਮਿਆਨ ਦੋਸ਼ਪੂਰਨ ਗੁਟਬੰਦੀ ਤੇ ਨਾਲ ਹੀ ਹਥਿਆਰਾਂ ਦੇ ਸੌਦਾਗਰਾਂ ਦੀਆਂ ਤਿਕੜਮਬਾਜ਼ੀਆਂ ਕਾਰਨ ਝਮੇਲਿਆਂ ਭਰਪੂਰ ਗੱਲਾਂ ਸਾਹਮਣੇ ਆਈਆਂ ਹੋਣ। ਦੇਸ਼ ਦੇ ਸਾਹਮਣੇ ਇਕ ਤੋਂ ਵੱਧ ਸਨਸਨੀਖੇਜ ਪ੍ਰਗਟਾਵੇ ਹੋ ਰਹੇ ਹਨ। ਜਨਮ ਮਿਤੀ ਸਬੰਧੀ ਝਮੇਲੇ ਤੋਂ ਇਲਾਵਾ ਸੈਨਾਮੁਖੀ ਤੇ ਪ੍ਰਧਾਨ ਮੰਤਰੀ ਵਿਚਾਲੇ ਪੱਤਰ ਵਿਹਾਰ ਦਾ ਅਨਧਿਕ੍ਰਿਤ ਰੂਪ ਨਾਲ ਜ਼ਾਹਿਰ ਹੋਣਾ ਅਤੇ ਸੁਪਰੀਮ ਕੋਰਟ ਵਿੱਚ ਜਿਸ ਦਿਨ ਜਨਰਲ ਵੀ. ਕੇ. ਸਿੰਘ ਨੇ ਜਨਮ ਮਿਤੀ ਸਬੰਧੀ ਪਟੀਸ਼ਨ ਦਾਇਰ ਕੀਤੀ ਸੀ, ਉਸ ਨਾਲ ਪਹਿਲਾਂ ਦੀ ਰਾਤ ਫੌਜ ਦੀਆਂ ਕੁਝ ਡਵੀਜ਼ਨਾ ਦਾ ਦਿੱਲੀ ਵੱਲ ਮਾਰਚ ਕਰਨ ਸਬੰਧੀ ਵਿਵਾਦ ਵਰਗੀਆਂ ਗੱਲਾਂ ਨਾਲ ਨਾ ਸਿਰਫ ਫੌਜ ਦੀ ਅਸਲੀ ਦਿਖ ਬਾਹਰ ਆਈ ਹੈ ਬਲਕਿ ਯੂ. ਪੀ. ਏ-2 ਸਰਕਾਰ ਵੀ ਦਾਗੀ ਸਾਬਤ ਹੋ ਗਈ ਹੈ। ਸਪੱਸ਼ਟ ਸੰਕੇਤ ਕਰਦੇ ਹਨ ਕਿ ਕੋਈ ਤਾਕਤਵਰ ਲਾਬੀ ਹੈ ਜੋ ਖੇਡ ਖੇਡ ਰਹੀ ਹੈ। ਵਿਦੇਸ਼ੀ ਹਥਿਆਰ ਸਪਲਾਇਰ ਆਪਣੇ ਏਜੰਟਾਂ ਰਾਹੀਂ ਸਥਿਤੀ ਨੂੰ ਪੂਰੀ ਤਰ੍ਹਾਂ ਬਲੈਕਮੇਲ ਕਰ ਰਹੇ ਹਨ। ਕਿਸੇ ਖੁਫੀਆਂ ਚਿੱਠੀ ਦੇ ਲੀਕ ਹੋਣ ਨਾਲ ਸਰਕਾਰ ਤੇ ਫੌਜ ਦੋਹਾਂ ਦੀ ਕੰਮਜ਼ੋਰੀ ਜ਼ਾਹਿਰ ਹੁੰਦੀ ਹੈ। ਜੋ ਆਪਣੇ ਇਸ ਤਰ੍ਹਾਂ ਦੇ ਪੱਤਰ ਵਿਹਾਰ ਨੂੰ ਸੰਭਾਲ ਕੇ ਵੀ ਨਹੀਂ ਰੱਖ ਸਕੇ। ਇਹ ਦੇਸ਼ ਦੀ ਸੁਰਖਿਆ ਲਈ ਵੀ ਖਤਰੇ ਦੀ ਗੱਲ ਹੈ। ਫੌਜ ਦੇ ਸਰੋਤ ਹੀ ਸ਼ਿਕਾਇਤ ਕਰ ਰਹੇ ਹਨ ਕਿ ਹਵਾਈ ਫੌਜ ਦੇ ਤੌਰ ਤਰੀਕੇ ਪੁਰਾਣੇ ਹੋ ਗਏ ਹਨ। ਸਪੈਸ਼ਲ ਫੋਰਸਾਂ ਕੋਲ ਹਥਿਆਰਾਂ ਦੀ ਘਾਟ ਹੈ। ਅਨੇਕਾਂ ਹਵਾਈ ਰੱਖਿਆ ਬੰਦੂਕਾਂ ਦੂਜੀ ਸੰਸਾਰ ਜੰਗ ਦੇ ਜ਼ਮਾਨੇ ਦੀਆਂ ਹਨ ਅਤੇ 90 ਫੀਸਦੀ ਹਵਾਈ ਰੱਖਿਆ ਪ੍ਰਣਾਲੀ ਪੁਰਾਣੀ ਪੈ ਚੁੱਕੀ ਹੈ। ਹਥਿਆਰਾਂ ਦੀ ਖਰੀਦ 'ਚ ਭ੍ਰਿਸ਼ਟਾਚਾਰ ਕੋਈ ਨਵੀਂ ਗੱਲ ਨਹੀਂ ਹੈ। ਹੁਣ ਜਦ ਕੇਸ ਸਾਹਮਣੇ ਆਉਣ ਲੱਗੇ ਹਨ ਤਾਂ ਲਗਾਤਾਰ ਹੀ ਆਈ ਜਾ ਰਹੇ ਹਨ।

ਹਥਿਆਰ ਸਪਲਾਇਰਾਂ ਦੀ ਲਾਬੀ ਨੇ ਸੈਨਾ, ਸਰਕਾਰ ਤੇ ਰਾਜ ਦੇ ਹਰ ਅਦਾਰਿਆਂ ਨੂੰ ਆਪਣੀ ਮਾਰ ਹੇਠ ਲੈ ਲਿਆ ਹੈ। ਇਹ ਲਾਬੀ ਉਹਨਾਂ ਉਪਰ ਹਾਵੀ ਹੈ। ਉਹਨਾਂ ਨੇ ਇਥੋਂ ਤਕ ਤਾਕਤ ਹਾਸਲ ਕਰ ਲਈ ਹੈ ਕਿ ਉਹ ਤਹਿ ਕਰਨ ਲੱਗੇ ਹਨ ਕਿ ਫੌਜ ਦੇ ਤਿੰਨਾਂ ਅੰਗਾਂ ਦੇ ਮੁਖੀ ਕੌਣ ਬਣਨਗੇ, ਉਹਨਾਂ ਦਾ ਕਾਰਜਕਾਲ ਕਿੰਨਾ ਹੋਵੇਗਾ। ਉਹਨਾਂ 'ਚ ਸਰਕਾਰ ਤੇ ਰੱਖਿਆ ਅਧਿਕਾਰੀਆਂ ਵਿਚਕਾਰ, ਝਮੇਲਾ ਪੈਦਾ ਕਰਨ ਦੀ ਤਾਕਤ ਹੈ। ਉਹਨਾਂ ਦਾ ਨਿਜੀ ਮੀਡੀਆ ਚੈਨਲਾਂ 'ਤੇ ਵੀ ਅਸਰ ਹੈ ਜੋ ਉਹਨਾਂ ਦਾ ਟੀਚਾ ਹਾਸਲ ਕਰਨ ਲਈ ਮੁਹਿੰਮ ਚਲਾਉਂਦੇ ਹਨ। ਇਕ ਹੋਰ ਕੇਸ

ਨੂੰ ਲਓ ਜਨਰਲ ਅਵਘੇਸ਼ ਪ੍ਰਕਾਸ਼ ਦਾ ਸੁਖਨਾ ਭੋਇੰ ਘਪਲੇ 'ਚ ਇਕ ਨਿਜੀ ਡਿਵੈਲਪਰ ਨੂੰ ਫਾਇਦਾ ਪਹੁੰਚਾਉਣ ਸਬੰਧੀ ਕੋਰਟ ਮਾਰਸ਼ਲ ਹੋਇਆ। ਉਹਨਾਂ ਨੂੰ ਬਰਤਰਫ ਕੀਤਾ ਗਿਆ। ਵੈਸੀ ਹੀ ਕਾਰਵਾਈ ਸਾਹਮਣੇ ਰਹਿੰਦੇ ਲੈਫਟੀਨੈਂਟ ਜਨਰਲ ਤੇਜਿੰਦਰ ਸਿੰਘ ਵਿਰੁੱਧ ਕਿਉਂ ਨਹੀਂ ਕੀਤੀ? ਕੁਝ ਸਾਲ ਪਹਿਲਾਂ ਨਦੀਮ ਨਾਮਕ ਇਕ ਕਮਾਂਡਰ ਨੂੰ ਟਰੱਕ ਨਾਲ ਕੁਚਲ ਦਿੱਤਾ ਗਿਆ ਸੀ। ਸ਼ੱਕ ਸੀ ਕਿ ਉਹ ਹਥਿਆਰ ਲਾਬੀ ਦੀ ਕਰਤੂਤ ਸੀ। ਨਦੀਮ ਕੁਝ ਸੰਵੇਦਨਸ਼ੀਲ ਉਪਕਰਣ ਦੀ ਖਰੀਦ ਨੂੰ ਡੀਲ ਕਰ ਰਹੇ ਸੀ। ਰਖਿਆ ਮੰਤਰਾਲੇ ਦੇ ਦੋ ਅਧਿਕਾਰੀਆਂ-ਕੁਮਾਰ ਯਸ਼ਕਰ ਸਿੰਘ ਤੇ ਉਹਨਾਂ ਦੀ ਪਤਨੀ ਦੀ ਪਿੱਛੇ ਜਿਹੇ ਹੋਈ ਹੱਤਿਆ ਵੀ ਸ਼ੱਕ ਦੇ ਘੇਰੇ 'ਚ ਹੈ। ਤੇ ਇਸ 'ਚ ਵੀ ਸ਼ੱਕ ਦੀ ਸੂਈ ਹਥਿਆਰ ਲਾਬੀ 'ਤੇ ਹੈ। ਹਥਿਆਰ ਲਾਬੀ ਸਿਖਰ ਦੀ ਲੀਡਰਸ਼ਿਪ 'ਚ ਘੁਸਪੈਂਠ ਕਰ ਰਹੀ ਹੈ। ਦੋਸ਼ ਹੈ ਕਿ ਹਥਿਆਰ-ਲਾਬੀ-ਨੌਕਰਸ਼ਾਹੀ-ਰਾਜਸੀ ਆਗੂਆਂ ਵਿਚਕਾਰ ਇਕ ਮਿਲੀਭੁਗਤ ਬਣ ਗਈ ਅਤੇ ਫੌਜੀ ਅਧਿਕਾਰੀਆਂ ਨੇ ਰਾਜਸੀ ਫੰਡਿੰਗ ਦਾ ਸਭਿਆਚਾਰ ਸ਼ੁਰੂ ਕਰ ਦਿੱਤਾ ਹੈ। ਅਨੇਕਾਂ ਹੀ ਸਬੂਤ ਸਾਹਮਣੇ ਆਏ ਹਨ ਜੋ ਦਰਸਾਉਂਦੇ ਹਨ ਕਿ ਵੱਖ-ਵੱਖ ਪੱਧਰਾਂ 'ਤੇ ਹਥਿਆਰਬੰਦ ਫੌਜ ਦੇ ਅਧਿਕਾਰੀ ਵੱਖ-ਵੱਖ ਘਪਲਿਆਂ 'ਚ ਸ਼ਾਮਲ ਹੋ ਰਹੇ ਹਨ ਜਿਵੇਂ ਕਿ ਜੀਪ ਘਪਲਾ, ਤਹਿਲਕਾ ਘਪਲਾ, ਆਦਰਸ਼ ਘੁਟਾਲਾ, ਸੁਖਨਾ ਭੋਇੰ ਘਪਲਾ, ਜਾਰਜ ਫਰਨਾਂਡਿਸ ਦੇ ਮੰਤਰੀ ਕਾਲ 'ਚ ਤਾਬੂਤ ਘਪਲਾ ਆਦਿ। ਕਾਂਗਰਸ ਤੇ ਭਾਜਪਾ ਦੋਨੋਂ ਦੀ ਅਗਵਾਈ 'ਚ ਕੇਂਦਰ ਸਰਕਾਰਾਂ ਦੌਰਾਨ ਫੌਜ ਦੇ ਅਨੇਕਾਂ ਘਪਲੇ ਉਜਾਗਰ ਹੋਏ ਹਨ। ਹਥਿਆਰਬੰਦ ਫੌਜਾਂ ਦੇ ਇਸ ਤਰ੍ਹਾਂ ਦੇ ਘਪਲੇ ਦੇਸ਼ ਲਈ ਖਤਰਨਾਕ ਗੱਲ ਹੈ। ਇਹਨਾਂ ਗੰਭੀਰ ਪਰਦਾਪੋਸ਼ੀਆਂ ਨੂੰ ਜਨਮ ਤਰੀਕ ਦੇ ਮੁੱਦੇ 'ਤੇ ਸੈਨਾ ਮੁਖੀ ਤੇ ਸਰਕਾਰ ਵਿਚਕਾਰ ਪਿੱਛੇ ਦੇ ਝਮੇਲੇ ਦਾ ਸਿੱਟਾ ਕਹਿ ਕੇ ਰੱਦ ਨਹੀਂ ਕੀਤਾ ਜਾ ਸਕਦਾ। ਸੁਆਲ ਇਹ ਨਹੀਂ ਹੈ ਕਿ ਕੌਣ ਸਹੀ ਹੈ ਤੇ ਕੌਣ ਨਹੀਂ ਹੈ, ਇਹ ਦੇਸ਼ ਦੀ ਪ੍ਰਭੂਸੱਤਾ, ਅਖੰਡਤਾ ਤੇ ਸੁਰਖਿਆ ਲਈ ਗੰਭੀਰ ਖਤਰੇ ਦਾ ਸੁਆਲ ਸਾਮਰਾਜੀਆਂ ਦੇ ਦਲਾਲ ਨੌਕਰਸ਼ਾਹ ਸਰਮਾਏਦਾਰਾਂ ਲਈ ਬਣਦਾ ਹੈ। ਉਹਨਾਂ ਦੀ ਸਰਕਾਰ ਦੇਸ਼ ਦੀ ਰਾਖੀ ਸਬੰਧੀ ਵੀ ਢੀਠ ਤੇ ਗੈਰਜਿੰਮੇਵਾਰ ਹੈ। ਰਿਪੋਟਾਂ ਅਨੁਸਾਰ, ਸਰਕਾਰ ਨੂੰ ਵੱਡੀ ਮਾਤਰਾ 'ਚ ਰੱਖਿਆ ਉਪਕਰਣ ਲੜਾਕੂ ਜੈੱਟ, ਹੈਲੀਕਾਪਟਰ, ਏਰੀਅਲ ਰਿਫਊਲਰ ਜਹਾਜ਼ ਅਤੇ ਹੋਰ ਹਥਿਆਰ ਖਰੀਦਣੇ ਹਨ। ਪਿਛੇ ਜਿਹੇ ਹੀ ਰੱਖਿਆ ਮੰਤਰੀ ਨੇ ਖਰੀਦ ਅਮਲ ਨੂੰ ਚੁਸਤ-ਦਰੁਸਤ ਕਰਨ ਅਤੇ ਨਵੇਂ ਹਥਿਆਰ ਪ੍ਰਬੰਧਾਂ ਦੇ ਫੀਲਡ ਮੁਲਾਂਕਣ 'ਚ ਲੱਗਣ ਵਾਲੇ ਸਮੇਂ ਨੂੰ ਘੱਟ ਕਰਨ ਬਾਰੇ ਨਿਰਦੇਸ਼ ਦਿੱਤੇ ਹਨ। ਮੁੱਖ ਗੱਲ ਇਹ ਹੈ ਕਿ ਰੱਖਿਆ ਖਰੀਦ ਦੇ ਸੌਦੇ ਗੈਰ ਪਾਰਦਰਸ਼ੀ ਕਿਉਂ ਰਹੇ ਹਨ। ਉਹਨਾਂ ਨੂੰ ਪਾਰਦਰਸ਼ੀ ਕਿਉਂ ਨਹੀਂ ਬਣਾਇਆ ਗਿਆ? ਨਿੱਜੀ ਖੇਤਰ ਦੀ ਹਥਿਆਰ ਲਾਬੀ ਹਥਿਆਰਾਂ ਤੇ ਫੌਜੀ ਉਪਕਰਣਾਂ ਦੀ ਖਰੀਦ ਵਿੱਚ ਅਗਾਊਂ ਭੂਮਿਕਾ ਨਿਭਾਉਂਦੀ ਹੈ। ਇਸ ਨੂੰ ਰੋਕਿਆ ਕਿਉਂ ਨਹੀਂ ਜਾਂਦਾ?

ਪਿੱਛੇ ਜਿਹੇ ਹੀ ਝਮੇਲੇ 'ਚ ਫਸੇ ਫੌਜ ਮੁਖੀ ਨੇ ਇਹ ਕਹਿ ਕੇ ਤਾਂ ਜਿਵੇਂ ਬੰਬ ਵਿਸਫੋਟ ਹੀ ਕਰ ਦਿੱਤਾ ਕਿ ਲੈਫ਼ ਜਨਰਲ ਤੇਜਿੰਦਰ ਸਿੰਘ ਨੇ ਹਥਿਆਰ ਸਪਲਾਇਰਾਂ ਦੇ ਇਸ਼ਾਰੇ 'ਤੇ 600 ਘਟੀਆ ਪੱਧਰ ਦੇ ਵਾਹਨ ਖਰੀਦਣ ਦੀ ਸਿਫਾਰਸ਼ ਕਰਨ ਲਈ ਉਹਨਾਂ ਨੂੰ 14 ਕਰੋੜ ਰੁਪਏ ਦੀ ਰਿਸ਼ਵਤ ਦੀ ਪੇਸ਼ਕਸ਼ ਕੀਤੀ ਗਈ ਸੀ। ਉਹਨਾਂ

ਨੇ ਰੱਖਿਆ ਮੰਤਰਾਲੇ ਨੂੰ ਇਸ ਦੀ ਜਾਣਕਾਰੀ ਦਿੱਤੀ ਸੀ। ਪਰ ਕੁਝ ਹੋਇਆ ਨਹੀਂ। ਸੁਆਲ ਪੈਦਾ ਹੁੰਦਾ ਹੈ ਕਿ ਸੈਨਾ ਮੁਖੀ ਨੇ ਰਿਸ਼ਵਤ ਪੇਸ਼ ਕਰਨ ਵਾਲੇ ਨੂੰ ਖੁਦ ਹੀ ਫੌਰਨ ਗ੍ਰਿਫਤਾਰ ਕਿਉਂ ਨਹੀਂ ਕਰਵਾਇਆ? ਹੁਣ ਰਖਿਆ ਮੰਤਰੀ ਨੇ ਇਸ ਮਾਮਲੇ 'ਚ ਨਾ ਚਾਹੁੰਦਿਆਂ ਵੀ ਸੀ. ਬੀ. ਆਈ. ਦੀ ਜਾਂਚ ਦਾ ਹੁਕਮ ਦਿੱਤਾ ਹੈ। ਅੱਜਕੱਲ੍ਹ ਟਾਟਾ ਵਾਹਨਾਂ ਦੇ ਖਰੀਦੇ ਜਾਣ ਦਾ ਮਾਮਲਾ ਸਾਹਮਣੇ ਆ ਰਿਹਾ ਹੈ। ਵੈਕਟਰਾਂ ਸਿਪੋਕਸ ਨੇ ਸੈਂਕਡ ਹੈਂਡ (ਪੁਰਾਣੇ) ਟਾਟਾ ਵਾਹਨ ਖਰੀਦੇ ਕੇ ਬੀ. ਈ. ਐਮ. ਐਲ. ਨੇ ਥੋੜ੍ਹੀ ਬਹੁਤ ਮੁਰੰਮਤ ਕਰਵਾ ਕੇ ਫੌਜ ਨੂੰ ਸਪਲਾਈ ਕਰ ਦਿੱਤੇ। ਟਾਟਾ ਸਪੈਕਸ ਇਕ ਬ੍ਰਿਟੇਨ ਆਧਾਰਿਤ ਕੰਪਨੀ, ਹੁਣ ਇਸ ਘਪਲੇ ਦੇ ਕੇਂਦਰ ਵਿੱਚ ਹੈ। ਇਹ ਵਾਹਨ 1986 'ਚ ਖਰੀਦੇ ਗਏ ਸਨ। ਉਹ ਇਸ ਵਾਹਨ ਦੀ ਨਿਰਮਾਤਾ ਨਹੀਂ ਹੈ। ਖਰੀਦ ਦੀ ਸ਼ਰਤ ਸੀ ਕਿ ਵਾਹਨਾਂ ਨੂੰ ਨਿਰਮਾਤਾ ਤੋਂ ਹੀ ਖਰੀਦਿਆ ਜਾਵੇ। ਇਸ ਕੰਪਨੀ ਨਾਲ ਜਦ ਸਮਝੌਤਾ ਹੋਇਆ ਸੀ ਉਸ ਸਮੇਂ ਇਹ ਕੰਪਨੀ ਧਾਰਮਕ ਤੇ ਸਮਾਜਕ ਕੰਮ ਕਰਨ ਵਾਲੀ ਕੰਪਨੀ ਵਜੋਂ ਰਜਿਸਟਰਡ ਸੀ। ਬੀ. ਈ. ਐਮ. ਐਲ. ਨੇ ਟਾਟਾ ਤੇ ਵੈਕਟਰਾਂ ਵਿਚਕਾਰ ਇਕ ਸਾਂਝੇ ਉਦਮ 'ਤੇ ਦਸਖਤ ਕੀਤੇ। ਵੈਕਟਰਾਂ ਦੇ ਚੇਅਰਮੈਨ ਰਵੀ ਰਿਸ਼ੀ ਦੀ ਟਾਟਾ 'ਚ 100 ਫੀਸਦੀ ਤੇ ਟਾਟਾ ਚੈਕ 'ਚ 66 ਫੀਸਦੀ ਹਿੱਸੇਦਾਰੀ ਹੈ। ਟਾਟਾ ਚੈਕ ਦੇ ਪਾਸ ਆਪਣੀ ਲੰਦਨ ਅਧਾਰਿਤ ਕੰਪਨੀ ਵੇਕਟਰਾ ਸਿਪੋਕਸ ਰਾਹੀਂ ਬੀ. ਈ. ਐਮ. ਐਲ. ਨੂੰ ਟਰੱਕ ਸਪਲਾਈ ਕਰਨ ਦਾ ਸਮਝੌਤਾ ਹੈ। ਟਾਟਾ ਸਿਪੋਕਸ ਟਾਟਾ ਚੈਕ ਅਤੇ ਟਾਟਾ ਐਸ. ਐਲ. ਤਿੰਨੋਂ ਦਾ ਮਾਲਕ ਵੈਕਟਰਾ ਗਰੁੱਪ ਹੈ। ਪਿਛਲੇ ਸਾਲਾਂ ਟਾਟਾ ਟ੍ਰਕਸ ਤੇ ਰਵਿੰਦਰ ਰਿਸ਼ੀ ਵਿਰੁੱਧ ਇੱਕ ਅਪਰਾਧਿਕ ਸ਼ਿਕਾਇਤ ਸੀ ਕਿ ਉਹਨਾਂ ਨੇ ਅੱਗੇ ਬੀ. ਈ. ਐਮ. ਐਲ. ਨੂੰ ਸਪਲਾਈ ਕਰਨ ਲਈ ਆਪਣੀ ਵੈਕਟਰਾਂ ਲਈ ਪੈਦਾਵਾਰ ਲਾਗਤ ਤੋਂ ਘੱਟ ਕਰਕੇ ਸੀਕੇਡੀ ਕਿਟਸ ਖਰੀਦੇ ਜਿਸ ਨਾਲ ਚੈਕ ਫਰਮ ਨੂੰ ਨੁਕਸਾਨ ਪਹੁੰਚਿਆ। ਕੰਪਨੀ ਟਰੱਕਾਂ ਲਈ ਬੇਤਹਾਸ਼ਾ ਕੀਮਤ ਲੈ ਰਹੀ ਹੈ। ਜਨਰਲ ਵੀ. ਕੇ ਸਿੰਘ ਨੇ ਦੋਸ਼ ਲਾਇਆ ਕਿ ਟਰੱਕਾਂ ਨੂੰ ਸਸਤੇ ਰੇਟ 'ਤੇ ਖਰੀਦ ਕੇ ਬਹੁਤ ਵੱਧ ਉਚੇ ਰੇਟ 'ਤੇ ਭਾਰਤੀ ਫੌਜ ਨੂੰ ਵੇਚਿਆ ਗਿਆ। ਜਨਰਲ ਸਿੰਘ ਨੇ 2008 ਵਿੱਚ ਪੱਛਮੀ ਬੰਗਾਲ ਸਥਿਤ ਯੂਰਾਲ ਇੰਡੀਆ-ਇੱਕ ਭਾਰਤ-ਰੂਸ ਸਾਂਝੇ ਉੱਦਮ (ਜੋ ਟਾਟਾ ਵਰਗੇ ਟਰੱਕ ਬਣਾਉਂਦਾ ਹੈ) ਨੂੰ ਟੈਸਟਿੰਗ ਲਈ ਟਰੱਕ ਦੇਣ ਨੂੰ ਕਿਹਾ ਗਿਆ। ਇਹਨਾਂ ਟਰੱਕਾਂ ਨੇ ਉਚੀਆਂ ਉਚਾਈਆਂ 'ਤੇ 600 ਕਿਲੋਮੀਟਰ ਚਲ ਕੇ ਅੱਛੀ ਕਾਰ ਗੁਜਾਰੀ ਦਿਖਾਈ। ਜਦ ਕਿ ਟਾਟਾ ਟਰੱਕ ਉਤਰੀ ਸਿਕਮ ਦੀਆਂ ਉਚੀਆਂ ਉਚਾਈਆਂ ਦੇ ਇਲਾਕੇ 'ਚ ਰਿਵਕ ਰੀਐਕਸ਼ਨ ਟੀਮ ਤੇ ਟੋਹੀ ਡਿਊਟੀਆਂ ਲਈ 17 ਮਾਊਂਟੇਨ ਡਵੀਜਨ ਰਾਹੀਂ ਕੰਮ 'ਚ ਲਿਆਉਂਦਿਆਂ ਬੁਰੀ ਤਰ੍ਹਾਂ ਫੇਹਲ ਰਿਹਾ। ਟਾਟਾ ਟਰੱਕ ਦੀ ਕੀਮਤ 30 ਲੱਖ ਰੁਪਏ ਹੈ। ਪਰ ਫੌਜ ਨੂੰ ਇਸ ਨੂੰ 1.10 ਕਰੋੜ ਰੁਪਏ 'ਚ ਵੇਚਿਆ ਗਿਆ। ਇਸ ਤਰ੍ਹਾਂ 788 ਟ੍ਰਕਾਂ ਦੀ ਖਰੀਦ ਵਿੱਚ ਸਰਕਾਰੀ ਖਜਾਨੇ ਨੂੰ 750 ਕਰੋੜ ਰੁਪਏ ਦਾ ਨੁਕਸਾਨ ਹੋਇਆ। ਸਪੱਸ਼ਟ ਹੈ ਕਿ ਏਨੇ ਵੱਡੇ ਠੇਕੇ 'ਚ ਭਾਰੀ ਰਿਸ਼ਵਤ ਦਿੱਤੀ ਗਈ। ਕਾਰਗੁਜ਼ਾਰੀ ਠੀਕ ਨਾ ਹੋਣ ਦੇ ਬਾਵਜੂਦ ਇਕ ਤੋਂ ਪਹਿਲਾਂ ਦੂਜਾ ਫੌਜ ਮੁਖੀ ਟਾਟਾ ਵਾਹਨਾ ਨੂੰ ਖਰੀਦ ਦਾ ਰਿਹਾ। ਜਨਰਲ ਦੀਪਕ ਕਪੂਰ ਨੇ ਫ੍ਰੈਸ਼ ਪ੍ਰੋਕੋਅਰਮੈਂਟ ਲਈ ਦਸਖਤ ਕੀਤੇ। ਡੀ. ਆਰ. ਡੀ. ਓ. ਪ੍ਰਮੁੱਖ ਵੀ. ਕੇ. ਸਰਸਵਤੀ ਨੇ ਵੀ ਟਾਟਾ ਟਰੱਕਾਂ ਦੀ ਸਿਫਾਰਸ਼ ਕੀਤੀ। ਬੀ. ਈ. ਐਮ. ਐਲ. ਮੁਖੀ ਜਿਹਨਾਂ ਨੇ ਵੈਕਟਰਾ ਫਾਇਦੇ

ਪਹੁੰਚਾਏ ਨੇ ਡੀਲਰ ਕੰਪਨੀ ਦੀ ਵਿਕਰੀ ਤੇ ਖਰੀਦ ਦਾ ਬਚਾਅ ਕੀਤਾ। ਸੀ. ਬੀ. ਆਈ. ਨੇ ਰਿਸ਼ੀ ਵਿਰੁੱਧ ਅਤੇ ਬੀ. ਈ. ਐਮ. ਐਲ. ਦੇ ਅਗਿਆਤ ਅਧਿਕਾਰੀਆਂ ਵਿਰੁੱਧ ਕੇਸ ਦਰਜ ਕਰ ਦਿੱਤਾ ਹੈ ਅਤੇ ਰਿਸ਼ੀ ਦਾ ਪਾਸਪੋਰਟ ਜ਼ਬਤ ਕਰ ਲਿਆ ਹੈ। ਸੀ. ਬੀ. ਆਈ. ਨੇ ਨਟਰਾਜਨ ਵਿਰੁੱਧ ਜਾਂਚ ਸ਼ੁਰੂ ਕਰਨ ਦੀ ਇਜਾਜ਼ਤ ਮੰਗੀ ਹੈ। ਹਥਿਆਰਬੰਦ ਫੌਜਾਂ 'ਚ ਭ੍ਰਿਸ਼ਟਾਚਾਰ ਦੇ ਤਾਜੇ ਕੇਸਾਂ ਨਾਲ ਫੌਜ ਦੀ ਬਦਨਾਮੀ ਹੋਈ ਹੈ। ਸਰਕਾਰ ਦੀ ਕੰਮਜੋਰੀ ਨੇ ਹਕੂਮਤ ਚਲਾਉਣ ਦੇ ਉਸ ਦੇ ਅਧਿਕਾਰ ਨੂੰ ਖੋਰਾ ਲਾਇਆ ਹੈ। ਫੈਸਲਾ ਲੋਕਾਂ ਦੇ ਹੱਥ ਹੈ।

# ਸੁਪਰੀਮ ਕੋਰਟ ਨੇ ਓ. ਬੀ. ਸੀ. ਦੇ ਅਧਿਕਾਰ ਕਿਉਂ ਖੋਹੇ?

ਓ. ਬੀ. ਸੀ. ਦੀ ਜਾਤੀ ਅਧਾਰਤ ਜਨਗਣਨਾ ਨਾ ਕਰਨਾ ਇੱਕ "ਬ੍ਰਾਹਮਣੀ ਸਾਜਿਸ਼" ਵਰਗਾ ਮੁੱਦਾ ਸੀ। ਮੂਲ ਨਿਵਾਸੀਆਂ ਨੂੰ ਗੁੰਮਰਾਹ ਕਰਕੇ ਅਤੇ ਉਹਨਾਂ ਦੇ ਹੱਕਾਂ ਤੇ ਅਧਿਕਾਰਾਂ ਨੂੰ ਖੋਹਣ ਲਈ ਸਿਰਫ ਫੋਕੀ ਬਿਆਨ ਪਰ ਪਿੱਠ 'ਚ ਛੁਰਾ ਮਾਰਨ ਦੀ ਤਿਆਰੀ ਹੁੰਦੀ ਰਹਿੰਦੀ ਹੈ। ਜਿਸ ਕਾਰਨ ਅਨਸੂਚਿਤ ਜਾਤੀ/ਜਨਜਾਤੀ ਤੇ ਓ. ਬੀ ਸੀ. ਤੇ ਇਸ ਨਾਲ ਧਰਮ ਪ੍ਰਵਰਤਿਤ ਘੱਟ ਗਿਣਤੀਆਂ ਵਿੱਚ ਬਣਦੀ ਹੋਈ ਤਾਕਤ ਅਤੇ ਕੌਮੀ ਪੱਧਰ ਦੀ ਜਨਗਣਨਾ ਦਾ ਮੁੱਦਾ ਬਣਨ ਕਾਰਨ ਬ੍ਰਾਹਮਣੀ ਵਿਵਸਥਾ ਨੂੰ ਖਤਰਾ ਦਿਸਣ ਲੱਗਿਆ ਹੈ। ਜਿਸ ਕਾਰਨ ਉਹਨਾਂ ਸੋਚਿਆ ਕਿ ਜੇ ਅਨਸੂਚਿਤ ਜਾਤੀ/ਜਨਜਾਤੀ ਤੇ ਓ. ਬੀ. ਸੀ. ਦੇ ਮਾਧਿਆਮ ਤੋਂ ਭੜਕ ਜਾਣ। ਇਸ ਰਣਨੀਤੀ ਦੇ ਤਹਿਤ ਮਿਸ਼ਨ 25 ਅਨਸੂਚਿਤ ਜਾਤੀ/ਜਨਜਾਤੀ ਬਨਾਮ ਬ੍ਰਾਹਮਣ, ਖਤਰੀ, ਵੈਸ਼ ਤੇ ਓ. ਬੀ. ਸੀ. ਨੂੰ ਇਕੱਠਿਆਂ ਖੜ੍ਹਾ ਕਰ ਦਿੱਤਾ ਜੋ ਸਾਡੇ ਸੰਵਿਧਾਨਕ ਅਧਿਕਾਰ ਤੇ ਤਰੱਕੀ 'ਚ ਰਾਖਵਾਂਕਰਨ ਮਿਲਣਾ ਚਾਹੀਦਾ ਸੀ। ਇਸ ਲਈ ਜੋ ਅਨਸੂਚਿਤ ਜਾਤੀ/ਜਨਜਾਤੀ ਨੂੰ ਮਿਲ ਰਿਹਾ ਹੈ ਉਸ ਨੂੰ ਖਤਮ ਕਰਨ ਲਈ ਓ. ਬੀ. ਸੀ. ਨੂੰ ਭੜਕਾਇਆ ਜਾਵੇ ਇਸ ਲਈ ਓ. ਬੀ. ਸੀ. ਨੂੰ ਭੜਕਾ ਕੇ ਉਹਨਾਂ ਨੂੰ ਡਿਸਪੋਜ਼ ਤਹਿਤ ਵਰਤਿਆ ਜਾ ਰਿਹਾ ਹੈ। ਓ. ਬੀ. ਸੀ ਇਸ ਤਰ੍ਹਾਂ ਮਨੂੰਵਾਦੀਆਂ ਨੂੰ ਸਹਿਯੋਗ ਦੇ ਰਹੇ ਹਨ। ਪਰ ਪਿਛੜੇ ਸਮਾਜ ਦੇ ਜੋਤੀਰਾਏ ਫੁਲੇ, ਛਤਰਪਤੀ ਛਾਹੂ ਜੀ ਮਹਾਰਾਜ ਤੇ ਡਾ. ਬੀ. ਆਰ. ਅੰਬੇਦਕਰ ਵੱਲੋਂ ਸੰਵਿਧਾਨ 'ਚ ਦਰਜ ਰਾਖਵੇਂਕਰਨ ਨੂੰ ਭਾਰਤੀ ਹਾਕਮ ਪੂਰੀ ਤਰ੍ਹਾਂ ਲਾਗੂ ਨਹੀਂ ਕਰ ਰਹੇ ਜਿਸ ਦਾ ਸਿੱਟਾ ਅੱਜ ਸਾਡੇ ਸਾਹਮਣੇ ਹੈ। ਮੰਡਲ ਕਮਿਸ਼ਨ ਦੀ ਰੀਪੋਟ ਪੰਜਾਬ ਸਮੇਤ ਜ਼ਿਆਦਾਤਰ ਰਾਜਾਂ 'ਚ ਲਾਗੂ ਨਹੀਂ ਹੈ। ਓ. ਬੀ. ਸੀ. ਦੇ ਅਧਿਕਾਰਾਂ ਦੀ ਰਾਖੀ ਲਈ ਆਰਟੀਕਲ 42 'ਚ ਵਿਵਸਥਾ ਕੀਤੀ ਗਈ ਸੀ ਪਰ ਹਰ ਵਾਰੀ ਦਲਾਲ ਭਾਰਤੀ ਬ੍ਰਾਹਮਣੀ ਸਰਮਾਏਦਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ 'ਤੇ ਸਹੀ ਅਮਲ ਨਾ ਕਰਕੇ, ਓ. ਬੀ. ਸੀ. ਵੱਲੋਂ ਵੀ ਸਹੀ ਢੰਗ ਨਾਲ ਇਹਨਾਂ ਵਿਵਸਥਾਵਾਂ ਨੂੰ ਲਾਗੂ ਨਾ ਕਰਾ ਸਕਣ ਕਰਕੇ 16 ਨਵੰਬਰ 1992 ਨੂੰ ਸੁਪਰੀਮ ਕੋਰਟ ਨੇ ਮੰਡਲ ਕਮਿਸ਼ਨ 'ਤੇ ਜੋ ਫੈਸਲਾ ਦਿੱਤਾ ਉਸ 'ਚ ਚਾਰ ਵੱਡੇ ਫੈਸਲੇ ਓ. ਬੀ. ਸੀ. ਦੇ ਵਿਰੋਧ 'ਚ ਦਿੱਤੇ ਗਏ।

**ਪਹਿਲਾ ਫੈਸਲਾ ਸੀ** - 52 ਫੀਸਦੀ ਓ. ਬੀ. ਸੀ. ਨੂੰ ਸਿਰਫ 27 ਫੀਸਦੀ ਰਾਖਵਾਂਕਰਣ ਮਿਲੇਗਾ ਯਾਨੀ ਰਾਖਵਾਂਕਰਣ 52 ਫੀਸਦੀ ਨਹੀਂ ਦਿੱਤਾ ਜਾਵੇਗਾ। ਦੂਜਾ ਫ਼ੈਸਲਾਕੁੰਨੀ ਓ. ਬੀ. ਸੀ. ਨੂੰ ਨੌਕਰੀ 'ਚ ਰਾਖਵਾਂਕਰਣ ਦਿੱਤਾ ਜਾਵੇਗਾ। ਪਰ ਤਰੱਕੀ 'ਚ ਕੋਈ ਰਾਖਵਾਂਕਰਨ ਨਹੀਂ ਮਿਲੇਗਾ।

**ਤੀਜਾ ਫੈਸਲਾ** :- ਓ. ਬੀ. ਸੀ. ਨੂੰ ਰਿਜ਼ਰਵੇਸ਼ਣ ਮਿਲੇਗੀ ਪਰ ਜੋ ਲੋਕ ਕ੍ਰੀਮੀ ਲੇਅਰ 'ਚ ਆਉਂਦੇ ਹਨ ਉਹਨਾਂ ਨੂੰ ਰਾਖਵਾਂਕਰਣ ਨਹੀਂ ਮਿਲੇਗਾ ਯਾਨੀ ਜਿਸ ਦੀ ਆਮਦਨ ਇਕ ਲੱਖ ਰੁਪਏ ਸਲਾਨਾ ਹੋਵੇਗੀ ਉਸ ਨੂੰ ਰਾਖਵਾਂਕਰਨ ਨਹੀਂ, ਇਹ ਅੰਕੜਾ 1992

ਦਾ ਹੈ।

**ਚੌਥਾ ਫੈਸਲਾ** :- ਮੰਡਲ ਕਮਿਸ਼ਨ ਨੇ 3743 ਜਾਤੀਆਂ ਨੂੰ ਓ. ਬੀ. ਸੀ. (ਪਿਛੜੀ ਸ੍ਰੇਣੀ) ਦੇ ਤਹਿਤ ਦਰਜ਼ ਕੀਤਾ ਸੀ, ਪਰ ਸੁਪਰੀਮ ਕੋਰਟ ਨੇ 3743 ਜਾਤੀਆਂ ਓ. ਬੀ. ਸੀ. 'ਚ ਨਹੀਂ ਰੱਖੀਆਂ। ਇਸ ਪ੍ਰਸੰਗ 'ਚ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਕਿ ਸਰਕਾਰ ਦੀ ਸੂਚੀ ਤੇ ਮੰਡਲ ਕਮਿਸ਼ਨ ਦੀ ਸੂਚੀ ਵਿੱਚ ਜੋ ਜਾਤਾਂ ਇਕੋ ਹਨ ਸਿਰਫ ਉਹ ਹੀ ਓ. ਬੀ. ਸੀ. ਮੰਨੀਆਂ ਜਾਣਗੀਆਂ। ਛਾਣਬੀਣ ਕਰਨ ਪਿੱਛੋਂ ਪਤਾ ਲੱਗਿਆ ਕਿ ਅੰਕੜਾ ਸਿਰਫ 1995 ਜਾਤੀਆਂ ਦਾ ਹੈ। ਇਸ ਦਾ ਮਤਲਬ ਹੈ ਕਿ 1785 ਜਾਤਾਂ ਨੂੰ ਸੁਪਰੀਮ ਕੋਰਟ ਨੇ ਓ. ਬੀ ਸੀ. (ਪਿਛੜੀਆਂ) ਮੰਨਣ ਤੋਂ ਨਾਂਹ ਕਰ ਦਿੱਤੀ। ਸੁਪਰੀਮ ਦੇ ਅਜਿਹੇ ਚਾਰ ਫੈਸਲੇ ਓ. ਬੀ. ਸੀ. ਵਿਰੁੱਧ ਹਨ। ਚੌਥਾ ਫੈਸਲਾ ਓ. ਬੀ. ਸੀ. ਦੇ ਸਤਿਆਨਾਸ ਦਾ ਕਾਰਨ ਬਣਿਆ। ਜੇ ਸਿਰਫ ਓ. ਬੀ. ਸੀ. ਦੀ ਜਾਤੀ ਅਧਾਰਤ ਗਿਣਤੀ ਹੁੰਦੀ ਹੈ ਤਾਂ ਸਿਰਫ 1995 ਜਾਤੀਆਂ ਦੀ ਹੀ ਹੋਵੇਗੀ ਅਤੇ 1745 ਜਾਤਾਂ ਦੀ ਗਿਣਤੀ ਨਹੀਂ ਹੋਵੇਗੀ। ਇਸ ਤਰ੍ਹਾਂ ਜੇ ਵੇਖਿਆ ਜਾਵੇ ਤਾਂ ਓ. ਬੀ. ਸੀ. ਦੀ ਗਿਣਤੀ 52 ਫੀਸਦੀ ਹੈ। ਇਸ ਤਰ੍ਹਾਂ ਜੇ ਵੇਖਿਆ ਜਾਵੇ ਤਾਂ ਓ. ਬੀ. ਸੀ. ਨਾਲ ਬਹੁਤ ਵੱਡਾ ਧੋਖਾ ਕੀਤਾ ਗਿਆ ਹੈ। ਉਸ ਦੇ ਜਮਹੂਰੀ ਤੇ ਸੰਵਿਧਾਨਕ ਹੱਕਾਂ ਦੀ ਲੁੱਟ ਹੋਈ ਹੈ। ਪਿਛਲੀ ਸ੍ਰੇਣੀ ਨਾਲ ਧੋਖਾ ਨਾ ਹੋਵੇ ਇਸ ਲਈ ਜੇ ਓ. ਬੀ. ਸੀ. ਸਮੁੱਚੀ ਜਾਤੀ ਅਧਾਰਤ ਜਨਗਣਨਾ ਹੋਵੇ। ਜਿਸ ਦੀ ਵਜਾਹ ਕਰਕੇ ਓ. ਬੀ. ਸੀ. ਦੀ ਅਸਲੀ ਅੰਕੜਿਆਂ ਦੀ ਜਾਣਕਾਰੀ ਮਿਲੇਗੀ। ਇਸ ਲਈ ਸਾਰੇ ਲੋਕਾਂ ਦੀ ਜਾਤੀ ਅਧਾਰਤ ਗਿਣਤੀ ਹੋਣੀ ਚਾਹੀਦੀ ਹੈ। ਬ੍ਰਾਹਮਣ, ਖੱਤਰੀਆਂ ਤੇ ਵੈਸ਼ਅ ਦੀ ਵੀ ਜਾਤੀ ਅਧਾਰਤ ਗਿਣਤੀ ਹੋਵੇ। 1745 ਜਾਤੀਆਂ ਨੂੰ ਓ. ਬੀ. ਸੀ. ਤੋਂ ਬਾਹਰ ਕੱਢਿਆ ਜਾਵੇ। ਉਹਨਾਂ ਜਾਤੀਆਂ ਨੂੰ ਵਰਣ-ਵਿਵਸਥਾ ਤਹਿਤ ਕਿਸ ਵਰਣ 'ਚ ਰੱਖਿਆ ਜਾਵੇਗਾ? ਤੇ ਉਹਨਾਂ ਦਾ ਅੰਕੜਾ ਕੀ ਹੋਵੇਗਾ। ਜੇ ਦੇਖਿਆ ਜਾਏ ਤਾਂ ਓ ਬੀ. ਸੀ ਤੋਂ ਬਾਹਰ ਕ੍ਰੀਮ ਲੇਅਰ ਅਨੁਸਾਰ 1995 ਜਾਤੀਆਂ ਤੇ ਓ. ਬੀ. ਸੀ. ਤੋਂ ਬਾਹਰ ਕੱਢੀਆਂ, 1745 ਜਾਤੀਆਂ ਦਾ ਅੰਕੜਾ ਜੋੜਿਆ ਜਾਵੇ ਤਾਂ ਇਹ 60-70 ਫੀਸਦੀ ਦਾ ਅੰਕੜਾ ਪਾਰ ਕਰ ਜਾਵੇਗੀ। 1931 ਤਕ ਜਾਤੀ ਅਧਾਰਤ ਜਨਗਣਨਾ ਹੋਈ ਪਰ 1947 ਦੀ ਸੱਤਾ ਬਦਲੀ ਦੇ ਭਾਰਤ 'ਚ ਜਾਤੀ ਅਧਾਰਤ ਜਨਗਣਨਾ ਬੰਦ ਕਰ ਦਿੱਤੀ ਗਈ। ਜੇ ਜਾਤੀ ਅਧਾਰਤ ਜਨਗਣਨਾ ਹੁੰਦੀ ਹੈ ਤਾਂ ਭਾਰਤ 'ਚ ਸਭ ਜਾਤੀਆਂ ਨੂੰ ਆਪਣੇ ਅੰਕੜਿਆਂ ਦੀ ਜਾਣਕਾਰੀ ਹੋਵੇਗੀ ਅਤੇ ਸਹੀ ਅੰਕੜਿਆਂ ਦੀ ਜਾਣਕਾਰੀ ਹੋਣ 'ਤੇ ਸਹੀ ਬਜਟ ਅਲਾਟ ਹੋ ਸਕਦਾ ਹੈ। ਦੇਸ਼ 'ਚ ਅੱਜ ਓ. ਬੀ. ਸੀ. ਦੇ 8 ਮੁੱਖ ਮੰਤਰੀ ਹਨ, ਫਿਰ ਵੀ ਓ. ਬੀ. ਸੀ. ਜਾਤੀ ਅਧਾਰਤ ਜਨਗਣਨਾ ਦਾ ਸੰਸਦ 'ਚ ਪ੍ਰਸਤਾਵ ਰੱਖਿਆ ਹੋਵੇ? ਇਸ ਦਾ ਮੁੱਖ ਕਾਰਣ ਹੈ ਕਿ ਸਾਡੇ ਲੋਕ ਪੂਨਾ ਪੈਕਟ ਤਹਿਤ ਗੁਲਾਮ ਹਨ। ਉਹ ਕੇਂਦਰ ਦੀ ਬ੍ਰਾਹਮਣ ਪੱਖੀ ਕਿਸੇ ਵੀ ਪਾਰਟੀ ਦੀ ਸਰਕਾਰ ਕਿਉਂ ਨਾ ਹੋਵੇ, ਉਹਨਾਂ ਓ. ਬੀ. ਸੀ. ਮੁੱਖ ਮੰਤਰੀ ਨੇ ਹਮੇਸ਼ਾ ਪੈਰਾਂ ਦੀਆਂ ਤਲੀਆਂ ਚੱਟਣ ਦਾ ਕੰਮ ਹੀ ਕੀਤਾ ਹੈ। ਪੂਨਾ ਪੈਕਟ 'ਚ ਪਿਛੜਿਆਂ ਦੇ ਪ੍ਰਤੀਨਿਧ ਦਲਾਲ ਤੇ ਪਿੱਛਲੱਗੂ ਸਨ ਜੋ ਵੀ ਹਾਲਤ ਉਹੀ ਹੈ। ਇਹਨਾਂ ਦਲਾਲਾਂ ਰਾਹੀਂ ਸਵਰਨ ਉਚ (ਬ੍ਰਾਹਮਣੀ) ਜਾਤੀਆਂ ਭਾਰਤ ਸਮਾਜ 'ਚ ਆਪਣਾ ਦਾਬਾ ਕਾਇਮ ਰੱਖਣ 'ਚ ਕਾਮਯਾਬ ਹਨ। ਤੇ ਉਹਨਾਂ ਨੂੰ ਆਪਸ 'ਚ ਲੜਾਉਣ 'ਚ ਵੀ ਸਫਲ ਹਨ। ਪਿਛੇ ਜਿਹੇ ਹੀ ਉਤਰ ਪ੍ਰਦੇਸ਼ ਸਰਕਾਰ ਦੀ ਮਿਸਾਲ

ਹੈ। ਉਤਰ ਪ੍ਰਦੇਸ਼ ਸਰਕਾਰ ਹਾਈਕੋਰਟ ਵੱਲੋਂ ਦਿੱਤੇ ਰਾਖਵੇਂਕਰਨ 'ਚ ਤਰੱਕੀ ਖਤਮ ਕਰਨ ਦਾ ਫੈਸਲਾ ਦਿੱਤਾ ਸੀ ਪਰ ਬਸਪਾ ਸਰਕਾਰ ਨੇ ਉਕਤ ਫੈਸਲੇ 'ਤੇ ਰੋਕ ਲਾਈ ਸੀ। ਪਰ ਜਿਉਂ ਹੀ ਉਤਰ ਪ੍ਰਦੇਸ਼ 'ਚ ਸਮਾਜਵਾਦੀ ਪਾਰਟੀ ਦੀ ਸਰਕਾਰ ਆਉਂਦਿਆਂ ਹੀ ਉਕਤ ਦਿੱਤੇ ਫੈਸਲੇ ਨੂੰ ਸਹੀ ਠਹਿਰਾਉਂਦਿਆਂ ਰਾਖਵੇਂਕਰਨ 'ਚ ਤਰੱਕੀ ਖਤਮ ਕਰ ਦਿੱਤੀ। ਇਹ ਫੈਸਲਾ ਆਉਣ ਵਾਲੇ ਸਮੇਂ 'ਚ ਰਾਜਸਥਾਨ 'ਚ ਲਾਗੂ ਹੋਵੇਗਾ ਅਤੇ ਵੇਖਦੇ-ਵੇਖਦੇ ਸਮੁੱਚੇ ਭਾਰਤ 'ਚ ਲਾਗੂ ਹੋ ਜਾਵੇਗਾ। ਇਹਨਾਂ ਸਾਰੀਆਂ ਘਟਨਾਵਾਂ ਨੂੰ ਵੇਖਦਿਆਂ ਕੌਮੀ ਪੱਧਰ ਦੇ ਅੰਦੋਲਨ ਦੀ ਲੋੜ ਹੈ। ਕਿਉਂਕਿ ਹੁਣ ਇਹ ਕੌਮੀ ਸਮੱਸਿਆ ਬਣ ਗਈ ਹੈ। ਭਾਰਤ ਮੁਕਤੀ ਮੋਰਚੇ ਨੂੰ ਇਹ ਪਹਿਲ ਕਰਨੀ ਚਾਹੀਦੀ ਹੈ। ਦੇਸ਼ ਦੇ 6 ਲੱਖ ਪਿੰਡਾਂ ਤਕ ਇਹ ਸੁਨੇਹਾ ਪਹੁੰਚਣਾ ਚਾਹੀਦਾ ਹੈ।

ਵਿਸ਼ਾਲ ਜਨਤਕ ਅਧਾਰਵਾਲੀ ਜਮੂਹਰੀ ਲਹਿਰ ਹੀ 'ਜਾਤ ਤੋੜੋ ਸਮਾਜ ਜੋੜੋ' ਦੇ ਨਿਸ਼ਾਨੇ ਦੀ ਪ੍ਰਾਪਤੀ ਹਾਸਲ ਕਰ ਸਕੇਗੀ।

# ਕਿੰਨੀ ਕੁ ਹੈ ਫਿਰਕਾਪ੍ਰਸਤੀ ਦੀ ਚੁਣੌਤੀ?

ਅਜ਼ਾਦੀ ਤੋਂ ਬਾਅਦ ਦੇ ਬਹੁਤ ਛੋਟੇ ਅੰਤਰਕਾਲ ਨੂੰ ਛੱਡ ਦੇਈਏ ਤਾਂ ਮਹਾਂਰਾਸ਼ਟਰ ਵਿੱਚ ਜ਼ਿਆਦਾਤਰ ਉਸ ਪਾਰਟੀ ਦੀ ਹਕੂਮਤ ਰਹੀ ਹੈ ਜੋ ਆਪਣੇ ਆਪ ਨੂੰ ਐਲਾਨੀਆਂ ਤੌਰ ’ਤੇ ਸੈਕੂਲਰ ਸਮਝਦੀ ਹੈ। ਸੁਆਲ ਤਾਂ ਇਹ ਹੈ ਕਿ ਆਖਰਕਾਰ ਸੈਕੂਲਰ ਵਿਵਸਥਾ ’ਚ ਫਿਰਕੂ ਸ਼ਕਤੀਆਂ ਕਿਸ ਤਰ੍ਹਾਂ ਤਾਕਤ ਹਾਸਿਲ ਕਰਦੀਆਂ ਗਈਆਂ ਹਨ। ਨਿਸਚੈ ਹੀ ਇਸ ਦੀ ਪੜਤਾਲ ਕਰਨਾ, ਇਸ ਤੇ ਸੁਆਲ ਖੜੇ ਕਰਨਾ ਤੇ ਉਸ ਨੂੰ ਚੁਣੌਤੀ ਦੇਣਾ ਬੇਹੱਦ ਜ਼ਰੂਰੀ ਹੈ। ਕਿਉਂਕਿ ਇਹ ਭਾਰਤ ਦੀ ਧਰਮ ਨਿਰਪੱਖ ਜਮਹੂਰੀਅਤ ਦੀ ਰਾਖੀ ਲਈ ਜ਼ਰੂਰੀ ਹੈ। ਇਸ ਦੌਰਾਨ ਅੰਨਾ ਅੰਦੋਲਨ ਸਬੰਧੀ
ਜਮਹੂਰੀਅਤ ਦੀ ਰਾਖੀ ਲਈ ਜ਼ਰੂਰੀ ਹੈ। ਇਸ ਦੌਰਾਨ ਅੰਨਾ ਅੰਦੋਲਨ ਸਬੰਧੀ
ਮਹਾਂਰਾਸ਼ਟਰ ’ਚ ਹੀ ਗਹਿਮਾ-ਗਹਿਮੀ ਤੇ ਉਸ ਤੋਂ ਪਹਿਲਾਂ ਨਗਰਪਾਲਿਕਾ ਚੋਣਾਂ ਵਿੱਚ ਕਾਂਗਰਸ ਐਨ. ਸੀ. ਪੀ. ਗਠਜੋੜ ਨੂੰ ਮਿਲੀ ਅਗੇਤਰਤਾ ਦੀਆਂ ਖ਼ਬਰਾਂ ਦਰਮਿਆਨ ਇਕ ਅਹਿਮ ਖ਼ਬਰ ਵੱਲ ਲੋਕਾਂ ਦਾ ਧਿਆਨ ਘੱਟ ਗਿਆ ਹੋਵੇਗਾ। ਖ਼ਬਰ ਮਿਲੀ ਹੈ ਕਿ ਸੂਬਾ ਮਹਾਂਰਾਸ਼ਟਰ ’ਚ ਘੱਟ ਗਿਣਤੀਆਂ ਦੀਆਂ ਸ਼ਿਕਾਇਤਾਂ ਨੂੰ ਦੂਰ ਕਰਨ ਲਈ ਵਿਸੇਸ਼ ਦਸਤੇ ਬਣਾਏ ਜਾਣਗੇ। ਇਹਨਾਂ ਵਿਸੇਸ਼ ਦਸਤਿਆਂ ਦਾ ਕੰਮ ਘੱਟ ਗਿਣਤੀਆਂ ਦੀਆਂ ਸਮੱਸਿਆਵਾਂ ਜਾਂ ਸ਼ਿਕਾਇਤਾਂ ’ਤੇ ਰੀਪੋਟ ਤਿਆਰ ਕਰਨਾ ਹੋਵੇਗਾ। ਰਾਜ ਪੁਲਸ ਸੂਤਰਾਂ ਦਾ ਕਹਿਣਾ ਹੈ ਕਿ ਇਹ ਦਸਤੇ ਥਾਣਿਆਂ ’ਚ ਤੈਨਾਤ ਇੰਸਪੈਕਟਰਾਂ ਨਾਲ ਰੋਜ਼ਾਨਾ ਵਾਂਗੂੰ ਮਿਲਣਗੇ ਤੇ ਇਹਨਾਂ ਦੀ ਰੀਪੋਟ ਹਰ ਰਾਜ ਪੁਲਸ ਮੁਖ ਦਫਤਰ ਨੂੰ ਭੇਜੀ ਜਾਵੇਗੀ। ਇਕ ਸੁਆਲ ਖੜ੍ਹਾ ਕਰਨਾ ਲਾਜ਼ਮੀ ਹੈ ਕਿ ਅਚਾਨਕ ਸਰਕਾਰ ਵੱਲੋਂ ਅਜਿਹਾ ਕਦਮ ਚੁਕਣ ਦਾ ਐਲਾਨ ਕਿਉਂ ਹੋਇਆ? ਦਰਅਸਲ ਪੁਲਿਸ ਵੱਲੋਂ ਸ਼ੱਕੀਆਂ ਦੇ ਰਿਸ਼ਤੇਦਾਰਾਂ ਦੀ ਗੈਰ ਕਾਨੂੰਨੀ ਹਿਰਾਸਤ ਤੇ ਜਬਰ ਸਬੰਧੀ ਕਈ ਸ਼ਿਕਾਇਤਾਂ ਉਚ ਅਧਿਕਾਰੀਆਂ ਤਕ ਪਹੁੰਚੀਆਂ ਸਨ। 3 ਜੁਲਾਈ ਦੇ ਦਹਿਸ਼ਤਗਰਦੀ ਹਮਲੇ ਪਿੱਛੋਂ ਕਿਸ ਤਰ੍ਹਾਂ ਪੁਲਿਸ ਫੌਜ ਉਸਮਾਨੀ ਨਾਂ ਦੇ ਇੱਕ ਛੋਟੇ ਜਿਹੇ ਦੁਕਾਨਦਾਰ ਨੂੰ ਗੋਵੰਡੀ ਤੋਂ ਚੁਕ ਕੇ ਲੈ ਗਈ ਅਤੇ ਕਿਸ ਤਰ੍ਹਾਂ ਕਥਿਤ ਤੌਰ ’ਤੇ ਪੁਲਸ ਜ਼ਬਰ ਦੇ ਚਲਦਿਆਂ ਉਸ ਦੀ ਹਿਰਾਸਤ ’ਚ ਮੌਤ ਹੋਈ ਸੀ। ਇਹ ਮਸਲਾ ਸੁਰਖੀਆਂ ਬਣਿਆ ਨਹੀਂ ਸੀ। ਦੰਗਿਆਂ ਵਰਗੀਆਂ ਹਾਲਤਾਂ ਵਿੱਚ ਵੀ ਘੱਟ ਗਿਣਤੀ ਫਿਰਕੇ ਵੱਲੋਂ ਕਾਨੂੰਨੀ ਵਿਵਸਥਾ ਬਣਾਈ ਰੱਖਣ ਲਈ ਤੈਨਾਤ ਮਸ਼ੀਨਰੀ ਦੇ ਪੂਰਵ ਗ੍ਰਹਿਆਂ ਦੀ ਸ਼ਿਕਾਇਤ ਆਉਂਦੀ ਰਹੀ ਹੈ। ਅਖਬਾਰਾਂ ਅਨੁਸਾਰ ਅਜਿਹੀ ਸਾਰੀ ਜਾਣਕਾਰੀ, ਸ਼ਿਕਾਇਤਾਂ ਇਕੱਠੀਆਂ ਕਰਕੇ ਰਾਜ ਤੇ ਕੇਂਦਰ ਸਰਕਾਰ ਨੂੰ ਭੇਜੀਆਂ ਜਾਣਗੀਆਂ। ਫਿਲਹਾਲ ਇਸ ’ਤੇ ਕੋਈ ਫੈਸਲਾ ਨਹੀਂ ਲਿਆ ਗਿਆ ਹੈ। ਕਿ ਘਟਗਿਣਤੀ ਫਿਰਕੇ ਜਿਨ੍ਹਾਂ ਪੁਲਸ ਅਧਿਕਾਰੀਆਂ ਖਿਲਾਫ ਦੋਸ਼ ਲਾਵੇਗਾ, ਉਸ ਖਿਲਾਫ ਕਿਸ ਕਿਸਮ ਦੀ ਕਾਰਵਾਈ ਕੀਤੀ ਜਾਵੇਗੀ। ਮਹਾਂਰਾਸ਼ਟਰ ’ਚ ਦੀ ਜੋ ਛਵੀ ਬਾਕੀ ਮੁਲਕ ’ਚ ਹੈ, ਇਹ ਉਸ ਦੇ ਉਲਟ ਦਿਸਦਾ ਹੈ।

**ਵਧਦੀ ਫਿਰਕੂ ਮਾਨਸਿਕਤਾ** :- ਵੈਸੇ ਇਕ ਸਰਕਾਰੀ ਰੀਪੋਟ ਨੂੰ ਵੇਖੀਏ ਜਿਸ ਦੇ ਅੰਸ਼ ਮੁਖਧਾਰਾ ਦੇ ਮੀਡੀਆ ’ਚ ਪਿਛਲੇ ਸਾਲ ਛਪੇ ਸਨ (ਮਹਾਂ ਸ਼ੇਮ ਆਨ ਰਾਈਟਸ

ਕਾਊਂਟ) ਤਾਂ ਇਹੀ ਬੇਚੈਨ ਕਰਨ ਵਾਲਾ ਤੱਥ ਮੂਹਰੇ ਆ ਸਕਦਾ ਹੈ ਕਿ ਮੁਲਕ ਦਾ ਇਹ ਸੂਬਾ ਜਿਸ ਨੇ ਸਮਾਜ ਸੁਧਾਰਨ ਅੰਦੋਲਨਾਂ 'ਚ ਰਿਕਾਰਡ ਕਾਇਮ ਕੀਤੀ ਅਤੇ ਜੋ ਕਦੀ ਟ੍ਰੇਡ ਯੂਨੀਅਨ ਤੇ ਕਮਿਊਨਿਸਟ ਸੰਘਰਸ਼ ਦਾ ਗੜ੍ਹ ਹੁੰਦਾ ਸੀ, 21ਵੀ ਸਦੀ ਦੀ ਪਹਿਲੀ ਤਿਹਾਈ 'ਚ ਫਿਰਕੂ ਘਟਨਾਵਾਂ ਸਬੰਧੀ ਬਾਕੀ ਸੂਬਿਆਂ ਨੂੰ ਪਿਛੇ ਛੱਡਦਾ ਦਿਸਦਾ ਹੈ। 'ਸੋਸ਼ਿਓ-ਇੱਕਨਾਮਿਕ ਸਟੇਟਸ ਆਫ ਮੁਸਲਿਮਸ ਇਨ ਮਹਾਂਰਾਸ਼ਟਰ ਸਿਰਲੇਖ ਨਾਮਕ ਉਕਤ ਰੀਪੋਟ ਮੁਤਾਬਕ ਸਾਲ 1998 ਤੋਂ 2008 ਦੌਰਾਨ ਫਿਰਕੂ ਘਟਨਾਵਾਂ ਸਬੰਧੀ ਮਹਾਂਰਾਸ਼ਟਰ ਫਸਟ ਰਿਹਾ। ਇਸ ਦੌਰਾਨ ਉਥੇ 1192 ਫਿਰਕੂ ਘਟਨਾਵਾਂ ਨੂੰ ਰਿਕਾਰਡ ਕੀਤਾ ਗਿਆ। ਬਾਕੀ ਚੁਣੇ ਹੋਏ ਰਾਜਾਂ 'ਚ ਅੰਕੜੇ ਇਸ ਤਰ੍ਹਾਂ ਸਨ ਉਤਰ ਪ੍ਰਦੇਸ਼ 1112, ਮੱਧ ਪ੍ਰਦੇਸ਼ (1860), ਗੁਜਰਾਤ (1823) ਕਰਨਾਟਕ 654 ਬਿਹਾਰ 524, ਉੜੀਸਾ (357), ਪੱਛਮੀ ਬੰਗਾਲ (205), ਦਿੱਲੀ (85), ਹਿਮਾਚਲ (11) ਆਦਿ। ਟਾਟਾ ਇੰਸਟੀਚੂਟ ਆਫ ਸੋਸ਼ਲ ਸਾਇੰਸੇਸ ਦੇ ਪ੍ਰੋਫੈਸਰ ਸ਼ਬਨ ਜਿਨ੍ਹਾਂ ਨੇ ਮਹਾਂਰਾਸ਼ਟਰ ਘੱਟ ਗਿਣਤੀ ਕਮਿਸ਼ਨ ਲਈ ਵਿਸਥਾਰਿਤ ਰੀਪੋਟ ਤਿਆਰ ਕੀਤੀ, ਸਪੱਸ਼ਟ ਕਰਦੇ ਹਨ ਕਿ ਮਹਾਂਰਾਸ਼ਟਰ ਦਾ ਸਮਾਜ ਕਿਸ ਹੱਦ ਤੱਕ ਫਿਰਕੂ ਅਧਾਰਾਂ 'ਤੇ ਧਰੁਵੀਕ੍ਰਿਤ ਹੋ ਚੁਕਿਆ ਹੈ। ਉਹਨਾਂ ਮੁਤਾਬਕ ਜੇ ਗਣੇਸ ਚਥੁਰਥੀ ਹੋਵੇ ਜਾਂ ਮੋਹਰਮ, ਇਹ ਦੋਨੋ ਤਿਉਹਾਰ ਇੱਥੇ ਇਸ ਢੰਗ ਨਾਲ ਮਨਾਏ ਜਾਂਦੇ ਹਨ ਜਿਸ 'ਚ ਹੋਰ ਫਿਰਕੇ ਦੀ ਕੋਈ ਥਾਂ ਨਹੀਂ ਹੁੰਦੀ। ਅਨੇਕਾਂ ਫਿਰਕੂ ਘਟਨਾਵਾਂ ਇਹਨਾਂ ਤਿਉਹਾਰਾਂ ਦੌਰਾਨ ਪੈਦਾ ਤਣਾਅ ਦਾ ਹੀ ਸਿਟਾ ਹੁੰਦੀਆਂ ਹਨ।

**ਫਿਰਕੂ ਧਰੁਵੀਕਰਣ** :- ਫਿਰਕੂ ਦੰਗਿਆਂ 'ਚ ਹੋਈਆਂ ਮੌਤਾਂ ਦੇ ਅੰਕੜੇ ਦੇਖੀਏ ਤਾਂ ਮੋਦੀ ਦੀ ਹਕੂਮਤ ਵਾਲਾ ਗੁਜਰਾਤ ਸਭ ਤੋਂ ਉਪਰ ਦਿਸਦਾ ਹੈ। ਜ਼ਿਆਦਾ ਤੌਰ 'ਤੇ ਗੁਜਰਾਤ 'ਚ ਇਸ ਦੌਰਾਨ 1114 ਮੌਤਾਂ ਹੋਈਆਂ (ਗੈਰ ਸਰਕਾਰੀ ਅੰਕੜਿਆਂ ਜਾਂ ਮਨੁੱਖੀ ਅਧਿਕਾਰਾਂ ਸੰਗਠਨਾਂ ਵੱਲੋਂ ਇਕੱਠੇ ਕੀਤੇ ਅੰਕੜੇ ਦੇਖੀਏ ਤਾਂ ਉਕਤ ਅੰਕੜੇ ਇਸ ਤੋਂ ਘੱਟੋ-ਘੱਟ ਦੁਗਣੇ ਹਨ)। ਇਸ ਪਿੱਛੋਂ ਉਤਰ ਪ੍ਰਦੇਸ਼ (384), ਬਿਹਾਰ (231), ਮਹਾਂਰਾਸ਼ਟਰ (172), ਮੱਧ ਪ੍ਰਦੇਸ਼ (162), ਕਰਨਾਟਕ (75), ਉੜੀਸਾ (67), ਪੱਛਮੀ ਬੰਗਾਲ (46), ਦਿੱਲੀ (011) ਤੇ ਹਿਮਾਚਲ ਪ੍ਰਦੇਸ਼ (2) ਦਾ ਨੰਬਰ ਆਉਂਦਾ ਹੈ। ਵੈਸੇ ਮਹਾਂਰਾਸ਼ਟਰ ਦੇ ਸਮਾਜਕ-ਰਾਜਸੀ ਜੀਵਨ ਦੇ ਮੱਠੀ ਰਫਤਾਰ ਨਾਲ ਫਿਰਕੂਕਰਣ ਦੀ ਇਸ ਤਸਵੀਰ ਨਾਲ ਅਸੀਂ ਸਭ ਉਦੋਂ ਵੀ ਰੂਬਰੂ ਹੋਏ ਸਾਂ ਜਦ ਸੱਚਰ ਕਮਿਸ਼ਨ ਵੱਲੋਂ ਭਾਰਤ ਦੇ ਮੁਸਲਮਾਨਾਂ ਦੇ ਹਾਲਾਤ 'ਤੇ ਕੇਂਦਰਿਤ ਰਿਪੋਟ ਦੇ ਅੰਸ਼ ਪ੍ਰਕਾਸ਼ਿਤ ਹੋ ਰਹੇ ਸਨ। ਇਸ 'ਚ ਉਹ ਅੰਕੜੇ ਵੀ ਸ਼ਾਮਲ ਸਨ ਜੋ ਦੱਸ ਰਹੇ ਸਨ ਕਿ ਕਿਸ ਉਚ ਸੂਬੇ ਦੀ ਅਬਾਦੀ 'ਚ ਮੁਸਲਮਾਨਾਂ ਦੀ ਫੀਸਦੀ ਕਿੰਨੀ ਹੈ ਅਤੇ ਜੇਹਲਾਂ 'ਚ ਉਹਨਾਂ ਦੀ ਗਿਣਤੀ ਦੀ ਫੀਸਦੀ ਕਿੰਨੀ ਹੈ। ਸਭ ਤੋਂ ਹੈਰਾਨਕੁੰਨ ਅੰਕੜੇ ਮਹਾਂਰਾਸ਼ਟਰ ਤੋਂ ਸਨ। ਇਸ ਮੁਤਾਬਕ ਜਿੱਥੇ ਮਹਾਂਰਾਸ਼ਟਰ 'ਚ ਮੁਸਲਮਾਨ ਸਮੁੱਚੀ ਆਬਾਦੀ ਦਾ ਸਿਰਫ 10.2 ਫੀਸਦੀ ਹਿੱਸਾ ਹੈ। ਉਥੇ ਜੇਲ੍ਹਾਂ 'ਚ ਉਹਨਾਂ ਦਾ ਅਨੁਪਾਤ 32 ਫੀਸਦੀ ਹੈ। ਬਾਬਰੀ ਮਸਜਿਦ ਢਹਿਣ ਪਿੱਛੋਂ ਮੁੰਬਈ 'ਚ ਜਥੇਬੰਦ ਦੰਗਿਆਂ 'ਤੇ ਸ੍ਰੀ ਕ੍ਰਿਸ਼ਣ ਕਮਿਸ਼ਨ ਦੀ ਰੀਪੋਟ ਪਿੱਛੋਂ ਦੇਸ਼ ਮਹਾਂਰਾਸ਼ਟਰ ਦੇ ਰਾਜਸੀ-ਸਮਾਜਕ ਜੀਵਨ ਦੇ ਡੂੰਘੇ ਫਿਰਕੂਕਰਣ ਦੀ ਘਟਨਾ ਨਾਲ ਪਹਿਲੀ ਵਾਰ ਇਜਾਫਾ ਹੋਇਆ। ਸ੍ਰੀ ਕ੍ਰਿਸ਼ਨ ਕਮਿਸ਼ਨ ਦੀ ਰੀਪੋਟ ਆਇਆਂ ਕਾਫੀ ਸਮਾਂ ਹੋ ਗਿਆ ਹੈ। ਪਰ ਨਾ ਕਿਸੇ ਨੇਤਾ, ਨਾ ਪੁਲਸ

ਮੁਲਾਜਮ ’ਤੇ ਜਿਨ੍ਹਾਂ ਨੇ ਇਸ ਅੱਗ ਨੂੰ ਭੜਕਾਇਆ, ਹੁਣ ਤੱਕ ਕੋਈ ਕਾਰਵਾਈ ਹੋ ਸਕੀ ਹੈ। ਦੂਜੇ ਪਾਸੇ ਜੇ ਹਿੰਦੂਵਾਦੀ ਸੰਘ ਪ੍ਰੀਵਾਰ ਸੰਗਠਨ ਨਾਲ ਸਬੰਧਤ ਨੈਟਵਰਕ ਦੇਖੀਏ ਤਾਂ ਉਸ ਦਾ ਅਹਿਮ ਕੇਂਦਰ ਪੁਣੇ ਦਿਸਦਾ ਹੈ। ਉਹ ਸੂਬਾ ਜਿਸ ਨੇ ਮਹਾਤਮਾ ਫੂਲੇ, ਅੰਬੇਦਕਰ, ਰਮਾਬਾਈ ਤਾਰਾਬਾਈ ਸ਼ਿੰਦੇ ਵਰਗੇ ਮਹਾਨ ਸਮਾਜ ਸੇਵੀ ਪੈਦਾ ਕੀਤੇ ਜਿਸ ਦੀ ਵਿਰਾਸਤ ਦੇ ਦਾਅਵੇਦਾਰ ਬਾਕੀ ਮੁਲਕ ’ਚ ਵੀ ਫੈਲੇ ਹਨ। ਉਥੋਂ ਦੇ ਲੋਕਾਂ ਦਾ ਇਕ ਹਿੱਸਾ ਏਨੇ ਤੰਗਨਜ਼ਰ ਵਿਚਾਰਾਂ ਨੂੰ ਕਿਵੇਂ ਆਤਮਸਾਤ ਕਰ ਸਕਦਾ ਹੈ। ਨਿਸ਼ਚੈ ਹੀ ਇਸ ਦੀ ਪੜਤਾਲ ਕਰਨਾ, ਇਸ ਤੇ ਸੁਆਲ ਪੈਦਾ ਕਰਨਾ, ਤੇ ਇਸਨੂੰ ਚੁਣੌਤੀ ਦੇਣਾ ਬੇਹੱਦ ਜ਼ਰੂਰੀ ਹੈ ਕਿ ਇਹ ਭਾਰਤ ਦੀ ਸੈਕੂਲਰ ਡੈਮੋਕਰੇਸੀ ਲਈ ਜ਼ਰੂਰੀ ਵੀ ਹੈ। ਫਿਰਕੂ ਤਾਕਤਾਂ ਦੇ ਇਸ ਮੌਨ ਉਭਾਰ ਨੂੰ ਸਮਝਣਾ ਪਵੇਗਾ। ਵਿਵੇਚਨਾ ਦਾ ਇਕ ਪੱਧਰ ਧਰਮ ਨਿਰਪੇਖਤਾ ਦੀਆਂ ਸਾਰੀਆਂ ਸਮਝਣਾਂ ਤੋਂ ਹੀ ਨਹੀਂ, ਬਲਕਿ ਧਰਮ ਨਿਰਪੱਖ ਪਾਰਟੀਆਂ ਵੱਲੋਂ ਸਮੇਂ-ਸਮੇਂ ਸਿਰ ਉਠਾਏ ਜਾ ਰਹੇ ਕਦਮਾਂ ਤੋਂ ਉਹਨਾਂ ਦੀਆਂ ਗਲਤੀਆਂ ਦੀ ਪੜਤਾਲ ਕਰਨ ਦਾ ਵੀ ਹੋਣਾ ਚਾਹੀਦਾ ਹੈ। ਵਿਵੇਚਨਾ ਦਾ ਦੂਜਾ ਪੱਧਰ ਫਿਰਕੂ ਤੰਗਨਜ਼ਰ ਸ਼ਕਤੀਆਂ ਵੱਲੋਂ ਆਪਣੇ ਏਜੰਡੇ ਨੂੰ ਹਰਮਨ ਪਿਆਰਾ ਬਣਾਉਣ ਲਈ ਚੁੱਕੇ ਕਦਮਾਂ ਦਾ ਵੀ ਹੋਣਾ ਚਾਹੀਦਾ ਹੈ। ਇਹ ਧਿਆਨ ਰਹੇ ਕਿ ਮਹਾਂਰਾਸ਼ਟਰ ’ਚ ਆਰ. ਐਸ. ਐਸ., ਭਾਜਪਾ, ਸ਼ਿਵ ਸੈਨਾ ਵਰਗੇ ਫਿਰਕੂ ਸੰਗਠਨ ਮਜ਼ਬੂਤ ਹੁੰਦੇ ਜਾ ਰਹੇ ਹਨ।

# ਵਿਗੜ ਦਾ ਹਿਸਾਬ ਕਿਤਾਬ ਅਰਥਚਾਰੇ ਦਾ

ਸੇਵਾ ਖੇਤਰ 'ਚ ਯੂਰੋ ਸੰਕਟ ਦੇ ਡੂੰਘੇ ਅਸਰ ਨਾਲ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦੇ ਪਿਛੜਣ ਤੇ ਰੁਜ਼ਗਾਰ ਸੰਕਟ ਦੀ ਸਥਿਤੀ ਬਣੀ ਹੋਈ ਹੈ। ਆਰਥਕ ਮੰਦੀ ਦੇ ਮੱਦੇ ਨਜ਼ਰ ਪ੍ਰਧਾਨ ਮੰਤਰੀ ਦਫ਼ਤਰ ਨੇ ਪਿਛੇ ਜਿਹੇ ਹੀ ਨਕਦੀ ਨਾਲ ਖੁਸ਼ਹਾਲ ਜਨਤਕ ਖੇਤਰ ਦੀਆਂ ਕੰਪਨੀਆਂ ਨੂੰ ਅਗਲੇ ਵਿਤੀ ਸਾਲ 'ਚ 1.76 ਲੱਖ ਕਰੋੜ ਰੁਪਏ ਨਿਵੇਸ਼ ਕਰਨ ਨੂੰ ਕਿਹਾ ਗਿਆ ਤਾਂ ਕਿ ਅਰਥਚਾਰੇ ਨੂੰ ਪਟੜੀ 'ਤੇ ਲਿਆਉਣ 'ਚ ਮਦਦ ਮਿਲ ਸਕੇ। ਪ੍ਰਧਾਨ ਮੰਤਰੀ ਦੇ ਪ੍ਰਧਾਨ ਸਕੱਤਰ ਪੁਲਕ ਚੈਟਰਜੀ ਦੀ ਪ੍ਰਧਾਨਗੀ 'ਚ ਹੋਈ ਇਸ ਬੈਠਕ 'ਚ ਐਸੀਆਂ 17 ਕੰਪਨੀਆਂ ਦੀ ਨਿਸ਼ਾਨਦੇਹੀ ਕੀਤੀ ਗਈ ਜਿਹਨਾਂ ਕੋਲ 1000 ਕਰੋੜ ਰੁਪਏ ਤੋਂ ਵੱਧ ਦਾ ਬੈਲੇਂਸ ਹੈ। ਇਹਨਾਂ ਕੰਪਨੀਆਂ ਨੂੰ ਖਾਸ ਤੌਰ 'ਤੇ ਢਾਂਚਾਗਤ ਖੇਤਰ ਵਿੱਚ ਨਿਵੇਸ਼ ਕਰਨ ਨੂੰ ਕਿਹਾ ਗਿਆ ਹੈ ਜਿਹਨਾਂ ਦੀ ਸਥਿਤੀ ਦੀ ਸਮੇਂ-ਸਮੇਂ ਸਿਰ ਨਿਗਰਾਨੀ ਕੀਤੀ ਜਾਵੇਗੀ। ਇਸ ਕਦਮ ਨਾਲ ਸਹਿਜੇ ਹੀ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਭਾਰਤੀ ਅਰਥਚਾਰੇ 'ਚ ਸੰਰਚਨਾਤਮਕਤਾ ਦੀ ਕਿਸ ਹੱਦ ਤਕ ਕਮੀ ਹੈ। ਭਾਰਤੀ ਵਣਜ ਮੰਤਰਾਲੇ ਦੀ ਰੀਪੋਟ ਅਨੁਸਾਰ ਯੂਰੋਜੋਨ ਦਾ ਸਭ ਤੋਂ ਵੱਧ ਅਸਰ ਸਰਵਿਸ ਸੈਕਟਰ 'ਚ ਦਿਸੇਗਾ ਜਿਸ ਨਾਲ ਦੇਸ ਦੀ ਜੀ. ਡੀ. ਪੀ. ਦਰ ਵੀ ਘੱਟ ਹੋ ਸਕਦੀ ਹੈ। ਯੂਰਪੀ ਦੇਸ਼ਾਂ ਦੀ ਹਾਲਤ ਦੇਖਦਿਆਂ ਆਈ. ਟੀ. ਕੰਪਨੀਆਂ ਦੀ ਆਮਦਨ 'ਚ ਗਿਰਾਵਟ ਆਉਣ ਦਾ ਡਰ ਹੈ। ਦੇਸ਼ ਦੀ ਕੁਝ ਜੀ. ਡੀ. ਪੀ. ਵਿੱਚ ਸਰਵਿਸ ਸੈਕਟਰ ਦਾ 66 ਫੀਸਦੀ ਹਿੱਸਾ ਹੈ। ਇਸ 'ਚ 9.4 ਫੀਸਦੀ ਆਈ. ਟੀ. ਸੈਕਟਰ ਦਾ ਹੈ। ਆਈ. ਟੀ. ਕੰਪਨੀਆਂ ਦੀ ਕੁੱਲ ਬਰਾਮਦ ਦਾ 20.2 ਫੀਸਦੀ ਯੂਰਪ ਅਤੇ 61 ਫੀਸਦੀ ਅਮਰੀਕਾ ਤੋਂ ਹੁੰਦਾ ਹੈ, ਜਿਸ ਦੇ ਭਵਿੱਖ 'ਚ ਸੰਸਾਰਕ ਦਬਾਅ ਹੇਠ ਆਉਣ ਦੀ ਸੰਭਾਵਨਾ ਹੈ। ਜੇਮਸ ਐਂਡ ਜਵੇਲਰੀ ਐਕਸਪੋਰਟ ਪ੍ਰਮੋਸ਼ਨ ਕਾਊਂਸਲ ਅਨੁਸਾਰ, ਯੂਰਪ ਤੇ ਅਮਰੀਕਾ ਤੋਂ ਮੰਗ ਘਟਣ ਕਾਰਨ ਰਤਨ ਤੇ ਗਹਿਣੇ ਦੀ ਬਰਾਮਦ ਖਸਤਾ ਹਾਲਤ 'ਚ ਹੈ। ਮਹਿੰਗੇ ਕਰਜੇ ਨੇ ਉਦਯੋਗ ਦੀ ਰੀੜ੍ਹ ਤੋੜ ਰੱਖੀ ਹੈ। ਮੰਨਿਆ ਜਾ ਰਿਹਾ ਹੈ ਕਿ ਪੈਦਾਵਾਰ 'ਚ ਗਿਰਾਵਟ ਦੀ ਵੱਡੀ ਵਜਾਹ ਅਪਨਿਵੇਸ਼ ਤੇ ਖੁਦਾਈ ਖੇਤਰ ਦਾ ਪ੍ਰਦਰਸ਼ਨ ਰਿਹਾ ਹੈ। ਨਿਰਮਾਣ ਖੇਤਰ 'ਚ ਗਿਰਾਵਟ ਦੇ ਸੰਕੇਤ ਸਤੰਬਰ 'ਚ ਮਿਲ ਗਏ ਸਨ ਜਦ ਇਸ ਦੀ ਵਾਧਾ ਦਰ ਦੋ ਫੀਸਦੀ ਤੋਂ ਵੀ ਹੇਠਾਂ ਪਹੁੰਚ ਗਈ ਸੀ। ਵਿਸ਼ਵੀ ਹਲਚਲ ਨੇ ਬਰਾਮਦ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਪਿਛਲੇ ਸਾਲ ਅਕਤੂਬਰ ਮਹੀਨੇ 'ਚ 19.9 ਅਰਬ ਡਾਲਰ ਦੀ ਬਰਾਮਦ ਹੋਈ ਜਦ ਕਿ ਦਰਾਮਦ 39.5 ਅਰਬ ਡਾਲਰ ਦਾ ਕੀਤਾ ਗਿਆ ਹੈ। ਲਿਹਾਜਾ ਅਕਤੂਬਰ ਮਹੀਨੇ 'ਚ ਦੇਸ਼ ਨੂੰ 19.6 ਅਰਬ ਡਾਲਰ ਦਾ ਵਪਾਰਕ ਘਾਟਾ ਸਹਿਣਾ ਪਿਆ।

ਅਰਥਚਾਰੇ ਦੀ ਇਸ ਸਥਿਤੀ ਦਾ ਅੰਦਾਜਾ ਜੁਲਾਈ-ਅਗਸਤ ਤੋਂ ਹੀ ਦਿਸਣ ਲੱਗਿਆ ਸੀ ਜਦ ਅੱਠ ਮੁੱਖ ਸਨਅਤਾਂ ਦੇ ਵਾਧੇ ਦੀ ਦਰ 'ਚ ਵਾਧੇ ਦਾ ਸਿਲਸਿਲਾ ਰੁਕਣ ਲੱਗਿਆ ਸੀ। ਖਾਸ ਕਰਕੇ ਸੀਮੇਂਟ, ਕੁਦਰਤੀ ਗੈਸ ਤੇ ਕੋਲੇ ਦੀ ਪੈਦਾਵਾਰ 'ਚ ਹੋਈ ਗਿਰਾਵਟ ਨੇ ਸਨਅਤੀ ਜਗਤ ਦੇ ਇਕ ਵੱਡੇ ਹਿੱਸੇ ਨੂੰ

ਅਸਰਅੰਦਾਜ ਕੀਤਾ। ਦੇਸ਼ 'ਚ ਨਿਵੇਸ਼ ਨੂੰ ਦਿਲ ਖਿਚਵਾਂ ਬਣਾ ਦਿੱਤਾ ਹੈ। ਵਿਨਿਰਮਾਣ ਤੇ ਖੁਦਾਈ ਖੇਤਰ ਸਮੇਤ ਕੁਝ ਹੋਰ ਸਨਅਤਾਂ 'ਤੇ ਮੰਦੀ ਦੀ ਪਕੜ ਆਉਣ ਵਾਲੇ ਮਹੀਨਿਆਂ 'ਚ ਹੋਰ ਵਧ ਸਕਦੀ ਹੈ। ਪਿਕੀ ਦੇ ਪਿਛੇ ਜਿਹੇ ਹੀ ਕੀਤੇ ਸਰਵੇ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਧਾਤ, ਸੀਮਿੰਟ ਤੇ ਖਾਣ ਸਮੱਗਰੀ ਵਰਗੇ ਸੈਕਟਰ 'ਚ ਸਨਅਤਕਾਰ ਨਵੇਂ ਨਿਵੇਸ਼ ਤੋਂ ਬਚ ਰਹੇ ਹਨ। ਵਿਆਜ ਦਰਾਂ 'ਚ ਵਾਧੇ ਦਾ ਅਸਰ ਉਸਾਰੀ ਖੇਤਰ 'ਚ ਵੀ ਦੇਖਣ ਨੂੰ ਮਿਲ ਰਿਹਾ ਹੈ। ਗੌਰ ਕਰਨ ਵਾਲੀ ਗੱਲ ਹੈ ਕਿ ਸਾਲ 2011 'ਚ ਭਾਰਤੀ ਬਾਜ਼ਾਰ 'ਚੋਂ ਵਿਦੇਸ਼ੀ ਨਿਵੇਸ ਬੜੀ ਤੇਜੀ ਨਾਲ ਗਾਇਬ ਹੋਇਆ ਹੈ। ਪਿਛਲੇ ਸਾਲ ਕੁ 40 ਕਰੋੜ ਅਮਰੀਕੀ ਡਾਲਰ ਨਿਵੇਸ਼ਕਾਂ ਨੇ ਕੱਢ ਲਏ ਸਨ, ਜਦ ਕਿ 2010 'ਚ ਰਿਕਾਰਡ 29 ਅਰਬ ਅਤੇ 2009 'ਚ 19 ਅਰਬ ਅਮਰੀਕੀ ਡਾਲਰ ਦੀ ਪੂੰਜੀ ਬਾਜ਼ਾਰ 'ਚ ਆਈ ਸੀ। ਨਾ ਵਿਦੇਸ਼ ਤੋਂ ਭਾਰਤੀ ਸ਼ੇਅਰ ਬਾਜਾਰ 'ਚ ਆਈ ਸੀ। ਘੱਟ ਹੋ ਰਹੇ ਨਿਵੇਸ਼ 'ਤੇ ਚਿੰਤਾ ਜ਼ਾਹਿਰ ਕਰਦਿਆਂ ਪਿੱਕੀ ਦੇ ਜਨਰਲ ਸਕੱਤਰ ਰਜੀਵ ਕੁਮਾਰ ਕਹਿੰਦੇ ਹਨ ਕਿ ਟਿਕਾਊ ਖਪਤਕਾਰੀ ਵਸਤਾਂ ਉਦਯੋਗ 'ਚ ਗਿਰਾਵਟ ਇਸ ਗੱਲ ਦਾ ਸਬੂਤ ਹੈ ਕਿ ਇਥੇ ਨਿਵੇਸ਼ ਘੱਟ ਹੋ ਰਿਹਾ ਹੈ, ਜੋ ਘਾਤਕ ਹੈ। ਕਈ ਵਜਾਹ ਕਾਰਨ ਖੁਦਾਈ ਬੰਦ ਹੋਣ ਦਾ ਅਸਰ ਅਰਥਚਾਰੇ 'ਤੇ ਪੈ ਰਿਹਾ ਹੈ। ਆਰ. ਬੀ. ਆਈ. ਨੂੰ ਬਗੈਰ ਕਿਸੇ ਦੇਰੀ 'ਚ ਟਿਕਾਊ ਖਪਤ ਵਸਤਾਂ ਦੀ ਮੰਗ ਤੇਜੀ ਨਾਲ ਵਧੇਗੀ ਅਤੇ ਹਾਲਾਤ ਸਮਝਣ 'ਚ ਮਦਦ ਮਿਲੇਗੀ। ਨਾਲ ਹੀ ਨਿਵੇਸ਼ ਨੂੰ ਹੱਲਾਸ਼ੇਰੀ ਦੇਣ ਲਈ ਕੇਂਦਰ ਸਰਕਾਰ ਨੂੰ ਵੱਖਰੇ ਤੌਰ 'ਤੇ ਨੀਤੀ ਦਾ ਐਲਾਨ ਕਰਨਾ ਚਾਹੀਦਾ ਹੈ।

# ਭ੍ਰਿਸ਼ਟ ਨੇਤਾ, ਅਫਸਰਸ਼ਾਹੀ ਤੇ ਮਾਫਿਆ ਦੀ ਮਿਲੀ ਭੁਗਤ ਟੁੱਟਦੀ ਕਿਉਂ ਨਹੀਂ?

ਉਤਰਪ੍ਰਦੇਸ਼ ਤੇ ਪੰਜਾਬ ਸਮੇਤ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੀ ਮੁਹਿੰਮ ਦੌਰਾਨ ਕਰੋੜਾਂ ਰੁਪਏ ਦੇ ਨੋਟ ਏਧਰ ਉਧਰ ਫੜਾਏ ਜਾਂਦੇ ਰਹੇ ਅਤੇ ਰਸਤੇ ’ਚ ਫੜੇ ਵੀ ਜਾਂਦੇ ਰਹੇ। ਕੁਝ ਖੇਤਰਾਂ ਨੂੰ ਅਪਵਾਦ ਸਵਰੂਪ ਛੱਡ ਵੀ ਦੇਈਏ ਤਾਂ ਖਾਸ ਕਰਕੇ ਉਤਰਪ੍ਰਦੇਸ਼ ਤੇ ਪੰਜਾਬ ਦੀਆਂ ਚੋਣਾਂ ’ਚ ਕਾਲੇ ਧਨ ਦੀ ਵਰਤੋਂ ਦੀਆਂ ਜਿੰਨੀਆਂ ਖਬਰਾਂ ਆਈਆਂ ਇਸ ਵਾਰੀ ਉਨੀਆਂ ਸ਼ਾਇਦ ਹੀ ਕਿਸੇ ਹੋਰ ਚੋਣਾਂ ਦੌਰਾਨ ਨਾ ਆਈਆਂ ਹੋਣ। ਯਾਨੀ ਇਸ ਗਰੀਬ ਦੇਸ਼ ’ਚ ਚੋਣਾਂ ’ਚ ਕਾਲੇ ਧਨ ਦੀ ਵਰਤੋਂ ਦਿਨੋ-ਦਿਨ ਵਧਦੀ ਜਾ ਰਹੀ ਹੈ। ਇਸ ਮਾਮਲੇ ’ਚ ਲੱਗਦਾ ਹੈ ਕਿ ਆਮ ਇਜਾਜ਼ਤ ਮਿਲ ਚੁੱਕੀ ਹੈ। ਵਿਡੰਬਨਾ ਇਹ ਹੈ ਕਿ ਕਾਲੇ ਧਨ ਤੇ ਭ੍ਰਿਸ਼ਟਾਚਾਰ ਖਿਲਾਫ ਇਹਨੀ ਦਿਨੀਂ ਮੁਹਿੰਮ ਵੀ ਚਲ ਰਹੀ ਹੈ। ਕਾਲੇ ਧਨ ਤੇ ਭ੍ਰਿਸ਼ਟਾਚਾਰ ਮੁਹਿੰਮ ਚਲਾ ਰਹੀ ਟੀਮ ਅੰਨਾ ਨੇ ਜਨ ਲੋਕਪਾਲ ਦੀ ਮੰਗ ਰੱਖੀ ਹੈ। ਇਸ ਨਾਲ ਦੇਸ਼ ਦੀ ਆਬਾਦੀ ਦਾ ਇਕ ਹਿੱਸਾ ਉਤਸ਼ਾਹਿਤ ਵੀ ਹੈ। ਇਸ ਦੇ ਬਾਵਜੂਦ ਇਹਨਾਂ ਚੋਣਾਂ ਵਿੱਚ ਕਾਰਗਰ ਲੋਕਪਾਲ ਨੂੰ ਜ਼ਿਆਦਾਤਰ ਰਾਜਸੀ ਪਾਰਟੀਆਂ ਨੇ ਮੁੱਦਾ ਨਹੀਂ ਬਣਾਇਆ ਹੈ। ਉਤਰਪ੍ਰਦੇਸ਼ ਵਰਗੇ ਮਹੱਤਵਪੂਰਨ ਰਾਜ ’ਚ ਚੋਣਾਂ ਹੋ ਰਹੀਆਂ ਹਨ ਅਤੇ ਲੋਕਪਾਲ ਕੋਈ ਮੁੱਦਾ ਨਾ ਹੋਵੇ ਤਾਂ ਇਸ ਨਾਲ ਰਾਜਸੀ ਪਾਰਟੀਆਂ ਦਾ ਮੂਲ ਰੁਝਾਣ ਸਮਝ ’ਚ ਆ ਜਾਂਦਾ ਹੈ। ਲੱਗਦਾ ਹੈ ਕਿ ਜ਼ਿਆਦਾਤਰ ਰਾਜਸੀ ਪਾਰਟੀਆਂ ਦੇ ਆਗੂ ਖੁਸ਼ ਹੋਣਗੇ ਜੇ ਦੇਸ਼ ’ਚ ਕੋਈ ਕਾਰਗਰ ਲੋਕਪਾਲ ਨਾ ਹੋਵੇ। ਭ੍ਰਿਸ਼ਟ ਨੇਤਾ, ਭ੍ਰਿਸ਼ਟ ਅਫਸਰਸ਼ਾਹੀ ਤੇ ਮਾਫੀਆਂ ਗਰੋਹ ਜਾਣੀ ਤਿਕੜੀ ਦੇ ਲੋਕ ਇਸ ਕੰਮ ’ਚ ਲੱਗੇ ਹੋਏ ਹਨ। ਉਹਨਾਂ ਦੀ ਤਾਕਤ ਵਧਦੀ ਜਾ ਰਹੀ ਹੈ। ਹਾਲਾਂਕਿ ਇਸ ਬਾਰੇ ਵੋਹਰਾ ਕਮੇਟੀ ਨੂੰ 1993 ਕੇਂਦਰ ਸਰਕਾਰ ਨੇ ਬਣਾਇਆ ਸੀ। ਕਮੇਟੀ ਨੇ ਦੇਸ਼ ਨੂੰ ਇਸ ਤਿਕੜੀ ਦੇ ਗਲਤ ਕਾਰਨਾਮਿਆਂ ਨਾਲ ਹੋਣ ਵਾਲੇ ਭਾਰੀ ਨੁਕਸਾਨ ਵੱਲ ਸਾਫ ਇਸ਼ਾਰਾ ਕੀਤਾ ਸੀ। ਪਰ ਕਮੇਟੀ ਦੀ ਰੀਪੋਟ ਨੂੰ ਉਸ ਵੇਲੇ ਦੀ ਨਰਸਿਮਾ ਰਾਓ ਸਰਕਾਰ ਨੇ ਠੰਡੇ ਬਸਤੇ ’ਚ ਪਾ ਦਿੱਤਾ। ਪਿਛੋਂ ਕਾਂਗਰਸ, ਸਾਂਝਾ ਮੋਰਚਾ ਜਾਂ ਫਿਰ ਐਨ. ਡੀ. ਏ. ਸਰਕਾਰ ਨੇ ਵੀ ਇਸ ਦਿਸ਼ਾ ’ਚ ਕੋਈ ਕਦਮ ਨਹੀਂ ਚੁੱਕਿਆ। ਸਿਟੇ ਵਜੋਂ ਸਥਿਤੀ ਅੱਜ ਕਾਫੀ ਵਿਗੜ ਚੁੱਕੀ ਹੈ।

ਇਹ ਤਿਕੜੀ ਸੰਨ 1993 ਦੇ ਮੁਕਾਬਲਤਣ ਅੱਜ ਵਧ ਤਾਕਤਵਰ ਹੈ। ਕਾਲੇ ਧਨ ਦੇ ਜ਼ੋਰ ਹੇਠ ਚੋਣਾਂ ਜਿੱਤ ਕੇ ਸਰਕਾਰਾਂ ਬਣਾਉਣ ਵਾਲੀਆਂ ਪਾਰਟੀਆਂ ਲਈ ਤਰਜੀਹ ਗਰੀਬ ਅਤੇ ਗਰੀਬੀ ਦੀ ਨਹੀਂ ਬਲਕਿ ਕੁਝ ਹੋਰ ਹੈ। ਸੰਸਦ ਤੇ ਵਿਧਾਇਕਾਂ ’ਚ ਅੱਜ ਜਿੰਨੀ ਵੱਡੀ ਗਿਣਤੀ ’ਚ ਕਰੋੜਪਤੀ ਪਹੁੰਚ ਚੁੱਕੇ ਹਨ ਤੇ ਪਹੁੰਚ ਰਹੇ ਹਨ, ਉਨੀ ਗਿਣਤੀ ’ਚ ਪਹਿਲਾਂ ਕਦੀ ਨਹੀਂ ਸਨ। ਲੱਠਮਾਰਾਂ ਦੀ ਗਿਣਤੀ ਵੀ ਵਧਦੀ ਜਾ ਰਹੀ ਹੈ। ਮੌਜੂਦਾ ਕੇਂਦਰ ਸਰਕਾਰ ਇਹ ਤਰਕ ਪੇਸ਼ ਕਰਦੀ ਰਹੀ ਹੈ ਕਿ ਕਾਲੇ ਧਨ ਤੇ ਭ੍ਰਿਸ਼ਟਾਚਾਰੀ ਬਾਰੇ ਅੰਨਾ ਹਜ਼ਾਰੇ ਤੇ ਸੁਆਮੀ ਰਾਮਦੇਵ ਦੀਆਂ ਮੰਗਾਂ ਨੂੰ ਮੰਨਣ ਦੀ ਇਜਾਜ਼ਤ ਦੇਸ਼ ਦਾ ਮੌਜੂਦਾ ਕਾਨੂੰਨ ਤੇ ਸੰਵਿਧਾਨ ਨਹੀਂ

ਦਿੰਦਾ। ਸੁਆਲ ਇਹ ਹੈ ਕਿ ਕੇਂਦਰ ਸਰਕਾਰ ਨੇ ਆਪਣੇ ਹੀ ਵੱਲੋਂ ਗਠਿਤ ਵੋਹਰਾ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਰੱਦੀ ਦੀ ਟੋਕਰੀ 'ਚ ਕਿਉਂ ਸੁੱਟ ਦਿੱਤਾ? ਕੀ ਇਸ ਦੀ ਇਜਾਜ਼ਤ ਕਾਨੂੰਨ ਤੇ ਸੰਵਿਧਾਨ ਨਹੀਂ ਦਿੰਦੇ? ਇਸ ਤਿਕੜੀ ਨੇ ਜਨਤਕ ਸਾਧਨਾਂ ਦੀ ਲੁੱਟ ਕਰਕੇ ਸਰਕਾਰਾਂ ਨੂੰ ਆਰਥਕ ਤੌਰ 'ਤੇ ਇਸ ਤਰ੍ਹਾਂ ਖੋਖਲਾ ਕਰ ਦਿੱਤਾ ਹੈ ਕਿ ਦੇਸ਼ ਦੀ 77 ਫੀਸਦੀ ਅਬਾਦੀ ਦੀ ਆਰਥਕ ਹਾਲਤ ਸੰਵਾਰਨ ਲਈ ਉਹਨਾਂ ਕੋਲ ਪੈਸੇ ਨਹੀਂ ਹਨ। ਜਿੰਨੇ ਹਨ ਵੀ ਉਹਨਾਂ ਦਾ ਵੀ ਵੱਡਾ ਹਿੱਸਾ ਭ੍ਰਿਸ਼ਟਾਚਾਰ 'ਚ ਚਲਾ ਜਾਂਦਾ ਹੈ। ਸਿੱਟੇ ਵਜੋਂ ਕਰੀਬ 77 ਫੀਸਦੀ ਗਰੀਬਾਂ ਨੂੰ ਤਿਲਤਿਲ ਕਰਕੇ ਭੁੱਖ ਨਾਲ ਮਰਨ ਜਾਂ ਫਿਰ ਅੱਧ-ਭੁਖੇ ਰਹਿਣ ਲਈ ਛੱਡ ਦਿੱਤਾ ਗਿਆ ਹੈ। ਦੇਸ਼ ਦੇ ਅਨੇਕਾਂ ਵਿਵਾਦ ਗ੍ਰਸਿਤ ਨੇਤਾਵਾਂ ਅਤੇ ਸਰਗਰਾਮ ਤਰ੍ਹਾਂ-ਤਰ੍ਹਾਂ ਦੇ ਮਾਫੀਆਂ ਬਾਰੇ ਆਮ ਧਾਰਣਾਂ ਜੱਗ ਜ਼ਾਹਿਰ ਹੈ। ਪਰ ਸਿੰਗਾਪੁਰ ਦੇ ਇਕ ਮਸ਼ਹੂਰ ਸੰਗਠਨ ਪਾਲੀਟੀਕਲ ਐਂਡ ਇਕਨਾਮਿਕ ਰਿਸਕ ਕੰਸਲਟੈਂਸੀ ਨੇ ਭਾਰਤ ਦੀ ਅਫਸਰਸ਼ਾਹੀ ਨੂੰ ਏਸ਼ੀਆ 'ਚ ਸਭ ਤੋਂ ਬਦਤਰ ਦੱਸਿਆ ਹੈ। ਵੋਹਰਾ ਸੰਮਤੀ ਨੇ ਆਰਥਕ ਖੇਤਰ 'ਚ ਸਰਗਰਮ ਲਾਬੀਆਂ, ਤਸਕਰ ਗ੍ਰੋਹਾਂ ਤੇ ਮਾਫੀਆਂ ਤੱਤਾਂ ਦੇ ਨਾਲ ਨੇਤਾਵਾਂ ਤੇ ਅਫਸਰਾਂ ਦੀ ਮਿਲੀਭੁਗਤ ਨੂੰ ਤੋੜਨ ਦੇ ਠੋਸ ਉਪਾਵਾਂ ਨਾਲ ਸਬੰਧਤ ਆਪਣੀਆਂ ਸਿਫਾਰਸ਼ਾਂ 1993 'ਚ ਹੀ ਕੇਂਦਰ ਸਰਕਾਰ ਨੂੰ ਦੇ ਦਿੱਤੀਆਂ ਸਨ। ਕਾਲੇ ਧਨ ਦੀ ਪੈਦਾਵਾਰ 'ਚ ਇਹਨਾਂ ਤੱਤਾਂ ਦਾ ਸਭ ਤੋਂ ਵੱਡਾ ਹੱਥ ਰਿਹਾ ਹੈ ਪਰ ਉਦੋਂ ਜਾਂ ਹੁਣ ਕਿਸੇ ਵੀ ਸਰਕਾਰ ਨੇ ਉਸ 'ਤੇ ਅਮਲ ਨਹੀਂ ਕੀਤਾ? ਕੀ ਉਸ 'ਤੇ ਅਮਲ ਕਰਨ ਨਾਲ ਸੰਸਦ ਦੀ ਮਾਨਹਾਨੀ ਹੁੰਦੀ ਹੈ? ਤੇ ਲੋਕਰਾਜੀ ਸੰਸਥਾਵਾਂ ਕੰਮਜ਼ੋਰ ਹੁੰਦੀਆਂ ਹਨ? ਕੀ ਇਹ ਸਿਫਾਰਸਾਂ ਸੰਵਿਧਾਨ ਦੇ ਵਿਰੁੱਧ ਹਨ? ਜਾਤੀ ਸਮੀਕਰਣ ਤੇ ਕਾਲੇ ਧਨ ਦੇ ਜੋਰ 'ਤੇ ਕਿਸੇ ਤਰ੍ਹਾਂ ਚੋਣਾਂ ਜਿੱਤਣ ਤੇ ਰਾਜ ਕਰਨ ਦਾ ਰਾਜਸੀ ਰੁਝਾਣ ਬਣ ਚੁੱਕਿਆ ਹੈ। ਇਸ 'ਚ ਕੁਲ ਮਿਲਾ ਕੇ ਸਭ ਮੁੱਖ ਪਾਰਟੀਆਂ ਸ਼ਾਮਲ ਹਨ। ਅੱਜ ਜੋ ਕੁਝ ਹੋ ਰਿਹਾ ਹੈ, ਉਸ ਨੂੰ ਸਮਝਣ ਲਈ ਵੋਹਰਾ ਕਮੇਟੀ ਬਾਰੇ ਕੁਝ ਜਾਣ ਲੈਣਾ ਲਾਜਮੀ ਹੋਵੇਗਾ। ਪੰਜ ਦਸੰਬਰ 1993 ਨੂੰ ਉਸ ਵੇਲੇ ਦੇ ਕੇਂਦਰੀ ਗ੍ਰਹਿ ਸਕੱਤਰ ਐਨ. ਐਨ. ਵੋਹਰਾ ਨੇ ਆਪਣੀ ਰੀਪੋਟ ਗ੍ਰਹਿ ਮੰਤਰੀ ਨੂੰ ਸੌਂਪੀ ਸੀ। ਰੀਪੋਟ 'ਚ ਕਿਹਾ ਗਿਆ ਕਿ 'ਇਸ ਦੇਸ਼ 'ਚ ਅਪਰਾਧੀ ਗ੍ਰੋਹਾਂ, ਹਥਿਆਰਬੰਦ ਫੌਜਾਂ, ਨਸ਼ੀਲੀਆਂ ਦਵਾਈਆਂ ਦਾ ਵਪਾਰ ਕਰਨ ਵਾਲੇ ਮਾਫੀਆ, ਸਮਗਲਰ ਗ੍ਰੋਹਾਂ, ਆਰਥਕ ਖੇਤਰਾਂ 'ਚ ਸਰਗਰਮ ਲਾਬੀਆਂ ਦਾ ਤੇਜੀ ਨਾਲ ਪਸਾਰ ਹੋਇਆ ਹੈ। ਉਹਨਾਂ ਨੇ ਪਿਛਲੇ ਕੁਝ ਸਾਲਾਂ ਦੌਰਾਨ ਸਥਾਨਕ ਪੱਧਰ 'ਤੇ ਨੌਕਰਸ਼ਾਹਾਂ, ਸਰਕਾਰੀ ਅਹੁਦਿਆਂ 'ਤੇ ਬੈਠੇ ਅਧਿਕਾਰੀਆਂ ਰਾਜਸੀ ਨੇਤਾਵਾਂ, ਮੀਡੀਆ ਨਾਲ ਜੁੜੇ ਬੰਦਿਆਂ ਤੇ ਗੈਰ ਸਰਕਾਰੀ ਖੇਤਰਾਂ ਦੇ ਮਹੱਤਵਪੂਰਨ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਦੇ ਨਾਲ ਵਿਆਪਕ ਸੰਪਰਕ ਵਿਕਸਤ ਕੀਤੇ ਹਨ। ਇਨ੍ਹਾਂ 'ਚੋਂ ਕੁਝ ਸਿੰਡੀਕੇਟ ਦੀਆਂ ਵਿਦੇਸ਼ੀ ਸੂਚਨਾ ਏਜੰਸੀਆਂ ਦੇ ਨਾਲ-ਨਾਲ ਕੌਮਾਂਤਰੀ ਸਬੰਧ ਵੀ ਹਨ।' ਯਾਦ ਰਹੇ ਪਿਛੇ ਜਿਹੇ ਹੀ ਚਰਚਿਤ ਨੀਰਾ ਰਾਡੀਆ ਟੇਪ ਤੋਂ ਵੀ ਕੁਝ ਇਸ ਤਰ੍ਹਾਂ ਦੀਆਂ ਗੱਲਾਂ ਨਿਕਲ ਕੇ ਸਾਹਮਣੇ ਆਈਆਂ ਸਨ। ਵੋਹਰਾ ਨੇ ਅਜਿਹੇ ਘਪਲਿਆਂ ਦੀ ਭਵਿੱਖਬਾਣੀ ਪਹਿਲਾਂ ਹੀ ਕਰ ਦਿੱਤੀ ਸੀ। ਉਤਰ ਪ੍ਰਦੇਸ਼ ਤੇ ਬਿਹਾਰ ਦੀ ਚਰਚਾ ਕਰਦਿਆਂ ਵੋਹਰਾ ਰੀਪੋਟ 'ਚ ਇਹ ਵੀ ਕਿਹਾ ਗਿਆ ਸੀ ਕਿ 'ਬਿਹਾਰ, ਹਰਿਆਣਾ, ਤੇ ਉਤਰਪ੍ਰਦੇਸ਼ ਵਰਗੇ ਕੁਝ ਰਾਜਾਂ 'ਚ ਇਹਨਾਂ ਗ੍ਰੋਹਾਂ ਨੂੰ

ਸਥਾਨਕ ਪੱਧਰ 'ਤੇ ਰਾਜਸੀ ਪਾਰਟੀਆਂ ਦੇ ਨੇਤਾਵਾਂ ਤੇ ਸਰਕਾਰੀ ਅਹੁਦਿਆਂ ਤੇ ਬ੍ਰਿਜਮਾਨ ਵਿਅਕਤੀਆਂ ਦੀ ਸਹਿ ਹਾਸਲ ਹੈ। ਕੁਝ ਰਾਜਸੀ ਨੇਤਾਗਣ ਇਹਨਾਂ ਗ੍ਰੋਹਾਂ ਤੇ ਹਥਿਆਰਬੰਦ ਫੌਜਾਂ ਦੇ ਨੇਤਾ ਬਣ ਜਾਂਦੇ ਹਨ ਅਤੇ ਕੁਝ ਹੀ ਸਾਲਾਂ ਵਿੱਚ ਸਥਾਨਕ ਗਠਜੋੜਾਂ, ਰਾਜ ਦੀਆਂ ਵਿਧਾਨ ਸਭਾਵਾਂ ਤੇ ਸੰਸਦ ਲਈ ਚੁਣੇ ਜਾਂਦੇ ਹਨ। ਇਸ ਦੇ ਸਿਟੇ ਵਜੋਂ ਇਹਨਾਂ ਤੱਤਾਂ ਨੇ ਵਾਧੂ ਰਾਜਸੀ ਪ੍ਰਭਾਵ ਹਾਸਲ ਕਰ ਲਿਆ ਹੈ। ਜਿਸ ਕਾਰਨ ਪ੍ਰਸਾਸ਼ਨ ਨੂੰ ਸੰਚਾਰੂ ਰੂਪ 'ਚ ਚਲਾਉਣ ਅਤੇ ਆਮ ਆਦਮੀ ਦੀ ਜਾਨਮਾਲ ਦੀ ਹਿਫਾਜਤ ਕਰਨ ਦੀ ਦਿਸ਼ਾ 'ਚ ਗੰਭੀਰ ਅੜਿਕਾ ਪੈਦਾ ਹੋ ਜਾਂਦਾ ਹੈ। ਇਸ ਨਾਲ ਜਨਤਾ 'ਚ ਨਿਰਾਸ਼ਾ ਦੀ ਭਾਵਨਾ ਘਰ ਕਰ ਜਾਂਦੀ ਹੈ।' ਵੋਹਰਾ ਸੰਮਤੀ ਨੇ ਇਹ ਵੀ ਕਿਹਾ ਕਿ 'ਤਸਕਰਾਂ ਦੇ ਵੱਡੇ-ਵੱਡੇ ਸਿੰਡੀਕੇਟ ਦੇਸ਼ ਅੰਦਰ ਛਾ ਗਏ। ਉਹਨਾਂ ਨੇ ਹਵਾਲਾ ਲੈਣ-ਦੇਣ ਕਾਲੇ ਧਨ ਦੇ ਪਸਾਰ ਸਮੇਤ ਵੱਖ-ਵੱਖ ਆਰਥਕ ਅਮਲਾਂ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ। ਉਹਨਾਂ ਵੱਲੋਂ ਭ੍ਰਿਸ਼ਟ ਸਮਾਨਤੰਰ ਅਰਥਚਾਰਾ ਚਲਾਏ ਜਾਣ ਕਾਰਨ ਦੇਸ਼ ਦੀ ਆਰਥਕ ਬਣਤਰ ਨੂੰ ਗੰਭੀਰ ਹਰਜਾ ਪਹੁੰਚਿਆ ਹੈ। ਇਹਨਾਂ ਸਿੰਡੀਕੇਟਾਂ ਨੇ ਲੋਕਾਂ ਤੋਂ ਪੈਸਾ ਧੱਕੇ ਨਾਲ ਇਕੱਠੇ ਕੀਤੇ ਅਤੇ ਸਮਾਜਕ ਮਾਣ-ਤਾਣ ਵੀ ਕਮਾਇਆ ਹੈ। ਉਹਨਾਂ ਨੇ ਸਰਕਾਰੀ ਤਾਣੇ-ਬਾਣੇ ਨੂੰ ਸਭ ਪੱਧਰਾਂ 'ਤੇ ਸਫਲਤਾਪੂਰਵਕ ਭ੍ਰਿਸ਼ਟ ਕਰ ਰੱਖਿਆ ਹੈ। ਇਹਨਾਂ ਤੱਤਾਂ ਨੇ ਜਾਂਚ-ਪੜਤਾਲ ਅਤੇ ਅਮਲਾਂ ਨੂੰ ਇਸ ਤਰ੍ਹਾਂ ਅਸਰ-ਅੰਦਾਜ ਕੀਤਾ ਹੈ ਕਿ ਉਹਨਾਂ ਨੂੰ ਆਪਣਾ ਕੰਮ ਚਲਾਉਣ ਵਿੱਚ ਬੇਹੱਦ ਕਠਨਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਥੋਂ ਤਕ ਕਿ ਸਾਡੀ ਨਿਆਂ ਪ੍ਰਣਾਲੀ ਦੇ ਕੁਝ ਅਧਿਕਾਰੀ ਵੀ ਮਾਫੀਆ ਦੇ ਚੁੰਗਲ ਤੋਂ ਬਚ ਨਹੀਂ ਸਕੇ ਹਨ।' ਰਪਟ 'ਚ ਇਹ ਵੀ ਕਿਹਾ ਗਿਆ ਹੈ ਕਿ 'ਕੁਝ ਮਾਫੀਆ ਤੱਤ ਨਾਰਕੋਟਿਕਸ, ਡਰੱਗਸ ਤੇ ਹਥਿਆਰਾਂ ਦੀ ਤਸਕਰੀ 'ਚ ਲੱਗੇ ਹਨ ਉਹਨਾਂ ਨੂੰ ਖਾਸ ਕਰਕੇ ਜੰਮੂ ਤੇ ਕਸ਼ਮੀਰ, ਪੰਜਾਬ, ਗੁਜਰਾਤ, ਮਹਾਂਰਾਸ਼ਟਰ ਵਰਗੇ ਰਾਜਾਂ ਵਿੱਚ ਆਪਣੀ ਨਰਕੀ ਦਹਿਸਤਗਰਦੀ ਦਾ ਤਾਣਾ-ਬਾਣਾ ਸਥਾਪਤ ਕਰ ਲਿਆ ਹੈ। ਚੋਣ ਲੜਨ ਵਰਗੇ ਕੰਮ 'ਚ ਖਰਚ ਕੀਤੀ ਜਾਣ ਵਾਲੀ ਰਾਸ਼ੀ ਦੇ ਮੱਦੇਨਜ਼ਰ ਰਾਜਸੀ ਆਗੂ ਵੀ ਇਹਨਾਂ ਤੱਤਾਂ ਦੇ ਚੁੰਗਲ 'ਚ ਆ ਗਏ ਹਨ। ਇਹ ਵਾਇਰਸ ਦੇਸ਼ ਦੇ ਲਗਭਗ ਸਾਰੇ ਕੇਂਦਰਾਂ 'ਚ ਸਰਹੱਦੀ ਥਾਵਾਂ 'ਤੇ ਫੈਲ ਗਿਆ ਹੈ। ਸਰਹੱਦੀ ਖੇਤਰ ਇਸ ਨਾਲ ਵਿਸੇਸ਼ ਕਰਕੇ ਅਸਰਅੰਦਾਜ ਹੋਏ ਹਨ।

ਵੋਹਰਾ ਸੰਮਤੀ ਦੀ ਬੈਠਕ 'ਚ ਆਈ. ਵੀ. ਦੇ ਨਿਦੇਸ਼ਕ ਨੇ ਸਾਫ-ਸਾਫ ਕਿਹਾ ਕਿ ਮਾਫੀਆ ਤੰਤਰ ਨੇ ਅਸਲ 'ਚ ਸਮਾਂਤਰ ਸਰਕਾਰ ਚਲਾਕੇ ਰਾਜਤੰਤਰ ਨੂੰ ਪਿੱਛੇ ਧੱਕ ਦਿੱਤਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਇਸ ਤਰ੍ਹਾਂ ਦੇ ਸੰਕਟ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਣ ਲਈ ਇਕ ਅਦਾਰਾ ਸਥਾਪਤ ਕੀਤਾ ਜਾਵੇ।' ਵੋਹਰਾ ਸੰਮਤੀ ਨੇ ਅਜਿਹੇ ਕੌਮ ਵਿਰੋਧੀ ਤੱਤਾਂ ਨੂੰ ਸਜ਼ਾ ਦਿਵਾਉਣ ਦਾ ਪ੍ਰਬੰਧ ਕਰਨ ਦੀ ਵੀ ਸਲਾਹ ਦਿੱਤੀ ਸੀ ਪਰ ਉਹਨਾਂ ਸਲਾਹਾਂ ਨੂੰ ਅਣਗੌਲਿਆਂ ਕਰ ਦਿੱਤਾ ਗਿਆ। ਅੱਜ ਦੇਸ਼ 'ਚ ਕੋਈ ਕਾਰਗਰ ਲੋਕਪਾਲ ਇਕ ਸੁਪਨਾ ਹੈ। ਚੋਣ ਸੁਧਾਰ ਦੀ ਕਿਸੇ ਵੀ ਕੋਸ਼ਿਸ਼ ਨੂੰ ਨਾਕਾਮ ਕੀਤਾ ਜਾ ਰਿਹਾ ਹੈ। ਇਹ ਬਹਾਨਾ ਬਣਾਇਆ ਜਾ ਰਿਹਾ ਹੈ ਕਿ ਵਿਵਸਥਾ ਦੇ ਬਾਹਰ ਦੇ ਲੋਕਾਂ ਨੂੰ ਕਿਸੇ ਵਿਧਾਇਕ ਸੰਬੰਧੀ ਬੋਲਣ, ਸੁਝਾਅ ਦੇਣ ਜਾਂ ਕਰਨ ਦਾ ਅਧਿਕਾਰ ਦਿੱਤਾ ਜਾਣਾ ਗੈਰ ਸੰਵਿਧਾਨਿਕ ਹੈ। ਪਰ ਵੋਹਰਾ

ਉਦੋਂ ਵਿਵਸਥਾ ਦੇ ਅੰਦਰ ਦੇ ਬੰਦੇ ਹਨ। ਉਨ੍ਹਾਂ ਦੀ ਸਲਾਹ ਨੂੰ ਕਿਉਂ ਨਜ਼ਰ ਅੰਦਾਜ ਕਰ ਦਿੱਤਾ ਗਿਆ? ਸੰਮਤੀ ਨੇ ਇਹ ਸਲਾਹ ਦਿੱਤੀ ਸੀ ਕਿ ਗ੍ਰਹਿ ਮੰਤਰਾਲੇ ਦੇ ਤਹਿਤ ਇਕ ਨੋਡਲ ਏਜੰਸੀ ਤਿਆਰ ਹੋਵੇ ਜੋ ਦੇਸ਼ 'ਚ ਹੋਣ ਵਾਲੇ ਗਲਤ ਕੰਮਾਂ ਦੀ ਸੂਚਨਾ ਇਕੱਠੀ ਕਰੇ। ਅਜਿਹਾ ਪ੍ਰਬੰਧ ਕੀਤਾ ਜਾਵੇ ਕਿ ਸੂਚਨਾਵਾਂ ਲੀਕ ਨਾ ਹੋਣ ਕਿਉਂਕਿ ਇਸ ਤਰ੍ਹਾਂ ਹੋਣ ਨਾਲ ਰਾਜਸੀ ਦਬਾਅ ਪੈਣ ਲੱਗਦਾ ਹੈ। ਤੇ ਤਾਕਤਵਰ ਲੋਕਾਂ ਵਿਰੁੱਧ ਕਾਰਵਾਈ ਖਤਰੇ 'ਚ ਪੈ ਜਾਂਦੀ ਹੈ। ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਨੋਡਲ ਏਜੰਸੀ 'ਤੇ ਕਿਸੇ ਤਰ੍ਹਾਂ ਦਾ ਦਬਾਅ ਨਾ ਪਵੇ ਅਤੇ ਸੂਚਨਾਵਾਂ ਨੂੰ ਲੈ ਕੇ ਮਾਮਲੇ ਨੂੰ ਤਰਕਸ਼ੀਲ ਸਿੱਟੇ ਤਕ ਪਹੁੰਚਾਇਆ ਜਾ ਸਕੇ। ਵੋਹਰਾ ਸੰਮਤੀ ਨੇ ਆਪਣੀ ਰੀਪੋਟ ਵਿੱਚ ਵਾਰ-ਵਾਰ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਰਾਜਸੀ ਰਾਖਵਾਂਕਰਨ ਨਾਲ ਹੀ ਇਸ ਦੇਸ਼ ਵਿੱਚ ਤਰ੍ਹਾਂ-ਤਰ੍ਹਾਂ ਦੇ ਗੋਰਖਧੰਦੇ ਹੋ ਰਹੇ ਹਨ। ਰੀਪੋਟ ਅਨੁਸਾਰ ਇਹ ਕਹਿਣ ਦੀ ਲੋੜ ਨਹੀਂ ਹੈ ਕਿ ਅਪਰਾਧਿਕ ਸਿੰਡੀਕੇਟ ਦੇ ਰਾਜਾਂ ਤੇ ਕੇਂਦਰ ਦੇ ਉਚ ਸਰਕਾਰੀ ਅਫਸਰਾਂ ਜਾਂ ਰਾਜਸੀ ਨੇਤਾਵਾਂ ਦੇ ਨਾਲ ਮਿਲੀਭੁਗਤ ਬਾਰੇ ਸੂਚਨਾ ਦੇ ਕਿਸੇ ਪ੍ਰਕਾਰ ਦੇ ਲੀਕੇਜ ਦਾ ਸਰਕਾਰ ਦੇ ਕੰਮਕਾਜ 'ਤੇ ਅਸਥਿਰਕਾਰੀ ਅਸਰ ਹੋ ਸਕਦਾ ਹੈ।' ਪਰ ਕੀ ਕੋਈ ਐਸੀ ਕਾਰਗਰ ਨੋਡਲ ਏਜੰਸੀ ਹੁਣ ਤੱਕ ਬਣੀ ਹੈ ਜੋ ਮਾਫੀਆ-ਨੇਤਾ-ਅਫਸਰ ਗਠਜੋੜ ਨੂੰ ਤੋੜ ਸਕੇ?

# ਕੀ ਹੈ ਸਦਭਾਵਨਾ ਮਿਸ਼ਨ, ਭ੍ਰਿਸ਼ਟਾਚਾਰ ਵਿਰੋਧੀ ਯਾਤਰਾ ਤੇ ਹੋਰ?

ਭਾਰਤ ਦੀ ਪੂੰਜੀਵਾਦੀ ਰਾਜਨੀਤੀ ਅੱਜਕੱਲ੍ਹ ਅਜਿਹੀ ਹੋ ਗਈ ਹੈ ਜਿਸ 'ਤੇ ਕੋਈ ਕਾਮੇਡੀ ਫ਼ਿਲਮ ਨਹੀਂ ਬਣ ਸਕਦੀ। ਕਾਮੇਡੀ ਸ਼ੈਲੀ ਦਾ ਮੂਲ ਹੁੰਦਾ ਹੈ ਵੱਖ-ਵੱਖ ਤੱਤਾਂ ਦਾ ਵਿਅੰਗਾਤਮਕ ਰੂਪ ਨਾਲ ਕਿਨਾਰੇ ਤਕ ਖਿਚਿਆ ਜਾਣਾ, ਬੇਹੱਦ ਯੁਗਤੀਪੂਰਨ ਪ੍ਰਦਰਸ਼ਨ ਕਰਨਾ। ਪਰ ਜਦ ਯਥਾਰਥ 'ਚ ਇਹ ਅਮਲ ਪਹਿਲਾਂ ਹੀ ਵਾਪਰ ਗਿਆ ਹੋਵੇ ਤਾਂ?? ਜਿਵੇਂ ਸਤੰਬਰ ਮਹੀਨੇ 'ਚ ਪਿਛਲੇ ਸਾਲ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੇ ਸਦਭਾਵਨਾ ਮਿਸ਼ਨ ਦੇ ਨਾਂ ਹੇਠ ਇੱਕ ਇਕੱਠ ਕੀਤਾ ਅਤੇ ਤਿੰਨ ਦਿਨ ਦਾ ਵਰਤ ਰਖਿਆ। ਉਹਨਾਂ ਨੇ ਆਪਣੇ ਭਾਸ਼ਣ ਵਿੱਚ ਗੁਜਰਾਤ ਦੇ "ਵਿਕਾਸ" ਦੀ ਚਰਚਾ ਕਰਦਿਆਂ ਕਿਹਾ ਕਿ ਗੁਜਰਾਤ ਦੀ ਪ੍ਰਗਤੀ ਦੀ ਚਰਚਾ ਅੱਜ ਦੇਸ਼ ਤੇ ਵਿਦੇਸ਼ 'ਚ ਹੋ ਰਹੀ ਹੈ (ਹੋਵੇ ਵੀ ਕਿਉਂ ਨਾ ਜਦ ਤੁਸੀਂ ਪੂੰਜੀਪਤੀਆਂ ਲਈ ਕੌਡੀਆਂ ਭਾਅ, ਜਮੀਨ, ਪਾਣੀ, ਬਿਜਲੀ, ਮੁਹਈਆ ਕਰਵਾਉਂਦੇ ਹੋਵੋਂ) ਉਹਨਾਂ ਛੇ ਕਰੋੜ ਗੁਜਰਾਤੀਆਂ ਦੇ ਜੀਵਨ ਨੂੰ ਸੁਖਮਈ ਬਣਾਉਣ ਦਾ ਦਾਅਵਾ ਕੀਤਾ। ਮੋਦੀ ਨੇ ਕਿਹਾ ਕਿ 'ਹਰੇਕ ਬੰਦਾ ਕਹਿੰਦਾ ਸੀ ਕਿ ਗੁਜਰਾਤ 'ਚ ਕੋਈ ਵੀ ਨਿਵੇਸ਼ ਨਹੀਂ ਕਰੇਗਾ ਪਰ ਅਸੀਂ ਉਹਨਾਂ ਦਿੱਕਤਾਂ ਨੂੰ ਘੱਟ ਕਰ ਦਿੱਤਾ ਹੈ।' ਅਤੇ 'ਸਦਭਾਵਨਾ ਮਿਸ਼ਨ ਵੋਟਬੈਂਕ ਦੀ ਰਾਜਨੀਤੀ ਦਾ ਅੰਤ ਕਰੇਗਾ।' ਆਦਿ ਆਦਿ । ਆਓ ਨਰੇਂਦਰ ਮੋਦੀ ਦੇ ਹਿਰਦੈ-ਪ੍ਰੀ-ਵਰਤਨ ਦੀ ਮਰਮਸਪਰਸ਼ੀ ਕਥਾ 'ਤੇ ਇੱਕ ਨਜ਼ਰ ਮਾਰੀਏ:

ਗੁਜਰਾਤ ਯੂਨੀਵਰਸਿਟੀ ਦੇ ਏਅਰ ਕੰਡੀਸ਼ਨਰ ਹਾਲ 'ਚ ਆਯੋਜਿਤ ਸ਼ੋਅ ਲਈ ਪੁਲਸ ਤੇ ਐਸ. ਆਰ. ਪੀ. ਦੇ 1200 ਜਵਾਨ ਲਾਏ ਗਏ ਸਨ। ਇਸ ਪੂਰੇ ਸ਼ੋਅ ਦਾ ਪ੍ਰਬੰਧ ਗੁਜਰਾਤ ਸਰਕਾਰ ਦੇ ਸੂਚਨਾ ਵਿਭਾਗ ਵੱਲੋਂ ਕੀਤਾ ਗਿਆ ਸੀ। ਰਾਜ ਟਰਾਂਸਪੋਰਟ ਦੀਆਂ 600 ਬੱਸਾਂ ਨੂੰ ਇਸ ਪ੍ਰੋਗ੍ਰਾਮ ਦੀ ਸਫਲਤਾ ਲਈ ਲਾਇਆ ਗਿਆ। ਅਹਿਮਦਾਬਾਦ ਦੇ 60 ਨਗਰਨਿਗਮ ਤੇ 50 ਕਾਲਜਾਂ ਦੇ ਬੱਚਿਆਂ ਨੂੰ ਉਥੇ ਭੇਜਣ ਲਈ ਨਿਰਦੇਸ਼ ਦਿੱਤਾ ਗਿਆ ਸੀ। ਪੂਰੇ ਸ਼ੋਅ 'ਚ 50 ਸੀ ਸੀ. ਟੀ. ਵੀ ਕੈਮਰਾ ਤੇ 35 ਹੈਂਡ ਹੈਂਡ ਕੈਮਰੇ ਵਰਤੇ ਗਏ ਸਨ। ਸਟੇਜ ਦੇ ਪਿੱਛੇ ਪਲਾਜਮਾ ਸਕਰੀਨ ਤੇ ਸਾਰੇ ਸੋਫਿਆਂ ਆਦਿ ਦੀ ਵਿਵਸਥਾ ਸੀ। ਜ਼ਾਹਿਰਾ ਤੌਰ 'ਤੇ ਇਸ ਸ਼ੋਅ ਨੂੰ ਸਫਲ ਬਣਾਉਣ ਦਾ ਸਾਰੇ ਇੰਤਜਾਮ ਦਾ ਖਰਚਾ ਨਰੇਂਦਰ ਮੋਦੀ ਆਪਣੀ ਜੇਬ ਵਿੱਚੋਂ ਨਹੀਂ ਕਰਨ ਵਾਲੇ ਬਲਕਿ ਉਸ ਨੂੰ ਗੁਜਰਾਤ ਦੀ ਜਨਤਾ ਦੇ ਮੋਢਿਆਂ 'ਤੇ ਲੱਦਿਆ ਜਾਵੇਗਾ। ਦੂਜੀ ਗੱਲ ਅੱਜ ਗੁਜਰਾਤ ਦੇ ਨਰੇਂਦਰ ਮੋਦੀ ਦੇ ਜਿਸ ਪ੍ਰਬੰਧ ਤੇ ਵਿਕਾਸ ਦੀ ਚਰਚਾ ਕੀਤੀ ਜਾਂਦੀ ਹੈ ਉਹ ਕੀ ਹੈ? ਉਹ ਸਿਰਫ ਪੂੰਜੀਵਾਦੀ ਨੀਤੀਆਂ ਨੂੰ ਅੰਨ੍ਹੇਵਾਹ ਲਾਗੂ ਕਰਦਿਆਂ ਸਰਮਾਏਦਾਰਾਂ ਤੇ ਵਪਾਰੀਆਂ ਨੂੰ ਖੁਲ੍ਹੀ ਛੋਟ ਦੇਣਾ ਹੈ। ਇੱਥੇ ਵਿਰੋਧੀ ਅਵਾਜ਼ ਲਈ ਕੋਈ ਪ੍ਰਵਾਹ ਨਹੀਂ ਹੈ। ਨਰੇਂਦਰ ਮੋਦੀ ਦੇ ਆਰਥਕ ਵਿਕਾਸ ਦੇ ਅਮਲ ਤੇ ਮਾਡਲ ਨੂੰ ਅਮਰੀਕੀ ਸੰਸਦ ਦੀ ਰੀਪੋਰਟ ਐਵੇਂ ਨਹੀਂ ਕਾਰਗਰ ਦਸ ਰਹੀ। ਅੱਜ ਗੁਜਰਾਤ ਨੂੰ ਸਰਮਾਏਦਾਰ ਜਮਾਤ ਆਪਣੇ ਪੂੰਜੀ ਨਿਵੇਸ਼ ਨੂੰ ਸਭ

ਤੋਂ ਮਾਕੂਲ ਥਾਂ ਦਸ ਰਹੀ ਹੈ। ਤਾਂ ਇਸ ਦਾ ਕਾਰਣ ਇਹ ਨਹੀਂ ਹੈ ਕਿ ਸਰਮਾਏਦਾਰ ਗੁਜਰਾਤ ਦੇ ਲੋਕਾਂ ਉਪਰ ਮੇਹਰਬਾਨ ਹੋ ਰਹੇ ਹਨ। ਬਲਕਿ ਗੁਜਰਾਤ 'ਚ ਉਹਨਾਂ ਨੂੰ ਮੁਨਾਫਾ ਬਟੋਰਨ ਦੀਆਂ ਸਭ ਤੋਂ ਅਨੁਕੂਲ ਹਾਲਤਾਂ ਮੁਹਈਆ ਹਨ। ਲੋਕਾਂ ਦੀ ਕਮਾਈ ਨਾਲ ਖੜ੍ਹੇ ਜਨਤਕ ਅਦਾਰੇ, ਬਿਜਲੀ, ਸੜਕ, ਜੰਗਲ ਤੇ ਕੁਦਰਤੀ ਸਾਧਨਾ ਨੂੰ ਸਰਮਾਏਦਾਰਾਂ ਨੂੰ ਕੌਡੀਆਂ ਦੇ ਭਾਅ ਦੇ ਕੇ ਹੀ ਅੱਜ ਗੁਜਰਾਤ ਸਰਕਾਰ ਉਹਨਾਂ ਨੂੰ ਭਰਮਾ ਰਹੀ ਹੈ। ਨਰੇਂਦਰ ਮੋਦੀ ਜਦ ਇਹ ਕਹਿੰਦੇ ਹਨ ਕਿ ਉਹਨਾਂ ਨੂੰ 'ਨਿਵੇਸ਼ ਦੀਆਂ ਦਿੱਕਤਾਂ ਨੂੰ ਘੱਟ ਕਰ ਦਿੱਤਾ ਹੈ' ਤਾਂ ਇਸ ਦਾ ਮਤਲਬ ਹੈ ਕਿ ਸਰਮਾਏਦਾਰਾਂ ਨੂੰ ਟੈਕਸਾਂ ਤੋਂ ਭਾਰੀ ਛੋਟ, ਕਿਰਤ ਕਾਨੂੰਨਾਂ ਤੋਂ ਮੁਕਤੀ। ਗੁਜਰਾਤ 'ਚ ਐਸਈਜੈਂਡ ਦੀ ਵਧਦੀ ਗਿਣਤੀ ਮੋਦੀ ਦੇ "ਵਿਕਾਸ" ਦਾ ਪ੍ਰਤੀਕ ਹੈ। ਅੱਜ ਅਰਥਜਗਤ ਛੱਡ ਕੇ ਨਰੇਂਦਰ ਮੋਦੀ ਦੇ ਹਿਰਦੈ ਪ੍ਰੀਵਰਤਨ 'ਤੇ ਆਉਂਦੇ ਹਾਂ। ਮੋਦੀ ਦੀ "ਸਦਭਾਵਨਾ" ਦੀ ਪੋਲ ਉਦੋਂ ਖੁਲ ਗਈ ਜਦ ਮੰਚ 'ਤੇ ਪਰਾਗ ਦੇ ਸਾਹੀ ਇਮਾਮ ਵੱਲੋਂ ਭੇਂਟ ਕੀਤੀ ਗਈ ਟੋਪੀ ਉਹਨਾਂ ਨੇ ਪਹਿਨਣ ਤੋਂ ਮਨ੍ਹਾ ਕਰ ਦਿੱਤਾ। ਦੱਖਣੀ ਗੁਜਰਾਤ ਦੇ ਨਵਸਾਰੀ 'ਚ ਇੱਕ ਮੁਸਲਮਾਨ ਵੱਲੋਂ ਸ਼ਾਲ ਭੇਂਟ ਕੀਤੇ ਜਾਣ 'ਤੇ ਮੋਦੀ ਨੇ ਉਸ ਨੂੰ ਲਿਆ ਨਹੀਂ। ਆਖਰ ਇਹ ਕਿਹੋ ਜਿਹੀ ਸਦਭਾਵਨਾ ਹੈ? ਜਿੱਥੇ ਇਕ ਪਾਸੇ ਤਾਂ ਲੋਕਾਂ ਮੂਹਰੇ ਦਿਖਾਵਾ ਕਰੋ ਕਿ ਸਾਰੇ ਗੁਜਰਾਤੀ ਹੀ ਨਹੀਂ ਬਲਕਿ ਸਾਰੇ ਭਾਰਤੀ ਤੁਹਾਡੇ ਭੈਣ-ਭਰਾ ਹਨ ਅਤੇ ਦੂਜੇ ਪਾਸੇ ਭੇਂਟ 'ਚ ਦਿੱਤੀਆਂ ਚੀਜਾਂ ਨੂੰ ਗ੍ਰਹਿਣ ਕਰਨ 'ਚ ਧਰਮ ਤੇ ਮਜਹੱਬ ਅੜਿਕਾ ਬਣਨ ਲੱਗਦਾ ਹੈ। ਮੋਦੀ ਲਈ ਸਦਭਾਵਨਾ ਦਾ ਇਹ ਨਾਟਕ ਵਕਤ ਦੀ ਲੋੜ ਹੈ। ਸੰਘ ਦੀ ਪੂਰੀ ਕੌਮੀ ਯੋਜਨਾ 'ਚ ਮੋਦੀ ਦੇ ਖਾੜਕੂ ਹਿੰਦੂਤਵ ਨੂੰ ਨਰਮ ਕਰਨ ਦੀ ਜਰੂਰਤ ਸੀ ਅਤੇ ਇਸ ਵਿਅਪਕ ਯੋਜਨਾ ਦੇ ਤਹਿਤ ਮੋਦੀ ਦੇ ਦਿਲ 'ਚ ਸਦਭਾਵਨਾ ਦਾ ਹੜ੍ਹ ਆ ਗਿਆ ਸੀ। ਗੁਜਰਾਤ ਦੇ ਜਿਸ 'ਵਿਕਾਸ' ਨੂੰ ਨਰੇਂਦਰ ਮੋਦੀ ਉਥੋਂ ਦੇ ਲੋਕਾਂ ਦਾ ਵਿਕਾਸ ਦਸ ਰਹੇ ਹਨ ਉਹ ਸਿਰਫ ਸਰਮਾਏਦਾਰਾਂ ਤੇ ਖਾਂਦੇ ਪੀਂਦੇ ਵਰਗਾਂ ਦਾ ਵਿਕਾਸ ਹੈ। ਆਓ ਇਕ ਨਜ਼ਰ ਕੁਝ ਅੰਕੜਿਆਂ 'ਤੇ ਮਾਰੀਏ। ਗੁਜਰਾਤ ਦੀ 11 ਫੀਸਦੀ ਦਰ ਦੇ ਬਾਵਜੂਦ ਅੱਜ ਵੀ 31 ਫੀਸਦੀ ਗੁਜਰਾਤੀ ਗਰੀਬੀ ਰੇਖਾ ਤੋਂ ਹੇਠਾਂ ਜਿਉਣ ਲਈ ਮਜਬੂਰ ਹਨ ਤੇ ਇਹ ਗਰੀਬੀ ਰੇਖਾ ਵੀ ਇਸ ਮਹਿੰਗਾਈ ਭਰੇ ਦੌਰ 'ਚ 600 ਰੁਪਏ ਮਾਸਕ ਸ਼ਹਿਰਾਂ ਅਤੇ 420 ਰੁਪਏ ਮਾਸਕ ਪਿੰਡਾਂ 'ਚ ਕਮਾਉਣ ਨੂੰ ਅਧਾਰ ਮੰਨ ਕੇ ਬਣਾਈ ਗਈ ਹੈ 'ਪੇਂਡੂ ਭਾਰਤ 'ਚ ਖੁਰਾਕ ਅਸੁਰੱਖਿਆ 'ਤੇ ਸਵਾਮੀਨਾਥਨ ਰਿਸਰਚ ਫਾਊਡੇਂਸ਼ਨ ਦੀ ਰੀਪੋਟ 'ਚ ਕਿਹਾ ਗਿਆ ਹੈ ਕਿ ਗੁਜਰਾਤ 'ਚ 21 ਫੀਸਦੀ ਲੋਕ ਭੁਖਮਰੀ ਦਾ ਸ਼ਿਕਾਰ ਹਨ। ਸਾਲ 2005-06 'ਚ ਗੁਜਰਾਤ 'ਚ 15.49 ਸਾਲਾਂ ਦੀ ਉਮਰ ਦੀਆਂ ਔਰਤਾਂ 'ਚ 59.20 ਫੀਸਦੀ ਔਰਤਾਂ ਖ਼ੂਨ ਦੀ ਕਮੀ (ਅਨੀਮੀਆ) ਦਾ ਸ਼ਿਕਾਰ ਸਨ। ਸਾਲ 2002 'ਚ ਹਜ਼ਾਰਾਂ ਬੇਗੁਨਾਹ ਗਰੀਬ ਮੁਸਲਮਾਨਾਂ ਦੇ ਕਤਲੇਆਮ ਤੇ ਲੋਕਾਂ ਦੀ ਲਾਸ਼ਾਂ 'ਤੇ ਵੋਟ ਦੀ ਫਸਲ ਕੱਟ ਕੇ ਸਤਾ 'ਚ ਆਏ ਨਰੇਂਦਰ ਮੋਦੀ ਦੀ "ਸਦਭਾਵਨਾ" 'ਚ ਵੀ ਅੱਜ ਤੱਕ ਗੁਜਰਾਤ ਦੰਗਿਆਂ ਦੇ ਨਰੋਦਾ ਪਾਟਿਆ ਦੇ ਪੀੜਤ ਇਨਸਾਫ ਦੀ ਆਸ 'ਚ ਭਟਕ ਰਹੇ ਹਨ। ਸਾਰੇ ਫਰਜੀ ਮੁਕਾਬਲਿਆਂ ਦੀਆਂ ਘਟਨਾਵਾਂ ਅੱਜ ਵੀ ਨਿਆ ਲਈ ਮੁਲਤਵੀ ਪਈਆਂ ਹਨ। ਨਿਆ ਤੇ ਅਧਿਕਾਰ ਦੀ ਮੰਗ ਨੂੰ ਦਬਾਅ ਦਿੱਤਾ ਜਾਂਦਾ ਹੈ। "ਸਦਭਾਵਨਾ ਮਿਸ਼ਨ" ਦੇ ਹੀ ਦੌਰਾਨ 2002 ਦੇ ਗੁਜਰਾਤ ਦੰਗਿਆਂ 'ਚ ਪੀੜਤ ਲੋਕਾਂ ਵੱਲੋਂ ਲੋਕ ਸੰਘਰਸ਼

ਸੰਮਤੀ ਮੰਗ ਪੱਤਰ ਮੋਦੀ ਨੂੰ ਦੇਣ ਆ ਰਹੀ ਸੀ ਤਾਂ ਉਹਨਾਂ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਤੇ ਮੰਗ ਪੱਤਰ ਦੇਣ ਹੀ ਨਹੀਂ ਦਿੱਤਾ ਗਿਆ। ਆਪਣੀ ਗੱਲ ਕਹਿਣ ਦੀ ਆਜ਼ਾਦੀ ਵੀ ਗੁਜਰਾਤ 'ਚ ਆਮ ਲੋਕਾਂ ਨੂੰ ਨਹੀਂ ਹੈ। ਇਹ ਹੈ ਮੋਦੀ ਦੀ "ਸਦਭਾਵਨਾ" ਦੇ ਵਹਿਣ ਨੇ ਠੀਕ ਪਿੱਛੋਂ ਗੁਜਰਾਤ ਦੰਗਿਆਂ 'ਚ ਦੋਸ਼ੀ ਵਿਧਾਇਕਾਂ ਨੂੰ ਕਟਹਿਰੇ 'ਚ ਖੜਾ ਕਰਨ ਵਾਲਾ ਇੱਕ ਗਵਾਹ ਮਾਰ ਹੀ ਦਿੱਤਾ ਗਿਆ। ਦਰਅਸਲ ਇਹ ਅਖੌਤੀ "ਸਦਭਾਵਨਾ ਮਿਸ਼ਨ" ਸਾਲ 2012 ਦੀਆਂ ਗੁਜਰਾਤ ਚੋਣਾਂ ਤੇ ਸਾਲ 2014 ਦੀਆਂ ਲੋਕ ਸਭਾ ਚੋਣਾਂ ਨੂੰ ਮੱਦੇਨਜ਼ਰ ਰੱਖ ਕੇ ਦੇਸ਼ 'ਚ ਇੱਕ ਵਾਰੀ ਫਿਰ ਵੋਟ ਦੀ ਰਾਜਨੀਤੀ ਦੀ ਸ਼ੁਰੂਆਤ ਤੇ ਭਾਜਪਾ ਦੇ ਅੰਦਰ ਦੇ ਸੰਘਰਸ਼ਾਂ ਵਿੱਚ ਆਪਣੀ ਸਥਿਤੀ ਹੋਰ ਵੱਧ ਮਜਬੂਤ ਕਰਨ ਦੀ ਸਿਆਸੀ ਚਾਲ ਤੋਂ ਵੱਧ ਕੁਝ ਵੀ ਨਹੀਂ ਹੈ। ਗੁਜਰਾਤ ਵੱਧ ਮਜ਼ਬੂਤ ਕਰਨ ਦੀ ਸਿਆਸੀ ਚਾਲ ਤੋਂ ਵੱਧ ਕੁਝ ਵੀ ਨਹੀਂ ਹੈ। ਗੁਜਰਾਤ ਸਰਕਾਰ ਵੱਲੋਂ ਪਿਛਲੇ ਕੁਝ ਸਮੇਂ ਤੋਂ ਗੁਜਰਾਤ ਤੇ ਉਸ ਤੋਂ ਬਾਹਰ ਦੇ ਰਾਜਾਂ ਦੇ ਸਾਰੇ ਅਖਬਾਰਾਂ ਨੂੰ ਪੂਰਾ ਸਫਾ ਇਸ਼ਤਿਹਾਰ ਦਿੱਤੇ ਗਏ। ਟੀ. ਵੀ. 'ਤੇ ਲੰਮੇ-ਲੰਮੇ ਇਸ਼ਤਿਹਾਰ ਦੇ ਕੇ ਦੇਸ਼ ਭਰ 'ਚ ਗੁਜਰਾਤ ਸਰਕਾਰ ਤੇ ਮੋਦੀ ਦੀ ਦਿਖ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ ਗਈ। ਮੀਡੀਆ ਤੇ ਇਸ਼ਤਿਹਾਰ ਜਗਤ ਦੇ ਅਰਥਸ਼ਾਸਤਰ ਦੀ ਥੋੜ੍ਹੀ ਜਿੰਨੀ ਵੀ ਸਮਝ ਰੱਖਣ ਵਾਲੇ ਬੰਦ ਸਮਝ ਸਕਦੇ ਹਨ ਕਿ ਗੁਜਰਾਤ ਦੇ "ਵਿਕਾਸ" ਤੇ ਮੋਦੀ ਦੀ ਜਿਸ ਦਿਖ ਨੂੰ ਪਰੋਸਿਆ ਜਾ ਰਿਹਾ ਹੈ ਉਸ ਨਾਲ ਇਧਰ ਵੀ ਗੁਜਰਾਤ ਦੀ ਇੱਕ ਤਸਵੀਰ ਹੈ। ਸਿਰਫ ਸੜਕਾਂ 'ਤੇ ਸਨਅਤਾਂ ਲੱਗਣੀਆਂ ਵਿਕਾਸ ਨਹੀਂ ਹੁੰਦਾ ਬਲਕਿ ਵਿਕਾਸ ਲੋਕਾਂ ਨੂੰ ਹਾਸਲ ਹੋਣ ਵਾਲੀਆਂ ਬੁਨਿਆਦੀ ਸਹੂਲਤਾਂ ਨਾਲ ਤਹਿ ਹੁੰਦਾ ਹੈ। ਗੱਲ ਜਦ "ਸਦਭਾਵਨਾ ਮਿਸ਼ਨ" ਦੀ ਚੱਲੀ ਤਾਂ ਰੱਥ ਯਾਤਰਾ ਨੂੰ ਕਿਵੇਂ ਛੱਡਿਆ ਜਾ ਸਕਦਾ ਹੈ। ਭਾਜਪਾ ਦੇ ਹੀ ਦੂਜੇ ਬਜ਼ੁਰਗ ਲੋਹ ਪੁਰਸ਼ ਲਾਲ ਕ੍ਰਿਸ਼ਨ ਅਡਵਾਣੀ ਦਾ ਤਾਂ ਯਾਤਰਾ ਉਪਰ ਪੇਟੈਂਟ ਹੈ। ਦੇਸ਼ ਦਾ ਅਜਿਹਾ ਕੋਈ ਮੁੱਦਾ ਜੋ ਲੋਕਾਂ ਨਾਲ ਜੁੜਿਆ ਹੋਵੇ ਅਡਵਾਣੀ ਨੂੰ ਪ੍ਰਭਾਵਿਤ ਨਹੀਂ ਕਰਦਾ। ਕਦੀ ਵੀ ਬੇਰੁਜ਼ਗਾਰੀ, ਅਣਪੜ੍ਹਤਾ, ਕੁਪੋਸ਼ਣ, ਗਰੀਬੀ, ਭੁਖਮਰੀ ਸਬੰਧੀ ਉਹ ਯਾਤਰਾ ਨਹੀਂ ਕੱਢਦੇ। ਅਡਵਾਣੀ ਨੇ 1990 'ਚ ਰਾਮ ਜਨਮ ਭੂਮੀ ਰਥ ਯਾਤਰਾ ਕੱਢੀ, ਪੂਰੇ ਦੇਸ਼ ਨੂੰ ਮੰਦਰ-ਮਸਜਿਦ ਦੇ ਨਾਂ 'ਤੇ ਲੜਾਇਆ ਫਿਰਕਾਪ੍ਰਸਤੀ ਫੈਲਾਈ। 1997 ਵਿੱਚ ਸਵਰਣ ਜੈਅੰਤੀ ਯਾਤਰਾ, 2004 'ਚ ਭਾਰਤ ਉਦੈ ਯਾਤਰਾ ਤੇ ਹੁਣ ਭਾਰਤ ਸੁਰੱਖਿਆ ਯਾਤਰਾ ਤੇ 2009 'ਚ ਜਨਾਦੇਸ਼ ਯਾਤਰਾ ਤੇ ਹੁਣ 2011 'ਚ "ਜਨਚੇਤਨਾ ਯਾਤਰਾ" ਲੋਕ ਨਾਇਕ ਜੈ ਪ੍ਰਕਾਸ਼ ਨਰਾਇਣ ਦੀ ਜਨਮ ਭੂਮੀ ਸਿਹਾਬ ਦਿਆਰਾ ਤੋਂ ਬਿਹਾਰ ਦੇ ਮੁੱਖ ਮੰਤਰੀ ਨਤੀਸ਼ ਕੁਮਾਰ ਨੇ ਹਰੀ ਝੰਡੀ ਵਿਖਾ ਕੇ ਅਡਵਾਣੀ ਦੀ ਜਨਚੇਤਨਾ ਯਾਤਰਾ ਦੀ ਸ਼ੁਰੂਆਤ ਕੀਤੀ। 38 ਦਿਨਾਂ 'ਚ 100 ਜਿਲੇ ਅਤੇ 7600 ਕਿ. ਮੀਟਰ ਦੀ ਦੂਰੀ ਸਭ ਸਹੂਲਤਾਂ ਨਾਲ ਲੈਸ ਇਸ਼ਜੂ ਮਾਜਦਾ ਕੰਪਨੀ ਦੀ ਬਸ 'ਚ ਸਵਾਰ ਹੋ ਕੇ ਅਡਵਾਣੀ ਤਹਿ ਕਰਦੇ ਰਹੇ। ਇਹ ਯਾਤਰਾ ਭਰਿਸ਼ਟਾਚਾਰ ਵਿਰੁੱਧ ਸੀ। ਜਿਸ ਥਾਂ ਤੋਂ ਅਡਵਾਣੀ ਨੇ ਯਾਤਰਾ ਸ਼ੁਰੂ ਕੀਤੀ ਉਸ ਜਗਾਹ 'ਤੇ ਗਰੀਬਾਂ ਨੂੰ ਹਰ ਸਾਲ ਹੜ੍ਹ ਕਰਕੇ ਉਜੜਨਾ ਪੈਂਦਾ ਹੈ ਅਤੇ ਅੱਜ ਵੀ ਉਥੇ ਲੋਕ ਸਿੱਖਿਆ, ਸਿਹਤ, ਰੁਜ਼ਗਾਰ ਤੇ ਸੜਕ ਬਿਜਲੀ ਦੀ ਸਮੱਸਿਆ ਨਾਲ ਜੂਝ ਰਹੇ ਹਨ। ਪਰ ਅਡਵਾਣੀ ਲੋਕਾਂ 'ਚ ਚੇਤਨਾ ਭਰਨਾ ਚਾਹੁੰਦੇ ਹਨ ਕਿ ਭਾਜਪਾ-ਹਕੂਮਤ ਵਾਲੇ ਰਾਜਾਂ ਵੱਲ ਨਾ ਦੇਖੋ। ਯੈਦਿਯੁਰੱਪਾ

ਦੇ ਭ੍ਰਿਸ਼ਟਾਚਾਰ ਤੇ ਕਰਨਾਟਕਾ 'ਚ ਖਾਣ ਉਦਯੋਗ ਦੇ ਭ੍ਰਿਸ਼ਟਾਚਾਰ ਨੂੰ ਮੱਤ ਦੇਖੋ। ਨਾ ਦੇਖੋ ਕਿ ਛੱਤੀਸਗੜ੍ਹ 'ਚ ਜੰਗਲ, ਤੇ ਜ਼ਮੀਨ ਨੂੰ ਕੌਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ। ਫਾਰਬਿਸਗੰਜ ਦੇ ਕਤਲੇਆਮ ਨੂੰ ਵੀ ਨਾ ਵੇਖੋ। ਨਾ ਹੀ ਇਹ ਦੇਖੋ ਕਿ ਉਤਰਾਖੰਡ 'ਚ ਕੁਦਰਤੀ ਦੌਲਤ ਕਿਵੇਂ ਤਬਾਹ ਕੀਤੀ ਜਾ ਰਹੀ ਹੈ ਤੇ ਕਿਵੇਂ ਘਪਲੇ ਹੋ ਰਹੇ ਹਨ? ਅਤੇ ਸਾਨੂੰ ਵੋਟ ਦਿਉ। ਅਡਵਾਣੀ ਦੀ ਜਨਚੇਤਨਾ ਦਾ ਕਹਿਣਾ ਹੈ ਕਿ 'ਤੰਗਨਜ਼ਰੀ ਤੋਂ ਉਪਰ ਉਠੋ' ਰਾਜ ਨਹੀਂ, ਦੇਸ਼ ਵੇਖੋ। ਦੇਖੋ ਕਿਵੇਂ ਕੇਂਦਰ ਸਰਕਾਰ ਭ੍ਰਿਸ਼ਟਾਚਾਰ 'ਚ ਲਿਬੜੀ ਹੋਈ ਹੈ। ਕਿਵੇਂ 2-ਜੀ ਤੇ ਹੋਰ ਘਪਲੇ ਹੋ ਰਹੇ ਹਨ? ਅਤੇ ਸਾਨੂੰ ਵੋਟ ਦਿਉ। ਆਪਣੀ ਚੇਤਨਾ ਨੂੰ ਉਪਰ ਉਠਾਓ। ਇਹ ਗੱਲ ਜੇ ਲੋਕ ਸਮਝ ਜਾਣ ਤਾਂ ਸ਼ਾਇਦ ਮਰਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਦੀ ਕੁਰਸੀ ਨਸੀਬ ਹੋ ਜਾਵੇ। ਇਸ ਦੌਰਾਨ ਸ਼ੰਕਰ ਸਿੰਘ ਬਘੇਲਾ ਵੀ ਭੁੱਖ ਹੜਤਾਲ 'ਤੇ ਬਹਿ ਗਏ, ਕੁਝ ਰਾਮਦੇਵ ਨੇ ਯਾਤਰਾ ਸ਼ੁਰੂ ਕਰ ਦਿੱਤੀ, ਸ੍ਰੀ ਸ੍ਰੀ ਸ਼ੰਕਰ ਨੇ ਵੀ ਉਤਰ ਪ੍ਰਦੇਸ਼ 'ਚ ਯਾਤਰਾ ਸ਼ੁਰੂ ਕਰ ਦਿੱਤੀ। ਨਾਲ ਹੀ ਅੰਨਾ ਹਜ਼ਾਰੇ ਦੂਜਾ ਵਰਤ ਰੱਖਣਾ ਚਾਹੁਣ ਲੱਗੇ ਜਿਵੇਂ ਕਿ ਆਪ ਵੇਖ ਸਕੇਦ ਹੋ ਇਸ ਪੂਰੇ ਘਟਨਾ ਕ੍ਰਮ 'ਤੇ ਕੋਈ ਕਾਮੇਡੀ ਨਹੀਂ ਰਚੀ ਜਾ ਸਕਦੀ ਅਤੇ ਨਾ ਹੀ ਕੋਈ ਫ਼ਿਲਮ ਬਣ ਸਕਦੀ ਹੈ। ਯਥਾਰਥ 'ਚ ਤਾਕਤ ਹੀ ਏਨੀ ਹੈ ਕਿ ਉਸ ਦਾ ਬਦਲ ਕੋਈ ਹੋ ਹੀ ਨਹੀਂ ਸਕਦਾ। ਭਾਰਤੀ ਦਲਾਲ ਸਰਮਾਏਦਾਰੀ ਦਾ ਦ੍ਰਿਸ਼ (ਰਾਜਸੀ ਤੇ ਆਰਥਕ) ਇਸ ਸਮੇਂ ਕਿਸੇ ਚਿੜੀਆਘਰ ਤੋਂ ਘੱਟ ਨਹੀਂ ਹੈ। ਬਿਨਾ ਕਿਸੇ ਵਿਕਲਪ ਦੇ, ਬਿਨਾ ਕਿਸੇ ਜਥੇਬੰਦਕ ਵਿਰੋਧ ਦੇ ਇਹ ਕਾਫੀ ਲੰਮਾ ਚਲ ਸਕਦਾ ਹੈ।

# ਕੀ ਹਨ ਗੋਆ ਦੀ ਬੁਰਜੂਆ ਮੁਕਤੀ ਦੇ 50 ਸਾਲ?

15 ਅਗਸਤ 1947 ਨੂੰ ਭਾਰਤ 'ਚੋਂ ਅੰਗ੍ਰੇਜ਼ ਚਲੇ ਗਏ ਪਰ ਫਿਰ ਵੀ ਕਈ ਇਲਾਕੇ ਅਜੇ ਵਿਦੇਸ਼ੀ ਸਾਮਰਾਜੀਆਂ ਦੇ ਕਬਜੇ 'ਚ ਸਨ। ਜਿਹਨਾਂ 'ਚ ਮੁਖ ਤੌਰ 'ਤੇ ਫਰਾਂਸ ਹੇਠ ਪਾਂਡੀਚਿਰੀ ਯਾਨਾਮ, ਕਰਾਈਕਲ ਆਦਿ। ਉਹਨਾਂ ਤੋਂ ਇਲਾਵਾ ਪੁਰਤਗਾਲੀਆਂ ਅਧੀਨ ਸਨ-ਗੋਆ, ਦਮਨ, ਦਿਉ, ਦਾਦਰਾ-ਨਗਰ ਹਵੇਲੀ। ਉਸ ਤੋਂ ਪਹਿਲਾਂ ਦੀਆਂ ਚਾਰ ਸਦੀਆਂ ਦੌਰਾਨ ਵੱਖ-ਵੱਖ ਵਿਦੇਸ਼ੀ ਸ਼ਕਤੀਆਂ ਭਾਰਤ ਤੇ ਕੰਟਰੋਲ ਲਈ ਸੰਘਰਸ਼ ਕਰਦੀਆਂ ਰਹੀਆਂ ਸਨ। ਇਹਨਾਂ 'ਚ ਬ੍ਰਿਟੇਨ, ਫਰਾਂਸ, ਪੁਰਤਗਾਲ ਡੇਨਮਾਰਕ ਮੁੱਖ ਸਨ। ਇੱਥੋਂ ਤੱਕ ਕਿ ਜਪਾਨ ਵੀ ਇਹਨਾਂ 'ਚ ਸ਼ਾਮਲ ਸੀ। ਉਹਨਾਂ 'ਚ ਸੰਘਰਸ਼ ਕਿਵੇਂ ਹੋਏ ਤੇ ਕਿਸੇ ਤਰ੍ਹਾਂ ਉਹਨਾਂ ਨੇ ਇਕ ਦੂਜੇ ਉਪਰ ਜਿੱਤ ਹਾਸਲ ਕੀਤੀ ਇਹ ਆਪਣੇ ਆਪ 'ਚ ਇਕ ਦਿਲਚਸਪ ਵਿਸ਼ਾ ਹੈ। ਪਾਂਡੀਚਿਰੀ ਨੂੰ 1954 'ਚ ਫਰਾਂਸੀਸੀਆਂ ਨੇ ਮੁਕਤ ਕੀਤਾ। ਗੋਆ ਦੀ ਮੁਕਤੀ ਲਈ ਲੰਮਾ ਸੰਘਰਸ਼ ਚੱਲਿਆ। ਪੁਰਤਗਾਲ ਦੇ ਰਾਜੇ ਦੇ ਅਲਫੋਂਸੋ ਦੇ ਅਬਬੁਕਰਕ ਨੂੰ ਫੌਜੀ ਬੇੜੇ ਸਮੇਤ ਭਾਰਤ ਭੇਜਿਆ। 1509 ਵਿੱਚ ਉਸ ਨੇ ਗੋਆ 'ਤੇ ਕਬਜਾ ਜਮਾ ਲਿਆ। ਇਸ ਤਰ੍ਹਾਂ ਭਾਰਤ 'ਚ ਪੁਰਤਗਾਲੀ ਹਕੂਮਤ ਦਾ ਆਰੰਭ ਹੋਇਆ। ਗੋਆ ਪੁਰਤਗਾਲੀਆਂ ਦੀ ਬਸਤੀ ਬਣ ਗਿਆ। 20ਵੀਂ ਸਦੀ 'ਚ ਪੁਰਤਗਾਲ ਤਾਨਾਸ਼ਾਹੀ ਦੇ ਲੰਬੇ ਦੌਰ ਵਿੱਚ ਦੀ ਲੰਘਿਆ। 1910 'ਚ ਰਾਜਾਸ਼ਾਹੀ ਦਾ ਅੰਤ ਹੋਇਆ ਤੇ ਉੱਥੇ ਲੋਕਰਾਜ ਦੇ ਕਾਇਮ ਹੋਇਆ ਪਰ 1926 'ਚ ਲੋਕਰਾਜ ਪ੍ਰਣਾਲੀ ਦਾ ਅੰਤ ਹੋ ਗਿਆ, ਪਾਰਲੀਮੈਂਟ ਭੰਗ ਕਰ ਦਿੱਤੀ ਗਈ ਤੇ ਰਾਸ਼ਟਰਪਤੀ ਨੇ ਅਜੇਹੇ ਬੰਦੇ ਨੂੰ ਦੇਸ਼ ਦੀ ਵਾਂਗਡੋਰ ਸੰਭਾਲਣ ਦਾ ਸੱਦਾ ਦਿੱਤਾ ਜੋ ਇਤਿਹਾਸ 'ਚ ਫਾਸਿਸਟ ਤਾਨਾਸ਼ਾਹੀ ਦਾ ਰੂਪ ਬਣ ਗਿਆ। ਇਹ ਸੀ ਇਤਿਹਾਸ 'ਚ ਕੁਪ੍ਰਸਿੱਧ ਡਾਕਟਰ ਐਂਟੋਨਿਓ ਸਾਲਾਜ਼ਾਰ। ਸਾਲਾਜ਼ਾਰ ਦਾ ਨਾਂ ਹਿਟਲਰ, ਮਸੋਲਿਨੀ ਤੇ ਜਨਰਲ ਫ੍ਰਾਂਕੋ ਦੀ ਹੀ ਸ਼੍ਰੇਣੀ 'ਚ ਲਿਆ ਜਾਂਦਾ ਹੈ। ਉਸ ਨੇ ਜੋ ਫਾਸਿਸਟ ਤਾਨਾਸ਼ਾਹੀ ਕਾਇਮ ਕੀਤੀ ਉਹ ਪੁਰਤਗਾਲ 'ਚ ਸੈਸ਼ਨ ਦੇ ਦਹਾਕੇ ਤਕ ਕਾਇਮ ਰਹੀ। ਗੋਆ ਦੇ ਮੋਹਨ ਰਾਨਾਡੇ ਉਹਨਾਂ ਸ਼ੁਰੂਆਤੀ ਅਜਾਦੀ ਸੈਲਾਨੀਆਂ 'ਚੋਂ ਇਕ ਸਨ ਜਿਹਨਾਂ ਨੂੰ ਪੁਰਤਗਾਲ 'ਚ ਨਜ਼ਰਬੰਦ ਕੀਤਾ ਗਿਆ। ਜਿੱਥੇ ਪੁਰਤਗਾਲ ਦੇ ਪ੍ਰਸਿਧ ਕਮਿਊਨਿਸਟ ਨੇਤਾ ਤੇ ਪੁਰਤਗਾਲ ਦੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਅਲਵਾਰੋ ਕੁਨਹਾਲ ਵੀ ਬੰਦ ਸਨ। ਡਾ. ਟੀ. ਬੀ. ਕਨੂਹਾ ਗੋਆ ਦੇ ਇਕ ਪਾਸੇ ਪ੍ਰਸਿਧ ਕਮਿਊਨਿਸਟ ਸਨ ਉਥੇ ਜੋ ਪੁਰਤਗਾਲ ਤੇ ਹੋਰ ਦੇਸ਼ਾਂ 'ਚ ਘੁਸੇ। 1920 'ਚ ਉਹਨਾਂ ਦੀ ਮੁਲਾਕਾਤ ਵੀਤਨਾਮ ਦੇ ਪ੍ਰਸਿੱਧ ਨੇਤਾ ਹੋ-ਚੀ-ਮਿਨ ਨਾਲ ਪੈਰਿਸ 'ਚ ਫਰਾਂਸੀਸੀ ਸੋਸ਼ਲਿਸਟ ਪਾਰਟੀ ਦੀ ਇਕ ਮੀਟਿੰਗ 'ਚ ਹੋਈ। ਕੁਨਹੀ 1926 'ਚ ਗੋਆ ਵਾਪਸ ਆ ਗਏ। ਉਹਨਾਂ ਨੇ ਹੋਰਾਂ ਸਾਥੀਆਂ ਨਾਲ ਸਲਾਹ ਕਰਕੇ ਤਹਿ ਪਾਇਆ ਕਿ ਅਜੇ ਗੋਆ 'ਚ ਕਮਿਊਨਿਸਟ ਪਾਰਟੀ ਦੀ ਸਥਾਪਨਾ ਨਾ ਕੀਤੀ ਜਾਵੇ। ਨਹੀਂ ਤਾਂ ਭਿਆਨਕ ਅਤਿਆਚਾਰੀ ਚੱਕਰ ਸ਼ੁਰੂ ਹੋਣ ਦਾ ਖਤਰਾ ਸੀ। ਇਸ ਦੀ ਬਜਾਏ ਉਨ੍ਹਾਂ ਨੇ 1928 'ਚ ਗੋਆ ਕਾਂਗਰਸ ਕਮੇਟੀ ਦਾ ਗਠਨ ਕੀਤਾ। ਸ਼ਾਮਰਾਵ ਮਡਕਈਕਰ, ਨਾਰਾਇਣ ਪਾਲੇਕਰ ਆਦਿ ਹੋਰ ਕਈ ਕਮਿਊਨਿਸ਼ਟ ਸਨ

ਜਿਹਨਾਂ ਨੇ ਗੋਆ ਦੀ ਮੁਕਤੀ ਲਈ ਲੰਬੀ ਲੜਾਈ ਲੜੀ। ਮਾਰਕਸਵਾਦ ਤੋਂ ਪ੍ਰਭਾਵਿਤ ਕੁਝ ਇਨਕਲਾਬੀਆਂ ਨੇ ਤੇ ਫਰੀਡਮ ਫਾਈਟਰਾਂ ਨੇ 1948 'ਚ ਇਕ ਮੀਟਿੰਗ 'ਚ ਗੋਅਨ ਪੀਪਲਸ ਪਾਰਟੀ ਦਾ ਗਠਨ ਕੀਤਾ। ਇਹ ਅਸਲ 'ਚ ਕਮਿਊਨਿਸਟ ਪਾਰਟੀ ਹੀ ਸੀ। ਇਸ ਦਾ ਪਹਿਲਾ ਸੰਮੇਲਨ 1948 'ਚ ਮੁੰਬਈ 'ਚ ਹੋਇਆ। ਜਾਰਜ ਵਾਜ ਇਸ ਦੇ ਜਨਰਲ ਸਕੱਤਰ ਤੇ ਨਰਾਇਣ ਪਾਲੇਕਰ ਸਕੱਤਰ ਬਣ ਗਏ। ਮਾ. ਕਾ. ਪਾ. ਵੱਲੋਂ ਐਸ. ਐਸ. ਮਿਰਜਕਰ ਅਤੇ ਡਾ. ਅਧਿਕਾਰੀ ਨੂੰ ਗੋਅਨ ਪੀਪਲਸ ਪਾਰਟੀ ਦੇ ਮਾਰਗਦਰਸ਼ਨ ਦੀ ਜ਼ਿੰਮੇਵਾਰੀ ਦਿੱਤੀ ਗਈ।

**ਦਾਦਰਾ-ਨਗਰ-ਹਵੇਲੀ ਦੀ 'ਮੁਕਤੀ' 1954 :-** ਸ਼ਾਇਦ ਬਹੁਤ ਘੱਟ ਲੋਕਾਂ ਨੂੰ ਜਾਣਕਾਰੀ ਹੈ ਕਿ ਦਾਦਰਾ ਤੇ ਨਗਰ ਹਵੇਲੀ ਦੇ ਪੁਰਤਗਾਲ ਅਧੀਨ ਛੋਟੇ ਜਿਹੇ ਇਲਾਕੇ ਗੋਆ ਤੋਂ ਕਾਫੀ ਪਹਿਲਾਂ 1954 'ਚ ਹੀ 'ਆਜ਼ਾਦ ਕਰਵਾ ਲਿਆ ਗਿਆ ਸੀ। ਇਹ ਦੋਨੋਂ ਹੀ ਮਹਾਂਰਾਸ਼ਟਰ ਤੇ ਗੁਜਰਾਤ ਦੀ ਸਰਹੱਦ 'ਤੇ ਸਥਿਤ ਪਿੰਡ ਸਨ ਤੇ ਇਸ ਪ੍ਰਕਾਰ ਚਾਰੇ ਪਾਸੇ ਭਾਰਤੀ ਇਲਾਕਿਆਂ ਨਾਲ ਘਿਰੇ ਸਨ। ਇਸ ਲਈ ਉਹਨਾਂ ਨੂੰ ਅਜ਼ਾਦ ਕਰਾਉਣਾ ਵੱਧ ਸੌਖਾ ਸਮਝਿਆ ਗਿਆ। ਭਾਰਤੀ ਕਮਿਊਨਿਸਟ ਪਾਰਟੀ ਨੇ ਗੁਜਰਾਤ ਤੇ ਮਹਾਂਰਾਸ਼ਟਰ ਦੀਆਂ ਆਪਣੀ ਇਕਾਈਆਂ ਤੇ ਗੋਅਨ ਕਮਿਊਨਿਸਟ ਪਾਰਟੀ ਦੀ ਸਹਾਇਤਾ ਨਾਲ ਜੁਲਾਈ 1954 'ਚ ਉਥੇ ਹਥਿਆਰਬੰਦ ਸਰਗਰਮੀਆਂ ਆਰੰਭ ਕਰ ਦਿੱਤੀਆਂ। ਅਗਸਤ ਦੇ ਸ਼ੁਰੂ ਤਕ ਉਹ ਆਜ਼ਾਦ ਕਰਵਾ ਲਏ ਗਏ। ਉਹ ਵਕਤ ਮੁੰਬਈ ਸੂਬੇ ਦੇ ਇਹਨਾਂ ਦੀ ਮੁਕਤੀ ਦਾ ਸਿਹਰਾ 'ਕਮਿਊਨਿਸਟਾਂ ਨੂੰ ਨਾ ਦਿੱਤੇ ਜਾਣ ਦੀ ਕੋਸ਼ਿਸ਼ ਕੀਤੀ। ਉਹਨਾਂ ਨੇ ਆਪਣੇ ਗੁੱਟ ਤਿਆਰ ਕੀਤੇ। ਕੁਝ ਹੋਰ ਸੰਗਠਨਾਂ ਨੇ ਵੀ ਇਸ ਮੁਹਿੰਮ 'ਚ ਹਿੱਸਾ ਲਿਆ। ਨਰਾਇਣ ਪਾਲੇਕਰ, ਪਰੂਲੇਕਰ, ਵਾਜ, ਰੋਡ੍ਰਿਗਜ਼ ਕੁਨਹਾ ਤੇ ਹੋਰ ਕਈ ਕਮਿਊਨਿਸਟ ਇਹਨਾਂ ਸੰਘਰਸ਼ਾਂ ਦੌਰਾਨ ਮੂਹਰਲੇ ਨੇਤਾਵਾਂ ਦੇ ਰੂਪ 'ਚ ਸਾਹਮਣੇ ਆਏ। ਇਸ ਪਿੱਛੋਂ ਗੁਜਰਾਤ ਦੀ ਕਮਿਊਨਿਸਟ ਪਾਰਟੀ ਤੇ ਕੁਝ ਹੋਰ ਸੰਗਠਨਾਂ ਨੇ ਦਮਨ ਤੇ ਦਿਊ ਦੀ ਬੁਰਜੂਆ ਮੁਕਤੀ ਦਾ ਸੰਘਰਸ਼ ਸ਼ੁਰੂ ਕਰ ਦਿੱਤਾ। 1955-56 'ਚ ਇਤਿਹਾਸਕ ਕੌਮ ਵਿਆਪੀ ਗੋਆ ਸਤਿਆਗ੍ਰਹਿ ਸ਼ੁਰੂ ਹੋਇਆ। ਇਹ ਦੇਸ਼ ਦੇ ਨਾ ਭੁਲਣਯੋਗ ਪੰਨਿਆਂ ਵਿੱਚ ਹੈ ਅਤੇ ਇਸ ਵਿੱਚ ਕਮਿਊਨਿਸਟਾਂ ਨੇ ਬੇਹੱਦ ਸਰਗਰਮ ਭੂਮਿਕਾ ਅਦਾ ਕੀਤੀ। 1955 ਦੇ ਅੱਧ 'ਚ ਕਮਿਊਨਿਸਟ ਪਾਰਟੀ ਨੇ ਗੋਆ ਦੀ ਸਰਹੱਦ 'ਤੇ ਅਤੇ ਅੰਦਰ ਸ਼ਾਤੀਪੂਰਵਕ ਸਤਿਆਗ੍ਰਹਿ ਭੇਜਣ ਦਾ ਫੈਸਲਾ ਲਿਆ। ਹੋਰ ਕਈ ਜਥੇਬੰਦੀਆਂ ਤੇ ਪਾਰਟੀਆਂ ਨੇ ਵੀ ਇਸ 'ਚ ਸਹਿਯੋਗ ਦਿੱਤਾ। ਇਸ ਨੇ ਵਿਆਪਕ ਕੌਮੀ ਅੰਦੋਲਨ ਦਾ ਰੂਪ ਧਾਰਨ ਕਰ ਲਿਆ। ਸਾਰੇ ਦੇਸ਼ ਭਰ 'ਚ ਗੋਆ ਲਈ ਸਤਿਆਗ੍ਰਹੀ ਭਾਰੀ ਗਿਣਤੀ 'ਚ ਭਰਤੀ ਕੀਤੇ ਜਾਣ ਲੱਗੇ। ਉਹਨਾਂ ਨੂੰ ਵੱਖ-ਵੱਖ ਤਰੀਕਾਂ 'ਤੇ ਟੁਕੜੀਆਂ ਬਣਾ ਕੇ ਗੋਆ ਭੇਜਿਆ ਜਾਣ ਲੱਗਿਆ। ਇਹ ਅਸਧਾਰਣ ਸਤਿਆਗ੍ਰਹਿ ਸੀ। ਜਿਹਨਾਂ ਦੀ ਹੋਰ ਮਿਸਾਲ ਇਤਿਹਾਸ 'ਚ ਘਟ ਹੀ ਮਿਲਦੀ ਹੈ। ਇਸ ਦੌਰਾਨ ਗੋਆ 'ਚ ਪੂਰੀ ਤਰ੍ਹਾਂ ਸਾਂਤਮਈ ਤੇ ਨਿਹੱਥੇ ਸਤਿਆਗ੍ਰਹੀਆਂ 'ਤੇ ਲਾਠੀਚਾਰਜ ਕੀਤਾ ਗਿਆ ਜਿਸ 'ਚ ਕਈ ਸਤਿਆਗ੍ਰਹੀ ਮਾਰੇ ਜਾਣ ਲੱਗੇ। ਇੱਕ ਡਿੱਗਦਾ ਤਾਂ ਦੂਜੀ ਟੁਕੜੀ ਉਸ ਦੇ ਹੱਥਾਂ 'ਚ ਝੰਡਾ ਲੈ ਕੇ ਅੱਗੇ ਵਧਦੀ। ਪੁਰਤਗਾਲੀ ਪੁਲਸ ਤੇ ਮਿਲਟਰੀ ਨੇ ਬੇਕਿਰਕ ਅਤਿਆਚਾਰ ਦੀ ਦਹਿਸ਼ਤ ਫੈਲਾਅ ਰੱਖੀ ਸੀ। ਵੱਡੀ ਗਿਣਤੀ 'ਚ ਉਨ੍ਹਾਂ ਨੂੰ ਗੋਆ ਦੀਆਂ ਜੇਹਲਾਂ 'ਚ ਬੰਦ ਕਰਕੇ

ਭਿਆਨਕ ਤਸੀਹੇ ਦਿੱਤੇ ਗਏ। ਕਈਆਂ ਨੂੰ ਤਾਂ ਪੁਰਤਗਾਲ ਲੈ ਜਾ ਕੇ ਜੇਹਲਾਂ 'ਚ ਡੱਕ ਦਿੱਤਾ ਗਿਆ। ਤੇ ਸਾਲਾਂ ਤਕ ਗੈਰ ਮਨੁੱਖੀ ਤਸੀਹਿਆਂ ਦਾ ਸ਼ਿਕਾਰ ਬਣਾਇਆ ਗਿਆ। ਉਹਨਾਂ 'ਚੋਂ ਕੁਝ ਨੂੰ ਗੋਆ ਦੀ ਮੁਕਤੀ, ਇੱਥੋਂ ਤੱਕ ਕਿ ਸਾਲਾਜਾਰ ਦੀ ਸਰਕਾਰ ਦੇ ਪਤਨ ਪਿੱਛੋਂ ਹੀ ਛੱਡਿਆ ਗਿਆ। ਗੋਆ ਸਤਿਆਗ੍ਰਹਿ ਦਾ ਸੰਚਾਲਨ ਗੋਆ ਦੀ ਮੁਕਤੀ ਸਹਾਇਕ ਸੰਮਤੀ ਨੇ ਕੀਤਾ ਸੀ। ਇਸ ਦੇ ਨੇਤਾਵਾਂ 'ਚ ਐਸ. ਏ. ਡਾਂਗੇ, ਸੈਨਾਪਤੀ ਬਾਪਟ, ਐਸਜੀਸਰ ਦੇਸਾਈ, ਨਾਨਾ ਪਾਟਿਲ ਤੇ ਕਈ ਹੋਰ ਮਹੱਤਵਪੂਰਨ ਤੇ ਇਤਿਹਾਸਕ ਹਸਤੀਆਂ ਸਨ। ਸਤਿਆਗ੍ਰਹਿ 10 ਮਈ 1955 ਨੂੰ ਸ਼ੁਰੂ ਹੋਇਆ ਅਤੇ ਜਲਦੀ ਹੀ ਦੇਸ਼ ਵਿਆਪੀ ਸਤਿਆਗ੍ਰਹਿ 'ਚ ਤਬਦੀਲ ਹੋ ਗਿਆ। 18 ਜੂਨ 1955 ਨੂੰ ਪਣਜੀ 'ਚ ਗਵਰਨਰ ਹਾਊਸ 'ਤੇ ਸਤਿਆਗ੍ਰਹੀਆਂ ਨੂੰ ਬੁਰਜੂਆ ਅਜਾਦੀ ਦਾ ਝੰਡਾ ਲਹਿਰਾਉਣ 'ਚ ਸਫਲਤਾ ਮਿਲੀ। ਅਗਸਤ 1955 'ਚ ਸਾਵੰਤਵਾੜੀ 'ਚ ਸਾਰੇ ਦੇਸ਼ ਭਰ ਤੋਂ ਸਤਿਆਗ੍ਰਹੀ ਇਕੱਠੇ ਹੋਏ ਅਤੇ ਗੋਆ ਦੀ ਸਰਹੱਦ ਵੱਲ ਚਲ ਪਏ। ਹੋਰ ਥਾਵਾਂ ਤੋਂ ਵੀ ਸਤਿਆਗ੍ਰਹੀ ਚਲ ਪਏ। ਇਹਨਾਂ 'ਚ ਬਾਬੂ ਰਾਮ ਥੋਰਾਟ, ਨਿਤਿਆਨੰਦ ਸਾਹਾ, ਮਹਿਤੋਸ਼ ਨੰਦ ਅਤੇ ਕਈ ਹੋਰ ਮਹੱਤਵਪੂਰਨ ਲੋਕਾਂ ਨੇ ਭਾਗ ਲਿਆ। ਉਪਯੁਕਤ ਪਹਿਲੇ ਦੋ ਬੰਦੇ ਪੁਰਤਗਾਲੀ ਗੋਲਾਬਾਰੀ 'ਚ ਮਾਰੇ ਗਏ। ਬਿਹਾਰ, ਮਰਾਠਵਾੜਾ, ਮੱਧ ਪ੍ਰਦੇਸ਼, ਤ੍ਰਾਵਣਕੋਰ, ਮਲਾਬਾਰ, ਗੁਜਰਾਤ, ਮਹਾਂਰਾਸ਼ਟਰ, ਮਨੀਪੁਰ ਆਦਿ ਸੂਬਿਆਂ ਦੇ ਸਤਿਆਗ੍ਰਹੀਆਂ ਨੇ ਅੰਦੋਲਨ 'ਚ ਹਿੱਸਾ ਲਿਆ। ਇਹਨਾਂ ਸੰਘਰਸ਼ਾਂ 'ਚ ਵੀ. ਡੀ. ਚਿਤਲੇ (ਭਾਕਾਪਾ), ਵਸੰਤਰਾਵ ਔਕ (ਜਨਸੰਘ) ਤੇ ਹੋਰ ਕਈ ਸਤਿਆਗ੍ਰਹੀ ਪੁਰਤਗਾਲੀ ਗੋਲੀਆਂ ਦਾ ਸ਼ਿਕਾਰ ਹੋਏ ਤੇ ਸ਼ਹੀਦ ਬਣੇ। ਪੰਜਾਬ 'ਚ ਏ. ਆਈ. ਐਸ. ਐਫ. ਦੇ ਇਕ ਕਾਰਕੁੰਨ ਕਰਨੈਲ ਸਿੰਘ ਚਿਤਲੇ ਨੂੰ ਬਚਾਉਣ ਦੀ ਕੋਸ਼ਿਸ਼ 'ਚ ਪੁਰਤਗਾਲੀ ਪੁਲਸ ਦੀ ਗੋਲੀ ਦਾ ਸ਼ਿਕਾਰ ਹੋ ਕੇ ਸ਼ਹੀਦ ਹੋ ਗਏ। ਇਸ ਪਿੱਛੋਂ ਅੰਦੋਲਨ ਦੀ ਅਗਵਾਈ ਤੇ ਨਿਰਦੇਸ਼ਨ ਦੀ ਜਿੰਮੇਵਾਰੀ ਐਸ. ਏ. ਡਾਂਗੇ ਨੂੰ ਸੌਂਪੀ ਗਈ। ਜਿਹਨਾਂ ਨੇ ਇਸ ਨੂੰ ਬਾਖੂਬੀ ਨਿਭਾਇਆ। ਗੋਵਿੰਦ ਪਾਨਸਰੇ ਤੇ ਹੋਰ ਕਈ ਨੇਤਾ ਇਸ ਅੰਦੋਲਨ ਦੌਰਾਨ ਉਭਰ ਕੇ ਸਾਹਮਣੇ ਆਏ। ਸੀ. ਕੇ. ਚੰਦਰਪਨ ਨੇ ਵੀ ਇਕ ਵਿਦਿਆਰਥੀ ਕਾਰਕੁੰਨ ਵਜੋਂ ਸਤਿਆਗ੍ਰਹਿ 'ਚ ਹਿੱਸਾ ਲਿਆ। ਰਾਮ ਮਨੋਹਰ ਲੋਹੀਆ 1946 'ਚ ਗੋਆ ਬੁਰਜੂਆ ਮੁਕਤੀ ਅੰਦੋਲਨ ਦੇ ਮਹੱਤਵਪੂਰਨ ਨੇਤਾ ਸਨ। ਮਧੂ ਦੰਡਵਤੇ ਵੀ ਅੰਦੋਲਨ ਦੇ ਮਹੱਤਵਪੂਰਨ ਨੇਤਾਵਾਂ ਵਿੱਚੋਂ ਸਨ। ਏ. ਕੇ. ਗੋਪਾਲਨ ਸੰਸਦੀ ਮੋਰਚੇ 'ਤੇ ਸਰਗਰਮ ਭੂਮਿਕਾ ਅਦਾ ਕਰ ਰਹੇ ਸਨ। ਸਮੁੱਚਾ ਦੇਸ਼ ਗੋਆ ਦੀ ਮੁਕਤੀ (ਚਾਹੇ ਇਹ ਸਮਾਜਵਾਦੀ ਮੁਕਤੀ ਨਹੀਂ ਸੀ ਹੋਣੀ) ਦੀ ਹਮਾਇਤ 'ਚ ਉਤਰ ਆਇਆ। ਸਾਰੇ ਦੇਸ਼ 'ਚ ਮੁਜ਼ਾਹਰੇ ਹੜਤਾਲਾਂ ਤੇ ਸਭਾਵਾਂ, ਰੈਲੀਆਂ ਦਾ ਹੜ੍ਹ ਜਿਹਾ ਆ ਗਿਆ ਤੇ ਵੱਡੀ ਗਿਣਤੀ 'ਚ ਸਵੈਸੇਵੀ ਭਰਤੀ ਲਈ ਆ ਗਏ। 9 ਅਗਸਤ 1955 ਤੋਂ ਹੀ ਭਾਜਪਾ, ਏ. ਆਈ. ਐਸ. ਐਫ. ਨੌਜਵਾਨ ਸਭਾ ਤੇ ਹੋਰ ਸੰਗਠਨ ਸਰਗਰਮ ਹੋ ਗਏ। ਦੇਸ਼ ਦੀਆਂ ਕਈ ਥਾਵਾਂ 'ਤੇ 15 ਅਗਸਤ 1955 ਨੂੰ ਗੋਆ ਦੇ ਸ਼ਹੀਦਾਂ ਦੀ ਯਾਦ 'ਚ ਕਾਲੇ ਝੰਡੇ ਲਹਿਰਾਏ ਗਏ। ਉਸੇ ਦਿਨ 'ਕੈਂਸਲ ਰਾਕ" ਸਤਿਆਗ੍ਰਹਿ 'ਚ ਲੋਕ ਵੱਡੀ ਗਿਣਤੀ 'ਚ ਮਾਰੇ ਗਏ। ਗੋਆ ਮੁਕਤੀ ਅੰਦੋਲਨ ਦੇ ਸ਼ਹੀਦਾਂ 'ਚ ਕਲਿਆਣ ਸ਼ਰਮਾ, ਮਧੁਕਰ ਚੌਧਰੀ, ਬ੍ਰਜਨੰਦਨ ਸ਼ਰਮਾ, ਜਗਨਮੋਹਨ ਰਾਓ, ਐਸ. ਕੇ. ਮੁਕਰਜੀ, ਪ੍ਰੇਮਚੰਦ ਜੈਨ, ਮੁਘੋਲ ਤੇ ਕਈ ਹੋਰ ਸ਼ਾਮਲ ਸਨ। ਅੰਦੋਲਨ

1956 'ਚ ਵੀ ਜਾਰੀ ਰਿਹਾ। ਗੋਆ ਦੇ ਵੱਖ-ਵੱਖ ਰਾਜਸੀ ਜਥੇਬੰਦੀਆਂ ਦੀ ਇਕ ਕਨਵੈਨਸਨ 4 ਅਕਤੂਬਰ 1959 ਨੂੰ ਬੰਬਈ 'ਚ ਹੋਈ। ਇਸ 'ਚ ਗੋਆਨਪੀਪਲਸ ਕਾਂਗਰਸ, ਆਜਾਦ ਗੋਮਾਂਤਕ ਪਾਰਟੀ, ਗੋਆ ਲਿਬਰੇਸ਼ਨ ਕਾਂਗਰਸ ਆਦਿ ਨੇ ਹਿੱਸਾ ਲਿਆ। ਸੰਮੇਲਨ 'ਚ ਇਕ ਸਾਂਝੀ ਸੰਮਤੀ ਬਣਾਈ ਗਈ ਜਿਸ ਨੇ ਸੰਘਰਸ਼ ਤਿਖਾ ਕਰਨ ਦਾ ਫੈਸਲਾ ਲਿਆ। ਆਖਰਕਾਰ ਲੋਕਾਂ ਦੇ ਜਨਤਕ ਅੰਦੋਲਨ ਦੇ ਦਬਾਅ ਹੇਠ 8 ਸਤੰਬਰ ਨੂੰ 1961 ਨੂੰ ਭਾਰਤੀ ਸੈਨਾ ਨੇ ਗੋਆ ਨੂੰ ਅਜਾਦ (ਜਾਂ ਭਾਰਤ ਦਾ ਗੁਲਾਮ) ਕਰਾਉਣ ਲਈ ਭੇਜਣ ਦਾ ਫੈਸਲਾ ਭਾਰਤ ਸਰਕਾਰ ਨੇ ਲਿਆ 18 ਦਸੰਬਰ ਨੂੰ 1961 ਨੂੰ ਗੋਆ 'ਚ ਭਾਰਤੀ ਫੌਜ ਦਾਖਲ ਹੋਈ ਤੇ 19 ਦਸੰਬਰ ਨੂੰ ਪੁਰਤਗਾਲੀ ਫੌਜਾਂ ਨੇ ਭਾਰਤੀ ਫੌਜ ਮੂਹਰੇ ਹਥਿਆਰ ਸੁੱਟ ਦਿੱਤੇ। ਆਖਰਕਾਰ ਗੋਆ ਭਾਰਤ ਨੇ ਆਪਣੇ ਕਬਜੇ ਹੇਠ ਕਰ ਲਿਆ। ਭਾਵੇਂ 451 ਸਾਲ ਪੁਰਾਣੀ ਬਸਤੀਵਾਦੀ ਪੁਰਤਗਾਲੀ ਹਕੂਮਤ ਦਾ ਅੰਤ ਤਾਂ ਹੋ ਗਿਆ ਪਰ ਗੋਆ ਇਕ ਅਜਾਦ ਦੇਸ਼ ਨਹੀਂ ਬਣ ਸਕਿਆ। ਭਾਰਤੀ ਫੌਜ ਤੇ ਹਕੂਮਤ ਹੇਠਾਂ ਇਸ ਦਾ ਸੂਬਾ ਬਣ ਗਿਆ। ਅਰਧ ਜਾਗੀਰੂ ਅਰਧ ਬਸਤੀਵਾਦੀ ਰਾਜ ਹੇਠ ਭਾਰਤ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਅੱਜਕੱਲ੍ਹ ਇੱਥੇ ਰਾਜ ਕਰਦੀ ਹੈ। ਸਮਾਜਵਾਦੀ ਇਨਕਲਾਬ ਕਰਨਾ ਅਜੇ ਬਾਕੀ ਹੈ।

✪✪✪